ਕੁਲ ਸੰਸਾਰ ਇਕ ਪਰਿਵਾਰ

# ਨਵੀਂ ਦੁਨੀਆ
# Nawi Dunia

Free

ਸਾਲ : 10 ਅੰਕ : 2 Phone : 780 465 9118, 403 830 7007 : Fax: 780 465 0661, www.nawidunia.com E-mail: info@nawidunia.com ਫਰਵਰੀ (February) 2019



22 ਫ਼ਰਵਰੀ 1896 : ਦੁਨੀਆ ਵਿਚ ਪਹਿਲੀ ਵਾਰ ਐਕਸਰੇ ਕੀਤਾ ਗਿਆ ਜਿਸ ਨਾਲ ਇਕ ਲੜਕੇ ਦੇ ਹੱਥ ਵਿਚ ਵੱਜੀ ਗੋਲੀ ਲੱਭੀ ਗਈ।


ਅਲਬਰਟਾ ਕਾਰਬਨ ਪਲੈਨ ਕਾਰਣ ਗ੍ਰੀਨਹਾਊਸ ਗੈਸਾਂ ਦੇ ਰਿਸਾਅ ਵਿਚ ਵੱਡੀ ਕਮੀ ਪੰਨਾ-3


ਕੈਪਟਨ-ਰਾਹੁਲ ਦੀ ਗੁਫ਼ਤਗੂ ਦਾ ਭੇਤ ਪੰਨਾ-7


ਸਾਜ਼ਿਸ਼ਾਨਾ ਢੰਗ ਨਾਲ ਹੋ ਰਿਹੈ ਮੂਲ ਭਾਸ਼ਾਵਾਂ ਤੇ ਸਭਿਆਚਾਰਾਂ ਦਾ ਕਤਲੇਆਮ - ਐਨ ਮਰਫ਼ੀ ਪੰਨਾ-27


ਪੰਜਾਬੀ ਗੀਤਾਂ ਵਿਚ ਨਸ਼ਿਆਂ ਦਾ ਖ਼ਤਰਨਾਕ ਰੁਝਾਨ ਪੰਨਾ-46

## ਐਨਡੀਪੀ ਆਗੂ ਪੌਲ ਡੂਅਰ ਨਹੀਂ ਰਹੇ



ਓਟਵਾ - ਐਨਡੀਪੀ ਦੇ ਆਗੂ, ਸਾਬਕਾ ਐਮਪੀ ਅਤੇ ਮਨੁੱਖੀ ਅਧਿਕਾਰਾਂ ਲਈ ਸੰਘਰਸ਼ ਕਰਨ ਵਾਲੇ ਪੌਲ ਡੂਅਰ ਨੇ ਪਿਛਲੇ ਦਿਨੀਂ ਇਸ ਫ਼ਾਨੀ ਦੁਨੀਆ ਨੂੰ ਅਲਵਿਦਾ ਆਖ ਦਿੱਤਾ ਹੈ। ਉਨ੍ਹਾਂ ਦੀ ਮੌਤ ਬ੍ਰੇਨ ਕੈਂਸਰ ਕਾਰਨ ਹੋਈ, ਜਿਸ ਦਾ ਖੁਲਾਸਾ ਜੂਨ 2018 ਵਿਚ ਮਾਹਰਾਂ ਵੱਲੋਂ ਕੀਤਾ ਗਿਆ ਸੀ।

ਬਾਕੀ ਸਫ਼ਾ 41 'ਤੇ

ਕਿਸੇ ਪ੍ਰਕਾਰ ਦਾ ਨਵਾਂ ਜਾਂ ਪੁਰਾਣਾ ਘਰ ਖ੍ਰੀਦਣ ਜਾਂ ਵੇਚਣ ਲਈ ਭਰੋਸੇਯੋਗ ਅਤੇ ਇਮਾਨਦਾਰ ਸੇਵਾਵਾਂ ਲਈ ਸੰਪ੍ਰਕ ਕਰੋ
CONTACT TRUSTFUL REALTOR FOR PURCHASE OR SALE OF ANY RESIDENTIAL PROPERTY
DARSHAN SINGH GILL
REALTOR
PH: 780 708 3150

## ਜਸਬੀਰ ਦਿਓਲ ਦੇ ਮੈਦਾਨ ਵਿਚ ਆਉਣ ਨਾਲ ਐਡਮਿੰਟਨ-ਮੈਡੋਜ਼ ਤੋਂ ਐਨ.ਡੀ.ਪੀ. ਦੀ ਨੌਮੀਨੇਸ਼ਨ ਚੋਣ ਦਿਲਚਸਪ ਹੋਈ



ਐਡਮਿੰਟਨ (ਨਦਬ) ਵਿਧਾਨ ਸਭਾ ਹਲਕਾ ਮੈਡੋਜ਼ ਤੋਂ ਐਨ.ਡੀ.ਪੀ. ਦੇ ਉਮੀਦਵਾਰ ਲਈ ਨਾਮਜ਼ਦਗੀ (ਨੌਮੀਨੇਸ਼ਨ) ਦੀ ਚੋਣ ਬੇਹੱਦ ਦਿਲਚਸਪ ਹੋ ਗਈ ਹੈ। ਕਨੇਡੀਅਨ ਕਮਿਊਨਿਟੀ ਵਿਚ ਲਗਾਤਾਰ ਸਰਗਰਮ ਰਹਿਣ ਅਤੇ ਪੰਜਾਬੀ ਭਾਈਚਾਰੇ ਵਿਚ ਚੰਗਾ ਰਸੂਖ਼ ਰੱਖਣ ਵਾਲੇ ਜਸਬੀਰ ਦਿਓਲ ਦੇ ਚੋਣ ਲੜਨ ਦੇ ਐਲਾਨ ਨਾਲ ਨਾਮਜ਼ਦਗੀ ਚੋਣ ਪਿੜ ਹੋਰ ਭਖ ਗਿਆ ਹੈ ਐਨ. ਡੀ.ਪੀ. ਵਲੋਂ ਜਸਬੀਰ ਦਿਓਲ ਨੂੰ ਨੌਮੀਨੇਸ਼ਨ ਲਈ ਉਮੀਦਵਾਰ ਨਾਮਜ਼ਦ ਕੀਤਾ ਗਿਆ ਹੈ। ਕਿੱਤੇ ਵਜੋਂ ਇੰਸ਼ੋਰੈਂਸ ਬਰੋਕਰ ਜਸਬੀਰ ਦਿਓਲ ਪਿਛਲੇ 26 ਸਾਲਾਂ ਤੋਂ ਐਡਮਿੰਟਨ ਵਿਚ ਰਹਿ ਰਹੇ ਹਨ ਅਤੇ ਉਹ ਲਗਾਤਾਰ ਸਮਾਜਕ ਅਤੇ ਰਾਜਨੀਤਕ ਸਰਗਰਮੀਆਂ ਕਰਕੇ ਚੰਗੀ ਪਛਾਣ ਰੱਖਦੇ ਹਨ। ਮੌਜੂਦਾ ਐਮ.ਐਲ.ਏ. ਡਿਨੀਸ ਵੂਲਰਡ ਅਤੇ ਚਾਂਦ ਗੁਲ ਇਸ ਹਲਕੇ ਤੋਂ ਪਹਿਲਾਂ ਹੀ ਉਮੀਦਵਾਰ ਹਨ। ਜਸਬੀਰ ਦਿਓਲ ਦੇ ਚੋਣ ਮੈਦਾਨ ਵਿਚ ਆ ਜਾਣ ਨਾਲ ਤਿਕੋਣੀ ਟੱਕਰ ਬਣ ਗਈ ਹੈ। ਜਸਬੀਰ ਦਿਓਲ ਆਪਣੇ ਨਿੱਘੇ ਸੁਭਾਅ ਅਤੇ ਮਿਲਵਰਤਣ ਕਾਰਨ ਜਿੱਤਣ ਦੀ ਚੰਗੀ ਸਮਰੱਥਾ ਰੱਖਦੇ ਹਨ। ਨੌਮੀਨੇਸ਼ਨ ਚੋਣ ਲਈ ਵੋਟਾਂ 24 ਫਰਵਰੀ, ਦਿਨ ਐਤਵਾਰ ਨੂੰ ਵੂਡਵੇਲ ਕਮਿਊਨਿਟੀ ਹਾਲ 4540-50 ਸਟਰੀਟ (ਮਿਲਵੂਡਜ਼ ਗੋਲਫ ਕੋਰਸ ਦੇ ਅੰਦਰ) ਵਿਖੇ 1.00 ਵਜੇ ਤੋਂ ਸ਼ਾਮ 4 ਵਜੇ ਤੱਕ ਪੈਣਗੀਆਂ। ਇਸ ਸਬੰਧੀ ਹੋਰ ਜਾਣਕਾਰੀ ਲਈ 780-906-4497 ਨੰਬਰ ਉਪਰ ਸੰਪਰਕ ਕੀਤਾ ਜਾ ਸਕਦਾ ਹੈ।

## ਟਰੰਪ ਵਲੋਂ ਰਾਸ਼ਟਰੀ ਐਮਰਜੰਸੀ ਦਾ ਐਲਾਨ



ਵਾਸ਼ਿੰਗਟਨ (ਨਦਬ) : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਰਾਸ਼ਟਰੀ ਐਮਰਜੰਸੀ ਐਲਾਨ ਕੀਤੀ ਤੇ ਕਿਹਾ ਕਿ ਗੈਰ-ਕਾਨੂੰਨੀ ਪ੍ਰਵਾਸੀਆਂ ਤੋਂ ਦੇਸ਼ ਦੀ ਰੱਖਿਆ ਕਰਨ ਲਈ ਇਹ ਜ਼ਰੂਰੀ ਹੈ। ਇਸ ਕਦਮ ਨਾਲ ਅਮਰੀਕਾ-ਮੈਕਸੀਕੋ ਦੀ ਸਰਹੱਦ 'ਤੇ ਕੰਧ ਨਿਰਮਾਣ ਲਈ ਫੈਡਰਲ ਫੰਡ ਤੋਂ ਅਰਬਾਂ ਡਾਲਰ ਜਾਰੀ ਹੋ ਸਕਦੇ ਹਨ। ਟਰੰਪ ਨੇ ਜਿੱਥੇ ਇਸ ਕਦਮ ਨੂੰ ਡੈਮੋਕ੍ਰੇਟਿਕ ਕਿਹਾ, ਉਥੇ ਅਧਿਕਾਰ ਸੰਗਠਨਾਂ ਨੇ ਗੈਰ-ਕਾਨੂੰਨੀ ਤੇ ਸੰਵਿਧਾਨਿਕ ਸ਼ਕਤੀਆਂ ਦੀ ਦੁਰਵਰਤੋਂ ਕਰਾਰ ਦਿੱਤਾ ਹੈ।

ਰਾਸ਼ਟਰਪਤੀ ਨੇ ਕਿਹਾ ਕਿ ਐਮਰਜੰਸੀ ਐਲਾਨ ਕਰਨ ਦਾ ਕਦਮ ਗੈਰ-ਕਾਨੂੰਨੀ ਪ੍ਰਵਾਸੀਆਂ, ਅਪਰਾਧੀਆਂ ਤੇ ਨਸ਼ੀਲੇ ਪਦਾਰਥਾਂ ਦੇ ਤਸਕਰਾਂ ਤੋਂ ਦੇਸ਼ ਨੂੰ ਬਚਾਉਣ ਲਈ ਜ਼ਰੂਰੀ ਸੀ। ਦੱਸਣਯੋਗ ਹੈ ਕਿ ਕੰਧ ਬਣਾਉਣ ਦਾ ਵਾਅਦਾ ਟਰੰਪ ਨੇ ਆਪਣੇ ਚੋਣ ਘੋਸ਼ਣਾ ਪੱਤਰ 'ਚ ਕੀਤਾ ਸੀ। ਇਸ ਮਾਮਲੇ 'ਚ ਡੈਮੋਕ੍ਰੇਟਿਕਸ ਨਾਲ ਵਿਵਾਦ ਇੰਨਾ ਵਧ ਗਿਆ ਕਿ ਅਮਰੀਕਾ 'ਚ ਕੰਮਬੰਦੀ ਤੱਕ ਹੋਈ। ਦੱਸਣਯੋਗ ਹੈ ਕਿ ਇਸੇ ਹਫਤੇ ਸਰਕਾਰੀ ਕੰਮਕਾਜ ਨੂੰ ਦੁਬਾਰਾ ਠੱਪ ਹੋਣ ਤੋਂ ਬਚਾਉਣ ਤੇ ਅਮਰੀਕਾ-ਮੈਕਸੀਕੋ ਸਰਹੱਦ 'ਤੇ ਕੰਧ ਬਣਾਉਣ ਨੂੰ ਲੈ ਕੇ ਅਮਰੀਕੀ ਸੰਸਦ ਮੈਂਬਰਾਂ ਦੇ ਵਿਚਾਲੇ ਸਮਝੌਤਾ ਹੋਇਆ ਸੀ। ਇਸ ਸਮਝੌਤੇ ਤਹਿਤ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਕੰਧ ਬਣਾਉਣ ਲਈ ਸਿਰਫ 1.4 ਅਰਬ ਡਾਲਰ ਦੀ ਰਾਸ਼ੀ ਮਿਲਣ ਦਾ ਐਲਾਨ ਕੀਤਾ ਗਿਆ ਸੀ।

ਡੋਨਾਲਡ ਟਰੰਪ ਨੇ ਇਸ ਲਈ 5.7 ਅਰਬ ਡਾਲਰ ਦੀ ਮੰਗ ਕੀਤੀ ਸੀ ਪਰ ਉਨ੍ਹਾਂ ਨੂੰ ਇੰਨੀ ਰਾਸ਼ੀ ਨਹੀਂ ਮਿਲੀ। ਇਹ ਕੰਧ ਸਟੀਲ ਦੀ ਹੋਵੇਗੀ ਜਦਕਿ ਟਰੰਪ ਨੇ ਕੰਕ੍ਰੀਟ ਦੀ ਕੰਧ ਬਣਾਉਣ ਦਾ ਵਾਅਦਾ ਕੀਤਾ ਸੀ। ਹੁਣ ਆਪਣੇ ਚੋਣ ਵਾਅਦੇ ਨੂੰ ਪੂਰਾ ਕਰਨ ਲਈ ਅਮਰੀਕੀ ਰਾਸ਼ਟਰਪਤੀ ਨੇ ਐਮਰਜੰਸੀ ਦਾ ਹੀ ਐਲਾਨ ਕਰ ਦਿੱਤਾ।

Roof Trusses
Floor Systems
Lumber
Stairs
Tall Wall
Wall Panel
Floor Panel
ZyTech
BUILDING SYSTEMS
Employment opportunities for : Forklift Operatior, Lumber Stackers, Truss Builders and General Helpers.
ਨੌਕਰੀਆਂ : ਫੋਰਕਲਿਫਟ ਆਪ੍ਰੇਟਰਜ਼, ਲੰਬਰ ਸਟੈਕਰਸ, ਟਰੱਸ ਬਿਲਡਰਜ਼ ਅਤੇ ਜਨਰਲ ਹੈਲਪਰਜ਼
ਅਸੀਂ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਬਣਾਉਣ ਵਾਸਤੇ ਰੂਫ ਟਰੱਸਜ਼, ਫਲੋਰ ਸਿਸਟਮ, ਲੰਬਰ ਪੈਕੇਜ ਅਤੇ ਸਟੇਅਰਜ਼ ਸਪਲਾਈ ਕਰਦੇ ਹਾਂ, ਜ਼ਿਆਦਾ ਜਾਣਕਾਰੀ ਲਈ ਸਾਡੀ ਨੇੜੇ ਦੀ ਲੁਕੇਸ਼ਨ 'ਤੇ ਸੰਪਰਕ ਕਰੋ।
ਰਘੁਬੀਰ ਸਿੰਘ ਭੰਡਾਲ : 780-980-9192
ਜਸਪਾਲ ਸਿੰਘ ਭੰਡਾਲ :403-912-3232
Balzac (Calgary) | Springbrook (Red Deer) | Leduc (Edmonton) | Saskatoon
HELP WANTED

Excellent ED Drywall
Excellent Drywall Ltd.
Residential & Commercial
Best Service & Quality
Free Estimates for :
• Boarding • Taping
• Textured Spray • Knock Down
ਡਰਾਈਵਾਲ ਦਾ ਵਧੀਆ ਕੰਮ ਵਾਜਬ ਕੀਮਤਾਂ 'ਤੇ ਕਰਵਾਉਣ ਲਈ ਕੁਲਵਿੰਦਰ ਨਾਲ ਸੰਪਰਕ ਕਰੋ
Email : excellentdrywall@yahoo.ca
780-729-3344, 780-902-2221

Chanprit S. Baweja (Prince)
Ask about : Personal Services
- Best Rates
- First Time Homebuyers
- Pre Approvals
- New to Canada
- Self Employed
- Construction Mortgage
Home Financing expertise available at your convernience
780-862-7717
chanprit.baweja@bmo.com

Super Visa Insurance
Life, Critical Illness, Accident & Sickness and Health product
Serving community for 18 years
18 ਸਾਲ ਤੋਂ ਇੰਸ਼ੋਰੈਂਸ ਦੀ ਦੁਨੀਆ ਵਿਚ ਇਕ ਭਰੋਸੇਯੋਗ ਨਾਮ
ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
We work with more than 25 companies! JASVIR DEOL
Ph:780-906-4497 jdeol@deolinsurance.com

3rd in CANADA for Century 21-2005
Century 21 Canada Masters
Hall of fame inductee
Sweg Deol
"Your Key Connection To Real Estate"
Sweg Deol
Please call for all your Commercial Real Estate Needs in Hotel, Motel, Apartments & Shopping Centers
Land Parcels Available in throughout Alberta
A.L.L. Stars Realty Ltd., 312 Saddleback Road, T6J 4R7
Cell : (780) 951-9873 Bus: (780) 434-4700

CIBC
For what matters
Jassie Pandher
Mortgage Advisor & Builder Specialist
Cell: 780 729-0086
Tel: 1 888 335-3198
Fax: 780 465-8068
jaskiran.pandher@cibc.com
Language(s) Spoken: English, Hindi, Punjabi and Urdu

• CRIMINAL LAW
• REAL ESTATE LAW
• IMMIGRATION LAW
• FAMILY LAW
• BUSINESS LAW
• WILLS AND ESTATES
• CIVIL LAW
• BUILDER'S LIEN



VLG Lawyers*
Barristers, Solicitors & Notaries
Gurpreet Singh Gill*
Kevin E Moore*
Taranjeet K Virdee*
* An Association Of Independent Lawyers
If arrested do not giveup your rights unless you speak to us. We will fight tough for your rights.
Phone: 780-469-0045/46; Fax: 780-469-0096
Contact our team: #207, 9252 - 34 Ave. Edmonton, AB. T6E 5P2
FOR URGENT BAIL AND DEPORTATION MATTERS CALL US @ 780-982-6806 OR 780-288-1864

ADVANCED
Roofing Systems Ltd.

RESIDENTIAL COMMERCIAL

Residential/Commercial Insurance Claims • Asphalt & Specialty Shingles • Siding, Soffits, Fascia • 2 Ply Membranes (SBS) • Cedar Shakes • New & Re-Roof Specialists • Condominums Welcome • Steep Roofs Welcome • Licaenced & Insured • Pine Shake Replacement • Roof Top Snow removel • FREE Estimates



Gill Olson (Manager)

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365

FOR ALL YOUR REAL ESTATE NEEDS
ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਅੱਜ ਹੀ ਭਰੋਸੇਮੰਦ ਰੀਅਲਟਰ ਹਰਪ੍ਰੀਤ ਗਿੱਲ ਨਾਲ ਸੰਪਰਕ ਕਰੋ

Harpreet Gill
REALTOR



MaxWell
Where Real Estate Happens
Cell: 780-993-3029
Ph. : 866-968-0888, Fax: 877-968-0888, harpreet.k.gill@hotmail.com
www.edmontonrealestategill.com, www.realestategill.com

GROVER PROFESSIONAL ACCOUNTING & TAX SERVICES



Neha Grover

*Neha Grover*

- *Bookkeeping*
- *G.S.T.*
- *Payrolls*
- *Corporate & Professional Taxes*
- *E-files*

203, 3476 - 93 Street, Edmonton, AB, T6E 6A4
Tel: 780-465-7085 ; Fax: 780-465-7086
Email : groveraccounting@gmail.com

A-WIN Insurance
ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ

A-WIN: MAKING LIFE EASY

Who We Are
Western Canada's
Biggest Brokers Team, designed to serve Canadians' with solutions for your personal and professional insurance needs.

When Time and Money Matters
Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

Quick Quotes When You Need Them

What we Offer
- Home/Auto Insurance
- RV Insurance
- Registry Services
- Life and Financial Services
- Mortgage Services
- Accounting Services
- Legal Services
- Travel Insurance
- Emergency Road Services
- Automobile Warranty Services
- Commercial Insurance
- D&O Coverage/ E&O Insurance
- A-WIN Rewards Program

What Our Customers Are Saying...

- ਕਾਰ ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੇਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ



ਅਸੀਂ ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ 'ਚ ਗੱਲਬਾਤ ਕਰ ਸਕਦੇ ਹਾਂ
We Provide Service In English, Punjabi and Hindi

Discounts up to 60%
Payment Options available
Edmonton : 780-465-6900
Calgary : 403-775-2100

Insurance Advisor
- Super Visa Insurance
- LIfe/Mortgage Insurance
- Disability/Critical Illness Insurance
- Visitors and Travel Insurance
- Dental & Drug plans
- RESP

Varinder Nijjar
780-667-3015
varinder.nijjar@dfsin.ca



Supreme Pizza
ਸੁਪਰੀਮ ਪੀਜ਼ਾ
Chicken Wings Hot, Honey Garlic
Menisa Plaza (on Millwood Road) 1079 Knottwood Road East NW Edmonton
780 485 1213 or 780 485 1231
Try Us Tonight For Best Deal
In Town 3 For 1
Any 3 Toppings 12" Medium - 14" Large
ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਤੇ ਸਵਾਦੀ ਪੀਜ਼ਾ
ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ
Paneer Pizza • Vegetarian • Supreme Special • Chicken Special • The Pasta Niche

ALPHA
Tent Rentals
All Events Big or Small
We are in this Business Since 2001



Tents All Size and Different Colours
Tables Rectangular & Round Chairs All Colours
Lights, Dance Floor, Heaters, Fans,
Catering Equipment, Coffee Brewers,
Big Burners, Big Pots (Patila), Cutlery and Plates,
Portable Bars Beer Tubs Ice Boxes
Carpet, Stantions, Linens and Clips.

Ladies Sangeet Jago Equipment

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ
Guaranteed Low Prices Open Seven Days a Week
Umrao Ghinger: 780 237 5556
www.alphatentrentals.com
Office: 780 490 5354



# ਅਲਬਰਟਾ ਕਾਰਬਨ ਪਲੈਨ ਕਾਰਨ ਗ੍ਰੀਨਹਾਊਸ ਗੈਸਾਂ ਦੇ ਰਿਸਾਅ ਵਿਚ ਵੱਡੀ ਕਮੀ

ਐਡਮਿੰਟਨ (ਨਦਬ) : ਸੂਬੇ ਦੇ ਵਾਤਾਵਰਣ ਨਾਲ ਜੁੜੇ ਮਾਮਲਿਆਂ ਬਾਰੇ ਮੰਤਰੀ ਸ਼ੈਨਨ ਫਿਲਿਪਸ ਨੇ ਇਕ ਮੁਲਾਕਾਤ ਦੌਰਾਨ ਜਾਣਕਾਰੀ ਦਿੰਦਿਆਂ ਦੱਸਿਆ ਕਿ 2018 ਵਿਚ ਸੂਬੇ ਵਿਚ ਕੋਲੇ ਦੁਆਰਾ ਬਿਜਲੀ ਉਤਪਾਦਨ ਉਤੇ ਨਿਰਭਰਤਾ ਵਿਚ ਵੱਡੀ ਪੱਧਰ 'ਤੇ ਕਮੀ ਆਈ ਹੈ। ਇਸ ਨਾਲ ਵੱਡੇ ਪੱਧਰ 'ਤੇ ਗ੍ਰੀਨ ਹਾਊਸ ਗੈਸਾਂ ਦਾ ਰਿਸਾਅ ਘਟਿਆ ਹੈ।

2017 ਦੇ ਮੁਕਾਬਲੇ ਗ੍ਰੀਨ ਹਾਊਸ ਗੈਸਾਂ ਦੇ ਰਿਸਾਅ ਵਿਚ 16 ਪ੍ਰਤੀਸ਼ਤ ਜਾਂ ਕਹਿ ਲਵੋ ਕਿ ਸੱਤ ਮੈਗਾਟਨ ਦੀ ਕਮੀ ਹੋਈ ਹੈ




ਇਸ ਯੋਜਨਾ ਲਈ ਰੈਵਿਨਿਊ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਯੋਜਨਾ ਦੇ ਪਹਿਲੇ ਦੋ ਸਾਲਾਂ ਵਿਚ 1.8 ਬਿਲੀਅਨ ਡਾਲਰ ਦਾ ਰੈਵਿਨਿਊ ਇਕੱਠਾ ਕੀਤਾ ਜਾਵੇਗਾ ਤੇ ਵੱਖ ਵੱਖ ਪ੍ਰੋਗਰਾਮਾਂ ਵਿਚ ਇਸ ਧਨ ਦਾ ਨਿਵੇਸ਼ ਕੀਤਾ ਜਾਵੇਗਾ। 1.3 ਬਿਲੀਅਨ ਡਾਲਰ ਕਾਰਬਨ ਟੈਕਸ ਦੇ ਰੂਪ ਵਿਚ ਘਰਾਂ ਤੇ ਵਪਾਰਕ ਅਦਾਰਿਆਂ ਤੋਂ ਇਕੱਠੇ ਕੀਤੇ ਜਾਣਗੇ ਤੇ ਬਾਕੀ ਰਕਮ ਦੂਜੇ ਸੋਮਿਆਂ ਤੋਂ ਜੁਟਾਈ ਜਾਵੇਗੀ। ਇਸ ਧਨ ਦਾ ਪ੍ਰਯੋਗ ਸੋਲਰ ਪ੍ਰੋਗਰਾਮਾਂ, ਆਵਾਜਾਈ ਨਾਲ ਜੁੜੇ ਪ੍ਰੋਜੈਕਟਾਂ ਅਤੇ ਸਕੂਲਾਂ ਦੇ ਬੁਨਿਆਦੀ ਢਾਂਚੇ ਲਈ ਹੋਵੇਗਾ।

ਯੂਸੀਪੀ ਵੱਲੋਂ ਇਸ ਯੋਜਨਾ ਦੀ ਆਲੋਚਨਾ ਕੀਤੀ ਗਈ ਹੈ। ਸਸਕੈਚਵਨ ਕੈਨੀ ਨੇ ਕਿਹਾ ਕਿ ਯੋਜਨਾ ਦੀ ਮੁੜ ਤੋਂ ਪੜਚੋਲ ਹੋਣੀ ਚਾਹੀਦੀ ਹੈ। ਦੂਜੇ ਪਾਸੇ ਸਸਕੈਚਵਨ ਅਦਾਲਤ ਵਿਚ ਫੈਡਰਲ ਯੋਜਨਾ ਨੂੰ ਚੁਣੌਤੀ ਦਿੱਤੀ ਗਈ ਹੈ। ਯੂਸੀਪੀ ਨੂੰ ਅਦਾਲਤ ਵੱਲੋਂ ਇਸ ਵਿਚ ਇੰਟਰਵਿਨਸ਼ਨ ਸਟੇਟਸ ਦੀ ਪ੍ਰਵਾਨਗੀ ਦਿੱਤੀ ਗਈ ਹੈ। ਇਸ 'ਤੇ ਸ਼ੈਨਨ ਫਿਲਿਪ ਦਾ ਕਹਿਣਾ ਹੈ ਕਿ ਸੂਬੇ ਨੂੰ ਇਸ ਵਿਚ ਇੰਟਰਵਿਨਸ਼ਨ ਸਟੇਟਸ ਮੰਗਣ ਦੀ ਕੋਈ ਜ਼ਰੂਰਤ ਨਹੀਂ। ਅਸੀਂ ਅਲਬਰਟਾ ਵਿਚ ਆਪਣੀ ਕਲਾਈਮੇਟ ਲੀਡਰਸ਼ਿਪ ਯੋਜਨਾ ਬਣਾਈ ਹੈ।

## ਪ੍ਰਭ ਗਿੱਲ ਨੇ ਯੂ.ਸੀ.ਪੀ. 'ਤੇ ਧੋਖਾਧੜੀ ਦੇ ਲਾਏ ਦੋਸ਼

ਕੈਲਗਰੀ (ਨਦਬ) : ਕੈਲਗਰੀ ਦੇ ਵਿਧਾਇਕ ਪ੍ਰਭ ਗਿੱਲ ਨੇ 2017 ਦੀ ਯੂ.ਸੀ.ਪੀ. ਲੀਡਰਸ਼ਿਪ ਕੈਂਪੇਨ ਦੌਰਾਨ ਪਾਰਟੀ 'ਤੇ ਧੋਖਾਧੜੀ ਦੇ ਗੰਭੀਰ ਦੋਸ਼ ਲਾਏ ਹਨ। ਪ੍ਰਭ ਗਿੱਲ ਦਾ ਕਹਿਣਾ ਹੈ ਕਿ ਇਸ ਕੈਂਪੇਨ ਦੌਰਾਨ ਹਜ਼ਾਰਾਂ ਦੀ ਗਿਣਤੀ ਵਿਚ ਨਕਲੀ ਵੋਟਾਂ ਪਾਈਆਂ ਗਈਆਂ ਸਨ ਅਤੇ ਇਸ ਦੇ ਲਈ ਕਈ ਨਕਲੀ ਈ ਮੇਲ ਆਈਡੀ ਵੀ ਬਣਾਏ ਗਏ ਸਨ। ਪ੍ਰਭ ਗਿਲ ਨੇ ਆਰ.ਸੀ.ਐਮ.ਪੀ. ਦੇ ਕਮਿਸ਼ਨਰ ਨੂੰ ਕਰਟਿਸ ਜੈਬਲਾਕੀ ਨੂੰ ਇਸ ਸਬੰਧੀ ਚਿੱਠੀ ਲਿਖ ਕੇ ਜਾਂਚ ਕਰਨ ਲਈ ਵੀ ਕਿਹਾ ਹੈ। ਆਰ.ਸੀ.ਐਮ.ਪੀ. ਦੇ ਬੁਲਾਰੇ ਪ੍ਰੈਜਰ ਲੋਗਨ ਨੇ ਚਿੱਠੀ ਮਿਲਣ ਦੀ ਪੁਸ਼ਟੀ ਕੀਤੀ ਹੈ ਅਤੇ ਉਨ੍ਹਾਂ ਦੱਸਿਆ ਕਿ ਇਸ ਸਬੰਧਤ ਉਹ ਅਲਬਰਟਾ ਇਲੈਕਸ਼ਨ ਕਮਿਸ਼ਨਰ ਨਾਲ ਗੱਲਬਾਤ ਕਰ ਰਹੇ ਹਨ ਅਤੇ ਇਸ ਤੋਂ ਇਲਾਵਾ ਉਨ੍ਹਾਂ ਇਸ ਸਬੰਧੀ ਅਜੇ ਹੋਰ ਕੋਈ ਬਿਆਨਬਾਜ਼ੀ ਨਾ ਕੀਤੇ ਜਾਣ ਦੀ ਗੱਲ ਆਖੀ ਹੈ। ਦੂਜੇ ਪਾਸੇ ਯੂ.ਸੀ.ਪੀ. ਦੀ ਐਗਜ਼ੀਕਿਊਟਿਵ ਡਾਇਰੈਕਟਰ ਜੈਨਿਸ ਹੈਰਿੰਗਟਨ ਨੇ ਇਸ ਸਬੰਧੀ ਦੱਸਿਆ ਕਿ ਅਜਿਹਾ ਸਾਡੀ ਪਾਰਟੀ 'ਤੇ ਲਾਏ ਦੋਸ਼ ਬੇਬੁਨਿਆਦ ਹਨ ਅਤੇ ਅਜਿਹਾ ਕਦੇ ਵੀ ਸੰਭਵ ਨਹੀਂ ਹੋ ਸਕਦਾ, ਕਿਉਂਕਿ ਉਨ੍ਹਾਂ ਚੋਣਾਂ ਦੌਰਾਨ ਸਾਰੇ ਮਾਪਦੰਡਾਂ ਨੂੰ ਧਿਆਨ ਵਿਚ ਰੱਖਿਆ ਗਿਆ ਸੀ ਅਤੇ ਵੋਟਰਾਂ ਦੇ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਸ਼ਨਾਖ਼ਤੀ ਕਾਰਡ ਦੇਖੇ ਜਾਣ ਤੋਂ ਬਾਅਦ ਹੀ ਵੋਟਿੰਗ ਦਾ ਹੱਕ ਦਿੱਤਾ ਗਿਆ ਸੀ।

## ਪ੍ਰੋਪੇਨ ਡੀਹਾਈਡ੍ਰੋਜਨੇਸ਼ਨ ਪਲਾਂਟ ਤੇ ਪੁਲੀਪ੍ਰੋਪਲੀਨ ਸੁਧਾਈ ਕਾਰਖਾਨੇ ਨੂੰ ਮਿਲੀ ਹਰੀ ਝੰਡੀ

ਐਡਮਿੰਟਨ (ਨਦਬ) : ਕੈਲਗਰੀ ਦੀ ਪੈਂਬਿਨਾ ਪਾਇਪਲਾਈਨ ਕੋਰਪੋਰੇਸ਼ਨ ਅਤੇ ਇਸ ਦੀ ਕੌਮਾਂਤਰੀ ਭਾਈਵਾਲ ਕੁਵੈਤ ਪੈਟਰੋਲੀਅਮ ਕੋਰਪੋਰੇਸ਼ਨ ਵੱਲੋਂ ਪ੍ਰੋਪੇਨ ਡੀਹਾਈਡ੍ਰੋਜਨੇਸ਼ਨ ਪਲਾਂਟ ਅਤੇ ਪੁਲੀਪ੍ਰੋਪਲੀਨ ਸੁਧਾਈ ਕਾਰਖਾਨੇ ਨੂੰ ਹਰੀ ਝੰਡੀ ਦੇ ਦਿੱਤੀ ਗਈ ਹੈ। ਇਸ ਵਕਤ ਕਨੇਡਾ ਪੁਲੀਪ੍ਰੋਪਲੀਨ ਨੂੰ ਲੈ ਕੇ ਪੂਰੀ ਤਰ੍ਹਾਂ ਬਰਾਮਦ 'ਤੇ ਨਿਰਭਰ ਹੈ। ਇਨ੍ਹਾਂ ਹਾਲਤਾਂ ਨੂੰ ਦੇਖਦਿਆਂ ਪਿਛਲੇ ਸਾਲ ਨੋਟਲੇ ਸਰਕਾਰ ਵੱਲੋਂ ਦੂਜੇ ਗੇੜ ਦਾ ਪੈਟਰੋਕੈਮੀਕਲ ਪ੍ਰੋਗਰਾਮ ਜਾਰੀ ਕੀਤਾ ਗਿਆ ਸੀ। ਜਿਸ ਤਹਿਤ ਸਬੰਧਤ ਪਲਾਂਟ ਵਾਸਤੇ ਜਿੱਥੇ ਵੱਡੇ ਪੱਧਰ 'ਤੇ ਕਰਜ਼ੇ ਦੀ ਵਿਵਸਥਾ ਕੀਤੀ ਗਈ ਹੈ, ਇਸ ਦੇ ਨਾਲ ਹੀ ਕਈ ਪ੍ਰਕਾਰ ਦੀਆਂ ਛੋਟਾਂ ਦੀ ਵਿਵਸਥਾ ਵੀ ਇਨ੍ਹਾਂ ਨੀਤੀਆਂ ਤਹਿਤ ਕੀਤੀ ਗਈ ਹੈ।

ਇਹ ਪਲਾਂਟ ਐਡਮਿੰਟਨ ਦੇ ਉੱਤਰਪੂਰਬ ਵਿਚ ਸਥਾਪਤ ਕੀਤਾ ਜਾਵੇਗਾ। ਕਨੇਡਾ-ਕੁਵੈਤ ਪੈਟਰੋਕੈਮੀਕਲ ਕੋਰਪੋਰੇਸ਼ਨ ਵੱਲੋਂ ਸਾਂਝੇ ਤੌਰ 'ਤੇ ਕੀਤੇ ਜਾਣ ਵਾਲੇ ਇਸ ਕੰਮ ਵਿਚ ਰੋਜ਼ਾਨਾ 2300 ਬੈਰਲ ਪ੍ਰੋਪੇਨ ਨੂੰ ਵਰਤੋਂ ਵਿਚ ਲਿਆਂਦਾ ਜਾਵੇਗਾ। ਇਸ ਤਰ੍ਹਾਂ ਇਸ ਨੂੰ ਪੁਲੀਪ੍ਰੋਪਲੀਨ ਵਿਚ ਬਦਲ ਕੇ ਇਸ ਤੋਂ ਬਹੁਤ ਸਾਰੇ ਪ੍ਰੋਡਕਟ ਤਿਆਰ ਕੀਤੇ ਜਾਣਗੇ। ਜਿਨ੍ਹਾਂ ਵਿਚ ਪਲਾਸਟਿਕ ਦੀਆਂ ਚੀਜ਼ਾਂ, ਫੂਡ ਕੰਟੇਨਰ, ਇਲੈਕਟ੍ਰੋਨਿਕਸ ਅਤੇ ਆਟੋਮੋਬਾਈਲ ਦੇ ਪੁਰਜੇ ਬਣਾਏ ਜਾਣਗੇ। ਉਮੀਦ ਹੈ ਕਿ 2023 ਦੇ ਵਿਚ ਇਸ ਨੂੰ ਲੈ ਕੇ ਕੰਮ ਸ਼ੁਰੂ ਹੋ ਜਾਵੇਗਾ। ਇਸ ਪ੍ਰੋਜੈਕਟ ਤਹਿਤ 300 ਮਿਲੀਅਨ ਡਾਲਰ ਦੀ ਸੂਬਾਈ ਟੈਕਸ ਵਿਚ ਛੋਟ ਦਿੱਤੀ ਜਾਵੇਗੀ।



ਕਾਰੋਬਾਰ ਦੇ ਪ੍ਰਚਾਰ 'ਚ ਤੁਹਾਡੇ ਦੋਸਤ!

EmbroidMe®

your promotional marketing partner

- sports team apparel
- business and corporate branding
- promotional products
- thousands of products available

ਆਪਣੇ ਬਰੈਂਡ ਪ੍ਰਮੋਸ਼ਨ ਅਤੇ ਪ੍ਰਚਾਰ ਨਾਲ ਸਬੰਧਤ ਹਰੇਕ ਤਰ੍ਹਾਂ ਦੀਆਂ ਵਸਤਾਂ ਲਈ ਅੱਜ ਹੀ ਸੰਪਰਕ ਕਰੋ




780.328.2020 | 5017-52 Ave, Beaumont EmbroidMe-EdmontonSE.com more than just embroidery

Services Provided

We also do Braces

Cosmetic and Preventive Dentistry including:

> Check Ups and Cleanings
> Fillings
> TMJ
> Implants
> Teeth Whitening
> Teeth Straightening-Invisalign
> Sports and Night Gaurds
> Crowns and Bridges
> Partial and Full Dentures
> Wisdom Teeth Extractions
> Root Canal Therapy

Open 7 days a week including evenings and weekends !

Clinic Hours:
- Mondays and Wednesdays 12-8
- Tuesdays and Thursdays 9-8
- Fridays 9-5
- Saturdays and Sundays 9-4

Maple DENTALCLINIC

ਦੰਦਾਂ ਦੀ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਲਈ ਫ਼ੋਨ ਕਰੋ
ਤੁਹਾਡਾ ਬਿਲ ਸਿੱਧਾ ਇੰਸ਼ੋਰੈਂਸ ਕੰਪਨੀ ਨੂੰ ਭੇਜ ਸਕਦੇ ਹਾਂ।

Accepting New Patients
Appointments @
780-440-5001


Dr. Amritpal Singh


Dr. Sandeep Dhaliwal

4444-36 Ave NW Edmonton, AB T6L 3S1

# ਵੈਲੀ ਲਾਈਨ ਐਲਆਰਟੀ ਦੀ ਉਸਾਰੀ ਵਿਚ ਦੇਰੀ ਨੂੰ ਲੈ ਕੇ ਚਰਚਾ



ਐਡਮਿੰਟਨ (ਨਦਬ): ਵੈਲੀ ਲਾਈਨ ਐਲਆਰਟੀ ਵਿਚ ਹੋ ਰਹੀ ਦੇਰੀ ਨੂੰ ਲੈ ਕੇ ਚਰਚਾ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਵੈਲੀ ਲਾਈਨ ਐਲਆਰਟੀ ਜਦੋਂ ਪਹਿਲੇ ਪੜਾਅ ਵਿਚ ਸੀ ਤਾਂ ਅੰਦਾਜ਼ਾ ਇਹ ਲਾਇਆ ਜਾ ਰਿਹਾ ਸੀ ਕਿ 2020 ਤੱਕ ਇਸ ਦਾ ਕੰਮ ਨੇਪਰੇ ਚੜ੍ਹ ਜਾਵੇਗਾ ਪਰ ਜਦੋਂ 2018 ਦੀ ਤੀਜੀ ਤਿਮਾਹੀ ਚੱਲ ਰਹੀ ਸੀ ਤਾਂ ਅਜਿਹਾ ਜਾਪਣ ਲੱਗ ਪਿਆ ਸੀ ਕਿ ਜਿਸ ਤਰ੍ਹਾਂ ਕੰਮ ਚੱਲ ਰਿਹਾ ਹੈ, ਉਸ ਹਿਸਾਬ ਨਾਲ ਸਮੇਂ ਸਿਰ ਇਹ ਪ੍ਰੋਜੈਕਟ ਨੇਪਰੇ ਨਹੀਂ ਚੜ੍ਹ ਸਕੇਗਾ। ਜੂਨ 2018 ਵਿਚ ਪ੍ਰੋਜੈਕਟ ਦਾ 80 ਫੀਸਦੀ ਕੰਮ ਹੋ ਜਾਣਾ ਚਾਹੀਦਾ ਸੀ ਪਰ ਕੰਮ ਦੀ ਰਫ਼ਤਾਰ ਦੇ ਹਿਸਾਬ ਨਾਲ ਅੰਦਾਜ਼ਾ ਲਾਈਏ ਤਾਂ ਅਸੀਂ ਮਿੱਥੇ ਗਏ ਸਮੇਂ ਤੋਂ ਇਕ ਸਾਲ ਪਿੱਛੇ ਸੀ।

ਐਡਮਿੰਟਨ ਵਿਚ ਬੁਨਿਆਦੀ ਢਾਂਚੇ ਨਾਲ ਸਬੰਧਤ ਪ੍ਰਬੰਧਾਂ ਦੇ ਮੁਖੀ ਐਡਮ ਲੈਫਲਿਨ ਦਾ ਕਹਿਣਾ ਹੈ ਕਿ ਅਜੇ ਸਹੀ ਸਹੀ ਇਹ ਅੰਦਾਜ਼ਾ ਲਾਉਣਾ ਮੁਸ਼ਕਲ ਹੈ ਕਿ ਪ੍ਰੋਜੈਕਟ ਕਿੰਨਾ ਕੁ ਪਛੜਿਆ ਹੈ। ਜੇਕਰ ਇਹ ਸੰਭਵ ਹੋਇਆ ਕਿ ਇਸ ਨੂੰ ਸਮੇਂ ਸਿਰ ਸਿਰੇ ਚਾੜ੍ਹਿਆ ਜਾ ਸਕਦਾ ਹੈ ਤਾਂ ਲਾਜ਼ਮੀ ਤੌਰ 'ਤੇ ਅਜਿਹੀਆਂ ਕੋਸ਼ਿਸ਼ਾਂ ਵੀ ਕੀਤੀਆਂ ਜਾਣਗੀਆਂ।

ਦੱਸਣਾ ਬਣਦਾ ਹੈ ਕਿ ਮਿਲਵੁੱਡਜ਼ ਅਤੇ ਡਾਊਨਟਾਊਨ ਵਿਚਕਾਰ 13 ਕਿਲੋਮੀਟਰ ਦੀ ਲਾਈਨ ਬਣ ਚੁੱਕੀ ਹੈ। ਇਹ ਟਰੈਕ ਪਬਲਿਕ ਪ੍ਰਾਈਵੇਟ ਸਾਂਝੇਦਾਰੀ ਨਾਲ ਬਣਾਈ ਗਏ ਹਨ। ਜਿਸ ਵਿਚ ਸਿਟੀ ਅਤੇ ਟ੍ਰਾਂਸਐਡ ਗਰੁੱਪ ਸ਼ਾਮਲ ਹੈ। ਟ੍ਰਾਂਸਐਡ ਦੇ ਬੁਲਾਰੇ ਡੀਨ ਹਿਊਮੈਨ ਦਾ ਕਹਿਣਾ ਹੈ ਕਿ ਗਰਾਊਂਡ ਦੇ ਹਾਲਾਤ ਆਮ ਨਾਲੋਂ ਬਿਲਕੁੱਲ ਵੱਖਰੇ ਹਨ। ਬਹੁਤ ਸਾਰੀਆਂ ਸਮੱਸਿਆਵਾਂ ਅਚਾਨਕ ਸਾਹਮਣੇ ਆਉਂਦੀਆਂ ਹਨ ਪਰ ਇਸ ਦੇ ਬਾਵਜੂਦ ਜੇ ਪ੍ਰੋਜੈਕਟ ਸਮੇਂ ਸਿਰ ਪੂਰਾ ਨਹੀਂ ਹੁੰਦਾ ਤਾਂ ਇਹ ਪੂਰਾ ਹੋਣ ਦੇ ਬਿਲਕੁਲ ਨਜ਼ਦੀਕ ਜ਼ਰੂਰ ਹੋਵੇਗਾ।

ਮੇਅਰ ਡੌਨ ਆਇਵਸਨ ਦਾ ਕਹਿਣਾ ਹੈ ਕਿ ਦੇਰੀ ਬਾਰੇ ਅੰਦਾਜ਼ੇ ਸਮੇਂ ਤੋਂ ਪਹਿਲਾਂ ਲਾਏ ਜਾ ਰਹੇ ਹਨ ਜਦੋਂ ਤੱਕ ਇਸ ਸਬੰਧ ਵਿਚ ਮੁਕੰਮਲ ਰੂਪ ਵਿਚ ਵਿਚਾਰ ਵਟਾਂਦਰਾ ਨਹੀਂ ਹੁੰਦਾ ਉਦੋਂ ਤੱਕ ਕੁੱਝ ਵੀ ਨਹੀਂ ਕਿਹਾ ਜਾ ਸਕਦਾ। ਕੌਂਸਲਰ ਮਾਈਕ ਨਿਕਲ ਨੇ ਕਿਹਾ ਕਿ ਮੇਰਾ ਮੰਨਣਾ ਸੀ ਕਿ ਪ੍ਰੋਜੈਕਟ ਵਿਚ ਦੇਰੀ ਹੋਵੇਗੀ ਇਸ ਲਈ ਪ੍ਰੋਜੈਕਟ ਬਾਰੇ ਜਾਰੀ ਹੋਈ ਤਾਜ਼ਾ ਜਾਣਕਾਰੀ ਤੋਂ ਮੈਂ ਹੈਰਾਨ ਨਹੀਂ ਹੋਇਆ।

# ਜਨਮ ਦਿਨ ਮਨਾਉਣ ਲਿਆਏ ਪਿਓ ਨੇ ਹੀ ਕੀਤਾ ਧੀ ਰੀਆ ਦਾ ਕਤਲ



ਐਡਮਿੰਟਨ (ਨਦਬ): ਬ੍ਰੈਂਪਟਨ ਦੇ ਰੂਪੇਸ਼ ਰਾਜਕੁਮਾਰ ਨੇ ਬੀਤੇ ਦਿਨੀਂ ਸਵੇਰੇ ਆਪਣੀ 11 ਸਾਲਾ ਧੀ ਦਾ ਕਤਲ ਕਰ ਦਿੱਤਾ। ਉਹ ਉਸ ਨੂੰ ਜਨਮ ਦਿਨ ਮਨਾਉਣ ਲਈ ਆਪਣੇ ਨਾਲ ਲੈ ਕੇ ਗਿਆ ਸੀ। ਰਾਜਕੁਮਾਰ ਨੂੰ ਆਪਣੀ ਧੀ ਦੇ ਕਤਲ ਦੇ ਦੋਸ਼ ਹੇਠ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਪੀਲ ਰੀਜ਼ਨ ਦੀ ਪੁਲੀਸ ਦੇ ਡੈਨੀ ਮਾਰਟੀਨੀ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਰੀਆ ਦੀ ਮਾਂ ਦਾ ਉਨ੍ਹਾਂ ਨੂੰ ਫੋਨ ਆਇਆ ਕਿ ਰੀਆ ਦੇ ਪਿਓ ਰੂਪੇਸ਼ ਨੇ ਉਸ ਨੂੰ ਸ਼ਾਮ ਵੇਲੇ ਛੱਡ ਕੇ ਜਾਣਾ ਸੀ। ਜ਼ਿਕਰਯੋਗ ਹੈ ਕਿ ਇਹ ਜੋੜਾ ਵੱਖ ਵੱਖ ਰਹਿੰਦਾ ਸੀ ਤੇ ਰੀਆ ਆਪਣੇ ਪਿਤਾ ਰੂਪੇਸ਼ ਨਾਲ ਆਪਣਾ ਜਨਮ ਦਿਨ ਮਨਾਉਣ ਗਈ ਸੀ।

ਇਸੇ ਦੌਰਾਨ ਰੀਆ ਦੀ ਮਾਂ ਨੂੰ ਰੂਪੇਸ਼ ਵਲੋਂ ਕੁਝ ਮੈਸੇਜ ਭੇਜੇ ਗਏ, ਜੋ ਕਿ ਰੀਆ ਦੀ ਸੁਰੱਖਿਆ ਨੂੰ ਲੈ ਕੇ ਸਵਾਲ ਖੜ੍ਹੇ ਕਰ ਰਹੇ ਸਨ। ਰੀਆ ਦੀ ਮਾਂ ਨੇ ਇਸ ਸਬੰਧੀ ਪੁਲੀਸ ਨੂੰ ਦੱਸਿਆ ਤਾਂ ਪੁਲੀਸ ਰੂਪੇਸ਼ ਦੀ ਰਿਹਾਇਸ਼ 'ਤੇ ਪੁੱਜੀ, ਪਰ ਰੂਪੇਸ਼ ਨਾ ਮਿਲਿਆ। ਘੰਟਿਆਂਬੱਧੀ ਛਾਣਬੀਣ ਮਗਰੋਂ ਪੁਲੀਸ ਨੇ ਐਂਬਰ ਅਲਰਟ ਵੀ ਜਾਰੀ ਕੀਤਾ ਪਰ ਐਂਬਰ ਅਲਰਟ ਜਲਦੀ ਹੀ ਰੱਦ ਕਰ ਦਿੱਤਾ ਗਿਆ ਕਿਉਂਕਿ ਰੀਆ ਦੀ ਲਾਸ਼ ਰੂਪੇਸ਼ ਦੀ ਅਪਾਰਟਮੈਂਟ ਵਿਚੋਂ ਮਿਲ ਗਈ ਸੀ। ਇਸ ਤੋਂ ਬਾਅਦ ਰੂਪੇਸ਼ ਨੂੰ ਪੁਲੀਸ ਨੇ ਅੱਧੀ ਰਾਤ ਨੂੰ ਹਾਈਵੇ ਤੋਂ ਗ੍ਰਿਫ਼ਤਾਰ ਕਰ ਲਿਆ।

# ਪਾਈਪਲਾਈਨ ਮਸਲੇ 'ਤੇ ਸਰਕਾਰੀ ਰਵੱਈਏ ਤੋਂ ਨਾਰਾਜ਼ ਟਰੱਕਾਂ ਦਾ ਕਾਫ਼ਲਾ ਓਟਵਾ ਲਈ ਰਵਾਨਾ

ਓਟਵਾ (ਨਦਬ): ਐਨਰਜੀ ਸੈਕਟਰ ਲਈ ਓਟਵਾ ਸਰਕਾਰ ਵੱਲੋਂ ਮਿਲਣ ਵਾਲੇ ਘੱਟ ਸਮਰਥਨ ਕਾਰਨ ਤੇ ਪਾਈਪਲਾਈਨ ਦੇ ਕੰਮ ਨੂੰ ਅੱਗੇ ਤੋਰਨ ਲਈ ਵੀ ਫੈਡਰਲ ਸਰਕਾਰ ਵੱਲੋਂ ਕੋਈ ਮਦਦ ਨਾ ਮਿਲਣ ਕਾਰਨ 100 ਟਰੱਕਾਂ ਦਾ ਕਾਫਲਾ ਅਲਬਰਟਾ ਤੋਂ ਪਾਰਲੀਆਮੈਂਟ ਹਿੱਲ ਲਈ ਰਵਾਨਾ ਹੋ ਗਿਆ ਹੈ।

ਯੂਨੀਈਟਿਡ ਵੁਈ ਰੋਲ ਕਾਫਲਾ 14 ਫਰਵਰੀ, ਵੀਰਵਾਰ ਨੂੰ ਅਲਬਰਟਾ ਦੇ ਰੈੱਡ ਡੀਅਰ ਤੋਂ ਰਵਾਨਾ ਹੋਇਆ ਹੈ ਤੇ ਇਸ ਦੇ ਅਗਲੇ ਮੰਗਲਵਾਰ ਤਿੰਨ ਦਿਨ ਦੀ ਰੈਲੀ ਲਈ ਓਟਵਾ ਪਹੁੰਚਣ ਦੀ ਆਸ ਹੈ। ਆਪਣੀਆਂ ਇਨ੍ਹਾਂ ਕੋਸ਼ਿਸ਼ਾਂ ਨੂੰ ਹੋਰ ਤੇਜ਼ ਕਰਨ ਲਈ ਤੇ 100,000 ਡਾਲਰ ਇੱਕਠੇ ਕਰਨ ਲਈ ਗਰੁੱਪ ਵੱਲੋਂ ਯੈਲੋ ਵੈਸਟ ਮੁਜ਼ਾਹਰਾਕਾਰੀਆਂ ਨੂੰ ਵੀ ਇਸ ਰੈਲੀ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਹੈ।

ਇਨ੍ਹਾਂ ਦੇ ਮੋਹਰੀ ਪ੍ਰਬੰਧਕ ਗਲੈਨ ਕੈਰਿਟ ਨੇ ਆਖਿਆ ਕਿ ਫੈਡਰਲ ਸਰਕਾਰ ਨੂੰ ਐਨਰਜੀ ਸੈਕਟਰ ਦੇ ਸਮਰਥਕਾਂ ਦੀ ਗੱਲ ਸੁਣਨੀ ਹੀ ਚਾਹੀਦੀ ਹੈ। ਉਨ੍ਹਾਂ ਆਖਿਆ ਕਿ ਸਾਡੇ ਤੇਲ ਤੇ ਗੈਸ ਸੈਕਟਰ ਦੀ ਹਾਲਤ ਇਸ ਸਮੇਂ ਮਾੜੀ ਹੈ ਤੇ ਇਹ ਸੈਕਟਰ ਸਮੁੱਚੇ ਦੇਸ਼ ਲਈ



ਬਹੁਤ ਚੰਗਾ ਹੈ। ਇਸ ਕਾਫਲੇ ਨੇ ਆਪਣਾ ਪਹਿਲਾ ਪੜਾਅ ਰੇਜਾਈਨਾ ਵਿਚ ਪਾਇਆ। ਕੈਰਿਟ ਨੇ ਆਪਣੇ ਅੰਦਾਜ਼ੇ ਮੁਤਾਬਕ ਦੱਸਿਆ ਕਿ ਇਸ ਸਫਰ ਦੇ ਪਹਿਲੇ ਹਿੱਸੇ ਵਿਚ 100 ਤੋਂ 150 ਦੇ ਨੇੜੇ-ਤੇੜੇ ਟਰੱਕ ਇਸ ਕਾਫਲੇ ਵਿਚ ਸ਼ਾਮਲ ਸਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿਚੋਂ 80 ਦੇ ਕਰੀਬ ਟਰੱਕ ਓਟਵਾ ਪਹੁੰਚਣਗੇ।

ਕਈ ਟਰੱਕਾਂ ਉੱਤੇ ਸਾਈਨ ਲੱਗੇ ਸਨ ਕਿ ਅਲਬਰਟਾ ਕੋਲ ਕਾਫੀ ਤੇਲ ਹੈ, ਸਾਊਦੀ ਤੇਲ ਤੋਂ ਪਹਿਲਾਂ ਕਨੇਡੀਅਨ ਤੇਲ ਦੀ ਵਰਤੋਂ ਕਰੋ ਤੇ ਕਾਰਬਨ ਆਇਲ ਟੈਕਸ ਖਤਮ ਕਰੋ। ਕੈਰਿਟ ਨੇ ਆਖਿਆ ਕਿ ਸਾਨੂੰ ਐਨਰਜੀ ਈਸਟ ਲਈ ਪਾਈਪਲਾਈਨਜ਼ ਉੱਤੇ ਫੌਰੀ ਕਾਰਵਾਈ ਕਰਨ ਦੀ ਲੋੜ ਹੈ। ਉਨ੍ਹਾਂ ਆਖਿਆ ਕਿ ਕਨੇਡਾ ਕੋਲ ਦੁਨੀਆ ਦੇ ਸਭ ਤੋਂ ਵੱਡੇ ਤੇਲ ਭੰਡਾਰਾਂ ਵਿਚ ਤੀਜੇ ਨੰਬਰ ਉੱਤੇ ਤੇਲ ਦੇ ਭੰਡਾਰ ਹਨ ਪਰ ਮੰਦਭਾਗੀ ਗੱਲ ਇਹ ਹੈ ਕਿ ਅਸੀਂ ਆਪਣੇ ਉਤਪਾਦ ਹੀ ਨਹੀਂ ਵਰਤ ਰਹੇ। ਕੈਰਿਟ ਨੇ ਇਹ ਵੀ ਆਖਿਆ ਕਿ ਬਹੁਤ ਹੀ ਦੁੱਖ ਵਾਲੀ ਗੱਲ ਹੈ ਕਿ ਸਰਕਾਰ ਇਸ ਪਾਸੇ ਜੋ ਕੁੱਝ ਵਾਪਰ ਰਿਹਾ ਹੈ, ਉਸ ਵੱਲ ਧਿਆਨ ਨਹੀਂ ਦੇ ਰਹੀ।

# ਸਾਊਦੀ ਅਰਬ ਨੂੰ ਅਮਰੀਕੀ ਮਦਦ ਖ਼ਤਮ ਕਰਨ ਦਾ ਬਿੱਲ ਅਮਰੀਕੀ ਸੰਸਦ ਵਿਚ ਪਾਸ



ਵਾਸ਼ਿੰਗਟਨ (ਨਦਬ): ਅਮਰੀਕੀ ਸੰਸਦ ਮੈਂਬਰਾਂ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਵੱਡਾ ਝਟਕਾ ਦਿੱਤਾ ਹੈ। ਸੰਸਦ ਮੈਂਬਰਾਂ ਨੇ ਟਰੰਪ ਅਤੇ ਸਾਊਦੀ ਅਰਬ ਨਾਲ ਉਨ੍ਹਾਂ ਦੇ ਗਠਜੋੜ ਨੂੰ ਝਟਕਾ ਦਿੰਦੇ ਹੋਏ ਯਮਨ ਵਿਚ ਖਾੜੀ ਦੇਸ਼ਾਂ ਦੀਆਂ ਯੁੱਧ ਕੋਸ਼ਿਸ਼ਾਂ ਵਿਚ ਅਮਰੀਕਾ ਦੀ ਸ਼ਮੂਲੀਅਤ ਨੂੰ ਖਤਮ ਕਰਨ ਦੇ ਪੱਖ ਵਿਚ ਵੋਟਿੰਗ ਕੀਤੀ। ਅਮਰੀਕੀ ਸਦਨ ਨੇ 177 ਦੇ ਮੁਕਾਬਲੇ 248 ਵੋਟਾਂ ਨਾਲ ਇਤਿਹਾਸਿਕ ਬਿੱਲ ਪਾਸ ਕੀਤਾ, ਜਿਸ ਦੇ ਬਾਅਦ ਰਾਸ਼ਟਰਪਤੀ ਨੂੰ 30 ਦਿਨਾਂ ਦੇ ਅੰਦਰ ਯਮਨ ਤੋਂ ਅਮਰੀਕੀ ਹਥਿਆਰਬੰਦ ਫੌਜੀਆਂ ਨੂੰ ਹਟਾਉਣਾ ਹੋਵੇਗਾ।

ਜ਼ਿਕਰਯੋਗ ਹੈ ਕਿ ਯਮਨ ਵਿਚ ਸਾਲਾਂ ਤੋਂ ਚੱਲ ਰਹੇ ਸੰਘਰਸ਼ ਵਿਚ ਹਜ਼ਾਰਾਂ ਨਾਗਰਿਕ ਮਾਰੇ ਜਾ ਚੁੱਕੇ ਹਨ। ਬਿੱਲ ਦੇ ਪੱਖ ਵਿਚ 18 ਰਿਪਬਲਿਕਨ ਸੰਸਦ ਮੈਂਬਰਾਂ ਨੇ ਵੀ ਡੈਮੋਕ੍ਰੇਟਸ ਦਾ ਸਾਥ ਦਿੱਤਾ। ਵੋਟਿੰਗ ਕਾਰਨ ਸੈਨੇਟ 'ਤੇ ਕਦਮ ਚੁੱਕਣ ਦਾ ਦਬਾਅ ਵੱਧ ਗਿਆ ਹੈ। ਸੈਨੇਟ ਨੇ ਵੀ ਬੀਤੇ ਸਾਲ ਅਜਿਹਾ ਹੀ ਬਿੱਲ ਪਾਸ ਕੀਤਾ ਸੀ ਪਰ ਉਦੋਂ ਰਿਪਬਲਿਕਨ ਦੇ ਕੰਟਰੋਲ ਵਾਲਾ ਸਦਨ ਇਸ 'ਤੇ ਵੋਟਿੰਗ ਨਹੀਂ ਕਰਵਾ ਪਾਇਆ ਸੀ, ਜਿਸ ਨਾਲ ਇਹ ਬਿੱਲ ਕਿਰਿਆਹੀਣ ਹੋ ਗਿਆ।

ਵਰਤਮਾਨ ਵਿਚ ਸਦਨ ਵਿਚ ਡੈਮੋਕ੍ਰੇਟਸ ਦਾ ਕੰਟਰੋਲ ਹੈ। ਸਾਲਾਂ ਤੋਂ ਅਮਰੀਕੀ ਮਿਲਟਰੀ ਦਖਲਅੰਦਾਜ਼ੀ ਦਾ ਵਿਰੋਧ ਕਰ ਰਹੇ ਡੈਮੋਕ੍ਰੇਟ ਸੰਸਦ ਮੈਂਬਰ ਰੋਅ ਖੰਨਾ ਨੇ ਟਵਿੱਟਰ 'ਤੇ ਕਿਹਾ, "ਸਦਨ ਵਿਚ ਮੇਰਾ ਪ੍ਰਸਤਾਵ ਪਾਸ ਹੋਣ ਨਾਲ ਅਸੀਂ ਇਸ ਮਨੁੱਖੀ ਤਬਾਹੀ ਵਿਚ ਆਪਣੀ ਸ਼ਮੂਲੀਅਤ ਖਤਮ ਕਰਨ ਦੇ ਕਰੀਬ ਹਾਂ।" ਰਿਪਬਲਿਕਨ ਸੰਸਦ ਮੈਂਬਰਾਂ ਨੇ ਰਾਸ਼ਟਰਪਤੀ ਦੀ ਸੀਰੀਆ ਅਤੇ ਅਫਗਾਨਿਸਤਾਨ ਤੋਂ ਫੌਜੀ ਵਾਪਸ ਬੁਲਾਏ ਜਾਣ ਦੀ ਯੋਜਨਾ ਸਮੇਤ ਹੋਰ ਵਿਦੇਸ਼ ਨੀਤੀ ਵਿਵਾਦਾਂ 'ਤੇ ਵੀ ਨਾਰਾਜ਼ਗੀ ਜ਼ਾਹਰ ਕੀਤੀ।

# ਸਿਟੀ ਡਰਾਈਵਿੰਗ ਨਿਰਦੇਸ਼ਕ ਵੱਲੋਂ ਗ਼ਲਤ ਤਰੀਕੇ ਨਾਲ ਸਰਟੀਫਿਕੇਟ ਜਾਰੀ



ਐਡਮਿੰਟਨ-ਨਦਬ: ਪਿਛਲੇ ਦਿਨੀਂ ਸਿਟੀ ਆਡੀਟਰ ਰਿਪੋਰਟ ਜਾਰੀ ਹੋਈ ਜਿਸ ਵਿਚ ਆਡੀਟਰ ਵੱਲੋਂ ਐਡਮਿੰਟਨ ਦੇ ਇਕ ਟ੍ਰਾਂਜ਼ਿਟ ਡਰਾਈਵਿੰਗ ਨਿਰਦੇਸ਼ਕ ਤੇ ਦੋਸ਼ ਲਾਏ ਗਏ ਹਨ ਕਿ ਉਸ ਨੇ ਸਧਾਰਣ ਨਾਗਰਿਕਾਂ ਨੂੰ ਲਗਭਗ ਸੌ ਦੇ ਕਰੀਬ ਸਰਟੀਫਿਕੇਟ ਗਲਤ ਤਰੀਕੇ ਨਾਲ ਜਾਰੀ ਕੀਤੇ ਹਨ। ਆਡੀਟਰ ਵੱਲੋਂ ਕੀਤੀ ਗਈ ਜਾਂਚ ਵਿਚ ਸਾਹਮਣੇ ਆਇਆ ਕਿ ਇਹ ਸਰਟੀਫਿਕੇਟ ਜਨਵਰੀ 2015 ਤੋਂ ਅਪ੍ਰੈਲ 2018 ਵਿਚ ਜਾਰੀ ਕੀਤੇ ਗਏ ਹਨ। ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਅਜਿਹਾ ਇਸ ਲਈ ਕੀਤਾ ਗਿਆ ਹੈ ਤਾਂ ਜੋ ਡਰਾਈਵਿੰਗ ਲਾਇਸੰਸ ਖਾਰਜ ਨਾ ਹੋਣ ਤੇ ਕਾਰ ਦੀ ਇੰਸ਼ੋਰੈਂਸ ਕੀਮਤ ਨੂੰ ਘਟਾਇਆ ਜਾ ਸਕੇ।

ਇਹ ਸਰਟੀਫਿਕੇਟ ਜਾਰੀ ਕਰਨ ਲਈ 120 ਤੋਂ 300 ਡਾਲਰ ਫੀਸ ਦੇ ਰੂਪ ਵਿਚ ਲਏ ਗਏ ਹਨ। ਦੱਸਣਾ ਬਣਦਾ ਹੈ ਆਡੀਟਰ ਵੱਲੋਂ ਜਾਂਚ ਉਦੋਂ ਸ਼ੁਰੂ ਕੀਤੀ ਗਈ ਜਦੋਂ ਉਨ੍ਹਾਂ ਨੂੰ ਸਿਟੀ ਲੇਬਰ ਰਿਲੇਸ਼ਨਜ਼ ਵਿਭਾਗ ਵੱਲੋਂ ਮੇਲ ਪ੍ਰਾਪਤ ਹੋਈ। ਆਡੀਟਰ ਵੱਲੋਂ ਇਸ ਮਾਮਲੇ ਦੇ ਸਬੰਧ ਵਿਚ ਪੁਲੀਸ ਨਾਲ ਵਿਚਾਰ ਵਟਾਂਦਰਾ ਕਰ ਕੇ ਉਨ੍ਹਾਂ ਨੂੰ ਵੀ ਇਸ ਸਾਰੇ ਮਾਮਲੇ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਹੈ।

ਸਿਟੀ ਪ੍ਰਬੰਧਕਾਂ ਵੱਲੋਂ ਆਡੀਟਰ ਦੇ ਇਸ ਨੁਕਤੇ 'ਤੇ ਸਹਿਮਤੀ ਦਰਸਾਈ ਗਈ ਕਿ ਮਾਮਲੇ ਦੀ ਅੱਗੇ ਜਾਂਚ ਕਰਨ ਲਈ ਉਨ੍ਹਾਂ ਨਿਰਦੇਸ਼ਕਾਂ ਉੱਤੇ ਅਗਲੀ ਕਾਰਵਾਈ ਕੀਤੀ ਜਾਵੇ ਜਿਨ੍ਹਾਂ ਦਾ ਕੰਮ ਸ਼ੱਕੀ ਹੈ।

# ਨੋਟਲੇ ਸਰਕਾਰ ਵੱਲੋਂ ਲਡੂਕ ਇੰਟਰਚੇਂਜ ਲਈ 33 ਮਿਲੀਅਨ ਡਾਲਰ ਦਾ ਐਲਾਨ



ਐਡਮਿੰਟਨ-ਨਦਬ: ਪਿਛਲੇ ਦਿਨੀਂ ਪ੍ਰੀਮੀਅਰ ਰੈਚਲ ਨੋਟਲੇ ਵੱਲੋਂ ਲਡੂਕ ਵਿਚ 65 ਐਵਿਨਿਊ ਅਤੇ ਹਾਈਵੇਅ ਨੂੰ ਜੋੜਨ ਲਈ 33 ਮਿਲੀਅਨ ਡਾਲਰ ਦੀ ਫੰਡਿੰਗ ਦੇਣ ਦਾ ਐਲਾਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਲਡੂਕ ਨੂੰ ਏਅਰਪੋਰਟ ਨਾਲ ਜੋੜਣਾ ਸਮੇਂ ਦੀ ਜ਼ਰੂਰਤ ਸੀ, ਜਿਸਨੂੰ ਧਿਆਨ ਵਿਚ ਰੱਖਦਿਆਂ ਇਹ ਐਲਾਨ ਕੀਤਾ ਗਿਆ ਹੈ। ਇਹ ਵਿਸ਼ਵ ਪੱਧਰ ਦਾ ਕੋਰੀਡੋਰ ਹੋਵੇਗਾ। ਇਸ ਨਾਲ ਲਗਭਗ 8300 ਜੌਬਾਂ ਹੋਂਦ ਵਿਚ ਆਉਣਗੀਆਂ ਤੇ 600 ਮਿਲੀਅਨ ਡਾਲਰ ਦੇ ਨਿਵੇਸ਼ ਦਾ ਵਾਧਾ ਹੋਵੇਗਾ।

ਨੋਟਲੇ ਨੇ ਕਿਹਾ ਕਿ ਸਾਡੀ ਸਰਕਾਰ ਨੇ ਵਿਕਾਸ ਦੇ ਖੇਤਰ ਵਿਚ ਰਿਕਾਰਡ ਪੈਦਾ ਕੀਤੇ ਹਨ ਤੇ ਅਜਿਹੀਆਂ ਯੋਜਨਾਵਾਂ ਨੂੰ ਤਰਜੀਹ 'ਤੇ ਰੱਖਿਆ ਗਿਆ ਹੈ।

ਲਡੂਕ ਦੇ ਮੇਅਰ ਬੋਬ ਯੰਗ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਇਹ ਪ੍ਰੋਜੈਕਟ ਸਾਡੀ ਤਰਜੀਹ ਵਿਚ ਸ਼ਾਮਿਲ ਸੀ। ਸੂਬੇ ਵੱਲੋਂ ਇਸ ਦੇ ਸਬੰਧ ਵਿਚ ਯੋਜਨਾ 2017 ਵਿਚ ਬਣਾਈ ਗਈ ਸੀ ਤੇ ਅੰਦਾਜ਼ਾ ਇਹ ਲਾਇਆ ਸੀ ਕਿ 2019 ਦੇ ਅੰਤ ਵਿਚ ਇਸ ਪ੍ਰੋਜੈਕਟ ਨੂੰ ਨੇਪਰੇ ਚਾੜ੍ਹ ਲਿਆ ਜਾਵੇਗਾ।

## ਕਨੇਡਾ ਵਿੱਚ ਪੰਜਾਬੀ ਬੋਲੀ ਦਾ ਜਸ਼ਨ

**ਪੰਜਾਬੀ ਲੈਂਗੁਏਜ ਐਜੂਕੇਸ਼ਨ ਐਸੋਸੀਏਸ਼ਨ (ਪਲੀ)** ਵਲੋਂ
ਕਵਾਂਟਲਿਨ ਪੌਲੇਟਿਕਨਿਕ ਯੂਨੀਵਰਸਿਟੀ (ਕੇ ਪੀ ਯੂ) ਅਤੇ
ਦੀਪਕ ਬਿਨਿੰਗ ਫਾਊਂਡੇਸ਼ਨ ਦੇ ਸਹਿਯੋਗ ਨਾਲ

### ਸੋਲ੍ਹਵਾਂ ਸਲਾਨਾ ਅੰਤਰਰਾਸ਼ਟਰੀ ਮਾਂ-ਬੋਲੀ ਦਿਨ

ਸ਼ਨਿਚਰਵਾਰ 23 ਫਰਵਰੀ 2019; ਬਾਅਦ ਦੁਪਹਿਰ 1:30 ਤੋਂ 4:00 ਵਜੇ ਤੱਕ
ਕਵਾਂਟਲਿਨ ਪੌਲੇਟਿਕਨਿਕ ਯੂਨੀਵਰਸਿਟੀ ਦੀ ਸਪਰੂਸ ਬਿਲਡਿੰਗ ਏਟਰੀਅਮ ਵਿਚ
12666 72 ਐਵਨਿਊ, ਸਰੀ, ਬੀ ਸੀ (72 ਐਵਨਿਊ ਅਤੇ 128 ਸਟਰੀਟ)

- *ਸਥਾਨਕ ਵਿਦਿਅਕ ਅਦਾਰਿਆਂ ਵਿੱਚ ਪੰਜਾਬੀ ਦੀ ਪੜ੍ਹਾਈ ਚਾਲੂ ਕਰਾਉਣ ਦੀਆਂ ਕੋਸ਼ਿਸ਼ਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਜਾਵੇਗੀ।*
- *ਪੰਜਾਬੀ ਵਿਦਿਆਰਥੀਆਂ ਵਲੋਂ ਕਵਿਤਾਵਾਂ, ਗੀਤ ਆਦਿ ਦੀਆਂ ਪੇਸ਼ਕਾਰੀਆਂ।*
- *ਪੰਜਾਬੀ ਬੋਲੀ ਦੀ ਪੜ੍ਹਾਈ ਲਈ ਸਰਗਰਮ ਭਾਈਚਾਰੇ ਦੇ ਦੋ ਵਿਅਕਤੀਆਂ ਨੂੰ ਪਲੀ ਵਲੋਂ ਸਨਮਾਨਿਤ ਕੀਤਾ ਜਾਵੇਗਾ*
- *ਪਲੀ ਵਲੋਂ ਸੱਭ ਨੂੰ ਖੁੱਲ੍ਹਾ ਸੱਦਾ ਹੈ ਕਿ ਆਓ ਮਿਲ ਕੇ ਆਪਣੀ ਮਾਂ-ਬੋਲੀ ਦਾ ਜਸ਼ਨ ਮਨਾਈਏ।*
- *ਜਸ਼ਨ ਵਿਚ ਦਾਖਲਾ ਮੁਫਤ ਹੈ ਤੇ ਚਾਹ ਪਾਣੀ ਦਾ ਪ੍ਰਬੰਧ ਹੋਵੇਗਾ।*

ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲੈਣ ਲਈ ਸੰਪਰਕ:
ਬਲਵੰਤ ਸੰਘੇੜਾ - 604-836-8976
ਸਾਧੂ ਬਿਨਿੰਗ - 604-437-9014
ਪਰਵਿੰਦਰ ਧਾਰੀਵਾਲ - 778-838-1121
ਪਾਲ ਬਿਨਿੰਗ - 778-889-8255
Punjabi Language Education Association (PLEA)


Emergency Service 24x7
Free Estimate with Treatment
GOLDEN ARROW PEST CONTROL INC.



CALL @ 780-462-6669

**Specializing in:**
Ants, Bees, Birds, Bedbugs, Flies,Bugs, Spiders, Flea, Mice/Rats, Cock-Roaches, Wasp, Squirrels, Gophers, Pigeons etc.

PROFESSIONAL CERTIFIED SERVICE PROVIDER FOR:
&
* Air-Guard And Konk- Fly Control Machines.
* Unwanted pests any kind 100% guarantee.
* Hanta Virus Clean-up & Disinfecting
* Exclusion work for Bird & Rodents.
* Special Gophers Poison
* bee's,Wasp,Hornet Control
* Home Protection Programs
* Residential and Commercial Experts

ਘਰਾਂ ਤੇ ਵਪਾਰਕ ਥਾਵਾਂ ਨੂੰ ਮੱਖੀਆਂ, ਕਾਕਰੋਚ, ਚੂਹਿਆਂ, ਕੀੜੀਆਂ ਅਤੇ ਹੋਰ ਅਣਚਾਹੇ ਜਾਨਵਰਾਂ ਤੋਂ ਮੁਕਤੀ ਲਈ ਅੱਜ ਹੀ ਕਾਲ ਕਰੋ **ਗੋਲਡਨ ਐਰੋ ਪੈਸਟ ਕੰਟਰੋਲ** ਨੂੰ।

M.S. (Sunny)
Expert Certified Service Technician
780 243 6705
908-77 AVE NW, Edmonton AB T6P 1M2
info@goldenarrowpestcontrol.com www.goldenarrowpestcontrol.com





Sweet and Sassy Hair Saloon
Licenced Haristylist
Sandy Sandhu
(with over 12 years experience)
7808500752
5716 19 Ave SW Edmonton, Only Appointments ravpreetsandhu@gmail.com

# ਮੈਂਡਲ ’ਤੇ ਪੰਜ ਸਾਲਾਂ ਲਈ ਚੋਣ ਲੜਣ ’ਤੇ ਪਾਬੰਦੀ



ਐਡਮਿੰਟਨ (ਨਦਬ) : ਅਲਬਰਟਾ ਪਾਰਟੀ ਦੇ ਆਗੂ ਸਟੀਫਨ ਮੈਂਡਲ ਉੱਤੇ ਇਲੈਕਸ਼ਨਜ਼ ਅਲਬਰਟਾ ਵੱਲੋਂ ਲੋੜੀਂਦੇ ਕਾਗਜ਼ ਪੱਤਰ ਮੌਕੇ ਸਿਰ ਜਮ੍ਹਾਂ ਨਾ ਕਰਵਾਉਣ ਦੇ ਕਾਰਨ ਸਖ਼ਤ ਕਾਰਵਾਈ ਕੀਤੀ ਗਈ ਹੈ। ਇਸ ਕਾਰਵਾਈ ਤਹਿਤ ਸਟੀਫਨ ਮੈਂਡਲ ਦੇ ਚੋਣਾਂ ਲੜਣ ’ਤੇ ਪੰਜ ਸਾਲਾਂ ਲਈ ਪਾਬੰਦੀ ਲਾ ਦਿੱਤੀ ਗਈ ਹੈ। ਇਸ ਸਬੰਧ ਵਿਚ ਮੈਂਡਲ ਨੂੰ ਇਲੈਕਸ਼ਨਜ਼ ਅਲਬਰਟਾ ਵੱਲੋਂ 27 ਜੁਲਾਈ ਨੂੰ ਪੱਤਰ ਭੇਜਿਆ ਗਿਆ ਸੀ ਤੇ ਕਾਗਜ਼ ਜਮ੍ਹਾਂ ਕਰਵਾਉਣ ਦੀ ਆਖ਼ਰੀ ਤਾਰੀਕ 12 ਸਤੰਬਰ ਦਿੱਤੀ ਗਈ ਸੀ। ਦੂਜੇ ਪਾਸੇ ਸਟੀਫਨ ਮੈਂਡਲ ਨੇ ਕਿਹਾ ਕਿ ਮੇਰੇ ਸੀਐਫਓ ਦੀ ਤਬੀਅਤ ਠੀਕ ਨਹੀਂ ਸੀ ਜਿਸ ਕਰਕੇ ਮੈਂ ਰਸਮੀ ਕਾਗਜ਼ੀ ਕਾਰਵਾਈ ਸਮੇਂ ਸਿਰ ਨਹੀਂ ਭੁਗਤਾ ਸਕਿਆ। ਉਨ੍ਹਾਂ ਕਿਹਾ ਕਿ ਮੇਰੇ ਉੱਤੇ ਲਾਈ ਗਈ ਪਾਬੰਦੀ ਅਣਉਚਿਤ ਹੈ ਤੇ ਮੈਂ ਇਸ ਨੂੰ ਲੈ ਕੇ ਅਦਾਲਤ ਵਿਚ ਚੁਣੌਤੀ ਦੇਵਾਂਗਾ।

ਦੱਸਣਾ ਬਣਦਾ ਹੈ ਕਿ ਅਲਬਰਟਾ ਪਾਰਟੀ ਦੇ ਪੰਜ ਹੋਰ ਉਮੀਦਵਾਰਾਂ ਅਲੀ ਹੇਮੂਰ, ਡਿਆਨਾ ਲੀਅ, ਅੰਮ੍ਰਿਤ ਮਠਾੜੂ, ਮੋਅ ਰਾਹਲ ਅਤੇ ਰੈਚਲ ਟਿੰਮਰਮੈਂਸ ਵਲੋਂ ਸਮੇਂ ਸਿਰ ਕਾਗਜ਼ਾਤ ਜਮ੍ਹਾਂ ਨਾ ਕਰਵਾ ਸਕਣ ਕਾਰਨ ਚੋਣ ਲੜਨ ’ਤੇ ਪਾਬੰਦੀ ਲਈ ਗਈ ਹੈ।

ਅਲਬਰਟਾ ਪਾਰਟੀ ਨੇ ਇਸ ਮਾਮਲੇ ਵਿਚ ਕਾਨੂੰਨ ਉੱਤੇ ਉਂਗਲ ਖੜ੍ਹੀ ਕੀਤੀ ਹੈ, ਉਨ੍ਹਾਂ ਵੱਲੋਂ ਕਿਹਾ ਗਿਆ ਹੈ ਕਿ ਇਲੈਕਸ਼ਨਜ਼ ਅਲਬਰਟਾ ਵੱਲੋਂ ਜੋ ਕਾਰਵਾਈ ਸਟੀਫਨ ਮੈਂਡਲ ਉੱਤੇ ਕੀਤੀ ਗਈ ਹੈ, ਉਹ ਅਣਉਚਿਤ ਹੈ। ਸਬੰਧਤ ਕਾਨੂੰਨ ਬਾਰੇ ਸਪਸ਼ਟ ਪਹੁੰਚ ਹੋਣੀ ਚਾਹੀਦੀ ਹੈ।

# ਜੇਸਨ ਕੈਨੀ ਦੀ ਹਰਮਨ ਪਿਆਰਤਾ ਪਾਰਟੀ ਨਾਲੋਂ ਘੱਟ

ਐਡਮਿੰਟਨ (ਨਦਬ) : ਭਾਵੇਂ ਯੂਸੀਪੀ ਨੂੰ ਆਉਣ ਵਾਲੀਆਂ ਚੋਣਾਂ ਤੋਂ ਕਾਫ਼ੀ ਉਮੀਦਾਂ ਹਨ ਪਰ ਫਿਰ ਵੀ ਬਹੁਤ ਕੁੱਝ ਅਜਿਹਾ ਹੈ ਜੋ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਆਉਣ ਵਾਲੀਆਂ ਚੋਣਾਂ ਯੂਸੀਪੀ ਲਈ ਚੁਣੌਤੀ ਭਰੀਆਂ ਹੋਣਗੀਆਂ। ਪਿਛਲੇ ਦਿਨੀਂ ਪੋਲਿੰਗ ਕੰਪਨੀ ਮੇਨਸਟਰੀਟ ਰਿਸਰਚ ਵੱਲੋਂ ਆਪਣਾ ਖੋਜ ਪੱਤਰ ਜਾਰੀ ਕੀਤਾ ਗਿਆ। ਇਸ ਮੁਤਾਬਕ ਕੁਝ ਹੈਰਾਨੀਜਨਕ ਤੱਥ ਵੀ ਸਾਹਮਣੇ ਆਏ ਹਨ। ਇਨ੍ਹਾਂ ਤੱਥਾਂ ਅਨੁਸਾਰ ਯੂਸੀਪੀ ਆਗੂ ਜੈਸਨ ਕੈਨੀ ਓਨਾ ਹਰਮਨਪਿਆਰਾ ਨਹੀਂ ਜਿੰਨੀ ਕਿ ਪਾਰਟੀ ਹੈ। ਪੋਸਟ ਮੀਡੀਆਂ ਵੱਲੋਂ ਕੀਤੇ ਪੋਲ ਸਰਵੇਖਣ ਮੁਤਾਬਕ 39.7 ਪ੍ਰਤੀਸ਼ਤ ਉੱਤਰਦਾਤਾ ਕੈਨੀ ਦੇ ਹੱਕ ਵਿਚ ਹਨ ਤੇ 33.1 ਪ੍ਰਤੀਸ਼ਤ ਦਾ ਝੁਕਾਅ ਕੈਨੀ ਵੱਲ ਨਹੀਂ ਹੈ। ਇਸ ਦੇ ਮੁਕਾਬਲੇ ਐਨਡੀਪੀ ਆਗੂ ਰੈਚਲ ਨੋਟਲੇ ਦੇ ਹੱਕ ਵਿਚ 36.9 ਪ੍ਰਤੀਸ਼ਤ ਸਮਰਥਕ ਹਨ ਜਦੋਂਕਿ ਜਿਨ੍ਹਾਂ ਦਾ ਝੁਕਾਅ ਨੋਟਲੇ ਵੱਲ ਨਹੀਂ ਉਨ੍ਹਾਂ ਦੀ ਗਿਣਤੀ 49.3 ਪ੍ਰਤੀਸ਼ਤ ਹੈ। ਪਾਰਟੀ ਵਿਚ ਸਮਰਥਕਾਂ ਦੀ ਗੱਲ ਕਰੀਏ ਤਾਂ ਜੇਸਨ ਕੈਨੀ ਤੋਂ ਵੱਧ ਰੈਚਲ ਨੋਟਲੇ ਦੀ ਪਾਰਟੀ ਵਿਚ ਵੱਧ ਪ੍ਰਵਾਨਗੀ ਹੈ। ਕੈਲਗਰੀ ਖੇਤਰ ਵਿਚ ਯੂਸੀਪੀ ਦੀ ਚੜ੍ਹਤ ਹੈ। ਪਰ ਇੱਥੇ ਵੀ ਆਗੂ ਵਜੋਂ ਰੈਚਲ ਨੋਟਲੇ ਦੀ ਪ੍ਰਵਾਨਗੀ ਵੱਧ ਹੈ। 42.9 ਪ੍ਰਤੀਸ਼ਤ ਸਮਰਥਕ ਰੈਚਲ ਨੋਟਲੇ ਦੇ ਹੱਕ ਵਿਚ ਹਨ ਜਦੋਂਕਿ ਜੇਸਨ ਕੈਨੀ ਦੇ ਹੱਕ ਵਿਚ 39.4 ਪ੍ਰਤੀਸ਼ਤ ਹਨ। ਜੇਕਰ ਸਮਾਂ ਰਹਿੰਦਿਆਂ ਪਾਰਟੀ ਵਿਚ ਜੇਸਨ ਕੈਨੀ ਆਪਣੀ ਹਰਮਨਪਿਆਰਤਾ ਵਿਚ ਵਾਧਾ ਨਹੀਂ ਕਰ ਸਕੇ ਤਾਂ ਹੋ ਸਕਦਾ ਹੈ ਕਿ ਪ੍ਰੀਮੀਅਰ ਬਣਨਾ ਉਨ੍ਹਾਂ ਲਈ ਦੂਰ ਦੀ ਕੌਡੀ ਸਾਬਤ ਹੋਵੇ। ਇੱਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਮੇਨਸਟਰੀਟ ਪੋਲ ਵਿਚ 15–16 ਜਨਵਰੀ ਨੂੰ ਅਲਬਰਟਾ ਵਿਚੋਂ 893 ਉੱਤਰਦਾਤਾ ਸ਼ਾਮਲ ਕੀਤੇ ਗਏ ਸਨ। ਇਹ ਸਰਵੇਖਣ ਨੂੰ ਅੰਤਿਮ ਨਹੀਂ ਸਮਝਣਾ ਚਾਹੀਦਾ ਸਗੋਂ ਇਹ ਕਿਸੇ ਖ਼ਾਸ ਏਜੰਸੀ ਦੁਆਰਾ ਆਪਣੇ ਵੱਲੋਂ ਲਗਾਇਆ ਗਿਆ ਅੰਦਾਜ਼ਾ ਮਾਤਰ ਹੁੰਦਾ ਹੈ।



# ਆਸਟਰੇਲੀਆ : ਵੀਜ਼ਾ ਸ਼ਰਤਾਂ ਨਾ ਮੰਨਣ ਵਾਲਿਆਂ ਨੂੰ ਮਿਲੇਗਾ ਦੇਸ਼ ਨਿਕਾਲਾ

ਸਿਡਨੀ (ਨਦਬ) : ਆਸਟਰੇਲੀਆ ਸਰਕਾਰ ਨੇ ਕਿਹਾ ਹੈ ਕਿ ਵੀਜ਼ਾ ਸ਼ਰਤਾਂ ਦੀ ਪਾਲਣਾ ਹੋਣੀ ਜ਼ਰੂਰੀ ਹੈ। ਮੁਲਕ ਦੀ ਘੱਟ ਵਸੋਂ ਵਾਲੇ ਖੇਤਰਾਂ, ਜਿਥੇ ਹੁਨਰਮੰਦ ਵਰਕਰਾਂ ਦੀ ਲੋੜ ਹੈ, ਵਿਚ ਨਾ ਰਹਿਣ ਵਾਲੇ ਪਰਵਾਸੀਆਂ ਨੂੰ ਹੁਣ ਵੀਜ਼ੇ ਤੋਂ ਹੱਥ ਧੋਣੇ ਪੈਣਗੇ। ਦੱਸਣਯੋਗ ਹੈ ਕਿ ਪਿਛਲੇ ਹਫ਼ਤੇ ਚਾਰ ਸਾਲ ਤੋਂ ਵੱਧ ਪੀ.ਆਰ. ਵਾਲੇ ਪੰਜਾਬੀ ਨੌਜਵਾਨ ਦਾ ਵੀਜ਼ਾ ਰੱਦ ਕਰ ਦਿੱਤਾ ਸੀ। ਉਸ ਨੇ ਆਸਟਰੇਲੀਆ ਦੀ ਨਾਗਰਿਕਤਾ ਲੈਣ ਲਈ ਅਰਜ਼ੀ ਦਾਖ਼ਲ ਕੀਤੀ ਸੀ, ਇਸ ਦੌਰਾਨ ਇਮੀਗ੍ਰੇਸ਼ਨ ਵਿਭਾਗ ਨੂੰ ਸੂਚਨਾ ਮਿਲੀ ਕਿ ਉਹ ਨਿਰਧਾਰਿਤ ਪੇਂਡੂ ਕਸਬੇ ਵਿਚ ਰਹਿਣ ਦੀ ਬਜਾਏ ਮੈਲਬਰਨ ਰਹਿ ਰਿਹਾ ਸੀ।

ਰਾਜਧਾਨੀ ਕੈਨਬਰਾ ਵਿਚ ਰਾਜਾਂ ਦੇ ਖ਼ਜ਼ਾਨਾ ਮੰਤਰੀਆਂ ਦੀ ਸਾਂਝੀ ਮੀਟਿੰਗ ਵਿਚ ਸਹਿਮਤੀ ਬਣੀ ਕਿ ਆਵਾਸ ’ਤੇ ਰੋਕ ਲਾਉਣ ਦੀ ਬਜਾਏ, ਜਿਥੇ ਇਸ ਦੀ ਲੋੜ ਹੈ ਉੱਥੇ ਜਾਰੀ ਰੱਖੀ ਜਾਵੇ। ਸਿਡਨੀ ਤੇ ਮੈਲਬਰਨ ਤੋਂ ਬਾਹਰ ਆਵਾਸ ਨੂੰ ਯਕੀਨੀ ਬਣਾਉਣਾ ਹੋਵੇਗਾ। ਸ਼ਹਿਰੀ ਯੋਜਨਾਬੰਦੀ ਤੇ ਬੁਨਿਆਦੀ ਢਾਂਚੇ ਦੀ ਬਿਹਤਰੀ ਲਈ ਭੀੜ ਨੂੰ ਹੁਣ ਸਖ਼ਤੀ ਨਾਲ ਘਟਾਉਣਾ ਹੋਵੇਗਾ। ਇਸ ਮੰਤਵ ਤਹਿਤ ਸਰਕਾਰ ਦੇ ਆਬਾਦੀ ਪੈਕੇਜ ਦੇ ਪਹਿਲੇ ਪੜਾਅ ਹੇਠ 19 ਮਿਲੀਅਨ ਡਾਲਰ ਰੱਖੇ ਗਏ ਹਨ। ਪਿਛਲੇ ਸਾਲ ਪ੍ਰਧਾਨ ਮੰਤਰੀ ਸਕੌਟ ਮੌਰੀਸਨ ਨੇ ਐਲਾਨ ਕੀਤਾ ਸੀ ਕਿ ਉਹ ਪੀਆਰ ਵੀਜ਼ੇ ਦੇ 1,90,000 ਸਥਾਨਾਂ ਵਿਚ ਕਟੌਤੀ ਕਰਕੇ ਇਸ ਨੂੰ 1,62,000 ਕਰਨਾ ਚਾਹੁੰਦੇ ਹਨ। ਹੁਣ ਦੀ ਮੀਟਿੰਗ ਵਿਚ ਸਥਾਈ ਅਵਾਸ ਲੈਣ ’ਤੇ ਫੈਡਰਲ ਸਰਕਾਰ ਨੇ ਹੋਰ ਸਖ਼ਤੀ ਕਰਨ ਵੱਲ ਇਸ਼ਾਰਾ ਕੀਤਾ ਹੈ। ਇਮੀਗ੍ਰੇਸ਼ਨ ਮੰਤਰੀ ਡੇਵਿਡ ਕੋਲਮੈਨ ਨੇ ਕਿਹਾ ਕਿ 70 ਫੀਸਦੀ ਪਰਵਾਸੀ ਹੁਨਰਮੰਦ ਵਰਕਰ ਹਨ, ਜਿਨ੍ਹਾਂ ਨੇ ਮੁਲਕ ਦੇ ਅਰਥਚਾਰੇ ਵਿਚ ਵਾਧਾ ਕੀਤਾ ਹੈ। ਉਨ੍ਹਾਂ ਕਿਹਾ ਕਿ ਜਿਹੜੇ ਪਰਵਾਸੀ ਆਪਣੇ ਕਿੱਤੇ ’ਚ ਜ਼ਿਆਦਾ ਹੁਨਰਮੰਦ ਅਤੇ ਨੌਜਵਾਨ ਵਰਗ ਵਿਚ ਹਨ, ਉਹ ਮੁਲਕ ਲਈ ਬਹੁਤ ਕੀਮਤੀ ਹਨ।



# ਅੱਗ ਲੱਗਣ ਕਾਰਨ ਪੰਜ ਦੀ ਮੌਤ

ਵਾਟਰਟਾਊਨ (ਨਦਬ) : ਅਮਰੀਕਾ ਦੇ ਉੱਤਰੀ ਨਿਊਯਾਰਕ ’ਚ ਬੀਤੇ ਦਿਨ ਇੱਕ ਮਕਾਨ ਵਿਚ ਅੱਗ ਲੱਗਣ ਨਾਲ ਪੰਜ ਵਿਅਕਤੀਆਂ ਦੀ ਮੌਤ ਹੋ ਗਈ। ਮ੍ਰਿਤਕਾਂ ਵਿਚ ਪਿਓ ਤੇ ਉਸ ਦੀਆਂ ਚਾਰ ਧੀਆਂ ਸ਼ਾਮਲ ਹਨ। ਲੜਕੀਆਂ ਦੀ ਉਮਰ 4 ਤੋਂ 14 ਸਾਲ ਵਿਚਾਲੇ ਦੱਸੀ ਜਾ ਰਹੀ ਹੈ। ਜਾਂਚਕਾਰਾਂ ਅਨੁਸਾਰ ਇਹ ਘਟਨਾ ਵੀਰਵਾਰ ਦੇਰ ਰਾਤ ਕਰੀਬ 1.30 ਵਜੇ ਰਸੋਈ ’ਚ ਅੱਗ ਲੱਗਣ ਨਾਲ ਵਾਪਰੀ ਹੈ। ਮ੍ਰਿਤਕ ਵਿਅਕਤੀ ਦੀ ਪੰਜਵੀਂ ਧੀ ਅੱਗ ਲੱਗਣ ਮਗਰੋਂ ਗੁਆਂਢੀਆਂ ਦੇ ਘਰ ਵੱਲ ਭੱਜ ਗਈ। ਉਸ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ।

# ਅਮਰੀਕਾ: ਸੜਕ ਹਾਦਸੇ ’ਚ ਪਰਵਾਸੀ ਭਾਰਤੀ ਦੀ ਮੌਤ

ਨਿਊਯਾਰਕ (ਨਦਬ) : ਇਕ ਭਾਰਤੀ-ਅਮਰੀਕੀ ਸ਼ਖ਼ਸ ਅਚਨਚੇਤ ਉਦੋਂ ਹਾਦਸੇ ਦਾ ਸ਼ਿਕਾਰ ਹੋ ਗਿਆ ਜਦੋਂ ਉਸ ਨੇ ਖੜ੍ਹੇ ਕੀਤੇ ਇਕ ਟਰੈਕਟਰ ਟਰਾਲੇ ਦੇ ਹੇਠੋਂ ਲੰਘਣ ਦੀ ਕੋਸ਼ਿਸ਼ ਕੀਤੀ। ਡਰਾਈਵਰ ਨੇ ਅਚਨਚੇਤ ਟਰੈਕਟਰ ਸਟਾਰਟ ਕਰ ਕੇ ਚਲਾ ਦਿੱਤਾ। ਇਹ ਘਟਨਾ ਨਿਊ ਬਰੰਜ਼ਵਿਕ ਵਿਚ ਵਾਪਰੀ ਜਦੋਂ ਨੀਲ ਪਟੇਲ ਵੁਡਿੰਗ ਐਵੇਨਿਊ ਦੇ ਰੇਸਵੇਅ ਸਟੇਸ਼ਨ ਨੇੜੇ ਖੜ੍ਹੇ ਵਾਹਨ ਹੇਠੋਂ ਲੇਟ ਕੇ ਲੰਘਣ ਦੀ ਕੋਸ਼ਿਸ਼ ਕੀਤੀ ਸੀ।

# ਅਮਰੀਕਾ ਵਿਚ ਸਿੱਖ ਉੱਤੇ ਨਫ਼ਰਤੀ ਹਮਲਾ

ਨਿਊ ਯਾਰਕ (ਨਦਬ) : ਅਮਰੀਕਾ ਦੇ ਕੈਲੀਫੋਰਨੀਆ ਵਿਚ ਸਿੱਖ ਕਲਰਕ ਨੂੰ ਕੌਫ਼ੀ ਦੇ ਪੈਸੇ ਮੰਗਣ ਬਦਲੇ ਨਫ਼ਰਤੀ ਹਮਲੇ ਦਾ ਸ਼ਿਕਾਰ ਬਣਾਇਆ ਗਿਆ ਹੈ। ਮੀਡੀਆ ਰਿਪੋਰਟ ਮੁਤਾਬਕ ਜੌਹਨ ਕਰੈਨ ਨਾਂ ਦੇ ਸ਼ਖ਼ਸ ਨੇ ਸਿੱਖ ਕਲਰਕ ਨੂੰ ਪਹਿਲਾਂ ਘਸੁੰਨ ਮਾਰੇ ਤੇ ਮਗਰੋਂ ਗਰਮ ਕੌਫ਼ੀ ਉਸ ਉਪਰ ਸੁੱਟ ਦਿੱਤੀ। ਪੁਲੀਸ ਨੇ ਕਰੈਨ ਨੂੰ ਨਫ਼ਰਤੀ ਹਮਲੇ ਦੇ ਦੋਸ਼ ਵਿਚ ਗ੍ਰਿਫ਼ਤਾਰ ਕਰ ਲਿਆ ਹੈ। ਰਿਪੋਰਟ ’ਚ ਹਾਲਾਂਕਿ ਸਿੱਖ ਦੀ ਪਛਾਣ ਨਹੀਂ ਦੱਸੀ ਗਈ। ਸੈਕਰਾਮੈਂਟੋ ਬੀ ਦੀ ਰਿਪੋਰਟ ਮੁਤਾਬਕ ਇਹ ਘਟਨਾ 13 ਫਰਵਰੀ ਬੁੱਧਵਾਰ ਦੀ ਹੈ ਤੇ ਮੈਰਿਸਵਿਲੇ ਵਿਚ ਵਾਪਰੀ। ਮੈਰਿਸਵਿਲੇ ਪੁਲੀਸ ਵਿਭਾਗ ਵੱਲੋਂ ਜਾਰੀ ਬਿਆਨ ਮੁਤਾਬਕ ਸਿੱਖ ਕਲਰਕ ਨੇ ਦੱਸਿਆ ਕਿ ਕਰੇਨ ਨੇ ਕੌਫ਼ੀ ਦਾ ਆਰਡਰ ਦਿੱਤਾ ਸੀ ਤੇ ਮਗਰੋਂ ਉਸ ਨੇ ਬਿਨਾਂ ਅਦਾਇਗੀ ਕੀਤਿਆਂ ਜਾਣ ਦੀ ਕੋਸ਼ਿਸ਼ ਕੀਤੀ। ਸੀਸੀਟੀਵੀ ਫੁਟੇਜ ਵਿਚ ਸਿੱਖ ਕਲਰਕ ਹਮਲੇ ਤੋਂ ਪਹਿਲਾਂ ਰੇਸਤਰਾਂ ਦੇ ਮੂਹਰਲੇ ਦਰਵਾਜ਼ੇ ’ਤੇ ਕਰੇਨ ਨਾਲ ਬਹਿਸ ਕਰਦਾ ਵਿਖਾਈ ਦੇ ਰਿਹਾ ਹੈ। ਪੁਲੀਸ ਮੁਤਾਬਕ ਗਰਮ ਕੌਫ਼ੀ ਸੁੱਟੇ ਜਾਣ ਤੇ ਘਸੁੰਨ ਮੁੱਕੀ ਕਰਕੇ ਪੀੜਤ ਦੇ ਸਰੀਰ ਤੇ ਮੂੰਹ ’ਤੇ ਸੱਟਾਂ ਦੇ ਨਿਸ਼ਾਨ ਹਨ। ਇਸ ਦੌਰਾਨ ਮੁਲਜ਼ਮ ਨੇ ਪੁਲੀਸ ਨੂੰ ਦੱਸਿਆ ਕਿ ਉਹ ‘ਮੁਸਲਮਾਨਾਂ ਨੂੰ ਨਫ਼ਰਤ’ ਕਰਦਾ ਹੈ ਤੇ ਉਸ ਨੇ ਸਿੱਖ ਕਲਰਕ ’ਤੇ ਇਸੇ ਭੁਲੇਖੇ ’ਚ ਹਮਲਾ ਕੀਤਾ ਸੀ। ਇਸ ਦੌਰਾਨ ਸਿੱਖ ਭਾਈਚਾਰੇ ਨੇ ਹਮਲੇ ਦੀ ਨਿਖੇਧੀ ਕੀਤੀ ਹੈ।

# ਸ਼ਿਕਾਗੋ ’ਚ ਗੋਲੀਬਾਰੀ ਕਾਰਨ ਪੰਜ ਮੌਤਾਂ



ਸ਼ਿਕਾਗੋ (ਨਦਬ) : ਸ਼ਿਕਾਗੋ ਦੇ ਬਾਹਰਵਾਰ ਸਥਿਤ ਸਨਅਤੀ ਖੇਤਰ ਵਿਚ ਇਕ ਵਿਅਕਤੀ ਵੱਲੋਂ ਚਲਾਈਆਂ ਗਈਆਂ ਗੋਲੀਆਂ ਨਾਲ ਪੰਜ ਵਿਅਕਤੀਆਂ ਦੀ ਮੌਤ ਹੋ ਗਈ ਤੇ ਕਈ ਪੁਲੀਸ ਮੁਲਾਜ਼ਮ ਵੀ ਜ਼ਖ਼ਮੀ ਹੋ ਗਏ। ਪੁਲੀਸ ਵੱਲੋਂ ਕੀਤੀ ਗਈ ਜਵਾਬੀ ਕਾਰਵਾਈ ਵਿਚ ਹਮਲਾਵਰ ਵੀ ਮਾਰਿਆ ਗਿਆ। ਗੋਲੀਬਾਰੀ ਦੀ ਇਹ ਘਟਨਾ ਬਾਅਦ ਦੁਪਹਿਰ ਕਰੀਬ ਕੇਂਦਰੀ ਸ਼ਿਕਾਗੋ ਤੋਂ 65 ਕਿਲੋਮੀਟਰ ਦੂਰ ਨੀਮ ਸ਼ਹਿਰੀ ਇਲਾਕੇ ਇਲੀਨੋਇਸ ਦੇ ਅਰੋਰਾ ਸਥਿਤ ਵੱਡੀ ਉਤਪਾਦਨ ਇਕਾਈ ਵਿਚ ਵਾਪਰੀ ਹੈ।

ਪੁਲੀਸ ਕਾਰਵਾਈ ਵਿਚ ਮਾਰੇ ਗਏ ਹਮਲਾਵਰ ਦੀ ਪਛਾਣ 45 ਸਾਲਾ ਗੈਰੀ ਮਾਰਟਿਨ ਵਜੋਂ ਹੋਈ ਹੈ। ਅਰੋਰਾ ਦੇ ਪੁਲੀਸ ਮੁਖੀ ਕ੍ਰਿਸਟੇਨ ਜ਼ੀਮਾਨ ਨੇ ਕਿਹਾ ਕਿ ਇਸ ਘਟਨਾ ਵਿਚ ਪੰਜ ਪੁਲੀਸ ਅਫਸਰਾਂ ਦੇ ਗੋਲੀ ਵੱਜੀ ਹੈ। ਦੋ ਨੂੰ ਹਵਾਈ ਜਹਾਜ਼ ਰਾਹੀਂ ਸ਼ਿਕਾਗੋ ਦੇ ਟਰੌਮਾ ਸੈਂਟਰਾਂ ਵਿਚ ਭੇਜਿਆ ਗਿਆ ਹੈ। ਜ਼ੀਮਾਨ ਨੇ ਦੱਸਿਆ ਕਿ ਅਧਿਕਾਰੀਆਂ ਨੂੰ ਗੋਲੀ ਲੱਗਣ ਕਾਰਨ ਜ਼ਖ਼ਮੀ ਹੋਏ ਕਈ ਹੋਰ ਲੋਕ ਇਮਾਰਤ ਦੇ ਅੰਦਰ ਮਿਲੇ। ਪੁਲੀਸ ਨੇ ਇਸ ਹਮਲੇ ਵਿਚ ਜ਼ਖ਼ਮੀ ਹੋਏ ਪੁਲੀਸ ਮੁਲਾਜ਼ਮਾਂ ਦੀ ਹਾਲਤ ਤੇ ਪੀੜਤਾਂ ਦੀ ਸ਼ਨਾਖਤ ਬਾਰੇ ਜਾਣਕਾਰੀ ਨਹੀਂ ਦਿੱਤੀ ਹੈ। ਪੁਲੀਸ ਨੇ ਦੱਸਿਆ ਕਿ ਹਮਲਾਵਰ ਵੱਲੋਂ ਗੋਲੀ ਚਲਾਏ ਜਾਣ ਦੇ ਕਾਰਨ ਅਜੇ ਸਪਸ਼ਟ ਨਹੀਂ ਹੋਏ ਹਨ ਪਰ ਚਸ਼ਮਦੀਦਾਂ ਨੇ ਸਥਾਨਕ ਮੀਡੀਆ ਨੂੰ ਦੱਸਿਆ ਹੈ ਕਿ ਹਮਲਾਵਰ ਇੱਥੋਂ ਦਾ ਇੱਕ ਨਾਰਾਜ਼ ਮੁਲਾਜ਼ਮ ਸੀ। ਚਸ਼ਮਦੀਦਾਂ ਨੇ ਦੱਸਿਆ ਕਿ ਉਨ੍ਹਾਂ ਨੇੜਲੀਆਂ ਇਮਾਰਤਾਂ ਵਿਚ ਲੁਕ ਕੇ ਆਪਣੀ ਜਾਨ ਬਚਾਈ।

ਵ੍ਹਾਈਟ ਹਾਊਸ ਨੇ ਦੱਸਿਆ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਸਥਿਤੀ ’ਤੇ ਨਜ਼ਰ ਰੱਖ ਰਹੇ ਹਨ। ਟਰੰਪ ਨੇ ਟਵੀਟ ਕੀਤਾ ਕਿ ਪੀੜਤਾਂ ਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਮੇਰੀ ਹਮਦਰਦੀ ਹੈ। ਅਮਰੀਕਾ ਤੁਹਾਡੇ ਨਾਲ ਹੈ।’

# ‘ਪਰਵਾਸੀ ਭਾਰਤੀ ਕੈਦੀਆਂ ਨੂੰ ਜਬਰੀ ਖਾਣਾ ਖੁਆਉਣਾ ਯੂਐਨ ਕਰਾਰ ਦਾ ਉਲੰਘਣ’

ਸੰਯੁਕਤ ਰਾਸ਼ਟਰ (ਨਦਬ) : ਅਮਰੀਕਾ ਵਿਚ ਭਾਰਤੀਆਂ ਸਮੇਤ ਪਰਵਾਸੀ ਕੈਦੀਆਂ ਨੂੰ ਜਬਰੀ ਤਰਲ ਪਦਾਰਥ ਦਿੱਤੇ ਜਾਣ ਦੀਆਂ ਚਿੰਤਾਵਾਂ ਦਰਮਿਆਨ ਸੰਯੁਕਤ ਰਾਸ਼ਟਰ ਦੇ ਮਨੁੱਖੀ ਹੱਕਾਂ ਬਾਰੇ ਦਫ਼ਤਰ ਨੇ ਕਿਹਾ ਕਿ ਭੁੱਖ ਹੜਤਾਲ ਕਰ ਰਹੇ ਕੈਦੀਆਂ ਨੂੰ ਜਬਰੀ ਖਾਣਾ ਖੁਆਉਣਾ ‘ਗੈਰ ਮਨੁੱਖੀ’ ਤੇ ਕਿਸੇ ਵੀ ਕੀਮਤ ’ਤੇ ਨਾਬਰਦਾਸ਼ਤਯੋਗ ਹੈ ਅਤੇ ਇਹ ਸੰਯੁਕਤ ਰਾਸ਼ਟਰ ਦੇ ਕਰਾਰ ਦਾ ਉਲੰਘਣ ਹੈ। ਕਾਬਿਲੇਗੌਰ ਹੈ ਕਿ ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਟੈਕਸਸ ਦੇ ਇਕ ਕੇਂਦਰ ਵਿਚ ਭੁੱਖ ਹੜਤਾਲ ਕਰ ਰਹੇ ਭਾਰਤੀਆਂ ਸਮੇਤ ਘੱਟੋ ਘੱਟ ਛੇ ਪਰਵਾਸੀ ਕੈਦੀਆਂ ਦੇ ਨੱਕ ਵਿਚ ਜਬਰੀ ਟਿਊਬ ਪਾ ਕੇ ਉਨ੍ਹਾਂ ਨੂੰ ਤਰਲ ਪਦਾਰਥ ਦਿੱਤਾ ਜਾ ਰਿਹਾ ਹੈ। ਭਾਰਤੀ ਅਮਰੀਕੀ ਸਮੂਹਾਂ ਨੇ ਇਸ ਦੀ ਸਖ਼ਤ ਨਿਖੇਧੀ ਕਰਦਿਆਂ ਇਸ ਨੂੰ ਮਨੁੱਖੀ ਅਧਿਕਾਰਾਂ ਦਾ ਉਲੰਘਣ ਦੱਸਿਆ ਸੀ। ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕਮਿਸ਼ਨ ਦੇ ਜਨੇਵਾ ਸਥਿਤ ਦਫ਼ਤਰ ਦੀ ਤਰਜਮਾਨ ਰਵੀਨਾ ਸ਼ਮਦਾਸਾਨੀ ਨੇ ਕਿਹਾ ਕਿ ਵਿਸ਼ਵ ਡਾਕਟਰੀ ਫੈਡਰੇਸ਼ਨ ਅਨੁਸਾਰ ਜਬਰੀ ਖਾਣਾ ਖੁਆਉਣਾ ਨੈਤਿਕ ਰੂਪ ਵਿਚ ਨਾ ਬਰਦਾਸ਼ਤਯੋਗ ਹੈ।

# ਪੰਜਾਬ

## ਅੱਜ-ਕੱਲ੍ਹ

ਪੰਜਾਬ ਪਾਲ

## ਜਗਦੀਸ਼ ਭੋਲਾ ਨੂੰ 12 ਸਾਲ ਦੀ ਕੈਦ, ਔਲਖ ਤੇ ਚਾਹਲ ਬਰੀ



ਮੁਹਾਲੀ ਦੀ ਵਿਸ਼ੇਸ਼ ਸੀਬੀਆਈ ਅਦਾਲਤ ਨੇ ਸੂਬੇ ਦੇ ਬਹੁ-ਚਰਚਿਤ ਡਰੱਗ ਤਸਕਰੀ ਕੇਸਾਂ ਦਾ ਨਿਬੇੜਾ ਕਰਦਿਆਂ ਪੰਜਾਬ ਪੁਲੀਸ ਦੇ ਬਰਖ਼ਾਸਤ ਡੀਐੱਸਪੀ ਅਤੇ ਕੌਮਾਂਤਰੀ ਪਹਿਲਵਾਨ ਜਗਦੀਸ਼ ਭੋਲਾ ਨੂੰ ਦੋਸ਼ੀ ਕਰਾਰ ਦਿੰਦਿਆਂ ਇਕ ਕੇਸ 'ਚ 12 ਸਾਲ ਅਤੇ ਹੋਰ ਵੱਖ-ਵੱਖ ਕੇਸਾਂ 'ਚ 10-10 ਸਾਲ ਕੈਦ ਦੀ ਸਜ਼ਾ ਸੁਣਾਈ ਹੈ।

ਇਕ ਹੋਰ ਕੇਸ ਵਿਚ ਦੋ ਸਾਲ ਦੀ ਸਜ਼ਾ ਸੁਣਾਈ ਗਈ ਹੈ। ਜਦਕਿ ਦੋ ਕੇਸਾਂ ਵਿਚ ਭੋਲਾ ਸਣੇ ਸਾਰੇ ਮੁਲਜ਼ਮਾਂ ਨੂੰ ਬਰੀ ਕੀਤਾ ਗਿਆ ਹੈ। ਬਿੱਟੂ ਔਲਖ ਤੇ ਪਰਮਜੀਤ ਚਾਹਲ ਨੂੰ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਗਿਆ ਹੈ। ਨਸ਼ਾ ਤਸਕਰੀ ਦੇ ਇਕ ਕੇਸ ਨੂੰ ਬਕਾਇਆ ਰੱਖਿਆ ਗਿਆ ਹੈ। ਇਹ ਸਾਰੇ ਕੇਸ ਵੱਖ-ਵੱਖ ਥਾਣਿਆਂ ਵਿਚ ਦਰਜ ਕੀਤੇ ਗਏ ਸਨ। ਭੋਲਾ ਦੇ ਵਕੀਲਾਂ ਨੇ ਕਿਹਾ ਕਿ ਸੀਬੀਆਈ ਅਦਾਲਤ ਦੇ ਫ਼ੈਸਲੇ ਨੂੰ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਜਾਵੇਗੀ।

ਵੇਰਵਿਆਂ ਮੁਤਾਬਕ ਬਨੂੜ ਥਾਣੇ ਵਿਚ 2013 'ਚ ਦਰਜ ਕੇਸ ਵਿਚ ਜਗਦੀਸ਼ ਭੋਲਾ, ਸਤਿੰਦਰ ਸਿੰਘ ਧਾਮਾ, ਜਗਜੀਤ ਸਿੰਘ ਚਾਹਲ, ਸਰਬਜੀਤ ਸਿੰਘ ਸਾਬਾ, ਬਲਜਿੰਦਰ ਸਿੰਘ ਸੋਨੂੰ ਨੂੰ 10-10 ਸਾਲ ਦੀ ਕੈਦ, ਫਤਹਿਗੜ੍ਹ ਸਾਹਿਬ ਵਿਚ ਦਰਜ ਮਾਮਲੇ ਵਿਚ ਦਵਿੰਦਰ ਸਿੰਘ ਤੇ ਸੁਰੇਸ਼ ਕੁਮਾਰ ਨੂੰ 12-12 ਸਾਲ ਦੀ ਕੈਦ ਅਤੇ ਜੁਰਮਾਨਾ ਅਤੇ ਦੋਸ਼ੀ ਬਸਾਵਾ ਸਿੰਘ ਤੇ ਸੁਖਜੀਤ ਸਿੰਘ, ਸਚਿਨ ਸਰਦਾਨਾ ਨੂੰ 10-10 ਸਾਲ ਦੀ ਕੈਦ ਅਤੇ ਜੁਰਮਾਨਾ, ਜਦਕਿ ਜਗਦੀਸ਼ ਭੋਲਾ ਨੂੰ ਦੋ ਸਾਲ ਦੀ ਕੈਦ ਅਤੇ ਜੁਰਮਾਨਾ, ਗੁਰਜੀਤ ਸਿੰਘ ਨੂੰ ਇਕ ਸਾਲ ਦੀ ਕੈਦ ਅਤੇ ਜੁਰਮਾਨਾ, ਦਵਿੰਦਰ ਸ਼ਰਮਾ ਨੂੰ ਇੱਕ ਸਾਲ ਦੀ ਕੈਦ ਤੇ ਜੁਰਮਾਨਾ, ਰਾਕੇਸ਼ ਸਾਧੂ ਤੇ ਦੇਵਰਾਜ ਬਹਿਲ ਨੂੰ 2-2 ਸਾਲ ਦੀ ਕੈਦ ਅਤੇ ਜੁਰਮਾਨਾ ਕੀਤਾ ਗਿਆ ਹੈ।

ਇਸੇ ਤਰ੍ਹਾਂ ਮੰਡੀ ਗੋਬਿੰਦਗੜ੍ਹ ਵਿਚ ਦਰਜ ਕੇਸ 'ਚ ਮਨਪ੍ਰੀਤ ਸਿੰਘ 12 ਸਾਲ ਦੀ ਕੈਦ ਅਤੇ ਜੁਰਮਾਨਾ, ਗੱਬਰ ਸਿੰਘ ਨੂੰ 10 ਸਾਲ ਦੀ ਕੈਦ ਤੇ ਜੁਰਮਾਨਾ ਕੀਤਾ ਗਿਆ ਹੈ। ਸਰਹਿੰਦ ਥਾਣੇ ਵਿਚ ਦਰਜ ਕੇਸ ਵਿਚ ਹਰਪ੍ਰੀਤ ਸਿੰਘ ਨੂੰ ਇੱਕ ਸਾਲ ਦੀ ਕੈਦ ਤੇ ਜੁਰਮਾਨਾ, ਕੁਲਬੀਰ ਸਿੰਘ ਨੂੰ ਦੋ ਸਾਲ ਦੀ ਕੈਦ ਤੇ ਜੁਰਮਾਨਾ, ਫਤਹਿਗੜ੍ਹ ਸਾਹਿਬ ਵਿਚ ਦਰਜ ਇਕ ਹੋਰ ਮਾਮਲੇ ਵਿਚ ਅਨੂਪ ਸਿੰਘ ਕਾਹਲੋਂ ਨੂੰ 15 ਸਾਲ ਅਤੇ 10 ਸਾਲ ਕੈਦ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ ਹਨ। ਇਸੇ ਤਰ੍ਹਾਂ ਕੁਲਵਿੰਦਰ ਸਿੰਘ ਨੂੰ 10 ਸਾਲ, 12 ਸਾਲ ਅਤੇ 2 ਸਾਲ ਦੀਆਂ ਤਿੰਨ ਸਜ਼ਾਵਾਂ, ਸਤਿੰਦਰ ਸਿੰਘ ਧਾਮਾ ਨੂੰ 15 ਸਾਲ ਅਤੇ ਇੱਕ ਸਾਲ ਦੀਆਂ ਦੋ ਸਜ਼ਾਵਾਂ ਦਿੱਤੀਆਂ ਗਈਆਂ ਹਨ। ਜਗਦੀਸ਼ ਸਿੰਘ ਨੂੰ 10 ਸਾਲ ਅਤੇ 12 ਸਾਲ ਦੀਆਂ ਦੋ ਸਜ਼ਾਵਾਂ ਸੁਣਾਈਆਂ ਗਈਆਂ ਹਨ। ਸਾਰੇ ਦੋਸ਼ੀ ਇਕੱਠੀਆਂ ਸਜ਼ਾਵਾਂ ਭੁਗਤਣਗੇ। ਇਸੇ ਮਾਮਲੇ 'ਚ ਨਾਮਜ਼ਦ ਕੁਲਦੀਪ ਸਿੰਘ ਅਤੇ ਸੰਦੀਪ ਠਾਕਰ ਨੂੰ 1-1 ਸਾਲ ਦੀ ਸਜ਼ਾ ਸੁਣਾਈ ਗਈ ਹੈ। ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੱਲੋਂ ਜਗਦੀਸ਼ ਭੋਲਾ ਤੇ ਹੋਰਨਾਂ ਖ਼ਿਲਾਫ਼ ਦਰਜ ਵੱਖਰੇ ਕੇਸ ਦੀ ਸੁਣਵਾਈ ਸੀਬੀਆਈ ਅਦਾਲਤ ਵਿਚ ਜਾਰੀ ਰਹੇਗੀ।

## ਕਾਂਗਰਸ ਰਾਜ 'ਚ ਕਿਸਾਨ ਖ਼ੁਦਕੁਸ਼ੀਆਂ 900 ਤੋਂ ਪਾਰ

ਪੰਜਾਬ ਵਿਚ ਕਿਸਾਨ ਖ਼ੁਦਕੁਸ਼ੀਆਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ। ਵੇਰਵਿਆਂ ਮੁਤਾਬਕ ਸੂਬੇ ਵਿਚ 2017 'ਚ ਕਾਂਗਰਸ ਸਰਕਾਰ ਦੇ ਹੋਂਦ ਵਿਚ ਆਉਣ ਤੋਂ ਬਾਅਦ 900 ਤੋਂ ਵੱਧ ਕਿਸਾਨ ਤੇ ਖੇਤ ਮਜ਼ਦੂਰ ਖ਼ੁਦਕੁਸ਼ੀਆਂ ਕਰ ਚੁੱਕੇ ਹਨ। ਇਨ੍ਹਾਂ ਵਿਚੋਂ 359 ਖ਼ੁਦਕੁਸ਼ੀਆਂ ਦੀਆਂ ਘਟਨਾਵਾਂ ਕਾਂਗਰਸ ਸਰਕਾਰ ਕਾਇਮ ਹੋਣ ਦੇ ਨੌਂ ਮਹੀਨਿਆਂ ਦੇ ਅੰਦਰ ਵਾਪਰੀਆਂ ਜਦਕਿ ਲੰਘੇ ਵਰ੍ਹੇ ਇਹ ਗਿਣਤੀ 528 ਨੂੰ ਅੱਪੜ ਗਈ। ਇਸ ਵਰ੍ਹੇ ਇਕੱਲੇ ਜਨਵਰੀ ਵਿਚ ਹੀ 32 ਅਜਿਹੇ ਮਾਮਲੇ ਸਾਹਮਣੇ ਆਏ ਹਨ। ਖ਼ੁਦਕੁਸ਼ੀਆਂ ਬਾਰੇ ਰਿਕਾਰਡ ਇਕੱਤਰ ਕਰਨ ਵਾਲੇ ਭਾਰਤੀ ਕਿਸਾਨ ਯੂਨੀਅਨ ਦੇ ਸੁਨਾਮ ਬਲਾਕ ਦੇ ਪ੍ਰੈੱਸ ਸਕੱਤਰ ਸੁਖਪਾਲ ਮਾਣਕ ਨੇ ਦੱਸਿਆ ਕਿ ਅਸਲ ਗਿਣਤੀ ਇਸ ਤੋਂ ਕਿਤੇ ਵੱਧ ਹੋ ਸਕਦੀ ਹੈ ਕਿਉਂਕਿ ਕਈ ਸਥਾਨਕ ਤੇ ਹਿੰਦੀ ਅਤੇ ਅੰਗਰੇਜ਼ੀ ਟੀਵੀ ਚੈਨਲਾਂ, ਵੈੱਬ ਪੋਰਟਲਸ 'ਤੇ ਰਿਪੋਰਟ ਹੋਈਆਂ ਖ਼ੁਦਕੁਸ਼ੀਆਂ ਇਨ੍ਹਾਂ ਅੰਕੜਿਆਂ ਵਿਚ ਸ਼ਾਮਲ ਨਹੀਂ ਹਨ। ਉੱਘੇ ਅਰਥਸ਼ਾਸਤਰੀ ਪ੍ਰੋ. ਸੁੱਚਾ ਸਿੰਘ ਗਿੱਲ ਨੇ ਕਿਹਾ ਕਿ ਸਰਕਾਰਾਂ ਬਦਲਦੀਆਂ ਰਹੀਆਂ ਹਨ ਤੇ ਖ਼ੁਦਕੁਸ਼ੀਆਂ ਦਾ ਰੁਝਾਨ ਪਹਿਲਾਂ ਵਾਂਗ ਹੀ ਜਾਰੀ ਹੈ। ਉਨ੍ਹਾਂ ਕਿਹਾ ਕਿ ਇਸ ਲਈ ਵਿਗਿਆਨਕ ਪੱਧਰ 'ਤੇ ਹੋਰ ਡੂੰਘਾਈ ਨਾਲ ਜਾਂਚ ਕਰਨ ਦੀ ਲੋੜ ਹੈ। ਅਰਥ ਸ਼ਾਸਤਰੀਆਂ ਨੇ ਕਿਹਾ ਕਿ ਰਾਜ ਦੇ ਖੇਤੀ ਸੰਕਟ ਦਾ ਹੱਲ ਕੁਝ ਸਥਾਈ ਕਦਮਾਂ 'ਤੇ ਆਧਾਰਤ ਹੈ। ਇੱਥੋਂ ਤੱਕ ਕਿ ਸਰਕਾਰ ਦੀ ਕਰਜ਼ਾ ਮੁਆਫ਼ੀ ਵੀ ਅਸਥਾਈ ਤੌਰ 'ਤੇ ਮਦਦਗਾਰ ਸਾਬਿਤ ਹੋਈ ਹੈ। ਕਿਸਾਨ ਖ਼ੁਦਕੁਸ਼ੀਆਂ ਦੇ ਆਰਥਕ ਤੇ ਸਮਾਜਕ ਦੋਵੇਂ ਪਹਿਲੂ ਹਨ। ਜ਼ਿਆਦਾਤਰ ਛੋਟੇ ਤੇ ਦਰਮਿਆਨੇ ਕਿਸਾਨ ਖੇਤੀ ਸੰਕਟ ਦਾ ਸ਼ਿਕਾਰ ਹਨ। ਇਸ ਸਮੱਸਿਆ ਦਾ ਹੱਲ ਖੇਤੀਬਾੜੀ ਖੇਤਰ ਤੋਂ ਬਾਹਰ ਰੁਜ਼ਗਾਰ ਪੈਦਾ ਕਰਨ ਤੇ ਕਿਸਾਨਾਂ ਦੀ ਆਮਦਨ ਵਧਾਉਣ ਨਾਲ ਹੋ ਸਕਦਾ ਹੈ ਅਤੇ ਮੌਜੂਦਾ ਹਾਲਾਤ ਵਿਚ ਸਰਕਾਰ ਵੱਲੋਂ ਇਹ ਦੋਵੇਂ ਕਦਮ ਨਹੀਂ ਉਠਾਏ ਗਏ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਉੱਘੇ ਅਰਥ ਸ਼ਾਸਤਰੀ ਪ੍ਰੋਫੈਸਰ ਸੁਖਪਾਲ ਜੋ ਸਾਲ 2000 ਤੋਂ 2015 ਵਿਚਾਲੇ ਹੋਈਆਂ ਖ਼ੁਦਕੁਸ਼ੀਆਂ ਬਾਰੇ ਸਟੱਡੀ ਕਰਨ ਵਾਲੀ ਟੀਮ ਦੇ ਮੁਖੀ ਰਹੇ ਸਨ, ਨੇ ਕਿਹਾ ਕਿ ਵਪਾਰ ਦੀਆਂ ਸ਼ਰਤਾਂ ਨੂੰ ਖੇਤੀਬਾੜੀ ਦੇ ਅਨੁਕੂਲ ਬਣਾਉਣਾ ਹੋਵੇਗਾ। ਇਸ ਵੇਲੇ ਨਾ ਤਾਂ ਖੇਤੀ ਨਾਲ ਸਬੰਧਤ ਸਾਜ਼ੋ ਸਾਮਾਨ ਦੀਆਂ ਕੀਮਤਾਂ 'ਤੇ ਕੋਈ ਕੰਟਰੋਲ ਹੈ ਤੇ ਨਾ ਹੀ ਕਿਸਾਨਾਂ ਨੂੰ ਉਨ੍ਹਾਂ ਦੀਆਂ ਜਿਣਸਾਂ ਦਾ ਵਾਜਬ ਮੁੱਲ ਮਿਲਦਾ ਹੈ।

ਕਿਸਾਨ ਜਥੇਬੰਦੀਆਂ ਦਾ ਕਹਿਣਾ ਹੈ ਕਿ ਖ਼ੁਦਕੁਸ਼ੀਆਂ ਦਾ ਸਿਲਸਿਲਾ ਜਾਰੀ ਹੈ ਕਿਉਂਕਿ ਸਰਕਾਰ ਆਪਣੇ ਵਾਅਦੇ ਪੂਰੇ ਕਰਨ ਵਿਚ ਅਸਫ਼ਲ ਰਹੀ ਹੈ। ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਨੇ ਕਿਹਾ ਕਿ ਸਰਕਾਰ ਚੋਣਾਂ ਤੋਂ ਪਹਿਲਾਂ ਕੀਤੇ ਵਾਅਦਿਆਂ ਤੋਂ ਭੱਜ ਚੁੱਕੀ ਹੈ। ਕਿਸਾਨਾਂ ਵੱਲੋਂ



ਸ਼ਾਹੂਕਾਰਾਂ ਕੋਲੋਂ ਲਏ ਕਰਜ਼ਿਆਂ ਬਾਰੇ ਸਰਕਾਰ ਚੁੱਪ ਹੈ। ਇੱਥੋਂ ਤੱਕ ਕਿ ਸਰਕਾਰ ਵੱਲੋਂ ਕੀਤੀ ਗਈ ਕਰਜ਼ਾ ਮੁਆਫ਼ੀ ਵਿਚ ਵੀ ਪੱਖਪਾਤ ਹੋਇਆ ਹੈ ਅਤੇ ਕਰਜ਼ਾ ਮੁਆਫ਼ੀ ਸਬੰਧੀ ਸੂਚੀਆਂ ਸਥਾਨਕ ਕਾਂਗਰਸੀ ਆਗੂਆਂ ਵੱਲੋਂ ਬਣਾਈਆਂ ਗਈਆਂ ਹਨ, ਇਸ ਵਾਸਤੇ ਵੱਡੀ ਗਿਣਤੀ ਅਮੀਰ ਕਿਸਾਨਾਂ ਅਤੇ ਸਿਆਸੀ ਆਗੂਆਂ ਦੇ ਨਾਂ ਲਾਭਪਾਤਰੀਆਂ ਦੀ ਸੂਚੀ ਵਿਚ ਸ਼ਾਮਲ ਹਨ। ਦੱਸਣਯੋਗ ਹੈ ਕਿ ਪਿਛਲੇ ਸਮੇਂ ਵਿਚ ਰਾਜ ਸਰਕਾਰ ਵੱਲੋਂ ਕਰਵਾਈ ਗਈ ਸਟੱਡੀ ਵਿਚ ਪਾਇਆ ਗਿਆ ਸੀ ਕਿ ਸਾਲ 2000 ਤੋਂ 2015 ਵਿਚਾਲੇ ਖੇਤੀ ਧੰਦੇ ਨਾਲ ਜੁੜੇ 16606 ਵਿਅਕਤੀਆਂ ਨੇ ਖ਼ੁਦਕੁਸ਼ੀਆਂ ਕੀਤੀਆਂ ਜਿਨ੍ਹਾਂ ਵਿਚ 9243 ਕਿਸਾਨ ਤੇ 7363 ਮਜ਼ਦੂਰ ਸ਼ਾਮਲ ਸਨ।

## ਕੈਪਟਨ-ਰਾਹੁਲ ਦੀ ਗੁਫ਼ਤਗੂ ਦਾ ਭੇਤ



ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਰਾਹੁਲ ਗਾਂਧੀ ਦਰਮਿਆਨ ਹੋਈ ਗੁਪਤ ਮੀਟਿੰਗ ਦਾ ਭੇਤ ਜਾਣਨ ਲਈ ਰਾਜਸੀ ਤੇ ਪ੍ਰਸ਼ਾਸਕੀ ਹਲਕੇ ਪੱਬਾਂ ਭਾਰ ਹਨ। ਨਵੀਂ ਦਿੱਲੀ ਵਿਚ ਦੋਵੇਂ ਆਗੂਆਂ ਦਰਮਿਆਨ ਕੁਝ ਦਿਨ ਪਹਿਲਾਂ ਮੀਟਿੰਗ ਹੋਈ। ਇਕ ਮੀਟਿੰਗ ਵਿਚ ਤਾਂ ਰਾਹੁਲ ਗਾਂਧੀ ਅਤੇ ਕੈਪਟਨ ਅਮਰਿੰਦਰ ਸਿੰਘ ਸਮੇਤ ਸ੍ਰੀਮਤੀ ਆਸ਼ਾ ਕੁਮਾਰੀ, ਹਰੀਸ਼ ਚੌਧਰੀ ਅਤੇ ਸੁਨੀਲ ਜਾਖੜ ਵੀ ਹਾਜ਼ਰ ਸਨ। ਇਸੇ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਰਾਹੁਲ ਗਾਂਧੀ ਨਾਲ ਕੁਝ ਮਿੰਟ ਗੁਫ਼ਤਗੂ ਕੀਤੀ। ਸੂਤਰਾਂ ਮੁਤਾਬਕ ਇਸ ਮੀਟਿੰਗ ਦੌਰਾਨ ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਤਰੱਕੀ ਦੇ ਕੇ ਉਪ ਮੁੱਖ ਮੰਤਰੀ ਬਣਾਉਣ, ਕੁਝ ਮੰਤਰੀਆਂ ਦੀ ਕਾਰਗੁਜ਼ਾਰੀ ਅਤੇ ਸ਼ਿਕਾਇਤਾਂ ਦੇ ਆਧਾਰ 'ਤੇ ਛੁੱਟੀ ਕਰਨ ਅਤੇ ਸਭ ਤੋਂ ਅਹਿਮ ਪੰਜਾਬ ਦੇ ਡੀਜੀਪੀ ਦੀ ਨਿਯੁਕਤੀ ਦਾ ਮਾਮਲਾ ਵਿਚਾਰਿਆ ਗਿਆ। ਇਨ੍ਹਾਂ ਸਾਰੇ ਮਾਮਲਿਆਂ 'ਤੇ ਦੋਵਾਂ ਆਗੂਆਂ ਵੱਲੋਂ ਲਏ ਗਏ ਫ਼ੈਸਲੇ ਬਾਰੇ ਤਾਂ ਹਾਲੇ ਕੁਝ ਪਤਾ ਨਹੀਂ ਲੱਗ ਸਕਿਆ, ਪਰ ਕੰਧਾਂ ਆਖਦੀਆਂ ਹਨ ਕਿ ਉਕਤ ਤਿੰਨਾਂ ਮਾਮਲਿਆਂ 'ਤੇ ਹੀ ਅਹਿਮ ਨਤੀਜੇ ਸਾਹਮਣੇ ਆਉਣਗੇ।

## ਕਾਲੇ ਧਨ ਨੂੰ ਸਫ਼ੇਦ ਕਰਨ ਦੀਆਂ ਵਿਉਂਤਾਂ

ਪੰਜਾਬ ਦੇ ਇਕ ਵੱਡੇ ਰਾਜਸੀ ਘਰਾਣੇ ਦੇ ਨੁਮਾਇੰਦਿਆਂ ਨੂੰ ਪਿਛਲੇ ਸਾਲਾਂ ਦੌਰਾਨ ਇਕ ਸੂਰ ਫਾਰਮ ਤੋਂ ਹੋਈ ਮੋਟੀ ਕਮਾਈ ਕਾਰਨ ਕਈਆਂ ਦੀਆਂ ਅੱਖਾਂ ਅੱਡੀਆਂ ਰਹਿ ਗਈਆਂ। ਉੱਡਦੀ ਖ਼ਬਰ ਇਹ ਹੈ ਕਿ ਇਹ ਸੂਰ ਫਾਰਮ ਤਰਨ ਤਾਰਨ ਜ਼ਿਲ੍ਹੇ ਵਿਚ ਸਥਿਤ ਹੈ। ਇਸ ਦੀ ਨਿਗਰਾਨੀ ਕਰਨ ਵਾਲੇ ਤੇ ਮਾਲਕੀ ਦੇ ਹਿੱਸੇਦਾਰ ਨੂੰ ਕਾਗਜ਼ਾਂ ਵਿਚ ਕਰੋੜਾਂ ਰੁਪਏ ਦੀ ਆਮਦਨ ਦਿਖਾਉਣ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਸਨ ਤਾਂ ਜੋ 'ਕਾਲੇ ਧਨ ਨੂੰ ਚਿੱਟਾ' ਕੀਤਾ ਜਾ ਸਕੇ। ਸੂਤਰਾਂ ਦਾ ਦੱਸਣਾ ਹੈ ਕਿ ਸੂਰ ਫਾਰਮ ਦਾ ਇਹ ਮਾਲਕ ਹੁਣ ਪ੍ਰੇਸ਼ਾਨ ਹੈ ਕਿਉਂਕਿ ਇਹ ਨਹੀਂ ਦਿਖਾਇਆ ਜਾ ਸਕਦਾ ਕਿ ਇਕ ਸੂਰ ਫਾਰਮ ਤੋਂ ਏਨਾ ਵੱਡਾ ਲਾਭ ਪ੍ਰਾਪਤ ਹੋ ਸਕਦਾ ਹੈ। ਇਨ੍ਹਾਂ ਹਾਲਾਤ ਵਿਚ ਆਮਦਨ ਕਰ ਵਿਭਾਗ ਵੱਲੋਂ ਵੀ ਨੋਟਿਸ ਲਏ ਜਾਣ ਦਾ ਡਰ ਸਤਾਉਂਦਾ ਰਹਿੰਦਾ ਹੈ। ਸਮਾਂ ਸਦਾ ਇਕੋ ਜਿਹਾ ਨਹੀਂ ਰਹਿੰਦਾ। ਸਮੇਂ ਦੀ ਨਬਜ਼ ਨੂੰ ਪਛਾਣਦਿਆਂ ਹੁਣ ਇਸ ਫਾਰਮ ਨੂੰ ਬੰਦ ਕਰਨ ਦੀਆਂ ਵਿਉਂਤਾਂ ਬਣਾਈਆਂ ਜਾ ਰਹੀਆਂ ਹਨ।

## ਅਫ਼ਸਰਾਂ ਦੀ ਪਤਨੀਆਂ 'ਵੇਲ ਰਹੀਆਂ ਪਾਪੜ'

ਪੰਜਾਬ ਸਰਕਾਰ ਵਿਚ ਹੇਠਲੇ ਪੱਧਰ 'ਤੇ ਅਫ਼ਸਰਾਂ ਤੇ ਕੁਝ ਸੀਨੀਅਰ ਅਧਿਕਾਰੀਆਂ ਦੀ ਤਾਇਨਾਤੀ ਵਿਚ ਰਾਜਸੀ ਦਖ਼ਲਅੰਦਾਜ਼ੀ ਦੀ ਚਰਚਾ ਤਾਂ ਅਕਸਰ ਸੁਣੀ ਸੀ, ਪਰ ਅੱਜਕੱਲ ਬਾਹਰਲੇ ਹੁਕਮਾਂ ਦੀ ਚਰਚਾ ਕੁਝ ਵਧੇਰੇ ਹੀ ਹੋਣ ਲੱਗੀ ਹੈ। ਸਾਰੇ ਜਾਣਦੇ ਹਨ ਕਿ ਇਨ੍ਹਾਂ ਹੁਕਮਾਂ ਦਾ ਸਰੋਤ ਕੀ ਹੈ। ਉੱਡਦੀ ਖ਼ਬਰ ਇਹ ਹੈ ਕਿ ਪਿਛਲੇ ਦਿਨਾਂ ਦੌਰਾਨ ਕੁਝ ਅਫ਼ਸਰਾਂ ਦੀਆਂ ਤਾਇਨਾਤੀਆਂ ਸਬੰਧੀ ਅਫ਼ਸਰਸ਼ਾਹੀ ਵਿਚ ਚੁੰਝ ਚਰਚਾ ਹੋਣ ਲੱਗੀ ਕਿ ਕੁਝ ਅਫ਼ਸਰ ਜਿਹੜੇ ਆਪਣੀ ਨੇਕਨਾਮੀ ਕਾਰਨ ਘੱਟ ਤੇ ਹੋਰ ਕਾਰਨਾਂ ਕਰਕੇ ਵਧੇਰੇ ਜਾਣੇ ਜਾਂਦੇ ਹਨ, ਉਨ੍ਹਾਂ ਨੂੰ ਮਲਾਈਦਾਰ ਵਿਭਾਗਾਂ ਦਾ ਜ਼ਿੰਮਾ ਕਿਵੇਂ ਦੇ ਦਿੱਤਾ ਗਿਆ ਹੈ। ਇਕ ਸੀਨੀਅਰ ਅਫ਼ਸਰ ਨੇ ਇਸ ਦਾ ਰਾਜ਼ ਖੋਲਦਿਆਂ ਕਿਹਾ ਕਿ ਬਾਹਰੋਂ ਆਏ ਹੁਕਮਾਂ ਨੂੰ ਕੋਈ ਨਹੀਂ ਟਾਲ ਸਕਦਾ। ਮਾਮਲਾ ਇੱਥੋਂ ਤਕ ਅੱਪੜ ਗਿਆ ਹੈ ਕਿ ਸੀਨੀਅਰ ਅਫ਼ਸਰਾਂ ਦੀਆਂ ਪਤਨੀਆਂ ਨੇ ਵੀ ਅਜਿਹੀ ਮਦਦ ਲੈਣ ਲਈ ਪਾਪੜ ਵੇਲਣੇ ਸ਼ੁਰੂ ਕਰ ਦਿੱਤੇ ਹਨ। ਨਵੇਂ ਨਵੇਂ ਵੱਟਸਐਪ ਗਰੁੱਪ ਹੋਂਦ ਵਿਚ ਆ ਰਹੇ ਹਨ। ਇਹ ਗਰੁੱਪ ਵੀ ਰਾਜ-ਦਰਬਾਰ ਵਿਚ ਪ੍ਰਭਾਵਸ਼ਾਲੀ ਸਥਾਨ ਹਾਸਲ ਕਰਨ ਲੱਗਿਆ ਹੋਇਆ ਹੈ। ਇਨ੍ਹਾਂ ਗਰੁੱਪਾਂ 'ਤੇ ਰਾਜਸੀ ਤੇ ਪ੍ਰਸ਼ਾਸਕੀ ਹਲਕਿਆਂ ਦੀ ਵੀ ਨਜ਼ਰ ਹੈ।

## ਰਿਸ਼ਵਤ ਲੈ ਕੇ ਪਈ ਮੋੜਨੀ

ਪੰਜਾਬ ਦੇ ਕੁਝ ਵਿਭਾਗਾਂ ਵਿਚ ਮੰਤਰੀਆਂ ਅਤੇ ਅਫ਼ਸਰਾਂ ਦਰਮਿਆਨ ਭ੍ਰਿਸ਼ਟਾਚਾਰ ਨੂੰ ਲੈ ਕੇ ਬਣੇ ਗਠਜੋੜ ਤੋਂ ਮੁੱਖ ਮੰਤਰੀ ਪਰੇਸ਼ਾਨ ਦੱਸੇ ਜਾ ਰਹੇ ਹਨ। ਸੂਤਰਾਂ ਦਾ ਦੱਸਣਾ ਹੈ ਕਿ ਵਿਭਾਗਾਂ ਵਿਚ ਭ੍ਰਿਸ਼ਟਾਚਾਰ ਹੋਣ ਦੀਆਂ ਰਿਪੋਰਟਾਂ ਤਾਂ ਮੁੱਖ ਮੰਤਰੀ ਨੂੰ ਮਿਲ ਰਹੀਆਂ ਹਨ, ਪਰ ਗਠਜੋੜ ਨੂੰ ਤੋੜਨ ਵਿਚ ਉਨ੍ਹਾਂ ਨੂੰ ਸਫਲਤਾ ਨਹੀਂ ਮਿਲ ਰਹੀ। ਨੌਬਤ ਇੱਥੋਂ ਤਕ ਆ ਗਈ ਹੈ ਕਿ ਕੁਝ ਦਿਨ ਪਹਿਲਾਂ ਇਕ ਅਫ਼ਸਰ ਦਾ ਤਬਾਦਲਾ ਕਰ ਦਿੱਤਾ ਗਿਆ ਤਾਂ ਸਬੰਧਤ ਵਿਭਾਗ ਦੇ ਮੰਤਰੀ ਨੇ ਹੰਗਾਮਾ ਖੜ੍ਹਾ ਕਰ ਦਿੱਤਾ। ਇਸ ਕਾਰਨ ਸਰਕਾਰ ਨੂੰ ਇਹ ਹੁਕਮ ਵਾਪਸ ਲੈਣੇ ਪਏ। ਮੰਤਰੀ ਵੱਲੋਂ ਕੀਤੇ ਹੰਗਾਮੇ ਦਾ ਗੁੱਝਾ ਭੇਤ ਤਾਂ ਸਭ ਜਾਣਦੇ ਹਨ, ਪਰ ਕੋਈ ਵੀ ਇਸ ਬਾਰੇ ਖੁੱਲ੍ਹ ਕੇ ਬੋਲਣ ਲਈ ਤਿਆਰ ਨਹੀਂ। ਸੂਤਰਾਂ ਤੋਂ ਇਹ ਵੀ ਪਤਾ ਲੱਗਾ ਹੈ ਕਿ ਪੰਜਾਬ ਦੇ ਹੀ ਬਹੁਤ ਸੀਨੀਅਰ ਪੱਧਰ ਦੇ ਇਕ ਅਧਿਕਾਰੀ ਨੇ ਕਿਸੇ ਦਾ ਕੰਮ ਕਰਵਾਉਣ ਬਦਲੇ ਪਹਿਲਾਂ ਤਾਂ ਲੱਖਾਂ ਰੁਪਏ ਦੀ ਰਿਸ਼ਵਤ ਲਈ, ਪਰ ਜਦੋਂ ਜ਼ਿਆਦਾ ਰੌਲਾ ਪੈ ਗਿਆ ਤਾਂ ਵਾਪਸ ਵੀ ਕਰਨੀ ਪਈ ਸੀ। ਪਤਾ ਨਹੀਂ, ਚਾਂਦੀ ਦੀ ਜੁੱਤੀ ਹੋਰ ਕੀ ਕੀ ਚਮਤਕਾਰ ਦਿਖਾਵੇਗੀ!

## ਚੰਗੇ ਦਿਨਾਂ ਦੀ ਉਡੀਕ

ਮੁੱਖ ਮੰਤਰੀ ਦੇ ਜ਼ਿਲ੍ਹੇ ਦਾ ਇਕ ਸੀਨੀਅਰ ਤੇ ਘਾਗ ਸਮਝਿਆ ਜਾਂਦਾ ਕਾਂਗਰਸੀ ਆਗੂ ਅੱਜਕੱਲ ਸਿਆਸੀ ਤੌਰ 'ਤੇ ਲਗਭਗ ਚੁੱਪ ਹੀ ਹੈ। ਇਸ ਆਗੂ ਵੱਲੋਂ ਆਪਣੀ ਹੀ ਪਾਰਟੀ ਦੀ ਹਕੂਮਤ ਦੌਰਾਨ ਇਉਂ ਚੁੱਪ ਧਾਰ ਲੈਣ ਤੋਂ ਸਿਆਸੀ ਗਲਿਆਰੇ ਵੀ ਹੈਰਾਨ ਹਨ। ਉੱਡਦੀ ਖ਼ਬਰ ਇਹ ਹੈ ਕਿ ਇਸ ਟਕਸਾਲੀ ਕਾਂਗਰਸੀ ਆਗੂ ਦੀ ਮੁੱਖ ਮੰਤਰੀ ਨਾਲ ਸਿਆਸੀ ਸੁਰ ਬਹੁਤੀ ਨਹੀਂ ਮਿਲਦੀ। ਲਿਹਾਜ਼ਾ, ਦੜ ਵੱਟ ਕੇ ਹੀ ਦਿਨ ਕੱਟਣਾ ਇਸ ਆਗੂ ਦੀ ਮਜਬੂਰੀ ਬਣ ਗਿਆ ਹੈ। ਇਸ ਆਗੂ ਦੇ ਨੇੜਲਿਆਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਲੀਡਰ ਵੱਲੋਂ ਵਕਤ ਆਉਣ 'ਤੇ ਹੀ ਪਟਾਰੀ ਖੋਲ੍ਹੀ ਜਾਵੇਗੀ ਤੇ ਚੰਗੇ ਦਿਨਾਂ ਦਾ ਹੋਰ ਬਹੁਤੀ ਦੇਰ ਇੰਤਜ਼ਾਰ ਨਹੀਂ ਕਰਨਾ ਪਵੇਗਾ ਕਿਉਂਕਿ ਹਾਲਾਤ ਸਾਜ਼ਗਾਰ ਬਣਦੇ ਜਾ ਰਹੇ ਹਨ। ਹੁਣ ਵੇਖਣ ਵਾਲੀ ਗੱਲ ਇਹ ਹੈ ਕਿ ਇਸ ਕਾਂਗਰਸੀ ਆਗੂ ਦੇ ਚੰਗੇ ਦਿਨ ਕਦੋਂ ਆਉਣਗੇ।

# 'ਬੱਚਿਆਂ ਵਿਚ ਪੰਜਾਬੀ ਬੋਲਣ ਦੀ ਮੁਹਾਰਤ' ਸਮਾਗਮ 23 ਮਾਰਚ ਨੂੰ



ਕੈਲਗਰੀ (ਨਦਬ) : ਪੰਜਾਬੀ ਲਿਖਾਰੀ ਸਭਾ ਦੀ ਮੀਟਿੰਗ ਕੋਸੋ ਦੇ ਹਾਲ ਵਿਚ ਹੋਈ। ਜਨਰਲ ਸਕੱਤਰ ਰਣਜੀਤ ਸਿੰਘ ਨੇ ਪ੍ਰਧਾਨਗੀ ਮੰਡਲ ਵਿਚ ਬੈਠਣ ਲਈ ਪ੍ਰਧਾਨ ਬਲਜਿੰਦਰ ਸੰਘਾ ਦੇ ਨਾਲ ਸਟੇਟ ਐਵਾਰਡੀ (ਖੇਤੀਬਾੜੀ ਵਿਭਾਗ) ਸੰਪੂਰਨ ਸਿੰਘ ਚਾਨੀਆਂ ਤੇ ਕਹਾਣੀਕਾਰ ਜੋਰਾਵਰ ਬਾਂਸਲ ਨੂੰ ਸੱਦਾ ਦਿੱਤਾ। ਸਭ ਤੋਂ ਪਹਿਲਾਂ ਪੰਜਾਬੀ ਦੇ ਉੱਘੇ ਸਾਹਿਤਕਾਰ ਤੇ ਸਮਾਜਸੇਵੀ ਭਾਈ ਵੀਰ ਸਿੰਘ ਨਿਰਵੈਰ (96), ਮਹਿਰਮ ਪਬਲੀਕੇਸ਼ਨ ਗਰੁੱਪ ਦੇ ਬਾਨੀ ਉੱਘੇ ਸਾਹਿਤਕਾਰ ਬੀ.ਐਸ. ਬੀਰ ਅਤੇ ਸਾਥੀ ਲੁਧਿਆਣਵੀ ਨੂੰ ਸ਼ਰਧਾਂਜਲੀਆਂ ਦਿੱਤੀਆਂ ਗਈਆਂ। ਜੋਰਾਵਰ ਬਾਂਸਲ ਨੇ ਨਸ਼ਿਆਂ ਅਤੇ ਪੰਜਾਬ ਦੀ ਕਿਸਾਨੀ ਨਾਲ ਜੁੜੀ ਭਾਵੁਕ ਕਹਾਣੀ 'ਸ਼ਾਇਦ ਉਡੀਕ ਬਾਕੀ ਹੈ' ਸੁਣਾਈ ਜਿਸ ਨੂੰ ਭਰਵਾਂ ਹੁੰਗਾਰਾ ਮਿਲਿਆ। ਸਭਾ ਦੀ ਸਾਰੀ ਕਾਰਜਕਾਰੀ ਕਮੇਟੀ ਤੇ ਪਿਛਲੇ ਸਾਲ ਦੇ ਜੇਤੂ ਬੱਚਿਆਂ ਨੇ ਸਟੇਜ 'ਤੇ 23 ਮਾਰਚ ਨੂੰ ਹੋਣ ਜਾ ਰਹੇ 'ਬੱਚਿਆਂ ਵਿਚ ਪੰਜਾਬੀ ਬੋਲਣ ਦੀ ਮੁਹਾਰਤ' ਦੇ ਅੱਠਵੇਂ ਸਮਾਗਮ ਦਾ ਪੋਸਟਰ ਰਿਲੀਜ਼ ਕੀਤਾ। ਇਸ ਮੌਕੇ ਬੱਚਿਆ ਦੇ ਮਾਂ ਬਾਪ ਵੀ ਹਾਜ਼ਰ ਸਨ ਤੇ ਜੇਤੂ ਬੱਚਿਆ ਵਿਚੋਂ ਪ੍ਰਭਲੀਨ ਗਰੇਵਾਲ ਨੇ 'ਓਲਡੇਜ ਹੋਮ' ਤੇ ਪ੍ਰਭਰੂਪ ਸਿੰਘ ਮਾਂਗਟ ਨੇ 'ਰਿਹਾ ਨਾ ਪੰਜਾਬ ਗੈਂਗਲੈਂਡ ਹੋ ਗਿਆ', ਤੇ 'ਤੇਰੇ ਟਿੱਲੇ ਤੋਂ' ਬਹੁਤ ਹੀ ਖੂਬਸੂਰਤ ਆਵਾਜ਼ ਵਿਚ ਸੁਣਾ ਕੇ ਸਭ ਦੀ ਸ਼ਾਬਾਸ਼ ਲਈ। ਪ੍ਰਧਾਨ ਬਲਜਿੰਦਰ ਸੰਘਾ ਨੇ ਇਸ ਮਾਨਮੱਤੇ ਸਮਾਗਮ ਦੀ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਸ ਸਮਾਗਮ ਵਿਚ ਦੋ ਤੋ ਦੱਸ ਗਰੇਡ ਤੱਕ ਦੇ ਬੱਚੇ ਭਾਗ ਲੈਣਗੇ। ਮਨਦੀਪ ਕੌਰ ਸੰਘਾ (ਸਪੋਰਟ ਕੈਟੇਗਰੀ) ਤੇ ਮੇਹੁਲ ਗੁਪਤਾ (ਸਮਾਜਸੇਵਾ ਕੈਟੇਗਰੀ) ਵਿਚ ਸਨਮਾਨਿਤ ਕੀਤੇ ਜਾਣਗੇ। ਬਾਲ ਲੇਖਿਕਾ ਸਨਮਵੀਰ ਕੌਰ ਸੰਧੂ ਦਾ ਪਲੇਠਾ ਕਾਵਿ ਸੰਗ੍ਰਹਿ 'ਪੁੰਗਰਦੀ ਕਲੀ' ਲੋਕ ਅਰਪਣ ਕੀਤਾ ਜਾਏਗਾ। 23 ਮਾਰਚ ਨੂੰ ਇਹ ਸਮਾਗਮ ਵਾਈਟਹੋਰਨ ਕਮਿਊਨਿਟੀ ਹਾਲ ਵਿਚ ਇਕ ਤੋਂ ਚਾਰ ਵਜੇ ਤੱਕ ਹੋਏਗਾ। ਬੱਚਿਆਂ ਦਾ ਨਾਮ ਦਰਜ ਕਰਵਾਉਣ ਲਈ ਸਭਾ ਦੇ ਮੈਂਬਰਾਂ ਨਾਲ ਸੰਪਰਕ ਦੀ ਅਪੀਲ ਕੀਤੀ। ਰਚਨਾਵਾਂ ਦੇ ਦੌਰ ਵਿਚ ਹਰਨੇਕ ਬੱਧਨੀ ਨੇ 'ਨਵਾਂ ਸਾਲ ਮੁਬਾਰਕ ਹੋਵੇ', ਅਮਰੀਕ ਚੀਮਾ 'ਲਿਖ ਚਿੱਠੀਆ', ਹਰੀਪਾਲ ਨੇ ਲੇਖਕਾਂ ਨੂੰ ਸਿੱਖਿਆ ਦਿੰਦੀ ਕਵਿਤਾ 'ਫਰਜ਼', ਤਰਲੋਚਨ ਸੈਂਭੀ ਨੇ ਧਾਰਮਕ ਗੀਤ 'ਧੰਨ ਕਲਗੀਆ ਵਾਲਿਆ', ਮੰਗਲ ਚੱਠਾ ਨੇ ਧਾਰਮਕ ਗੀਤ 'ਵਾਜਾਂ ਵਾਲਾ', ਜਸਵੰਤ ਸਿੰਘ ਸੇਖੋਂ ਨੇ 'ਮੈਂ ਜਿਊਣਾ ਮਰ ਕੇ ਵੀ', ਸੇਵਾ ਸਿੰਘ ਬੱਚਨ ਨੇ ਸ਼ਬਦ 'ਪਵਣ ਗੁਣ ਪ੍ਰਵਾਨ', ਹਰਮੰਦਰ ਢੁੱਘ ਨੇ ਕਵਿਤਾ 'ਖੁਸ਼ੀ' ਗਜ਼ਲ ਤੇ ਚੁੱਟਕਲਾ ਵੀ ਸੁਣਾਇਆ। ਸੰਪੂਰਨ ਸਿੰਘ ਚਾਨੀਆਂ ਨੇ ਕਵਿਤਾ ਸੁਣਾਈ ਤੇ ਆਪਣੀ ਕਿਤਾਬ 'ਮੇਰੇ ਰੰਗ ਮੇਰੀਆਂ ਯਾਦਾਂ' ਬਲਜਿੰਦਰ ਸੰਘਾ ਤੇ ਜਨਰਲ ਸੈਕਟਰੀ ਰਣਜਤਿ ਸਿੰਘ ਨੂੰ ਭੇਟ ਕੀਤੀ। ਗੁਰਦਿਆਲ ਸਿੰਘ ਖਹਿਰਾ ਨੇ ਕੁਝ ਮੁਹਾਵਰੇ ਤੇ ਇਤਿਹਾਸਕ ਘਟਨਾਵਾਂ ਉੱਤੇ ਤਰਕ ਭਰਪੂਰ ਗੱਲਾਂ ਕੀਤੀਆਂ। ਗੁਰਦੀਸ਼ ਕੌਰ ਗਰੇਵਾਲ, ਸਰਬਜੀਤ ਉੱਪਲ, ਲਖਵਿੰਦਰ ਜੌਹਲ, ਸੁਖਵਿੰਦਰ ਸਿੰਘ ਤੂਰ ਨੇ ਆਪਣੀਆਂ ਰਚਨਾਵਾਂ ਸੁਣਾਈਆਂ। ਜਸਵੀਰ ਸਹੋਤਾ ਨੇ ਜਾਗਰੁਕਤਾ ਦਾ ਸੁਨੇਹਾ ਦਿੱਤਾ। ਇਸ ਮੌਕੇ ਗੁਰਦੀਪ ਸਿੰਘ, ਮਨਜੀਤ ਕੌਰ ਖਹਿਰਾ, ਪੱਤਰਕਾਰ ਜਸਜੀਤ ਸਿੰਘ ਧਾਮੀ, ਸਿਮਰ ਚੀਮਾ, ਸੁਰਿੰਦਰ ਚੀਮਾ, ਕਹਾਣੀਕਾਰ ਦਵਿੰਦਰ ਮਲਹਾਂਸ, ਪਰਮਿੰਦਰ ਢੱਡਾ, ਦਮਨਦੀਪ ਢੱਡਾ, ਰਣਤੇਜਵੀਰ ਢੱਡਾ,ਪੁਨੀਤ ਢੱਡਾ, ਅਵਤਾਰ ਸਿੰਘ, ਕੀਰਤ ਕੌਰ, ਕਮਲਜੀਤ ਕੌਰ, ਰਕੇਸ਼ ਕੁਮਾਰ ਗੌਤਮ, ਪਰਮਜੀਤ ਚਾਹਲ, ਮਨਜੀਤ ਬਰਾੜ ਤੇ ਮਾਨਮੱਤੀ ਸਖਸ਼ੀਅਤ ਸੁਖਵੀਰ ਗਰੇਵਾਲ ਹਾਜ਼ਰ ਸਨ। ਸਭਾ ਦੇ ਪ੍ਰਧਾਨ ਬਲਜਿੰਦਰ ਸੰਘਾ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ। ਵਧੇਰੇ ਜਾਣਕਾਰੀ ਲਈ ਬਲਜਿੰਦਰ ਸੰਘਾ ਨੂੰ 403-680-3212 ਤੇ ਜਨਰਲ ਸਕੱਤਰ ਰਣਜੀਤ ਸਿੰਘ ਨੂੰ 403-714-6848 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਮਾਈ ਭਾਗੋ ਹਿੰਮਤ, ਸਾਹਸ ਅਤੇ ਦਲੇਰੀ ਦੀ ਪ੍ਰਤੀਕ : ਖਹਿਰਾ

ਕੈਲਗਰੀ (ਨਦਬ) : ਪੰਜਾਬੀ ਸਾਹਿਤ ਸਭਾ ਦੀ ਮਾਸਿਕ ਸਾਹਿਤਕ ਇਕੱਤਰਤਾ ਕੋਸੋ ਹਾਲ ਵਿਚ ਹੋਈ। ਇਸ ਇਕੱਤਰਤਾ ਦੀ ਪ੍ਰਧਾਨਗੀ ਸਭਾ ਦੀ ਪ੍ਰਧਾਨ ਸੁਰਿੰਦਰ ਗੀਤ, ਨਾਮਵਰ ਲੇਖਿਕਾ ਗੁਰਦੀਸ਼ ਗਰੇਵਾਲ ਅਤੇ ਸੁਰਿੰਦਰ ਢਿਲੋਂ ਦੀ ਪ੍ਰਧਾਨਗੀ ਵਿਚ ਹੋਈ। ਨਵੇਂ ਵਰ੍ਹੇ ਨੂੰ ਸਭ ਨੇ ਜੀ ਆਇਆਂ ਆਖਿਆ। ਆਰੰਭ ਵਿਚ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿਤਰ ਅਵਤਾਰ ਦਿਹਾੜੇ ਦੇ ਮੱਦੇਨਜ਼ਰ ਸਭਾ ਦੇ ਜਨਰਲ ਸਕੱਤਰ ਸ. ਗੁਰਦਿਆਲ ਸਿੰਘ ਖੈਰਾ ਨੇ ਗੁਰੂ ਜੀ ਦੇ ਜੀਵਨ ਸੰਬੰਧੀ ਪ੍ਰਚਲਤ ਫਕੀਰ ਭੀਖਮ ਸਾਹ ਵਾਲੀ ਸਾਖੀ ਦੀ ਆਡਿਓ ਟੇਪ ਸੁਣਾਈ ।

ਲੋਹੜੀ ਬਾਰੇ ਕੁਝ ਵਿਚਾਰ ਵਿਟਾਂਦਰਾ ਕਰਨ ਤੋਂ ਬਾਅਦ ਅਗਲੇ ਦਿਨ ਆਉਣ ਵਾਲੇ ਮਾਘੀ ਦੇ ਪਵਿਤਰ ਦਿਹਾੜੇ ਤੇ ਖੁੱਲ੍ਹ ਕੇ ਵਿਚਾਰ ਚਰਚਾ ਕੀਤੀ ਗਈ। ਗੁਰਦਿਆਲ ਸਿੰਘ ਖਹਿਰਾ ਨੇ ਇਸ ਦਿਨ ਤੇ ਸਿੱਖ ਇਤਿਹਾਸ ਦੀ ਮਹਾਨ ਸ਼ਖ਼ਸੀਅਤ ਮਾਈ ਭਾਗੋ ਨੂੰ ਯਾਦ ਕਰਦਿਆਂ ਕਿਹਾ ਕਿ ਮਾਈ ਭਾਗੋ ਚੜ੍ਹਦੀ ਕਲਾ, ਸਾਹਸ, ਦਲੇਰੀ ਅਤੇ ਬਹਾਦਰੀ ਦਾ ਪ੍ਰਤੀਕ ਹੈ। ਮਾਈ ਭਾਗੋ ਜੀ ਦਾ ਢਿਲੋਂ ਪਰਿਵਾਰ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਹੀ ਗੁਰੂ ਘਰ ਨਾਲ ਜੁੜਿਆ ਹੋਇਆ ਸੀ। ਮਾਈ ਭਾਗੋ ਨੇ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਪਿੱਠ ਦਿਖਾ ਕੇ ਅਤੇ ਬੇਦਾਵਾ ਲਿਖ ਕੇ ਪਿੰਡ ਪੁੱਜੇ ਚਾਲੀ ਸਿੰਘਾਂ ਨੂੰ ਜਿਸ ਸਾਹਸ ਨਾਲ ਬੇਮੁਖ ਹੋਣ ਤੇ ਲਾਹਨਤ ਪਾਈ, ਉਹ ਇਤਿਹਾਸ ਦੇ ਪੰਨਿਆਂ ਵਿਚ ਲਾਸਾਨੀ ਮਿਸ਼ਾਲ ਹੈ।

ਸ. ਖਹਿਰਾ ਨੇ ਕਿਹਾ ਕਿ ਜੇਕਰ ਮਾਈ ਭਾਗੋ ਗੁਰੂ ਤੋਂ ਬੇਮੁੱਖ ਹੋਏ ਸਿੰਘਾਂ ਦੀ ਵਾਪਸ ਗੁਰੂ ਕੋਲ ਜਾਣ ਲਈ ਅਗਵਾਈ ਨਾ ਕਰਦੇ ਤਾਂ ਸਿੱਖ ਇਤਿਹਾਸ ਵਿਚ ਇਹ ਇਕ ਕਾਲਾ ਪੰਨਾ ਹੋਣਾ ਸੀ। ਮਾਈ ਭਾਗੋ ਨੂੰ ਮਰਦਾਂ ਵਾਲੀ ਪੁਸ਼ਾਕ ਪਾ ਕੇ ਗੁਰੂ ਦੀ ਸਭ ਤੋਂ ਪਹਿਲੀ ਅੰਗ ਰੱਖਿਅਕ ਹੋਣ ਦਾ ਵੀ ਮਾਣ ਪ੍ਰਾਪਤ ਹੈ। ਮਾਈ ਭਾਗੋ ਦਾ ਜੀਵਨ ਸੰਸਾਰ ਭਰ ਦੀਆਂ ਔਰਤਾਂ ਲਈ ਚਾਨਣ ਮੁਨਾਰਾ ਹੈ। ਸਾਡੇ ਇਤਹਾਸ ਦਾ ਇਹ ਸੁਨਹਿਰੀ ਪੰਨਾ ਸਾਡੇ ਸਮਾਜ ਅਤੇ ਸਭਿਆਚਾਰ ਵਿਚ ਔਰਤਾਂ ਦੇ ਹੱਕਾਂ ਅਤੇ ਬਰਾਬਰਤਾ ਦੀ ਵੀ ਗਵਾਹੀ ਭਰਦਾ ਹੈ।

ਸ. ਸੁਰਿੰਦਰ ਸਿੰਘ ਢਿਲੋਂ ਨੇ ਬੜੇ ਹੀ ਵੈਰਾਗਮਈ ਲਹਿਜ਼ੇ ਵਿਚ ਸ਼ਬਦ ਦਾ ਗਾਇਨ ਕੀਤਾ। ਸ. ਬਿਕਰ ਸਿੰਘ ਸੰਧੂ ਨੇ ਆਪਣੇ ਬੜੇ ਹੀ ਖ਼ੂਬਸੂਰਤ ਅਧਿਆਤਮ ਵਿਚਾਰ ਸਰੋਤਿਆਂ ਨਾਲ ਸਾਂਝੇ ਕੀਤੇ। ਰਵੀ ਜਨਾਗਲ ਨੇ ਡ. ਸੁਰਜੀਤ ਪਾਤਰ ਦੀ ਗ਼ਜ਼ਲ ਨੂੰ ਤਰੰਨਮ ਵਿਚ ਗਾ ਕੇ ਰੰਗ ਬੰਨ੍ਹਿਆ।

ਰਚਨਾਵਾਂ ਦੇ ਦੌਰ ਵਿਚ ਸ. ਜਸਵੰਤ ਸਿੰਘ ਸੇਖੋਂ, ਸ਼ਿਵ ਕੁਮਾਰ ਸ਼ਰਮਾ, ਸ. ਜਸਵੀਰ ਸਿੰਘ ਸਹੋਤਾ, ਅਮਰੀਕ ਸਿੰਘ ਚੀਮਾ, ਗੁਰਦੀਸ਼ ਕੌਰ ਗਰੇਵਾਲ, ਸਰਬਜੀਤ ਕੌਰ ਉੱਪਲ, ਪਰਮਿੰਦਰ ਰਮਨ, ਸ. ਲਖਵਿੰਦਰ ਸਿੰਘ ਜੌਹਲ, ਮਨਜੀਤ ਸਿੰਘ ਬਰਾੜ ਅਤੇ ਸੁਰਿੰਦਰ ਗੀਤ ਨੇ ਹਿੱਸਾ ਲਿਆ। ਇਸ ਤੋਂ ਇਲਾਵਾ ਅਸ਼ਵਨੀ ਪੁਰੀ ਅਤੇ ਗੁਰਦੀਪ ਸਿੰਘ ਗਹੀਰ ਨੇ ਵੀ ਹਾਜ਼ਰੀ ਲਗਵਾਈ। ਹੋਰ ਜਾਣਕਾਰੀ ਲਈ ਸਭਾ ਦੇ ਜਨਰਲ ਸਕੱਤਰ ਸ. ਗੁਰਦਿਆਲ ਸਿੰਘ ਖਹਿਰਾ ਨੂੰ 403 -968-2880 ਜਾਂ ਪ੍ਰਧਾਨ ਸੁਰਿੰਦਰ ਗੀਤ ਨੂੰ 403 -605-3734 'ਤੇ ਸੰਪਰਕ ਕੀਤਾ ਜਾ ਸਕਦਾ ਹੈ।




# ਅਰਪਨ ਲਿਖਾਰੀ ਸਭਾ ਕੈਲਗਰੀ ਦੀ ਮਾਸਿਕ ਮੀਟਿੰਗ ਚਾਲ਼ੀ ਮੁਕਤਿਆਂ ਦੇ ਨਾਂ

ਕੈਲਗਰੀ (ਜਸਵੰਤ ਸਿੰਘ ਸੇਖੋਂ): ਅਰਪਨ ਲਿਖਾਰੀ ਸਭਾ ਦੀ ਨਵੇਂ ਸਾਲ ਦੀ ਪਲੇਠੀ ਮੀਟਿੰਗ ਸਤਪਾਲ ਕੌਰ ਬੱਲ, ਗੁਰਦੇਵ ਸਿੰਘ ਬੱਲ ਅਤੇ ਸਰਬਜੀਤ ਕੌਰ ਉੱਪਲ ਦੀ ਪ੍ਰਧਾਨਗੀ ਹੇਠ ਕੋਸੋ ਹਾਲ ਵਿਚ ਹੋਈ। ਜਨਰਲ ਸਕੱਤਰ ਜਸਵੰਤ ਸਿੰਘ ਸੇਖੋਂ ਨੇ ਆਏ ਹੋਏ ਸਾਹਿਤ ਪ੍ਰੇਮੀਆਂ ਨੂੰ ਜੀ ਆਇਆਂ ਕਹਿੰਦਿਆਂ ਨਵੇਂ ਸਾਲ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ ਦੀ ਮੁਬਾਰਕ ਦਿੱਤੀ। ਸੇਖੋਂ ਨੇ ਜਨਵਰੀ ਮਹੀਨੇ ਦੀ ਸਮਾਜਕ ਅਤੇ ਇਤਿਹਾਸਕ ਮਹਤੱਤਾ ਸਾਹਿਤ ਪ੍ਰੇਮੀਆਂ ਨਾਲ ਸਾਂਝੀ ਕੀਤੀ। ਇਹ ਮੀਟਿੰਗ ਗੁਰੂ ਗੋਬਿੰਦ ਸਿੰਘ ਦੇ ਗੁਰਪੁਰਬ ਅਤੇ ਮਾਘੀ ਦੇ ਤਿਉਹਾਰ ਨੂੰ ਸਮਰਪਿਤ ਰਹੀ।




ਪ੍ਰੋਗਰਾਮ ਦੀ ਸ਼ੁਰੂਆਤ ਸਤਪਾਲ ਕੌਰ ਬੱਲ ਨੇ ਨਵੇਂ ਸਾਲ ਦੀਆਂ ਵਧਾਈਆਂ ਅਤੇ ਸ਼ੁਭ ਇੱਛਾਵਾਂ ਨਾਲ਼ ਕੀਤੀ। ਉਨ੍ਹਾਂ ਆਖਿਆ ਕਿ ਨਿਰੰਤਰ ਆਪਣੀ ਚਾਲੇ ਤੁਰੇ ਜਾ ਰਹੇ ਸਮੇਂ ਨੂੰ ਇਕਾਈਆਂ ਵਿਚ ਵੰਡ ਕੇ ਅਸੀਂ ਆਪਸੀ ਸ਼ੁਭ ਇੱਛਾਵਾ ਦਾ ਅਦਾਨ ਪ੍ਰਦਾਨ ਕਰਦੇ ਹੋਏ ਅੱਗੇ ਵਧਦੇ ਹਾਂ। ਬੀਤੇ ਕੱਲ੍ਹ ਤੋਂ ਕੁਝ ਸਿੱਖ ਕੇ ਨਵੇਂ ਕੱਲ੍ਹ ਲਈ ਆਸਵੰਦ ਹੋ ਤੁਰ ਪੈਂਦੇ ਹਾਂ ਅਤੇ ਜੀਵਨ-ਧਾਰਾ ਨੂੰ ਵਹਿੰਦਾ ਰੱਖਦੇ ਹਾਂ। ਇਸ ਦੇ ਨਾਲ ਹੀ ਸ੍ਰੀਮਤੀ ਬੱਲ ਨੇ ਮਨੁੱਖ ਦੀ ਮਾਨਸਿਕਤਾ ਨੂੰ ਟੁੰਬਦਾ, ਜੀਵਨ ਦੀ ਸ਼ਾਮ (ਬੁਢਾਪੇ) 'ਜ਼ਿੰਦਗੀ ਗੁਲਜ਼ਾਰ ਹੈ' ਬਾਰੇ ਪ੍ਰਭਾਵਸ਼ਾਲੀ ਲੇਖ ਵੀ ਪੜ੍ਹਿਆ। ਕੈਲਗਰੀ ਦੇ ਸ਼ਾਇਰ ਕੇਸਰ ਸਿੰਘ ਨੀਰ ਨੇ ਆਪਣੀ ਗਜ਼ਲ 'ਦੋਸਤਾਂ ਕਿਹੜਾ ਸਿਤਮ ਕਰਿਆ ਨਹੀਂ'। ਫੇਰ ਵੀ ਉਨ੍ਹਾਂ ਬਿਨ੍ਹਾਂ ਸਰਿਆ ਨਹੀਂ ਸੁਣਾਈ। ਸਤਨਾਮ ਸਿੰਘ ਢਾਅ ਨੇ ਇਤਿਹਾਸਕ ਦਿਹਾੜੇ 'ਮਾਘੀ' ਬਾਰੇ ਗੱਲ ਕਰਦਿਆਂ ਚਾਲ਼ੀ ਮੁਕਤਿਆਂ ਦੀ ਸ਼ਹੀਦੀ ਦੀ ਗਾਥਾ ਨੂੰ ਚਰਨ ਸਿੰਘ ਸਫ਼ਰੀ ਦੀ ਲਿਖੀ ਕਵਿਤਾ, ਚਰਨ ਸਿੰਘ ਸਫ਼ਰੀ ਦੇ ਅੰਦਾਜ਼ ਵਿਚ ਹੀ ਸੁਣਾਈ ਤਾਂ ਸਰੋਤਿਆਂ ਵੱਲੋਂ ਭਰਵੀਂ ਦਾਦ ਦਿੱਤੀ ਗਈ। ਇੰਜੀ: ਗੁਰਦਿਆਲ ਸਿੰਘ ਖ਼ਹਿਰਾ ਨੇ ਚੁੱਲ੍ਹਿਆਂ ਦੀ ਮਰਦਮ ਸ਼ੁਮਾਰੀ ਨਾਂ ਦੀ ਕਵਿਤਾ ਸੁਣਾਈ। ਅਮਰੀਕ ਸਿੰਘ ਚੀਮਾ ਨੇ ਉਜਾਗਰ ਸਿੰਘ ਕਮਲ ਦਾ ਗੀਤ ਸੁਣਾਇਆ।

ਕੈਲਗਰੀ ਦੇ ਦੋ ਕਵੀਸ਼ਰ ਬੱਚਿਆਂ (ਜੁਝਾਰ ਸਿੰਘ, ਗੁਰਜੀਤ ਸਿੰਘ) ਨੇ ਸ਼ਹੀਦ ਮੇਵਾ ਸਿੰਘ ਲੋਪੋਕੇ ਬਾਰੇ ਜਸਵੰਤ ਸਿੰਘ ਸੇਖੋਂ ਦੀ ਲਿਖੀ ਕਵਿਤਾ, ਕਵੀਸ਼ਰੀ ਰੰਗ ਵਿਚ ਗਾਇਨ ਕਰਕੇ ਸਰੋਤਿਆਂ ਦਾ ਮਨ ਮੋਹ ਲਿਆ। ਕਨੇਡਾ ਦੇ ਜੰਮਪਲ਼ ਬੱਚਿਆਂ ਦਾ ਪੰਜਾਬੀ ਸ਼ਬਦਾਂ ਦਾ ਏਨਾ ਵਧੀਆ ਉਚਾਰਨ ਸਰੋਤਿਆਂ ਨੂੰ ਹੈਰਾਨ ਕਰ ਗਿਆ। ਸੁਰਿੰਦਰ ਸਿੰਘ ਢਿੱਲੋਂ ਨੇ ਜਨਾਬ ਮਿਰਜ਼ਾ ਗਾਲਿਬ ਦੀ ਰਚਨਾ ਦਾ ਗਾਇਨ ਮਿਊਜ਼ਕ ਨਾਲ ਕਰਕੇ ਵਾਹ ਵਾਹ ਖੱਟੀ। ਜਸਬੀਰ ਸਿੰਘ ਸਿਹੋਤਾ ਨੇ 'ਤੁਹਾਨੂੰ ਤੁਹਡੇ ਖ਼ਿਆਲ ਮੁਬਾਰਿਕ' ਨਾਂ ਦੀ ਕਵਿਤਾ ਵੀਹ ਸੌ ਅਠਾਰਾਂ ਦੇ ਜਾਣ ਅਤੇ ਵੀਹ ਸੌ ਉੱਨੀ ਦੇ ਆਗਮਨ ਦੀਆਂ ਵਧਾਈਆਂ ਦੇ ਰੂਪ ਵਿਚ ਸਾਂਝੀ ਕੀਤੀ। ਗੁਰਦੀਸ਼ ਕੌਰ ਦੀਸ਼ ਨੇ ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਦੀਆਂ ਕੁਰਬਾਨੀਆਂ ਨੂੰ ਯਾਦ ਕਰਦੇ ਹੋਏ ਕਵਿਤਾ ਸੁਣਾਈ। ਸਰਬਜੀਤ ਕੌਰ ਉੱਪਲ ਨੇ ਦਵਿੰਦਰ ਸੈਫ਼ੀ ਦੀ 'ਆ ਬ੍ਰਿਖਾ' ਨਾਂ ਦੀ ਰਚਨਾ ਸੁਣਾਈ।

ਸ਼ਿਵ ਕਮਾਰ ਸ਼ਰਮਾ ਨੇ ਕਰਤਾਰ ਪੁਰ ਲਾਂਘੇ ਤੇ ਹੋ ਰਹੀ ਰਾਜਨੀਤੀ ਤੇ ਉਂਗਲ ਧਰਦੀ ਕਵਿਤਾ ਸੁਣਾਈ। ਨਵੇਂ ਸਾਲ ਦੀ ਵਧਾਈ ਦੇ ਨਾਲ ਵਿਅੰਗ-ਮਈ ਕਵਿਤਾ 'ਕਿਆ ਹੈ ਬੁਢਾਪਾ' ਸੁਣਾ ਕੇ ਮਾਹੌਲ ਨੂੰ ਹਾਸ ਰੰਗ ਵਿਚ ਬਦਲ ਦਿੱਤਾ। ਸਭਾ ਦੇ ਜਨਰਲ ਸੱਕਤਰ ਜਸਵੰਤ ਸਿੰਘ ਸੇਖੋਂ ਨੇ ਵੀ ਸ਼ਹੀਦ ਮੇਵਾ ਸਿੰਘ ਲੋਪੋਕੇ ਦੀ ਕੁਰਬਾਨੀ ਨੂੰ ਕਵੀਸ਼ਰੀ ਰੰਗ ਵਿਚ ਪੇਸ਼ ਕੀਤਾ। ਇਸ ਦੇ ਨਾਲ ਹੀ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਨਿਭਾਉਂਦਿਆਂ ਹਰੇਕ ਬੁਲਾਰੇ ਲਈ ਸ਼ਾਇਰਾਨਾਂ ਅਤੇ ਵਿਲੱਖਣ ਅੰਦਾਜ਼ ਵਿਚ ਕੁਝ ਸ਼ਬਦ ਬੋਲ ਕੇ ਸਟੇਜ 'ਤੇ ਸੱਦਣ ਦੇ ਢੰਗ ਨੂੰ ਸਰੋਤਿਆਂ ਵੱਲੋਂ ਬਹੁਤ ਹੀ ਸਲਾਹਿਆ ਗਿਆ।

ਅਮਰੀਕ ਸਿੰਘ ਚੀਮਾ ਨੇ ਸਮੇਂ ਦੀ ਕਾਲ ਵੰਡ ਬਾਰੇ ਵਿਸਥਾਰ ਸਹਿਤ ਚਰਚਾ ਵੇਦਾਂ ਦੇ ਹਵਾਲੇ ਨਾਲ ਕੀਤੀ ਅਤੇ ਬੈਂਤ (ਛੰਦ) ਸੁਣਾ ਕੇ ਨਵਾਂ ਸਾਹਿਤਕ ਰੰਗ ਬੰਨ੍ਹਿਆ। ਸੇਵਾ ਸਿੰਘ ਬਚਸ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਗੁਰ-ਪੁਰਬ ਦੀ ਵਧਾਈ ਦਿੰਦਿਆਂ, ਸ਼ਬਦ 'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ' ਦਾ ਗਾਇਨ ਕੀਤਾ। ਸੁਖਵਿੰਦਰ ਸਿੰਘ ਤੂਰ ਨੇ ਵਿਅੰਗ-ਮਈ ਅੰਦਾਜ਼ ਵਿਚ ਆਪਣੇ ਦੇਸ਼ ਭਾਰਤ ਦੀ ਮਹਾਨਤਾ ਨੂੰ ਕਵਿਤਾ ਰੂਪ ਵਿਚ ਪੇਸ਼ ਕੀਤਾ। ਤੇਜਾ ਸਿੰਘ ਥਿਆੜਾ, ਗੁਰਦੇਵ ਸਿੰਘ ਬੱਲ, ਦਿਲਾਵਰ ਸਿੰਘ ਸਮਰਾ, ਸੁਖਦੇਵ ਕੌਰ ਢਾਅ ਅਤੇ ਆਦਰਸ਼ਪਾਲ ਸਿੰਘ ਘਟੋੜਾ ਨੇ ਵੀ ਇਸ ਸਾਹਿਤਕ ਮਿਲਣੀ ਵਿਚ ਹਿੱਸਾ ਲਿਆ। ਹੋਰ ਜਾਣਕਾਰੀ ਲਈ 403-590-1403 'ਤੇ ਸਤਪਾਲ ਕੌਰ ਬੱਲ, 403-681-3132 ਜਸਵੰਤ ਸਿੰਘ ਸੇਖੋਂ ਨੂੰ ਸੰਪਰਕ ਕੀਤਾ ਜਾ ਸਕਦਾ ਹੈ।


Gold Star
Furniture
ACCESSORIES
BEDROOM
COFFEE TABLE
CUSTOM FURNITURE
DINING TABLE
KIDS ZONE
KITCHEN SET
PUB TABLE
SOFA SET
An impressive way of living
Boxing Day Sale
Up to
50%
OFF
780-819-0530
Email:goldenfurniture.ca@gmail.com
Web:goldenfurniture.ca
9177 25 Ave NW, Edmonton, AB T6N 0A5, Canada

Yes! Immigration Consultancy Services

iccrc crcic
IMMIGRATION CONSULTANTS OF CANADA REGULATORY COUNCIL
CONSEIL DE RÉGLEMENTATION DES CONSULTANTS EN IMMIGRATION DU CANADA

www.yesimmigration.ca



RIPTAAPAN SINGH (RIP)
Branch Manager (B.Sc)

OUR SERVICES

- Student Visa
- Express Entry-Jan 2015
- Canadian Experience Class
- Federal Skilled Worker
- LMIA/Work Permits
- Citizenship Services
- P.R. Card Services
- Canadain Experience Class
- Federal Skilled Worker
- Business Immigration
- Family Sponsorship
- Affidavits

- Live in Caregiver
- Change of Employer
- Change of Conditions
- Case History From CIC
- Name Change
- Travel Documents
- Dual Citizenship
- US Visa, UK Visa, Australia Visa
- Provincial Nominee Programs
- Spousal Sponsorship
- Sponsorship Appeals
- Visitor Visa/Super Visa

ALBERTA OFFICE :
Unit #201, 4271-23 Ave. NW
( All Indian Plaza) Edmonton, AB T6L 5Z8
Ph. 780.466.2138
Email : RS.YesImmigration@gmail.com

TORONTO OFFICE :
RAJ NARANG
#202 1058A Albion Road
Etobicoke, ON M9V 1A7
Registered Canadian Immigration Consultant
Immigration Consultant of Canada Regulatory Council
ICCRC Member #R416279

SUPER VISA INSURANCE



Canada

OIL $39.99
CHANGE SPECIAL
INCLUDES:
- UP TO 4 QTS OF MOTOR OIL.
- NEW FILTER.
- FREE VEHICLE INSPECTION.

ALIGNMENT
SPECIAL
$89.99
INCLUDES:
- STEERING AND SUSPENSION INSPECTION
- TWO OR FOUR WHEEL ALIGNMENT

AIR CONDITION
RECHARGE
$79.99
INCLUDES:
- EVACUATE AND RECHARGE THE COOLING SYSTEM.

Alberta Tire & Auto Centre
we keep you moving

CALL: 780-988-1103

| | | |
|---|---|---|
| FRIENDLY | मित्रतापूर्ण | ਦੋਸਤਾਨਾ |
| RELIABLE | विष्वसनीय | ਭਰੋਸੇਮੰਦ |
| PROFESSIONAL | प्रोफेसनल | ਪ੍ਰੋਫ਼ੈਸ਼ਨਲ |
| SERVICE | सेवा | ਸੇਵਾਵਾਂ |

3450-93 STREET NW, EDMONTON ALBERTA T6E 6A4
TEL: 780-988-1103 EMAIL: SERVICE@ALBERTATIREANDAUTO.CA

MONDAY - FRIDAY 08:00 AM TO 5:00 PM
SATURDAY 09:00 AM TO 2:00 PM

VISA MasterCard AMERICAN EXPRESS BBB ACCREDITED BUSINESS

WE DO IT ALL!!
Brakes
Maintenance
Repairs



# A-WIN Insurance

## What we Offer

- Home
- Auto Insurance
- RV Insurance
- Travel Insurance
- Emergency Road Services
- Auto Mobile Warranty Services
- Commercial Insurance
- D & O Coverage
- E & O Insurance

ਕਾਰ, ਮੋਟਰਸਾਈਕਲ, ਘਰ, ਕੰਡੋਮੀਨੀਅਮ, ਕਿਰਾਏਦਾਰ, ਟਰੱਕ, ਲੌਂਗਹਾਲ , ਗਰੈਵਲ, ਕਮਰਸ਼ੀਅਲ, ਬਿਜ਼ਨਸ, ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

ਹਰ ਤਰ੍ਹਾਂ ਦੀ **ਇੰਸ਼ੋਰੈਂਸ** ਲਈ ਫ਼ੋਨ ਕਰੋ

Quick Quotes When You Need Them



Discounts up to 60% Payment Options available

**Western Canada's**

Biggest Brokers Team, designed to serve Canadian's with solutions for your personal and professional insurance needs.

**When Time and Money Matters**

Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

MON - FRI : 9:00 a.m -- 5:00 pm
SAT till 2:00 p.m by appointments only
Closed on Sunday & Stat Holidays.







A-WIN: MAKING LIFE EASY

ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲਬਾਤ ਕਰ ਸਕਦੇ ਹਾਂ।
We Provide Services In English, Punjabi, Hindi & Urdu.

PROVIDING PEACE OF MIND
100 YEAR & BEYOND
SMI
SASKATCHEWAN MUTUAL INSURANCE COMPANY

**780-465-6900**
ਜਸਵੀਰ ਦਿਓਲ, ਸੰਜੀਵ ਖੰਨਾ, ਨਂਤੇਜ ਬੈਂਸ, ਮਨਪ੍ਰੀਤ ਗਰੇਵਾਲ, ਨਵਰੀਤ ਕੌਰ, ਮਨਦੀਪ ਕੌਰ
2nd Floor, 3448 93 St. NW Edmonton, AB T6E 6A4

**780-466-2136**
ਜੇ.ਪੀ. ਸਿੰਘ, ਗੁਰਜਿੰਦਰ ਕੌਰ, ਰਿਪਤਾਪਨ ਸਿੰਘ
Unit # 201, 4271 23 Ave NW Edmonton, AB T6L 5Z8


For all your Real Estate needs
NIRMAL (SONY) GILL
BUY OR SELL
Century 21 A.L.L. Stars Realty Ltd
MLS
ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਵੇਚਣ ਜਾਂ ਖਰੀਦਣ ਲਈ
ਨਿਰਮਲ (ਸੋਨੀ) ਗਿੱਲ ਨੂੰ ਫ਼ੋਨ ਕਰੋ
780-937-9067
Office: 780-434-4700
Email : nirmalgill@live.com
3229 22 st. Edmonton
13039 165 Ave. Edmonton
16520 131 st. Edmonton
Sold
In Wildrose: This Beautiful 2 story 2012 built Town House with single car attached Garage on sale. Very low condo fee. Fully landscape front & back. Main floor has beautiful kitchen, living area with fire place & half wash room. Upper level has 3 bedrooms with 2 full washrooms. This condo comes with 5 appliances. Unfinished basement. Close to all amenities. Ready to move in.


Gurkeerat Holding Ltd.
• We Build New House
• We Build Basement
• We Do Renovation
• Kitchen Cabinets
ਨਵਾਂ ਘਰ, ਨਵੀਂ ਬੇਸਮੈਂਟ, ਰੈਨੋਵੇਸ਼ਨ ਕਰਵਾਉਣ, ਸਸਤੀਆਂ ਅਤੇ ਵਧੀਆ ਕਿਚਨ ਕੈਬਨਿਟਾਂ ਲਈ ਵਧੀਆ ਕੰਮ ਅਤੇ ਵਾਜਬ ਰੇਟ ਲਈ ਸਾਨੂੰ ਕਾਲ ਕਰੋ
Ph. 780-996-2873


DRIVING SCHOOL LTD.
Authorised teach Certification Course
EDMONTON'S NO. 1 DRIVING SCHOOL
ਕਿਸੇ ਵੀ ਤਰ੍ਹਾਂ ਦਾ ਡਰਾਇਵਿੰਗ ਲਾਇਸੈਂਸ ਲੈਣ ਲਈ
ਭਰੋਸੇਮੰਦ ਨਾਮ G DRIVING SCHOOL
Services available in English, Punjabi, Hindi & Urdu
Male & Female Instructors are available
VEHICLE PROVIDE FOR ROAD TEST
Free Pickup & Drop Off in Edmonton & Area
Gurcharan Singh Garcha (M.Sc. M.Ed.)
9866-41 Ave. Edmonton AB T6E 5L6
Ph. : Off 780-229-1332, Cell : 780-907-0332, Fax : 780-229-0593
E-mail : info@gdrivingschool.com, www.gdrivingschool.com


Do it Once Do it Right !!!
unitech
ਘਰਾਂ ਤੇ ਕਾਰੋਬਾਰਾਂ ਦੀ ਸੁੰਦਰ ਦਿੱਖ ਲਈ ਸੰਪਰਕ ਕਰੋ :
ਰਾਜ
CONSTRUCTION
780.860.1975
bhardwaj75@gmail.com
DESIGN
Hardscapes
Greenscapes
CONSTRUCTION
Rough to Final Grades
Fence & Deck
Concrete
RENOVATION
Water Features
Renovations


Sidhu Stucco Ltd.
Residential & Commercial
ਕਿਸੇ ਵੀ ਤਰ੍ਹਾਂ ਦੀ ਵਧੀਆ ਸਟੱਕੋ ਲਈ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ।
Stucco is a versatile, beautiful, durable and fire resistant cladding.
All kind of Stucco
Acrylic & Rain Screen
Harinder Dhaliwal
(780) 297-9165


EMPIRE INN & SUITES
Empire Inn & Suites
www.choicehotels.com
Reservations 1-877-424-6423
403-346-4188
Cell: 403-505-4188
Email: econolodgereddeer@shaw.ca
Varinder Sidhu
President
37433 Highway 2 South, East Side Gasoline Alley
Red Deer, Alberta T4E 1B3


$299,900
Incl. Home, lot & net GST
ਕੀਮਤ ਘਰ, ਲਾਟ ਅਤੇ ਨੈਟ ਜੀ ਐਸ ਟੀ ਸਮੇਤ ਹੈ
$299,900
SOUTH EAST
2 Storey
3 bedrooms
2 1/2 baths
1290sq.ft
Single Garage
6 Appliances
$318,800
2 storey
Detached home
3 bedrooms
1 1/2 baths
1260 sq.ft
6 Appliances
double Garage
SOUTH WEST
2 Storey
3 bedrooms
2 1/2 baths
1711sq.ft
Bonus Room
Attached Garage
$375,000
ਫਾਇਨਾਂਨਸਿੰਗ ਦੀ ਸੁਵਿਧਾ ਹੈ
ਡਾਊਨ ਪੇਮੈਂਟ, ਨੋ ਪਰਾਬਲਮ
FINANCING AVAILABLE
No Down Payment, No Problem
Call Rennie @ 780-966-1688
rennie1688@gmail.com

# ਵਿਲਸਨ ਦੇ ਮੰਤਰੀ ਮੰਡਲ ’ਚੋਂ ਅਸਤੀਫ਼ੇ ’ਤੇ ਟਰੂਡੋ ਨੇ ਪ੍ਰਗਟਾਈ ਹੈਰਾਨੀ



ਓਟਵਾ, (ਨਦਬ) : ਲਿਬਰਲ ਐਮਪੀ ਜੋਡੀ ਵਿਲਸਨ ਰੇਅਬੋਲਡ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਮੰਤਰੀ ਮੰਡਲ ਤੋਂ ਅਸਤੀਫਾ ਦੇ ਦਿੱਤਾ ਹੈ। ਐਸਐਨੋਸੀ-ਲਾਵਾਲਿਨ ਮਾਮਲੇ ਵਿਚ ਜਨਤਕ ਤੌਰ ਉੱਤੇ ਰਾਇ ਪ੍ਰਗਟਾਉਣ ਤੋਂ ਪਹਿਲਾਂ ਉਹ ਕਾਨੂੰਨੀ ਸਲਾਹ ਚਾਹੁੰਦੀ ਹੈ। ਦੂਜੇ ਪਾਸੇ ਟਰੂਡੋ ਦਾ ਕਹਿਣਾ ਹੈ ਕਿ ਲਿਬਰਲ ਐਮਪੀ ਰੇਅਬੋਲਡ ਦੇ ਅਚਾਨਕ ਮੰਤਰੀ ਮੰਡਲ ਤੋਂ ਅਸਤੀਫਾ ਦੇਣ ਤੋਂ ਉਹ ਹੈਰਾਨ ਤੇ ਨਿਰਾਸ਼ ਹਨ।

ਐਸਐਨਸੀ ਲਾਵਾਲਿਨ ਖ਼ਿਲਾਫ਼ ਫਰਾਡ ਤੇ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਕਥਿਤ ਤੌਰ ਉੱਤੇ ਪੀਐਮਓ ਦੇ ਜੋਡੀ ਵਿਲਸਨ ਰੇਅਬੋਲਡ ਉੱਤੇ ਪਾਏ ਜਾ ਰਹੇ ਦਬਾਅ ਦੇ ਚੱਲਦਿਆਂ ਰੇਅਬੋਲਡ ਵੱਲੋਂ ਦਿੱਤੇ ਅਸਤੀਫੇ ਬਾਰੇ ਟਰੂਡੋ ਨੇ ਆਖਿਆ ਕਿ ਰੇਅਬੋਲਡ ਨਾਲ ਉਨ੍ਹਾਂ ਦੀ ਵਿਸਥਾਰ ਸਹਿਤ ਗੱਲਬਾਤ ਹੋਈ ਸੀ ਤੇ ਉਦੋਂ ਤੱਕ ਸਭ ਠੀਕ ਸੀ। ਇਸੇ ਲਈ ਉਨ੍ਹਾਂ ਨੂੰ ਸਮਝ ਨਹੀਂ ਆ ਰਹੀ ਕਿ ਇਹ ਅਸਤੀਫਾ ਦੇਣ ਦਾ ਖਿਆਲ ਉਨ੍ਹਾਂ ਦੇ ਮਨ ਵਿਚ ਕਿਵੇਂ ਆਇਆ।

ਐਸਐਨਸੀ-ਲਾਵਾਲਿਨ ਕੇਸ ਬਾਰੇ ਟਰੂਡੋ ਨੇ ਆਖਿਆ ਕਿ ਕਨੇਡਾ ਸਰਕਾਰ ਨੇ ਆਪਣਾ ਕੰਮ ਕੀਤਾ ਹੈ, ਨਿਯਮਾਂ ਦੀ ਪਾਲਣਾ ਕੀਤੀ ਹੈ ਤੇ ਜੇ ਕਿਸੇ ਵੀ ਸਰਕਾਰੀ ਮੈਂਬਰ ਨੂੰ ਇਸ ਸਬੰਧ ਵਿਚ ਕੋਈ ਇਤਰਾਜ਼ ਸੀ ਤਾਂ ਉਸ ਨੂੰ ਸਿੱਧਿਆਂ ਉਨ੍ਹਾਂ ਨਾਲ ਗੱਲ ਕਰਨੀ ਚਾਹੀਦੀ ਸੀ। ਪਰ ਵਿਲਸਨ ਰੇਅਬੋਲਡ ਸਮੇਤ ਕਿਸੇ ਨੇ ਵੀ ਅਜਿਹਾ ਨਹੀਂ ਕੀਤਾ। ਰੇਅਬੋਲਡ ਦਾ ਅਸਤੀਫਾ ਅਜਿਹੇ ਸਮੇਂ ਆਇਆ ਹੈ ਜਦੋਂ ਇਹ ਸਵਾਲ ਪੁੱਛੇ ਜਾ ਰਹੇ ਹਨ ਕਿ ਜਦੋਂ ਉਹ ਨਿਆਂ ਮੰਤਰੀ ਤੇ ਅਟਾਰਨੀ ਜਨਰਲ ਸੀ ਤਾਂ ਕੀ ਐਸਐਨਸੀ-ਲਾਵਾਲਿਨ ਮਾਮਲੇ ਵਿਚ ਟਰੂਡੋ ਜਾਂ ਉਨ੍ਹਾਂ ਦੇ ਆਫਿਸ ਦੇ ਕਿਸੇ ਅਧਿਕਾਰੀ ਨੇ ਉਨ੍ਹਾਂ ਉੱਤੇ ਮਾਮਲੇ ਨੂੰ ਰਫਾ ਦਫਾ ਕਰਨ ਲਈ ਦਬਾਅ ਪਾਇਆ ਸੀ।

ਵੈਟਰਨਜ਼ ਅਫੇਅਰਜ਼ ਮੰਤਰੀ ਵਜੋਂ ਆਪਣੇ ਅਸਤੀਫੇ ਵਿਚ ਰੇਅਬੋਲਡ ਨੇ ਲਿਖਿਆ ਕਿ ਉਨ੍ਹਾਂ ਵੱਲੋਂ ਸੁਪਰੀਮ ਕੋਰਟ ਦੇ ਸਾਬਕਾ ਜੱਜ ਥਾਮਸ ਕਰੌਮਵੈੱਲ ਤੋਂ ਇਸ ਮਾਮਲੇ ਵਿਚ ਸਲਾਹ ਲਈ ਜਾ ਰਹੀ ਹੈ ਕਿ ਉਹ ਇਸ ਘਪਲੇ ਬਾਰੇ ਜਨਤਕ ਤੌਰ ਉੱਤੇ ਬੋਲਣ ਜਾਂ ਨਾ, ਕਿਉਂਕਿ ਪਿਛਲੇ ਹਫਤੇ ਤੋਂ ਜਦੋਂ ਤੋਂ ਇਹ ਖਬਰ ਸਾਹਮਣੇ ਆਈ ਹੈ ਤਾਂ ਉਨ੍ਹਾਂ ਉੱਤੇ ਅਜਿਹਾ ਕਰਨ ਲਈ ਚੁਫੇਰਿਓਂ ਦਬਾਅ ਪਾਇਆ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਗਲੋਬ ਐਂਡ ਮੇਲ ਅਖਬਾਰ ਵੱਲੋਂ ਪਿਛਲੇ ਦਿਨੀਂ ਖੁਲਾਸੇ ਕੀਤੇ ਗਏ ਹਨ ਕਿ ਲਿਬਰਲ ਸਰਕਾਰ ਨੇ ਦਰਅਸਲ ਆਪਣੀ ਇਸ ਚਹੇਤੀ ਕੰਪਨੀ ਨੂੰ ਲਾਭ ਦੇਣ ਲਈ ਅਟਾਰਨੀ ਜਨਰਲ ਉੱਤੇ ਦਬਾਅ ਪਾ ਕੇ ਕੰਮ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ। ਇਹ ਵੱਖਰੀ ਗੱਲ ਹੈ ਕਿ ਵਿਲਸਨ ਰੇਅਬੋਲਡ ਨੇ ਕਿਸੇ ਕਿਸਮ ਦਾ ਦਬਾਅ ਝੱਲਣ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ। ਸਿਆਸੀ ਮਾਹਰਾਂ ਨੂੰ ਹੁਣ ਇਹ ਮਾਮਲਾ ਵੀ ਸਮਝ ਆਉਣ ਲੱਗਿਆ ਹੈ ਕਿ ਕੁੱਝ ਦਿਨ ਪਹਿਲਾਂ ਪ੍ਰਧਾਨ ਮੰਤਰੀ ਨੇ ਮੰਤਰੀ ਮੰਡਲ ਦੀ ਫੇਰਬਦਲ ਵਿਚ ਵਿਲਸਨ ਰੇਅਬੋਲਡ ਤੋਂ ਅਟਾਰਨੀ ਜਨਰਲ ਦਾ ਮਹਿਕਮਾ ਖੋਹ ਕੇ ਉਨ੍ਹਾਂ ਨੂੰ ਵੈਟਰਨਜ਼ ਮਾਮਲਿਆਂ ਦਾ ਮੰਤਰੀ ਕਿਉਂ ਬਣਾਇਆ ਸੀ। ਸੁਆਲ ਉੱਠੇ ਸਨ ਕਿ ਚੰਗਾ ਕੰਮ ਕਰਨ ਵਾਲੀ ਮੰਤਰੀ ਵਿਲਸਨ ਤੋਂ ਅਹਿਮ ਮਹਿਕਮਾ ਕਿਉਂ ਖੋਹਿਆ ਗਿਆ ?

ਇੱਥੇ ਦੱਸਣਾ ਬਣਦਾ ਹੈ ਕਿ ਐਸਐਨਸੀ ਕੰਪਨੀ ਉੱਤੇ ਇਹ ਦੋਸ਼ ਲੱਗੇ ਹਨ ਕਿ ਉਸ ਵੱਲੋਂ ਲਿਬੀਆ ਦੇ ਜਨਤਕ ਅਧਿਕਾਰੀਆਂ ਨੂੰ ਕਈ ਮਿਲੀਅਨ ਡਾਲਰ ਦੀ ਰਿਸ਼ਵਤ ਦਿੱਤੀ ਗਈ। ਇਹ ਦੋਸ਼ ਆਰਸੀਐਮਪੀ ਵੱਲੋਂ ਕੀਤੀ ਗਈ ਜਾਂਚ ਦਾ ਨਤੀਜਾ ਹਨ। ਜੇ ਕੰਪਨੀ ਉੱਤੇ ਦੋਸ਼ ਸਿੱਧ ਹੁੰਦਾ ਹੈ ਤਾਂ ਉਹ ਇੱਕ ਦਹਾਕੇ ਤੱਕ ਕੈਨੇਡੀਅਨ ਸਰਕਾਰ ਤੋਂ ਕੋਈ ਕਾਂਟਰੈਕਟ ਹਾਸਲ ਨਹੀਂ ਕਰ ਸਕੇਗੀ। ਇਹ ਵੀ ਪਤਾ ਲੱਗਿਆ ਹੈ ਕਿ ਕੰਪਨੀ ਮੁਜਰਮਾਨਾਂ ਕੇਸ ਨੂੰ ਦਬਾਉਣ ਲਈ ਕਈ ਪਾਰਲੀਆਮੈਂਟੇਰੀਅਨਜ਼ ਦੀ ਲਾਬਿੰਗ ਕਰ ਰਹੀ ਸੀ ਤੇ ਇਨ੍ਹਾਂ ਵਿਚ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਵੀ ਸ਼ਾਮਲ ਸਨ।

ਵਰਨਣਯੋਗ ਹੈ ਕਿ ਐਥਿਕਸ ਕਮਿਸ਼ਨਰ ਮਾਰੀਓ ਡਿਓਨ ਵੱਲੋਂ ਵੀ ਕਾਨਫਲਿਕਟ ਆਫ ਇੰਟਰਸਟ ਐਕਟ ਤਹਿਤ ਇਸ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਗਈ ਹੈ ਕਿਉਂਕਿ ਉਨ੍ਹਾਂ ਦਾ ਮੰਨਣਾ ਹੈ ਕਿ ਇਸ ਮਾਮਲੇ ਵਿਚ ਕਾਨੂੰਨੀ ਕਾਰਵਾਈ ਵਿਚ ਦਖਲਅੰਦਾਜ਼ੀ ਕੀਤੀ ਗਈ ਹੈ।

# ਐਸਐਨਸੀ-ਲਾਵਾਲਿਨ ਮਾਮਲੇ ਦੀ ਐਥਿਕਸ ਕਮਿਸ਼ਨਰ ਤੋਂ ਜਾਂਚ ਦੀ ਮੰਗ

ਓਟਵਾ (ਨਦਬ) : ਪ੍ਰਧਾਨ ਮੰਤਰੀ ਆਫਿਸ ਵੱਲੋਂ ਸਾਬਕਾ ਅਟਾਰਨੀ ਜਨਰਲ ਜੋਡੀ ਵਿਲਸਨ ਰੇਅਬੋਲਡ ਉੱਤੇ ਐਸਐਨਸੀ-ਲਾਵਾਲਿਨ ਕੰਪਨੀ ਵਿਰੁੱਧ ਹੋਣ ਵਾਲੇ ਕਿਸੇ ਕ੍ਰਿਮੀਨਲ ਮੁਕੱਦਮੇ ਦੀ ਸੰਭਾਵਨਾ ਨੂੰ ਖਤਮ ਕਰਨ ਲਈ ਜ਼ੋਰ ਪਾਉਣ ਦੇ ਮੁੱਦੇ ਉੱਤੇ ਐਨਡੀਪੀ ਆਗੂ ਜਗਮੀਤ ਸਿੰਘ ਨੇ ਮੰਗ ਕੀਤੀ ਹੈ ਕਿ ਮਾਮਲੇ ਦੀ ਜਾਂਚ ਐਥਿਕਸ ਕਮਿਸਨਰ ਤੋਂ ਕਰਵਾਈ ਜਾਵੇ।

ਜਗਮੀਤ ਸਿੰਘ ਨੇ ਆਖਿਆ ਕਿ ਜੇ ਟਰੂਡੋ ਮੁਤਾਬਕ ਇਹ ਦੋਸ਼ ਸਹੀ ਨਹੀਂ ਹਨ ਤਾਂ ਪ੍ਰਧਾਨ ਮੰਤਰੀ ਨੂੰ ਫੈਡਰਲ ਐਥਿਕਸ ਕਮਿਸ਼ਨਰ ਵੱਲੋਂ ਅਜ਼ਾਦਾਨਾ ਜਾਂਚ ਕਰਵਾਏ ਜਾਣ ਤੋਂ ਡਰਨ ਦੀ ਕੋਈ ਲੋੜ ਨਹੀਂ। ਪਰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਇਸ ਮਾਮਲੇ ਵਿਚ ਕਿਸੇ ਵੀ ਤਰ੍ਹਾਂ ਦੀ ਭੂਮਿਕਾ ਨਿਭਾਏ ਜਾਣ ਤੋਂ ਇਨਕਾਰ ਕਰਦੇ ਆ ਰਹੇ ਹਨ।

ਜਗਮੀਤ ਸਿੰਘ ਨੇ ਆਖਿਆ ਕਿ ਇਹ ਮਾਮਲਾ ਸੱ ?ਕੀ ਹੈ। ਇਸ ਨਾਲ ਜਮਹੂਰੀਅਤ ਦਾ ਕਾਲਜਾ ਵਲੂੰਧਰਿਆ ਗਿਆ ਹੈ। ਉਨ੍ਹਾਂ ਆਖਿਆ ਕਿ ਇਹ ਪਹਿਲਾਂ ਵੀ ਸਿੱਧ ਹੋ ਚੁੱਕਿਆ ਹੈ ਕਿ ਇਸ ਕੰਪਨੀ ਨੇ ਪਹਿਨਾ ਵੀ ਲਿਬਰਲ ਪਾਰਟੀ ਨੂੰ ਗੈਰਕਾਨੂੰਨੀ ਡੋਨੇਸ਼ਨਜ਼ ਦਿੱਤੀਆਂ ਹਨ। ਇੱਥੋਂ ਤੱਕ ਕਿ ਇਹ ਕੰਪਨੀ ਕਿਸੇ ਕਾਨੂੰਨ ਨੂੰ ਬਦਲੀ ਕਰਵਾਉਣ ਲਈ ਸਰਕਾਰ ਨੂੰ ਪ੍ਰਭਾਵਿਤ ਵੀ ਕਰ ਸਕਦੀ ਹੈ ਤੇ ਅਟਾਰਨੀ ਜਨਰਲ ਉੱਤੇ ਪਬਲਿਕ ਪ੍ਰੌਸੀਕਿਊਟਰ ਦੇ



ਫੈਸਲੇ ਵਿਚ ਦਖਲ ਦੇਣ ਲਈ ਵੀ ਦਬਾਅ ਪਾ ਸਕਦੀ ਹੈ। ਉਨ੍ਹਾਂ ਆਖਿਆ ਕਿ ਅਸੀਂ ਇਹ ਆਖ ਸਕਦੇ ਹਾਂ ਕਿ ਕੈਨੇਡੀਅਨ ਅਜਿਹੀ ਸਰਕਾਰ ਦੇ ਹੱਕਦਾਰ ਹਨ ਜਿਹੜੀ ਉਨ੍ਹਾਂ ਦੇ ਵੱਲ ਦੀ ਗੱਲ ਕਰੇ ਨਾ ਕਿ ਕਿਸੇ ਮਲਟੀਨੈਸ਼ਨਲ ਕਾਰਪੋਰੇਸ਼ਨ ਦੇ ਹੱਕ ਵਿਚ ਨਿੱਤਰੇ।

ਜ਼ਿਕਰਯੋਗ ਹੈ ਕਿ ਗਲੋਬ ਐਂਡ ਮੇਲ ਅਖਬਾਰ ਪਿਛਲੇ ਦੋ ਦਿਨ ਤੋਂ ਧਮਾਕੇਦਾਰ ਖੁਲਾਸੇ ਕਰਦਾ ਆਇਆ ਹੈ ਕਿ ਲਿਬਰਲ ਸਰਕਾਰ ਨੇ ਦਰਅਸਲ ਆਪਣੀ ਇਸ ਚਹੇਤੀ ਕੰਪਨੀ ਨੂੰ ਲਾਭ ਦੇਣ ਲਈ ਅਟਾਰਨੀ ਜਨਰਲ ਉੱਤੇ ਦਬਾਅ ਪਾ ਕੇ ਕੰਮ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ। ਇਹ ਵੱਖਰੀ ਗੱਲ ਹੈ ਕਿ ਵਿਲਸਨ ਰੇਅਬੋਲਡ ਨੇ ਕਿਸੇ ਕਿਸਮ ਦਾ ਦਬਾਅ ਝੱਲਣ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ। ਸਿਆਸੀ ਮਾਹਿਰਾਂ ਨੂੰ ਹੁਣ ਇਹ ਮਾਮਲਾ ਵੀ ਸਮਝ ਆਉਣ ਲੱਗਿਆ ਹੈ ਕਿ ਕੁੱਝ ਦਿਨ ਪਹਿਲਾਂ ਪ੍ਰਧਾਨ ਮੰਤਰੀ ਨੇ ਮੰਤਰੀ ਮੰਡਲ ਦੀ ਫੇਰਬਦਲ ਵਿਚ ਵਿਲਸਨ ਰੇਅਬੋਲਡ ਤੋਂ ਅਟਾਰਨੀ ਜਨਰਲ ਦਾ ਮਹਿਕਮਾ ਖੋਹ ਕੇ ਉਨ੍ਹਾਂ ਨੂੰ ਮੂਲਵਾਸੀ ਮਾਮਲਿਆਂ ਦਾ ਮੰਤਰੀ ਕਿਉਂ ਬਣਾਇਆ ਸੀ। ਸੁਆਲ ਉੱਠੇ ਸਨ ਕਿ ਚੰਗਾ ਕੰਮ ਕਰਨ ਵਾਲੀ ਮੰਤਰੀ ਵਿਲਸਨ ਤੋਂ ਅਹਿਮ ਮਹਿਕਮਾ ਕਿਉਂ ਖੋਹਿਆ ਗਿਆ ?

ਵੀਰਵਾਰ ਨੂੰ ਵਾਅਨ, ਓਨਟਾਰੀਓ ਵਿਚ ਟਰੂਡੋ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਗਲੋਬ ਐਂਡ ਮੇਲ ਦੀ ਰਿਪੋਰਟ ਵਿਚ ਲਾਏ ਗਏ ਸਾਰੇ ਦੋਸ਼ ਝੂਠੇ ਹਨ। ਉਨ੍ਹਾਂ ਆਖਿਆ ਕਿ ਨਾ ਹੀ ਮੌਜੂਦਾ ਤੇ ਨਾ ਹੀ ਸਾਬਕਾ ਅਟਾਰਨੀ ਜਨਰਲ ਨੂੰ ਅਜਿਹੇ ਕਿਸੇ ਵੀ ਮਾਮਲੇ ਵਿਚ ਕੋਈ ਫੈਸਲਾ ਲੈਣ ਲਈ ਉਨ੍ਹਾਂ ਵੱਲੋਂ ਜਾਂ ਉਨ੍ਹਾਂ ਦੇ ਆਫਿਸ ਵੱਲੋਂ ਕਿਸੇ ਤਰ੍ਹਾਂ ਦਾ ਦਬਾਅ ਪਾਇਆ ਗਿਆ। ਜ਼ਿਕਰਯੋਗ ਹੈ ਕਿ ਐਸਐਨਸੀ ਕੰਪਨੀ ਉੱਤੇ ਇਹ ਦੋਸ਼ ਲੱਗੇ ਹਨ ਕਿ ਉਸ ਵੱਲੋਂ ਲਿਬੀਆ ਦੇ ਜਨਤਕ ਅਧਿਕਾਰੀਆਂ ਨੂੰ ਕਈ ਮਿਲੀਅਨ ਡਾਲਰ ਦੀ ਰਿਸ਼ਵਤ ਦਿੱਤੀ ਗਈ। ਇਹ ਦੋਸ਼ ਆਰਸੀਐਮਪੀ ਵੱਲੋਂ ਕੀਤੀ ਗਈ ਜਾਂਚ ਦਾ ਨਤੀਜਾ ਹਨ।

New Location of
K.P. ACCOUNTING & TAX SERVICES
SAVE YOUR TAX
FOR FAST REFUND USE E-FILES
- INDIVIDUAL TAX RETURNS
- INCORPORATION OF COMPANIES
- PAYROLL, T4 SLIPS
- CORPORATE TAX RETURNS

ਇਨਕਮ ਟੈਕਸ ਦੇ ਪੇਪਰ ਭਰਾਉਣ ਲਈ ਆਪਣੇ ਭਾਈਚਾਰੇ ਦੇ
ਜਾਣੇ-ਪਛਾਣੇ ਅਕਾਊਂਟੈਂਟ ਕਪਿਲ ਸ਼ਰਮਾ ਨਾਲ ਸੰਪਰਕ ਕਰੋ

Ph. : 780-469-2677 Fax : 780-469-2026
9218 34 Ave in Plaza 34



Kapil Sharma

## ਦੂਜੀ ਤਿੰਨ-ਰੋਜ਼ਾ ਆਲਮੀ ਪੰਜਾਬੀ ਕਾਨਫ਼ਰੰਸ

# ਰਾਸ਼ਟਰ ਲੋਕਾਂ ਦੇ ਰਿਸ਼ਤਿਆਂ ਦੀ ਸਾਂਝ ਵਿਚੋਂ ਜਨਮਦਾ ਹੈ : ਡਾ. ਅਪੂਰਵਾ ਨੰਦ





ਚੰਡੀਗੜ੍ਹ, (ਨਦਬ) : "ਰਾਸ਼ਟਰ ਲੋਕਾਂ ਵੱਲੋਂ ਰਿਸ਼ਤਾ ਬਣਾਉਣ ਦੀ ਚਾਹਤ ਨਾਲ ਬਣਦਾ ਹੈ। ਆਪਸੀ ਸਾਂਝ ਇਸ ਦੇ ਸੂਤਰ ਹੁੰਦੇ ਹਨ। ਕਿਸੇ ਇਕ ਤਬਕੇ ਜਾਂ ਫ਼ਿਰਕੇ ਦੇ ਰਸਮੋ ਰਿਵਾਜ ਤੇ ਵਿਸ਼ਵਾਸ ਬਾਕੀ ਲੋਕਾਂ ਉੱਤੇ ਧੱਕੇ ਨਾਲ ਠੋਸਣ ਦੇ ਰਾਹੀਂ ਸਾਂਝ ਦੇ ਸੂਤਰ ਨਹੀਂ ਬਣਦੇ। ਰਾਸ਼ਟਰ ਦੇ ਨਾਂ ਉੱਤੇ ਅੰਧਰਾਸ਼ਟਰਵਾਦ ਰਾਹੀਂ ਠੋਸੀ ਜਾ ਰਹੀ ਸੰਪਰਦਾਇਕਤਾ ਅਤੇ ਮਨੁੱਖੀ ਅਧਕਾਰਾਂ ਦੀ ਉਲੰਘਣਾ ਦਾ ਵਿਰੋਧ ਕਰਨਾ ਜ਼ਰੂਰੀ ਹੈ।" ਇਹ ਸ਼ਬਦ ਇੱਥੇ ਪੰਜਾਬ ਕਲਾ ਭਵਨ, ਸੈਕਟਰ 16 ਦੇ ਡਾ. ਰਵਿੰਦਰ ਰਵੀ ਨਗਰ ਵਿਚ ਸ਼ੁਰੂ ਹੋਈ ਦੂਜੀ ਆਲਮੀ ਪੰਜਾਬੀ ਕਾਨਫ਼ਰੰਸ ਦੇ ਉਦਘਾਟਨੀ ਸਮਾਗਮ ਵਿਚ 'ਰਾਸ਼ਟਰ, ਸੰਪ੍ਰਦਾਇਕਤਾ ਅਤੇ ਮਨੁੱਖੀ ਅਧਿਕਾਰ' ਵਿਸ਼ੇ ਉੱਤੇ ਕੁੰਜੀਵਤ ਭਾਸ਼ਣ ਦਿੰਦਿਆਂ ਦਿੱਲੀ ਯੂਨੀਵਰਸਿਟੀ ਦੇ ਪ੍ਰੋ. ਅਪੂਰਵਾ ਨੰਦ ਨੇ ਕਹੇ।

ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਪੰਜਾਬ ਕਲਾ ਪਰਿਸ਼ਦ, ਪੰਜਾਬੀ ਅਕਾਦਮੀ ਦਿੱਲੀ, ਪੰਜਾਬ ਸੰਗੀਤ ਨਾਟਕ ਅਕਾਦਮੀ ਅਤੇ ਐਸੋਸੀਏਸ਼ਨ ਆਫ਼ ਕਨੇਡੀਅਨ ਵੂਮੈਨ (ਦਿਸ਼ਾ) ਦੇ ਸਹਿਯੋਗ ਨਾਲ ਕਰਵਾਈ ਗਈ ਦੂਜੀ ਆਲਮੀ ਪੰਜਾਬੀ ਕਾਨਫ਼ਰੰਸ ਦੇ ਆਰੰਭਕ ਇਜਲਾਸ ਦੀ ਪ੍ਰਧਾਨਗੀ ਪ੍ਰੋ. ਹਰੀਸ਼ ਪੁਰੀ ਨੇ ਕੀਤੀ।

ਸੁਆਗਤੀ ਕਮੇਟੀ ਦੇ ਚੇਅਰਮੈਨ ਸੀਨੀਅਰ ਐਡਵੋਕੇਟ ਰਜਿੰਦਰ ਸਿੰਘ ਚੀਮਾ ਨੇ ਲੇਖਕਾਂ, ਚਿੰਤਕਾਂ ਤੇ ਸ਼ਾਇਰਾਂ ਦੇ ਇਸ ਸੰਵੇਦਨਾ ਸੰਵਾਦ ਨੂੰ ਜੀ ਆਇਆਂ ਆਖਿਆ।

ਡਾ. ਸਰਬਜੀਤ ਸਿੰਘ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ ਨੇ ਅਜੋਕੇ ਸਮੇਂ ਵਿਚ ਇਸ ਕਾਨਫ਼ਰੰਸ ਦੀ ਵੱਡੀ ਮਹੱਤਤਾ ਉੱਤੇ ਜ਼ੋਰ ਦਿੱਤਾ। ਪੰਜਾਬੀ ਅਕਾਡਮੀ ਦੇ ਸਕੱਤਰ ਗੁਰਭੇਜ ਸਿੰਘ ਗੁਰਾਇਆ ਨੇ ਕਾਨਫ਼ਰੰਸ ਨੂੰ ਆਪਣਾ ਸਮਰਥਨ ਅਤੇ ਸ਼ੁਭ ਇੱਛਾਵਾਂ ਦਿੱਤੀਆਂ। ਪੁਲਵਾਮਾ ਵਿਚ ਦਹਿਸ਼ਤਗਰਦਾਂ ਵੱਲੋਂ ਹਮਲੇ ਵਿਚ ਮਾਰੇ ਗਏ 40 ਤੋਂ ਵੱਧ ਸੁਰੱਖਿਆ ਕਰਮੀਆਂ ਨੂੰ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ।

ਪੰਜਾਬ ਕਲਾ ਪਰਿਸ਼ਦ ਦੇ ਪ੍ਰਧਾਨ ਡਾ. ਸੁਰਜੀਤ ਪਾਤਰ, ਦੇਵ ਸਮਾਜ ਸੋਸਾਇਟੀ ਦੇ ਸਕੱਤਰ ਨਿਰਮਲ ਸਿੰਘ ਢਿੱਲੋਂ, ਸਵਰਨ ਸਿੰਘ ਵਿਰਕ, ਡਾ. ਜੋਗਾ ਸਿੰਘ, ਡਾ. ਸੁਖਦੇਵ ਸਿੰਘ ਸਿਰਸਾ, ਐਚ.ਐਸ. ਹੰਸਪਾਲ ਅਤੇ ਸੁਸ਼ੀਲ ਦੁਸਾਂਝ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਮੰਚ ਸੰਚਾਲਨ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਸੁਸ਼ੀਲ ਦੁਸਾਂਝ ਨੇ ਕੀਤਾ। ਇਸ ਮੌਕੇ ਸਭਾ ਵੱਲੋਂ ਇੱਕ ਸੋਵੀਨਾਰ ਵੀ ਜਾਰੀ ਕੀਤਾ ਗਿਆ।

## ਪੰਜਾਬ ਦੀ ਆਰਥਿਕਤਾ ਅਤੇ ਸੇਵਾ ਖੇਤਰ

ਆਲਮੀ ਪੰਜਾਬੀ ਕਾਨਫ਼ਰੰਸ ਦਾ ਦੂਜਾ ਇਜਲਾਸ ਅਰਥ ਸ਼ਾਸਤਰੀ ਡਾ. ਸੁੱਚਾ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਪੰਜਾਬ ਦੀ ਆਰਥਿਕਤਾ ਅਤੇ ਸੇਵਾ ਖੇਤਰ ਦੇ ਵਿਸ਼ੇ 'ਤੇ ਹੋਇਆ। ਪੰਜਾਬ ਦੀ ਆਰਥਿਕਤਾ ਅਤੇ ਪੰਜਾਬੀ ਮਨੁੱਖ ਬਾਰੇ ਮੁੱਖ ਪਰਚਾ ਪੇਸ਼ ਕਰਦਿਆਂ ਡਾ. ਸੁਖਪਾਲ ਸਿੰਘ ਨੇ ਕਿਹਾ ਕਿ ਹਰੇ ਇਨਕਲਾਬ ਨਾਲ ਪੈਦਾਵਾਰ ਵਧੀ, ਪਰ ਪੰਜਾਬ ਦੀ ਖੇਤੀ ਹੁਣ ਵਿਸ਼ਵੀਕਰਨ ਦੇ ਦੌਰ ਵਿਚ ਗੰਭੀਰ ਸੰਕਟ ਦਾ ਸ਼ਿਕਾਰ ਹੈ। ਕਿਸਾਨੀ ਖ਼ੁਦਕਸ਼ੀਆਂ ਦੇ ਰਾਹ ਪੈ ਗਈ ਹੈ। ਉਦਯੋਗਿਕ ਖੇਤਰ ਦਾ ਬਹੁਤ ਬੁਰਾ ਹਾਲ ਹੈ। ਗੁਆਂਢੀ ਰਾਜਾਂ ਵਿਚ ਰਿਆਇਤਾਂ ਕਾਰਨ ਉਦਯੋਗ ਉੱਧਰ ਜਾ ਰਿਹਾ ਹੈ। ਅਜਿਹੀ ਸਥਿਤੀ ਵਿਚ ਜਦੋਂ ਰੁਜ਼ਗਾਰ ਦੇ ਮੌਕੇ ਘਟਦੇ ਜਾ ਰਹੇ ਹਨ, ਜਵਾਨੀ ਬਾਹਰ ਜਾ ਰਹੀ ਹੈ ਅਤੇ ਨਸ਼ਿਆਂ ਦਾ ਸ਼ਿਕਾਰ ਬਣ ਰਹੀ ਹੈ, ਤਾਂ ਬਦਲਵੀਂ ਆਰਥਿਕ ਨੀਤੀ ਦੀ ਜ਼ਰੂਰਤ ਹੈ।

'ਪੰਜਾਬ ਵਿਚ ਸਿੱਖਿਆ ਸੇਵਾਵਾਂ ਅਤੇ ਵਿਕਾਸ' ਵਿਸ਼ੇ ਬਾਰੇ ਭਾਸ਼ਣ ਦਿੰਦਿਆਂ ਪ੍ਰਸਿੱਧ ਸਿੱਖਿਆ ਸ਼ਾਸਤਰੀ ਤਰਸੇਮ ਬਾਹੀਆ ਨੇ ਪੰਜਾਬ ਵਿਚ ਸਿੱਖਿਆ ਵੱਲ ਵਰਤੀ ਜਾ ਰਹੀ ਅਣਗਹਿਲੀ ਨੂੰ ਕਰੜੇ ਹੱਥੀਂ ਲਿਆ। ਉਨ੍ਹਾਂ ਕਿਹਾ ਕਿ ਵਧੀਆ ਨਰੋਈ ਸੁਚੱਜੀ ਸਿੱਖਿਆ ਅਤੇ ਸਿੱਖਿਆ ਪ੍ਰਣਾਲੀ ਤੋਂ ਬਿਨਾਂ ਪੰਜਾਬ ਤਰੱਕੀ ਨਹੀਂ ਕਰ ਸਕਦਾ। ਸਿੱਖਿਆ ਦਾ ਵਪਾਰੀਕਰਨ ਹੋ ਰਿਹਾ ਹੈ, ਸਿਹਤ ਸਹੂਲਤਾਂ ਵੀ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਰਹੀਆਂ ਹਨ। ਪ੍ਰਧਾਨਗੀ ਮੰਡਲ ਵਿਚ ਡਾ. ਲਖਵਿੰਦਰ ਜੌਹਲ, ਡਾ. ਇਕਬਾਲ ਸਿੰਘ, ਡਾ. ਤੇਜਵੰਤ ਗਿੱਲ, ਡਾ. ਸੁਰਜੀਤ ਬਰਾੜ, ਮੱਖਣ ਕੁਹਾੜ, ਰਣਜੀਤ ਘੁੰਮਣ ਵੀ ਸ਼ਾਮਲ ਸਨ। ਡਾ. ਸੁਖਦੇਵ ਸਿੰਘ ਸਿਰਸਾ ਨੇ ਮੰਚ ਸੰਚਾਲਨ ਕੀਤਾ। ਡਾ. ਸੁਖਦੇਵ ਸਿੰਘ ਸਿਰਸਾ ਨੇ ਇਨ੍ਹਾਂ ਮਹੱਤਵਪੂਰਨ ਵਿਸ਼ਿਆਂ ਉੱਤੇ ਆਪਣੇ ਵਿਚਾਰ ਪੇਸ਼ ਕਰਦਿਆਂ ਲੇਖਕਾਂ ਨੂੰ ਗੰਭੀਰ ਜ਼ਿੰਮੇਵਾਰੀਆਂ ਨਿਭਾਉਣ ਦਾ ਸੱਦਾ ਦਿੱਤਾ। ਇਸ ਮੌਕੇ ਸੂਫੀ ਗਾਇਕ ਗੁਰਪ੍ਰੀਤ ਵਾਰਿਸ ਨੇ ਵੀ ਆਪਣੀ ਗਾਇਕੀ ਨਾਲ ਪੰਜਾਬੀ ਸਰੋਤਿਆਂ ਦਾ ਮਨ ਮੋਹ ਲਿਆ।

# 'ਆਲਮੀ ਪੰਜਾਬੀ ਕਾਨਫਰੰਸ' ਪੰਜਾਬੀਆਂ ਲਈ ਸਵੈ ਪੜਚੋਲ ਦਾ ਮੰਚ : ਤਨਮਨਜੀਤ ਢੇਸੀ

☛ ਸੱਭਿਆਚਾਰ ਦੀ ਰਾਖੀ ਲਈ ਲੜਨਾ ਪੈਣੈ: ਡਾ. ਸੁਖਦੇਵ ਸਿੰਘ ਸਿਰਸਾ ☛ ਆਪਣੇ ਬੱਚਿਆਂ ਨੂੰ ਪੰਜਾਬੀ ਸਭਿਆਚਾਰ ਨਾਲ ਜੋੜਨਾ ਲਾਜ਼ਮੀ : ਪ੍ਰਿੰਸੀਪਲ ਸਰਵਣ ਸਿੰਘ

ਚੰਡੀਗੜ੍ਹ, (ਨਦਬ) : "ਇਹ ਆਲਮੀ ਪੰਜਾਬੀ ਕਾਨਫਰੰਸ ਪੰਜਾਬੀਆਂ ਨੂੰ ਸਵੈ ਪੜਚੋਲ ਦਾ ਅਜਿਹਾ ਮੰਚ ਪ੍ਰਦਾਨ ਕਰਦੀ ਹੈ, ਜਿੱਥੇ ਅਸੀਂ ਸਮੂਹ ਪੰਜਾਬੀ, ਚਾਹੇ ਉਹ ਦੁਨੀਆ ਦੇ ਕਿਸੇ ਕੋਨੇ ਵਿਚ ਵਸਦੇ ਹੋਣ, ਇਕ ਥਾਂ ਇਕੱਤਰ ਹੋ ਕੇ ਪੰਜਾਬੀ ਭਾਈਚਾਰੇ ਦੀਆਂ ਚੁਣੌਤੀਆਂ, ਸਮੱਸਿਆਵਾਂ ਤੇ ਉਨ੍ਹਾਂ ਦੇ ਵਿਸਥਾਰ ਨੂੰ ਲੈ ਕੇ ਚਰਚਾਵਾਂ ਕਰਨ ਦਾ ਮੌਕਾ ਮਿਲਦਾ ਹੈ।" ਇਹ ਵਿਚਾਰ ਦੂਜੀ ਆਲਮੀ ਪੰਜਾਬੀ ਕਾਨਫਰੰਸ ਦੇ ਮੰਚ ਉਤੋਂ ਯੂ.ਕੇ. ਤੋਂ ਪੰਜਾਬੀ ਐਮ.ਪੀ. ਤਨਮਨਜੀਤ ਸਿੰਘ ਢੇਸੀ ਨੇ ਪ੍ਰਗਟ ਕੀਤੇ। ਤਨਮਨਜੀਤ ਢੇਸੀ ਨੇ ਪੰਜਾਬ ਕਲਾ ਭਵਨ ਚੰਡੀਗੜ੍ਹ ਵਿਖੇ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਅਸੀਂ ਦੁਨੀਆ ਵਿਚ ਕਿਤੇ ਵੀ ਵਸ ਜਾਈਏ, ਪਰ ਅੱਜ ਸਾਨੂੰ ਆਪਣਾ ਸਭਿਆਚਾਰ, ਆਪਣੀ ਭਾਸ਼ਾ ਤੇ ਆਪਣੀ ਹੋਂਦ ਨੂੰ ਸਹੀ ਦਿਸ਼ਾ ਵਿਚ ਕਾਇਮ ਰੱਖਣ ਲਈ ਆਪਣੀਆਂ ਨਵੀਆਂ ਪੀੜੀਆਂ ਨੂੰ ਨਾਲ ਜੋੜ ਕੇ ਰੱਖਣਾ ਹੋਵੇਗਾ।

"ਬਹੁਵੰਨੇ, ਰੰਗਾਰੰਗ, ਜਮਹੂਰੀਅਤ, ਅਸਹਿਮਤੀ ਵਾਲੇ, ਤਰਕ ਪ੍ਰਧਾਨ ਸਮਾਜ ਅਤੇ ਸਭਿਆਚਾਰ ਦੀ ਰਾਖੀ ਲਈ ਪੰਜਾਬੀਆਂ ਨੂੰ ਲੜਨਾ ਪੈਣਾ ਹੈ। ਵਿਵੇਕ, ਤਰਕ, ਅਸਹਿਮਤੀ ਨਾਲ ਲੈ ਕੇ ਚੱਲਣ ਦਾ ਸਲੀਕਾ ਅਪਣਾਉਣ 'ਤੇ ਜ਼ੋਰ ਦੇਣਾ ਹੈ। ਲੇਖਕਾਂ ਸਾਹਮਣੇ ਇਹ ਬਹੁਤ ਵੱਡਾ ਕੰਮ ਹੈ।" ਡਾ. ਸੁਖਦੇਵ ਸਿੰਘ ਸਿਰਸਾ, ਸਾਬਕਾ ਪ੍ਰਧਾਨ ਪੰਜਾਬੀ ਸਾਹਿਤ ਅਕਾਡਮੀ ਅਤੇ ਪੰਜਾਬ ਯੂਨੀਵਰਸਿਟੀ ਦੀ ਬਾਬਾ ਫ਼ਰੀਦ ਚੇਅਰ ਦੇ ਮੁਖੀ, ਨੇ ਉਪਰੋਕਤ ਸ਼ਬਦ ਇੱਥੇ ਆਲਮੀ ਪੰਜਾਬੀ ਕਾਨ.ਫ਼ਰੰਸ ਦੇ ਦੂਜੇ ਦਿਨ ਆਖੇ, ਜਦੋਂ ਉਹ 'ਆਲਮੀ ਪੰਜਾਬੀ ਭਾਈਚਾਰਾ: ਹੁਣ ਅਤੇ ਭਵਿੱਖ' ਦੇ ਅਨੁਵਾਨ ਅਧੀਨ ਡਾ. ਸਾਧੂ ਸਿੰਘ ਕਨੇਡਾ ਦੀ ਪ੍ਰਧਾਨਗੀ ਹੇਠ ਚੱਲ ਰਹੇ ਇਜਲਾਸ ਵਿਚ 'ਪੰਜਾਬੀ ਪਛਾਣ: ਕੌਮੀ ਤੇ ਆਲਮੀ ਪ੍ਰਸੰਗ' ਵਿਸ਼ੇ ਉੱਤੇ ਆਪਣਾ ਕੁੰਜੀਵਤ ਭਾਸ਼ਣ ਪੇਸ਼ ਕਰ ਰਹੇ ਸਨ।

ਉਨ੍ਹਾਂ ਕਿਹਾ ਕਿ ਪੰਜਾਬੀ ਭਾਈਚਾਰੇ ਦਾ ਮੌਜੂਦਾ ਸੰਕਟ ਗੰਭੀਰ ਵੀ ਹੈ, ਘਾਤਕ ਵੀ ਅਤੇ ਏਨਾ ਤਿਲਕਵਾਂ ਕਿ ਇਸ ਦੇ ਪਾਸਾਰਾਂ ਦੀ ਸਮਝ ਵੀ ਨਹੀਂ ਆ ਰਹੀ। ਉਨ੍ਹਾਂ ਕਿਹਾ ਕਿ ਪੰਜਾਬੀ ਭਾਈਚਾਰਾ ਨਵੀਂ ਕਿਸਮ ਦੇ ਬਣਵਾਸ ਲਈ ਮਜਬੂਰ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਹਰ ਖਿੱਤੇ ਵਿਚ ਵਸਦੇ ਪੰਜਾਬੀਆਂ ਦੀ ਹੋਣੀ ਉੱਥੋਂ ਦੇ ਲੋਕਾਂ ਤੋਂ ਵੱਖਰੀ ਨਹੀਂ ਹੋ ਸਕਦੀ। ਉਨ੍ਹਾਂ ਕਿਹਾ ਕਿ ਪੰਜਾਬੀਆਂ ਨੇ ਕਾਰਪੋਰੇਟ ਪੂੰਜੀ ਦੀ ਲੁੱਟ ਵਿਰੁੱਧ ਵੀ ਲੜਨਾ ਹੈ ਅਤੇ ਆਪਣੇ ਭਾਈਚਾਰੇ ਵਿਚ ਪ੍ਰਚੱਲਤ ਜਾਤ, ਨਸਲ ਤੇ ਧਾਰਮਕ ਵਿਤਕਰਿਆਂ ਵਿਰੁੱਧ ਵੀ।

ਅਜਲਾਸ ਦੇ ਪ੍ਰਧਾਨ ਡਾ. ਸਾਧੂ ਸਿੰਘ ਨੇ ਕਿਹਾ ਕਿ ਗੁਰੂਆਂ ਪੀਰਾਂ ਦੀ ਸਿੱਖਿਆ ਦੇ ਉਲਟ ਅਜੇ ਵੀ ਸਾਡੇ ਸਮਾਜ ਵਿਚ ਇੱਥੇ ਵੀ ਤੇ ਵਿਦੇਸ਼ਾਂ ਵਿਚ ਵੀ ਜਾਤ ਪਾਤ ਦਾ ਕੋਹੜ 90 ਪ੍ਰਤੀਸ਼ਤ ਲੋਕਾਂ ਵਿਚ ਵਸਿਆ ਹੋਇਆ ਹੈ। ਉਨ੍ਹਾਂ ਉਸ ਸਮੇਂ ਦਾ ਸੁਪਨਾ ਲਿਆ, ਜਿਸ ਸਮੇਂ ਕਿਸੇ ਫਾਰਮ ਵਿਚ ਜਾਤ ਜਾਂ ਧਰਮ ਨਹੀਂ ਪੁੱਛਿਆ ਜਾਵੇਗਾ। ਉਨ੍ਹਾਂ ਨੇ ਵਿਚਾਰਾਂ ਦੇ ਪ੍ਰਗਟਾਵੇ ਦੀ ਅਜ਼ਾਦੀ ਦੇ ਹੱਕ ਉਤੇ ਜ਼ੋਰ ਦਿੱਤਾ। ਪ੍ਰਿੰਸੀਪਲ ਸਰਵਣ ਸਿੰਘ ਨੇ ਬਾਬਾ ਫਰੀਦ ਦੀ ਮਿਸਾਲ ਦੇ ਕੇ ਕਿ ਉਹ ਅਫਗਾਨਿਸਤਾਨ ਤੋਂ ਆਏ ਪਰਿਵਾਰ ਵਿਚੋਂ ਸੀ, ਪਰ ਉਸ ਨੇ ਇੱਥੇ ਦੀ ਸਥਾਨਕ ਭਾਸ਼ਾ ਵਿਚ ਲਿਖਿਆ, ਕਿਹਾ ਕਿ ਜਿਹੜੇ ਲੋਕ ਵਿਦੇਸ਼ ਚਲੇ ਗਏ ਹਨ, ਉਨ੍ਹਾਂ ਦਾ ਉਥੋਂ ਦੇ ਸਭਿਆਚਾਰ ਵਿਚ ਰਚਣਾ ਮਿਚਣਾ ਜ਼ਰੂਰੀ ਹੈ, ਪਰ ਇਸ ਸਭ ਦੇ ਬਾਵਜੂਦ ਸਾਨੂੰ ਆਪਣੇ ਬੱਚਿਆਂ ਨੂੰ ਪੰਜਾਬੀ ਸਭਿਆਚਾਰ ਨਾਲ ਜੋੜਨ ਦੇ ਯਤਨ ਜ਼ਰੂਰ ਕਰਨੇ ਚਾਹੀਦੇ ਹਨ।

ਇਸ ਅਜਲਾਸ ਨੂੰ ਸਰਵਣ ਜਫਰ (ਇੰਗਲੈਂਡ), ਜਸਵਿੰਦਰ ਤੇ ਜਰਨੈਲ ਸਿੰਘ ਕਹਾਣੀਕਾਰ (ਕੈਨੇਡਾ), ਸੁਰਿੰਦਰ ਮੀਤ (ਇੰਗਲੈਂਡ), ਪੰਜਾਬੀ ਸਾਹਿਤ ਅਕਾਦਮੀ ਦੇ ਸੀਨੀਅਰ ਮੀਤ ਪ੍ਰਧਾਨ ਸੁਰਿੰਦਰ ਕੈਲੇ, ਸ਼੍ਰੋਮਣੀ ਕਵੀ ਦਰਸ਼ਨ ਬੁੱਟਰ ਨੇ ਵੀ ਸੰਬੋਧਨ ਕੀਤਾ। ਮੰਚ ਸੰਚਾਲਨ ਡਾ. ਕਰਮਜੀਤ ਸਿੰਘ ਨੇ ਕੀਤਾ।

ਸਰੋਤਿਆਂ ਦੇ ਸਵਾਲਾਂ ਦੇ ਜਵਾਬ ਵੀ ਉਪਰੋਕਤ ਵਿਦਵਾਨਾਂ ਨੇ ਦਿੱਤੇ। ਇਸ ਅਜਲਾਸ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਪੰਜਾਬੀ ਸਾਹਿਤ ਲਈ ਤਾ-ਉਮਰ ਘਾਲਣਾ ਕਰਨ ਵਾਲੇ ਲੇਖਕਾਂ ਸਰਵਸ੍ਰੀ ਮੋਹਨ ਭੰਡਾਰੀ, ਸਿਰੀ ਰਾਮ ਅਰਸ਼, ਸ਼ਿਵ ਨਾਥ, ਤਾਰਨ ਗੁਜਰਾਲ, ਸਰਵਣ ਜ਼ਫ਼ਰ, ਗੁਰਚਰਨ ਬੋਪਾਰਾਏ ਅਤੇ ਸਵਰਨ ਸਿੰਘ ਨੂੰ ਲੋਈ ਅਤੇ ਮਾਣ-ਪੱਤਰ ਦੇ ਕੇ ਸਨਮਾਨਿਆ ਗਿਆ।

ਅਗਲਾ ਸ਼ਾਮ ਦਾ ਸੈਸ਼ਨ 'ਪਿੱਤਰੀ ਸੱਤਾ ਅਤੇ ਨਾਰੀ ਪਛਾਣ ਦਾ ਸੱਚ' ਵਿਸ਼ੇ ਨੂੰ ਸਮਰਪਿਤ ਸੀ। ਇਸ ਦੇ ਪਹਿਲੇ ਹਿੱਸੇ ਦੀ ਪ੍ਰਧਾਨਗੀ ਜਯਾ ਸ਼ੰਕਰਤਾਇਨ ਨੇ ਕੀਤੀ। ਪ੍ਰਧਾਨਗੀ ਮੰਡਲ ਵਿਚ ਅਮੀਆ ਕੁੰਵਰ, ਪ੍ਰਿੰ. ਗੁਰਦੇਵ ਕੌਰ ਪਾਲ, ਭੁਪਿੰਦਰ ਕੌਰ ਪ੍ਰੀਤ, ਅਰਤਿੰਦਰ ਸੰਧੂ ਸ਼ਾਮਲ ਸਨ। ਮੁੱਖ ਭਾਸ਼ਣ ਇੰਦਰਾ ਜੈ ਸਿੰਘ, ਸੀਨੀਅਰ ਐਡਵੋਕੇਟ ਸੁਪਰੀਮ ਕੋਰਟ ਨੇ ਦਿੱਤਾ। ਇਸ ਦਾ ਵਿਸ਼ਾ ਸੀ 'ਭਾਰਤੀ ਔਰਤ ਚੁਣੌਤੀਆਂ ਤੇ ਸੰਗਰਾਮ।' ਦੂਜਾ ਪਰਚਾ ਡਾ. ਬਲਵਿੰਦਰ ਕੌਰ ਅਰੋੜਾ ਨੇ 'ਪੰਜਾਬੀ ਔਰਤ, ਹੁਣ ਅਤੇ ਭਵਿੱਖ' ਵਿਸ਼ੇ 'ਤੇ ਪੇਸ਼ ਕੀਤਾ। ਮੰਚ ਸੰਚਾਲਨ ਕਮਲ ਦੁਸਾਂਝ ਨੇ ਬਾਖ਼ੂਬੀ ਕੀਤਾ।

'ਸੁਪਨੇ ਅਤੇ ਹਕੀਕਤਾਂ' ਵਿਸ਼ੇ ਤਹਿਤ ਪੈਨਲ ਵਿਚਾਰ ਚਰਚਾ ਅਗਨੀਸ਼ ਕੌਰ ਢਿੱਲੋਂ ਦੀ ਪ੍ਰਧਾਨਗੀ ਹੇਠ ਡਾ. ਕੰਵਲਜੀਤ ਕੌਰ ਢਿੱਲੋਂ ਨੇ ਕਰਵਾਈ। ਪ੍ਰਧਾਨਗੀ ਮੰਡਲ ਵਿਚ ਤਾਰਨ ਗੁਜਰਾਲ, ਮਨਜੀਤ ਕੰਗ, ਕਮਲ ਨੱਤ, ਡਾ. ਜੋਤੀ ਸੇਠ, ਮਨਜੀਤ ਕੌਰ ਗਿੱਲ ਅਤੇ ਗੁਰਮਿੰਦਰ ਸਿੱਧੂ ਸ਼ਾਮਲ ਸਨ। ਮੁੱਖ ਮਹਿਮਾਨ ਡੌਲੀ ਗੁਲੇਰੀਆ ਅਤੇ ਵਿਸ਼ੇਸ਼ ਮਹਿਮਾਨ ਸਨ ਡਾ. ਅਮੀਰ ਸੁਲਤਾਨਾ।

ਇਸ ਉਪਰੰਤ ਕੇਵਲ ਧਾਲੀਵਾਲ ਦੀ ਨਿਰਦੇਸ਼ਨਾ ਹੇਠ ਤਿਆਰ ਨਾਟਕ 'ਪੁਲ-ਸਿਰਾਤ' ਪੇਸ਼ ਕੀਤਾ ਗਿਆ। ਇਸ ਨਾਟਕ ਦੇ ਲੇਖਕ ਡਾ. ਸਵਰਾਜਬੀਰ ਹਨ। ਇਸ ਦੀ ਪ੍ਰਧਾਨਗੀ ਥੀਏਟਰ ਕਲਾਕਾਰ ਜਸਵੰਤ ਦਮਨ ਤੇ ਗੁਰਚਰਨ ਚੰਨੀ ਨੇ ਕੀਤੀ।


PAKISTANI & EAST AFRICAN MENU

BEEF RIB, MOGO, MISHKAKI, CHOPS, CHAPPALI KABAB, SEEKH KABAB

Shafi Tandoori Grill

Party Hall Available

Catering in Town or Out of Town

Tuesday Closed

ASK For

780 462 3556

3444-93 Street, NW, Edmonton AB T6E 6A4, Fax : 780 462 3575, Toll Free : 1 866 362 3556

## ਦੂਜੀ ਤਿੰਨ-ਰੋਜ਼ਾ ਆਲਮੀ ਪੰਜਾਬੀ ਕਾਨਫ਼ਰੰਸ

# ਅੱਜ ਬਦਲਵੀਂ ਰਾਜਨੀਤੀ ਭਾਰਤ ਦੀ ਮੁੱਖ ਜ਼ਰੂਰਤ : ਕਨ੍ਹਈਆ ਕੁਮਾਰ


ਕਨ੍ਹਈਆ ਕੁਮਾਰ


ਸੀਨੀਅਰ ਐਡਵੋਕੇਟ ਇੰਦਰਾ ਜੈ ਸਿੰਘ


ਐਡਵੋਕੇਟ ਦੀਪਿਕਾ ਰਾਜਵੰਤ


ਜੇ.ਐਨ.ਯੂ. ਸਟੂਡੈਂਟ ਯੂਨੀਅਨ ਪ੍ਰਧਾਨ ਐਨ. ਸਾਈਂ ਬਾਲਾ

ਚੰਡੀਗੜ੍ਹ, (ਨਦਬ) : ਕਾਰਪੋਰੇਟੀ ਲੁੱਟ ਅਤੇ ਸੱਤਾ ਦੇ ਦਮਨ ਦੇ ਖਿਲਾਫ ਸੜਕਾਂ ਚੁਰੱਸਤਿਆਂ ’ਤੇ ਗੀਤ ਕਵਿਤਾਵਾਂ ਲੈ ਕੇ ਲੋਕਾਂ ਕੋਲ ਜਾਣ, ਜਗਾਣ ਅਤੇ ਕਲਮਕਾਰਾਂ ਦਾ ਵਿਸ਼ਾਲ ਮੋਰਚਾ ਬਣਾ ਕੇ ਲਹਿਰ ਉਸਾਰਨ ਦੇ ਸੱਦੇ ਨਾਲ ਇੱਥੇ ਕਲਾ ਭਵਨ ਵਿਚ ਤਿੰਨ ਰੋਜ਼ਾ ਆਲਮੀ ਪੰਜਾਬੀ ਕਾਨਫਰੰਸ ਨੇਪਰੇ ਚੜ੍ਹ ਗਈ।

ਕਾਨਫਰੰਸ ਦੇ ਆਖਰੀ ਅਜਲਾਸ ਵਿਚ ਜੇ.ਐਨ.ਯੂ. ਦੇ ਵਿਦਿਆਰਥੀ ਯੂਨੀਅਨ ਦੇ ਸਾਬਕਾ ਪ੍ਰਧਾਨ ਕਨ੍ਹਈਆ ਕੁਮਾਰ ਨੇ ਸਵਾ ਘੰਟੇ ਦੇ ਭਾਸ਼ਣ, ਜਿਸ ਨੂੰ ਸੁਣਨ ਲਈ ਖਚਾ ਖਚ ਭਰੇ ਹਾਲ ਵਿਚ ਸਰੋਤੇ ਭੁੰਜੇ ਵੀ ਬੈਠੇ ਹੋਏ ਸਨ, ਵਿਚ ਸੱਤਾ ਦੀ ਤਬਦੀਲੀ ਦਾ ਹੋਕਾ ਦਿੱਤਾ। ਉਹ ‘ਬਦਲਵੀਂ ਸਿਆਸਤ ਦੀ ਤਲਾਸ਼’ ਵਿਸ਼ੇ ’ਤੇ ਕੁੰਜੀਵਤ ਵਿਚਾਰ ਪੇਸ਼ ਕਰ ਰਹੇ ਸਨ।





ਪੁਲਵਾਮਾ ਦੇ ਸ਼ਹੀਦ ਫ਼ੌਜੀਆਂ ਨੂੰ ਸ਼ਰਧਾਂਜਲੀ ਤੋਂ ਸ਼ੁਰੂ ਕਰਕੇ ਕਨ੍ਹਈਆ ਨੇ ਕੀਲ ਕੇ ਰੱਖ ਦੇਣ ਵਾਲੇ ਭਾਸ਼ਣ ਵਿਚ ਕਿਹਾ ਕਿ ਅਸੀਂ ‘ਰਾਜਨੀਤਕ ਬਦਲ’ ਦੀ ਗੱਲ ਨਹੀਂ ਕਰਦੇ ਸਗੋਂ ‘ਬਦਲਵੀਂ ਰਾਜਨੀਤੀ’ ਦੀ ਗੱਲ ਕਰਦੇ ਹਾਂ। ਉਨ੍ਹਾਂ ਨੇ ਉਦਯੋਗਿਕ ਇਨਕਲਾਬ ਨਾਲ ਆਈਆਂ ਤਬਦੀਲੀਆਂ ਮਗਰੋਂ ਅੱਜ ਹਾਈਟੈਕ ਯੁੱਗ ਵਿਚ ਬਿਲਕੁਲ ਬਦਲ ਗਈ ਹਾਲਤ ਮੁਤਾਬਕ ਨਵੀਂ ਰਣਨੀਤੀ ਨਵੀਂ ਵਿਚਾਰਧਾਰਾ ਦੀ ਗੱਲ ਕੀਤੀ। ਭਾਵੇਂ ਦੇਸ਼ ਦੇ ਸੰਵਿਧਾਨ ਦੇ ਮੂਲ ਮੁੱਲਾਂ ਨੂੰ ਤੋੜਨ, ਸੰਵਿਧਾਨਕ ਸੰਸਥਾਵਾਂ ਨੂੰ ਭਗਵਾਂ ਕਰਨ, ਘੱਣਗਿਣਤੀਆਂ, ਦਲਿਤਾਂ, ਆਦਿਵਾਸੀਆਂ ਅਤੇ ਔਰਤਾਂ ਉਤੇ ਹਮਲੇ ਅਤੇ ਅਵਾਜ਼ ਨੂੰ ਚੁੱਪ ਕਰਾਉਣ ਦੀ ਫਾਸ਼ੀ ਨੀਤੀ ਨੇ ਮਾਹੌਲ ਖਤਰਨਾਕ ਬਣਾ ਦਿੱਤਾ ਹੈ, ਪਰ ਫਿਰ ਵੀ ਨਿਰਾਸ਼ ਨਾ ਹੋਣ ਦਾ ਕਨ੍ਹਈਆ ਕੁਮਾਰ ਨੇ ਐਲਾਨ ਕੀਤਾ।

ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਅਕਲ ਦੇ ਕੇਂਦਰਾਂ ਉਤੇ ਯੂਨੀਵਰਸਿਟੀ ਉਤੇ ਹਮਲੇ ਕਰ ਰਹੀ ਹੈ, ਜਿਸ ਵਿਰੁੱਧ ਦੇਸ਼ ਦੀਆਂ ਵਿਦਿਆਰਥੀ ਯੂਨੀਅਨਾਂ ਨੇ ਦੇਸ਼ ਭਰ ਵਿਚ ਸਾਂਝੀ ਜਮਹੂਰੀ ਮੁਹਿੰਮ ਦਾ ਫੈਸਲਾ ਕੀਤਾ ਹੈ।

ਕਨ੍ਹਈਆ ਕੁਮਾਰ ਨੇ ਕਿਹਾ ਕਿ ਜਦੋਂ ਪੂੰਜੀ ਨੇ ਦੇਖਿਆ ਕਿ ਮਨਮੋਹਨ ਸਿੰਘ, ਜਿਸ ਨੇ ਨਵ ਉਦਾਰਵਾਦ ਸ਼ੁਰੂ ਕੀਤਾ ਸੀ, ਉਨ੍ਹਾਂ ਨੂੰ ਫਾਇਦਾ ਨਹੀਂ ਦੇ ਰਿਹਾ ਤਾਂ ਮੋਦੀ ਨੂੰ ਲਿਆਉਣ ਲਈ ਫੰਡਾਂ ਦੀ ਝੜੀ ਲਾ ਦਿੱਤੀ ਅਤੇ ਮੀਡੀਆ ਨੂੰ ਪ੍ਰਚਾਰ ’ਤੇ ਲਾ ਦਿੱਤਾ, ਜਿਸਦੀ ਆਮਦ ਨੇ ਦੇਸ਼ ਦੇ ਸੰਵਿਧਾਨਕ ਢਾਂਚੇ ਅਤੇ ਧਰਮ ਨਿਰਪੱਖ ਤਾਣੇ ਬਾਣੇ ਨੂੰ ਤਬਾਹ ਕਰਨ ਦਾ ਰਸਤਾ ਚੁਣਿਆ ਹੋਇਆ ਹੈ। ਜਿਨ੍ਹਾਂ ਅਜ਼ਾਦੀ ਸੰਗਰਾਮ ਵਿਚ ਕੁਰਬਾਨੀਆਂ ਕੀਤੀਆਂ, ਉਨ੍ਹਾਂ ਨੂੰ ਦੇਸ਼ ਧ੍ਰੋਹੀ ਪਰ ਅੰਗਰੇਜ਼ਾਂ ਦਾ ਸਾਥ ਦੇਣ ਵਾਲਿਆਂ ਨੂੰ ‘ਰਾਸ਼ਟਰਵਾਦੀ’ ਐਲਾਨਿਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਵਿਅਕਤੀਗਤ ਰੋਸ ਤੋਂ ਅੱਗੇ ਵਧ ਕੇ ਸਮੂਹਿਕ ਰੋਸ ਤੱਕ ਪਹੁੰਚਣਾ ਅਤੇ ਨਿੱਜੀ ਸੰਕੀਰਣਤਾਵਾਂ ਨੂੰ ਪਾਸੇ ਰੱਖ ਕੇ, ਅਸਹਿਮਤੀਆਂ ਵਿਚੋਂ ਸਹਿਮਤੀਆਂ ਨੂੰ ਲੈ ਕੇ ਵਿਸ਼ਾਲ ਏਕਤਾ ਉਸਾਰਨ ਨਾਲ ਹੀ ਨਵਾਂ ਸਾਂਝਾ ਬਦਲ ਤਿਆਰ ਹੋਵੇਗਾ, ਜੋ ਦੇਸ਼ ਨੂੰ ਇਸ ਤਬਾਹੀ ਤੋਂ ਬਚਾ ਸਕੇਗਾ। ਇਸ ਵਾਸਤੇ ਮੁਹਿੰਮ, ਸੰਵਿਧਾਨ, ਪ੍ਰਸਤਾਵਨਾ ਵਿਚ ਦਿੱਤੇ ਮੂਲ ਸਿਧਾਂਤਾਂ ਦੀ ਰਾਖੀ ਲਈ ਚਲਾਈ ਜਾਵੇਗੀ।

ਸੀਨੀਅਰ ਐਡਵੋਕੇਟ ਸ੍ਰੀ ਅਨੁਪਮ ਗੁਪਤਾ ਦੀ ਪ੍ਰਧਾਨਗੀ ਹੇਠ ਇਸ ਅਜਲਾਸ ਦੇ ਮੁੱਖ ਮਹਿਮਾਨ ਸਨ ਦਿੱਲੀ ਪੰਜਾਬੀ ਅਕਾਦਮੀ ਦੇ ਮੀਤ ਪ੍ਰਧਾਨ ਜਰਨੈਲ ਸਿੰਘ, ਜਿਨਾਂ ਨਾਲ ਪ੍ਰਧਾਨਗੀ ਮੰਡਲ ਵਿਚ ਮੰਚ ਉਤੇ ਹਾਜ਼ਰ ਸਨ ਮਨਜੀਤ ਸਿੰਘ ਖੈਰਾ, ਪ੍ਰੋ. ਮਨਜੀਤ ਸਿੰਘ, ਏ.ਐਸ. ਪਾਲ, ਡਾ. ਸਰਬਜੀਤ ਸਿੰਘ, ਡਾ. ਸੁਖਦੇਵ ਸਿੰਘ ਸਿਰਸਾ ਅਤੇ ਗੁਰਨਾਮ ਕੰਵਰ। ਮੰਚ ਸੰਚਾਲਨ ਸਭਾ ਦੇ ਜਨਰਲ ਸਕੱਤਰ ਸੁਸ਼ੀਲ ਦੁਸਾਂਝ ਨੇ ਕੀਤਾ।

ਆਰੰਭ ਵਿਚ ‘ਸਿੱਖਿਆ ਰੁਜ਼ਗਾਰ ਅਤੇ ਉਜਰਤ’ ਵਿਸ਼ੇ ਉਤੇ ਅਮਰਜੀਤ ਗਰੇਵਾਲ ਨੇ ਮੁੱਖ ਭਾਸ਼ਣ ਦਿੱਤਾ। ਜਿਸ ਉਪਰੰਤ ਜੰਮੂ ਕਸ਼ਮੀਰ ਦੇ ਕਠੂਆ ਕਾਂਡ ਦੀ ਪੀੜਤ ਬੱਚੀ ਆਸਫਾ ਦੀ ਵਕੀਲ ਦੀਪਿਕਾ ਰਾਜਵੰਤ ਨੇ ਉਸਦਾ ਕੇਸ ਲੜਨ ਕਾਰਨ ‘ਦੇਸ਼ ਧ੍ਰੋਹ’ ਦੇ ਇਲਜ਼ਾਮ ਅਤੇ ਸਰਕਾਰ ਵਲੋਂ ਉਸ ਦੀ ਕੋਈ ਰਾਖੀ ਨਾ ਕਰਨ ਦੀ ਹਿਰਦੇਵੇਧਕ ਵਿਥਿਆ ਬਿਆਨ ਕੀਤੀ। ਕਾਨਫਰੰਸ ਨੇ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਦੀਪਿਕਾ ਦਾ ਸਮਰਥਨ ਕੀਤਾ ਅਤੇ ਉਸ ਦੀ ਲੜਾਈ ਦੇਸ਼ ਦੀ ਲੜਾਈ ਆਖ ਕੇ ਆਪ ਵੀ ਨਾਲ ਲੜਨ ਦਾ ਸੱਦਾ ਦਿੱਤਾ।

ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੀ ਸਟੂਡੈਂਟ ਯੂਨੀਅਨ ਦੇ ਮੌਜੂਦਾ ਪ੍ਰਧਾਨ ਸਾਈਂ ਬਾਲਾ ਨੇ ਵਿਦਿਆਰਥੀਆਂ ਨੂੰ ਇਕੱਠੇ ਹੋ ਕੇ ਹਮਲਿਆਂ ਵਿਰੁੱਧ ਲੜਨ ਦਾ ਹੋਕਾ ਦਿੱਤਾ ਅਤੇ ਭਰੋਸਾ ਪ੍ਰਗਟ ਕੀਤਾ ਕਿ ਸਰਕਾਰ ਨੂੰ ਵਿਦਿਆਰਥੀ ਅਤੇ ਮਾਪੇ ਰਲ ਕੇ ਗੱਦੀਓਂ ਲਾਹ ਦੇਣਗੇ।

ਗੁਰਨਾਮ ਕੰਵਰ ਨੇ ਕਾਨਫਰੰਸ ਦੇ ਮਤੇ ਪੇਸ਼ ਕੀਤੇ, ਜਿਨ੍ਹਾਂ ਨੂੰ ਸਰਬਸੰਮਤੀ ਨਾਲ ਤਾੜੀਆਂ ਦੀ ਗੂੰਜ ਵਿਚ ਪਾਸ ਕੀਤਾ ਗਿਆ। ਇਨ੍ਹਾਂ ਪੇਸ਼ ਕੀਤੇ ਗਏ ਮਤਿਆਂ ਵਿਚ ਜਿੱਥੇ ਵੀਜ਼ਾ ਪ੍ਰਣਾਲੀ ਨੂੰ ਸਰਲ ਕਰਨ ਦਾ ਮਤਾ ਰੱਖਿਆ ਗਿਆ, ਉਥੇ ਹੀ ਗੁਰਮੁਖੀ ਅਤੇ ਸ਼ਾਹਮੁਖੀ ਦਾ ਦਾਇਰਾ ਵਧਾਉਣ ਲਈ ਉਸ ਦਾ ਸਾਫਟਵੇਅਰ ਤਿਆਰ ਕਰਵਾਏ ਜਾਣ ਦਾ ਵੀ ਮਤਾ ਪਾਸ ਹੋਇਆ। ਇਸੇ ਤਰ੍ਹਾਂ ਵੱਖੋ ਵੱਖ ਮੁਲਕਾਂ ਵਿਚ ਵਸ ਰਹੇ ਪੰਜਾਬੀ ਭਾਈਚਾਰੇ ਦੀ ਸੁਰੱਖਿਆ ਦਾ ਅਤੇ ਉਨ੍ਹਾਂ ਦੀ ਭਾਰਤ ਆਮਦ ਮੌਕੇ ਵੀ ਸੁਰੱਖਿਆ ਨੂੰ ਯਕੀਨੀ ਬਣਾਉਣ ਦਾ ਮਤਾ ਵੀ ਪਾਸ ਕੀਤਾ ਗਿਆ। ਇਸੇ ਤਰਾਂ ਪੇਸ਼ ਕੀਤੇ ਗਏ ਇਕ ਮਤੇ ਰਾਹੀਂ ਅਧਿਆਪਕਾਂ ਦੇ ਸੰਘਰਸ਼ ਦੀ ਜਿੱਥੇ ਹਮਾਇਤ ਕੀਤੀ ਗਈ, ਉਥੇ ਹੀ ਸਿੱਖਿਆ ਅਤੇ ਸਿਹਤ ਲਈ ਬਜਟ ਵਧਾਉਣ ਅਤੇ ਰੁਜ਼ਗਾਰ ਦਾ ਹੱਕ ਸੰਵਿਧਾਨ ਦੇ ਮੂਲ ਅਧਿਕਾਰਾਂ ਵਿਚ ਸ਼ਾਮਲ ਕਰਨ ਦੀ ਮੰਗ ਕੀਤੀ ਗਈ। ਅੱਜ ਦੇ ਪੇਸ਼ ਕੀਤੇ ਗਏ ਮਤਿਆਂ ਵਿਚ ਪੰਜਾਬ ਵਿਚ ਪੰਜਾਬੀ ਭਾਸ਼ਾ ਨੂੰ ਹਕੀਕੀ ਰੂਪ ਵਿਚ ਪ੍ਰਸ਼ਾਸਨਿਕ ਭਾਸ਼ਾ ਬਣਾਉਣ ਦਾ ਅਤੇ ਇਸਦੇ ਨਾਲ ਹੀ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿਚ ਪੰਜਾਬੀ ਨੂੰ ਪਹਿਲੀ ਅਤੇ ਸਰਕਾਰੀ ਭਾਸ਼ਾ ਦਾ ਦਰਜਾ ਦੇਣ ਅਤੇ ਨਾਲ ਲੱਗਦੇ ਗੁਆਂਢੀ ਸੂਬੇ ਹਿਮਾਚਲ ਵਿਚ ਪੰਜਾਬੀ ਭਾਸ਼ਾ ਨੂੰ ਦੂਜੀ ਭਾਸ਼ਾ ਦਰਜਾ ਦੇਣ ਦਾ ਮਤਾ ਵੀ ਪਾਸ ਹੋਇਆ। ਇਕ ਮਤੇ ਰਾਹੀਂ ਅੰਮ੍ਰਿਤਸਰ ਤੋਂ ਲੰਡਨ ਅਤੇ ਟੋਰਾਂਟੋ ਲਈ ਬੰਦ ਕੀਤੀਆਂ ਗਈਆਂ ਉਡਾਣਾਂ ਨੂੰ ਮੁੜ ਸ਼ੁਰੂ ਕਰਨ ਦਾ ਅਤੇ ਵੈਨਕੂਵਰ ਲਈ ਨਵੀਂ ਉਡਾਣ ਸ਼ੁਰੂ ਕਰਨ ਦਾ ਮਤਾ ਵੀ ਪਾਸ ਕੀਤਾ ਗਿਆ। ਪ੍ਰਗਟਾਵੇ ਦੀ ਅਜ਼ਾਦੀ ਨੂੰ ਲੈ ਕੇ ਜਿੱਥੇ ਮਤਾ ਪਾਸ ਕੀਤਾ ਗਿਆ, ਉਥੇ ਹੀ ਧਿਆਨ ਰਹੇ ਕਿ ਆਲਮੀ ਪੰਜਾਬੀ ਕਾਨਫਰੰਸ ਦੇ ਪਹਿਲੇ ਦਿਨ ਹੀ ਪੁਲਵਾਮਾ ’ਚ ਅੱਤਵਾਦੀ ਹਮਲੇ ਦੌਰਾਨ ਸ਼ਹੀਦ ਹੋਏ 44 ਜਵਾਨਾਂ ਨੂੰ ਯਾਦ ਕਰਦਿਆਂ ਜਿੱਥੇ ਸ਼ੋਕ ਮਤਾ ਪੇਸ਼ ਕੀਤਾ ਗਿਆ, ਉਥੇ ਹੀ ਇਸ ਹਮਲੇ ਦੀ ਸਖਤ ਨਿਖੇਧੀ ਵੀ ਕੀਤੀ ਗਈ ਅਤੇ ਰਾਜਸੀ ਹੱਲ ਦੀ ਮੰਗ ਕੀਤੀ ਗਈ। ਕੇਂਦਰੀ ਸਭਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਕਾਨਫਰੰਸ ਦਾ ਚੰਡੀਗੜ੍ਹ ਐਲਾਨਨਾਮਾ ਪੇਸ਼ ਕੀਤਾ, ਜਿਸ ਵਿਚ ਸੰਵਾਦ ਨਾਲ ਸੰਗਰਾਮ ਰਾਹੀਂ ਲੇਖਕਾਂ ਨੂੰ ਆਪਣਾ ਸਮਾਜਕ ਕਰਤੱਵ ਨਿਭਾਉਣ ਦਾ ਸੱਦਾ ਦਿੱਤਾ ਗਿਆ। ਅਜਲਾਸ ਨੂੰ ਸੀਨੀਅਰ ਐਡਵੋਕੇਟ ਮਨਜੀਤ ਸਿੰਘ ਖੈਰਾ, ਪ੍ਰੋ. ਮਨਜੀਤ ਸਿੰਘ, ਏ.ਐਸ. ਪਾਲ ਨੇ ਵੀ ਸੰਬੋਧਨ ਕੀਤਾ।

ਅਜਲਾਸ ਦੇ ਪ੍ਰਧਾਨ ਸੀਨੀਅਰ ਐਡਵੋਕੇਟ ਅਨੁਪਮ ਗੁਪਤਾ ਨੇ ‘ਅਦਾਲਤੀ ਮਾਣਹਾਨੀ’ ਦਾ ਖਤਰਾ ਸਹੇੜਦਿਆਂ ਵੀ ਨਿਆਇਕ ਵਿਵਸਥਾ ਵਿਚ ਫੈਸਲਿਆਂ ’ਤੇ ਪ੍ਰਭਾਵ ਪਾਉਣ ਲਈ ਚੱਲ ਰਹੇ ਸਿਆਸੀ ਦਖਲ ਅਤੇ ਡਾਵਾਂਡੋਲ ਹੁੰਦੀ ਨਿਆਇਕ ਢਾਂਚੇ ’ਤੇ ਵੀ ਕਈ ਕਿੱਸੇ ਸੁਣਾਏ ਅਤੇ ਸੰਵਿਧਾਨ ਤੇ ਨਿਆਂ ਪਾਲਿਕਾ ਨੂੰ ਬਚਾਉਣ ਲਈ ਸੱਦਾ ਦਿੱਤਾ।







ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

# ਸੰਪਾਦਕੀ

## ਭਾਰਤ-ਪਾਕਿ ਰਿਸ਼ਤਿਆਂ ਦਾ ਸੱਚ

ਭਾਰਤ ਅਤੇ ਪਾਕਿਸਤਾਨ ਦੇ ਸਬੰਧ ਅਕਸਰ ਤਣਾਅਗ੍ਰਸਤ ਹੋ ਜਾਂਦੇ ਹਨ। ਦੋਵੇਂ ਮੁਲਕਾਂ ਦੇ ਸਬੰਧ ਪੂਰੀ ਤਰ੍ਹਾਂ ਚੰਗੇ ਤਾਂ ਕਦੀ ਵੀ ਨਹੀਂ ਰਹੇ ਪਰ ਕਦੇ ਕਦੇ ਝਲਕਾਰਾ ਪੈਂਦਾ ਕਿ ਦੋਵੇਂ ਮੁਲਕ ਨੇੜੇ ਆ ਰਹੇ ਹਨ ਪਰ ਫੇਰ ਅਚਾਨਕ ਕੁਝ ਅਜਿਹਾ ਵਾਪਰ ਜਾਂਦਾ ਹੈ ਕਿ ਦੂਰੀਆਂ ਵਧਦੀਆਂ-ਵਧਦੀਆਂ ਦੁਸ਼ਮਣੀ ਵਿਚ ਬਦਲ ਜਾਂਦੀਆਂ ਹਨ। ਇਨ੍ਹੀ ਦਿਨੀਂ ਵੀ ਅਜਿਹਾ ਹੀ ਹੋਇਆ ਹੈ। 14 ਫ਼ਰਵਰੀ ਨੂੰ ਜੰਮੂ ਕਸ਼ਮੀਰ ਦੇ ਪੁਲਵਾਮਾ ਵਿਚ ਸੀ.ਆਰ.ਪੀ.ਐਫ਼. ਦੇ ਲਗਭਗ 2500 ਜਵਾਨਾਂ ਵਾਲੇ ਕਾਫ਼ਲੇ ਉਪਰ ਇਕ ਮਨੁੱਖੀ ਬੰਬਾਰ ਆਪਣੀ ਗੱਡੀ ਨਾਲ ਹਮਲਾ ਕਰਦਾ ਹੈ। ਗੱਡੀ ਦੇ ਨਾਲ-ਨਾਲ ਸੀ.ਆਰ.ਪੀ.ਐਫ਼. ਦੀ ਬੱਸ ਦੀ ਪਰਖੱਚੇ ਉਡ ਜਾਂਦੇ ਹਨ ਤੇ 40 ਤੋਂ ਜ਼ਿਆਦਾ ਜਵਾਨ ਮਾਰੇ ਜਾਂਦੇ ਹਨ। ਭਾਰਤੀ ਹਕੂਮਤ ਤੁਰੰਤ ਹਰਕਤ ਵਿਚ ਆ ਜਾਂਦੀ ਹੈ। ਇਸਲਾਮਾਬਾਦ ਵਿਚ ਬੈਠੇ ਆਪਣੇ ਹਾਈ ਕਮਿਸ਼ਨਰ ਨੂੰ ਵਾਪਸ ਦਿੱਲੀ ਬੁਲਾ ਲੈਂਦੀ ਹੈ ਤੇ ਦਿੱਲੀ ਵਿਚ ਬੈਠੇ ਪਾਕਿਸਤਾਨ ਹਾਈ ਕਮਿਸ਼ਨਰ ਨੂੰ ਤਲਬ ਕਰ ਕੇ ਇਹ ਕਹਿੰਦਿਆਂ ਸਖ਼ਤ ਇਤਰਾਜ ਪ੍ਰਗਟ ਕਰਦੀ ਹੈ ਕਿ ਇਸ ਹਮਲੇ ਪਿੱਛੇ ਪਾਕਿਸਤਾਨ ਦਾ ਹੱਥ ਹੈ। ਪਾਕਿਸਤਾਨ ਹਕੂਮਤ ਇਸ ਹਮਲੇ ਪ੍ਰਤੀ 'ਚਿੰਤਾ' ਪ੍ਰਗਟ ਕਰਦਿਆਂ ਹਮਲੇ ਵਿਚ ਆਪਣਾ ਹੱਥ ਹੋਣ ਤੋਂ ਇਨਕਾਰ ਕਰਦੀ ਹੈ। ਪਰ ਭਾਰਤੀ ਹਕੂਮਤ ਉਸ ਦੇ ਇਨਕਾਰ ਨੂੰ ਸਾਜ਼ਸ਼ ਦਸਦਿਆਂ ਪਾਕਿਸਤਾਨ ਤੋਂ 'ਪ੍ਰਮੁੱਖ ਤਰਜੀਹੀ ਮੁਲਕ' (ਮੋਸਟ ਫ਼ੇਬਰਟ ਨੇਸ਼ਨ) ਦਾ ਰੁਤਬਾ ਵਪਾਸ ਲੈ ਲੈਂਦੀ ਹੈ ਅਤੇ ਨਾਲ ਹੀ ਪਾਕਿਸਤਾਨ ਤੋਂ ਆਉਣ ਵਾਲੇ ਸਮਾਨ 'ਤੇ ਕਸਟਮ ਡਿਊਟੀ 200 ਫ਼ੀਸਦੀ ਤਕ ਵਧਾ ਦਿੰਦੀ ਹੈ।

ਇਹ ਤਾਂ ਭਾਰਤੀ ਹਕੂਮਤ ਵਲੋਂ ਕੀਤੀ ਗਈ ਤੁਰੰਤ ਕਾਰਵਾਈ ਹੈ ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਵੱਖ-ਵੱਖ ਮੰਤਰੀਆਂ ਅਤੇ ਭਾਰਤੀ ਜਨਤਾ ਪਾਰਟੀ ਦੇ ਕੁਝ ਆਗੂਆਂ ਵਲੋਂ ਜਾਰੀ ਕੀਤੇ ਗਏ ਬਿਆਨਾਂ ਤੋਂ ਇਵੇਂ ਲਗਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਸਰਹੱਦ ਉਪਰ ਹਾਲਾਤ ਹੋਰ ਵੀ ਜ਼ਿਆਦਾ ਤਣਾਅ ਪੂਰਨ ਹੋ ਸਕਦੇ ਹਨ। ਦੋਵੇਂ ਮੁਲਕਾਂ ਵਿਚਾਲੇ ਸਬੰਧਾਂ ਨੂੰ ਸੰਜਮ ਨਾਲ ਸੁਲਝਾਉਣ ਦੀ ਥਾਂ 'ਤੇ ਧਮਕੀਆਂ ਦੀ ਭਾਸ਼ਾ ਦੀ ਵਰਤੋਂ ਹੁਣ ਆਮ ਹੋ ਗਈ ਹੈ। ਇਸ ਹਮਲੇ ਪਿਛੇ ਕੌਣ ਹੈ ਜਾਂ ਇਹ ਹਮਲਾ ਕਿਵੇਂ ਅੰਜਾਮ ਦਿੱਤਾ ਗਿਆ ਹੈ? ਇਹਦਾ ਸੱਚ ਪਾਕਿਸਤਾਨੀ ਹਕੂਮਤ ਅਤੇ ਭਾਰਤੀ ਹਕੂਮਤ ਦੇ ਨਾਲ-ਨਾਲ ਦੁਨੀਆ ਭਰ 'ਤੇ ਹਕੂਮਤ ਕਰਨ ਦਾ ਚਾਹਵਾਨ ਅਮਰੀਕਾ ਵੀ ਚੰਗੀ ਤਰ੍ਹਾਂ ਜਾਣਦਾ ਹੈ।

ਅੱਜ ਮਿਜ਼ਾਇਲਾਂ ਦੀ ਅੱਗ ਦੀ ਚੜ੍ਹ ਮਚੀ ਹੋਈ ਹੈ। ਗੱਲ ਹਰ ਹੱਥ ਵਿਚ ਹਥਿਆਰ ਫੜਾ ਦੇਣ ਤੋਂ ਅਗਾਂਹ ਲੱਗ ਚੁੱਕੀ ਹੈ। ਪੂਰੇ ਦਾ ਪੂਰਾ ਬੰਦਾ ਹੀ ਬੰਬ ਵਿਚ ਤਬਦੀਲ ਕਰ ਦਿੱਤਾ ਗਿਆ ਹੈ। ਦੁਨੀਆ ਦੇ ਹਰ ਖੂੰਜੇ ਵਿਚ ਮਨੁੱਖੀ ਬੰਬ ਫੱਟ ਰਹੇ ਹਨ। ਦੁਨੀਆ ਨੂੰ ਪੂਰੀ ਤਰ੍ਹਾਂ ਹਥਿਆਰਾਂ ਦੀ ਮੰਡੀ ਬਣਾਉਣ ਦੇ ਮਨਸੂਬੇ ਵਿਚ ਜੁਟੀਆਂ ਹੋਈਆਂ ਵਿਸ਼ਾਨਕਾਰੀ ਸ਼ਕਤੀਆਂ ਦੀ ਇਸ ਖੇਡ ਨੂੰ ਸਮਝਣ ਦੀ ਜ਼ਰੂਰਤ ਹੈ।

ਇਹ ਜਾਣਨਾ ਜ਼ਰੂਰੀ ਹੈ ਕਿ ਸੰਸਾਰ ਦੇ ਪ੍ਰਸਿੱਧ ਆਰਥਕ ਅਤੇ ਰਾਜਨੀਤਕ ਮਾਹਰ ਇਕ ਸਾਂਝੀ ਰਾਏ ਰਖਦੇ ਹਨ ਕਿ ਆਉਂਦੇ ਪੰਜ ਸਾਲਾਂ ਵਿਚ ਚੀਨ, ਅਮਰੀਕਾ ਤੋਂ ਵੱਡੀ ਆਰਥਕ ਮਹਾਸ਼ਕਤੀ ਬਣਨ ਜਾ ਰਿਹਾ ਹੈ। ਇਸੇ ਲਈ ਸਾਡੇ ਖਿੱਤੇ ਵਿਚ ਅਮਰੀਕਾ ਦੀ ਕੋਸ਼ਿਸ਼ ਹੈ ਕਿ ਭਾਰਤ ਤੇ ਪਾਕਿਸਤਾਨ ਦੇ ਸਬੰਧਾਂ ਨੂੰ ਆਪਣੇ ਮੁਤਾਬਕ ਢਾਲ ਕੇ ਉਹ ਆਪਣਾ ਕਾਰੋਬਾਰ ਚਮਕਾਏ। ਉਸ ਦੀ ਇਹ ਸਾਫ਼ ਮਨਸ਼ਾ ਹੈ ਕਿ ਭਾਰਤ ਦੇ ਗੁਆਂਢੀ ਮੁਲਕਾਂ ਨਾਲ ਸਬੰਧ ਉਤਰਾਅ-ਚੜ੍ਹਾਅ ਵਾਲੇ ਹੀ ਬਣੇ ਰਹਿਣ। ਉਸ ਨੂੰ ਪਤਾ ਹੈ ਕਿ ਜੇਕਰ ਭਾਰਤ ਦੇ ਗੁਆਂਢੀ ਮੁਲਕਾਂ ਨਾਲ ਸਬੰਧਾਂ ਵਿਚ ਕੁੜੱਤਣ ਜਾਰੀ ਰਹੇਗੀ ਤਾਂ ਉਸ ਦੇ ਹਥਿਆਰਾਂ ਦੀ ਦੋਵੇਂ ਪਾਸੇ ਖੂਬ ਵਿਕਰੀ ਹੋਵੇਗੀ।

ਲੋਕ ਭਾਵੁਕ ਹਨ ਪਰ ਲੋਕਾਂ ਦੀ ਭਾਵੁਕਤਾ ਨੂੰ ਜਨੂੰਨ ਵਿਚ ਤਬਦੀਲ ਕਰਨ ਦਾ ਕੰਮ ਸਿਆਸਤਦਾਨ ਕਰਦੇ ਹਨ। ਪਰ ਸਾਨੂੰ ਕੁਝ ਸੱਚ ਸਮਝ ਲੈਣੇ ਚਾਹੀਦੇ ਹਨ। ਉਹ ਸੱਚ ਇਹ ਹਨ ਕਿ ਭਾਰਤ ਅਤੇ ਪਾਕਿਸਤਾਨ ਹੁਣ ਬਕਾਇਦਾ ਦੋ ਮੁਲਕ ਹਨ ਤੇ ਦੋਵਾਂ ਮੁਲਕਾਂ ਦੇ ਹੁਕਮਰਾਨਾਂ ਦੀਆਂ ਆਪੋ-ਆਪਣੀਆਂ ਲੋੜਾਂ ਹਨ। ਉਨ੍ਹਾਂ ਲੋੜਾਂ ਦੇ ਮੁਤਾਬਕ ਹੀ ਭਾਰਤ-ਪਾਕਿਸਤਾਨ ਦੇ ਸਬੰਧਾਂ ਵਿਚ ਉਤਰਾਅ-ਚੜ੍ਹਾਅ ਦੀ ਸਥਿਤੀ ਪੈਦਾ ਹੁੰਦੀ ਹੈ। ਗੁਆਂਢੀ ਹੋਣ ਦੇ ਨਾਤੇ ਜੇ ਭਾਰਤ ਵਰਗੇ ਵਿਕਾਸਸ਼ੀਲ ਮੁਲਕ ਤੋਂ ਪਾਕਿਸਤਾਨ ਨੂੰ ਹਰ ਖੇਤਰ ਵਿਚ ਵੱਡੀ ਮਦਦ ਦੀ ਜ਼ਰੂਰਤ ਹੈ ਤਾਂ ਭਾਰਤ ਅੱਗੇ ਵੀ ਪਾਕਿਸਤਾਨ ਦੇ ਲਗਭਗ 20 ਕਰੋੜ ਲੋਕਾਂ ਦੀ ਇਕ ਖੁੱਲ੍ਹੀ ਮੰਡੀ ਹੈ। ਅੱਜ ਦੇ ਅਣਐਲਾਨੀ ਜੰਗ ਵਰਗੇ ਹਾਲਾਤ ਨਾਲ ਇਨ੍ਹਾਂ ਦੋਵਾਂ ਮੁਲਕਾਂ ਨੂੰ ਵੱਡਾ ਨੁਕਸਾਨ ਹੋਣ ਵਾਲਾ ਹੈ। ਪਰ ਇਨ੍ਹਾਂ ਦੋਵਾਂ ਮੁਲਕਾਂ ਦੇ ਹੁਕਮਰਾਨਾਂ ਦੀ ਮਜਬੂਰੀ ਆਪੋ ਆਪਣੇ ਮੁਲਕਾਂ ਵਿਚ ਹਕੂਮਤ ਵਿਚ ਬਣੇ ਰਹਿਣਾ ਵੀ ਹੈ ਤੇ ਨਾਲ ਦੀ ਨਾਲ ਅਮਰੀਕਨ ਸਾਮਰਾਜ ਤੋਂ ਆਪਣੀਆਂ ਆਰਥਕ ਲੋੜਾਂ ਪੂਰੀਆਂ ਕਰਨਾ ਵੀ ਹੈ।

ਹੁਕਮਰਾਨ ਆਪਣੀਆਂ ਇਨ੍ਹਾਂ ਲੋੜਾਂ ਨੂੰ ਸਰਹੱਦਾਂ ਉਪਰ ਤਣਾਅ ਬਣਾਕੇ ਪੂਰੀਆਂ ਕਰ ਸਕਦੇ ਹਨ ਪਰ ਸਰਹੱਦਾਂ ਉਪਰ ਤਣਾਅ ਦੋਵਾਂ ਮੁਲਕਾਂ ਦੇ ਅਵਾਮ ਲਈ ਬੇਹੱਦ ਖ਼ਤਰਨਾਕ ਹੈ। ਪੁਲਵਾਮਾ ਹਮਲੇ ਤੋਂ ਪੈਦਾ ਹੋਏ ਤਣਾਅ ਦਾ ਸਭ ਤੋਂ ਬੁਰਾ ਅਸਰ ਭਾਰਤ ਤੇ ਪਾਕਿਸਤਾਨ ਦੇ ਵਪਾਰ ਉਪਰ ਪਿਆ ਹੈ। ਜਿਸ ਕਾਰਨ ਭਾਰਤੀ ਪਾਸੇ ਵੱਲ ਲਗਭਗ ਪੰਜ ਹਜ਼ਾਰ ਪਰਿਵਾਰਾਂ ਦੀ ਰੋਜ਼ੀ-ਰੋਟੀ ਉਪਰ ਤਲਵਾਰ ਲਟਕ ਗਈ ਹੈ। ਐਨੀ ਕੁ ਹੀ ਗਿਣਤੀ ਪਾਕਿਸਤਾਨ ਵਾਲੇ ਪਾਸੇ ਵੀ ਹੋਵੇਗੀ। ਕਰੋੜਾਂ ਰੁਪਏ ਦਾ ਸਾਮਾਨ ਸਰਹੱਦ ਉਪਰ ਫਸਿਆ ਪਿਆ ਹੈ। ਸੋ ਜੰਗ ਜਾਂ ਸਰਹੱਦੀ ਤਣਾਅ ਹੁਕਮਰਾਨਾਂ ਨੂੰ ਚੋਣਾਵੀ ਲਾਭ ਦਿੰਦੇ ਹਨ ਪਰ ਅਵਾਮ ਦੇ ਮੂੰਹ 'ਚੋਂ ਰੋਟੀ ਖੋਹਣ ਦਾ ਕਾਰਨ ਬਣਦੇ ਹਨ। ਇਹ ਸੱਚ ਸਮਝਣੇ ਦੋਵਾਂ ਮੁਲਕਾਂ ਦੇ ਅਵਾਮ ਲਈ ਬਹੁਤ ਜ਼ਰੂਰੀ ਹਨ।

# ਪੰਜਾਬ ਦੀ ਨਵੀਂ ਸਿਆਸੀ ਸਫ਼ਬੰਦੀ ਉੱਪਰ ਸਰਸਰੀ ਨਜ਼ਰ



- ਪ੍ਰੋ. ਰਾਕੇਸ਼ ਰਮਨ
+91-98785-31166
raman.mlp@gmail.com

ਪੰਜਾਬ ਦੀ ਵਿਚਾਰਧਾਰਕ ਪ੍ਰਤੀਬੱਧਤਾ ਵਾਲੀ ਖੱਬੀ ਪ੍ਰਗਤੀਸ਼ੀਲ ਰਾਜਨੀਤੀ ਨੂੰ ਜੇਕਰ ਹਾਲ ਦੀ ਘੜੀ ਛੱਡ ਦੇਈਏ ਤਾਂ ਬਾਕੀ ਜੋ ਦ੍ਰਿਸ਼ ਉੱਘੜ ਰਿਹਾ ਹੈ,ਉਹਦੇ ਵਿਚ ਤਿੰਨ ਰਾਜਸੀ ਧਿਰਾਂ ਦਿਖਾਈ ਦੇ ਰਹੀਆਂ ਹਨ। ਦੋ ਲੰਮੇ ਸਮੇਂ ਤੋਂ ਚੱਲੀਆਂ ਆ ਰਹਆਂ ਸਿਆਸੀ ਧਿਰਾ ਹਨ, ਤੀਜੀ ਨੇ ਪਿਛਲੇ ਕੁਝ ਸਾਲਾਂ ਤੋਂ ਪੰਜਾਬ ਦੀ ਰਾਜਨੀਤੀ ਵਿਚ ਪੈਰ ਪਸਾਰੇ ਹਨ। ਪਹਿਲੀਆਂ ਦੋ ਧਿਰਾਂ ਅਕਾਲੀ ਦਲ ਅਤੇ ਕਾਂਗਰਸ ਦੀਆਂ ਹਨ, ਜਦਕਿ ਤੀਜੀ ਧਿਰ 'ਆਪ' ਦੀ ਹੈ, ਜਿਸ ਦੇ ਪਸਾਰੇ ਹਏ ਪੈਰ ਸਦਾ ਉੱਖੜੇ ਹੋਏ ਦਿਖਾਈ ਦੰਦੇ ਹਨ ਤੇ ਵਿਰੋਧੀਆਂ ਨੂੰ ਅਕਸਰ ਇਹ ਕਹਿਣ ਦਾ ਮੌਕਾ ਦਿੰਦੇ ਹਨ ਕਿ 'ਆਪ' ਦਾ 'ਝਾੜੂ' ਪੰਜਾਬ ਵਿਚ ਤੀਲਾ-ਤੀਲਾ ਹੋ ਗਿਆ ਹੈ ਪਰ ਦੂਜੇ ਪਾਸੇ ਇਉਂ ਵੀ ਪ੍ਰਭਾਵ ਲਿਆ ਜਾ ਰਿਹਾ ਹੈ ਕਿ 'ਆਪ' ਦੀ ਸਿਆਸੀ ਸ਼ੈਲੀ ਹੀ ਇਸ ਦੇ ਉੱਖੜੇ ਹੋਏ ਪੈਰਾਂ ਵਿਚੋਂ ਬਣ ਰਹੀ ਹੈ ਤੇ ਇਸੇ ਸਿਆਸੀ ਸ਼ੈਲੀ 'ਤੇ ਚੱਲਦਿਆਂ ਹੀ ਇਹ ਪਾਰਟੀ ਚਰਚਾ 'ਚ ਰਹਿੰਦੀ ਹੈ। ਇਸ ਦੀ ਹੁਣੇ-ਹੁਣੇ ਬਰਨਾਲਾ ਵਿਚ ਹੋਈ ਜਨਤਕ ਰੈਲੀ ਨੇ ਵੀ ਇਹੋ ਪ੍ਰਭਾਵ ਦਿੱਤਾ ਹੈ ਕਿ 'ਆਪ' ਲਈ ਲੋਕਾਂ ਵਿਚ ਉਤਸ਼ਾਹ ਅਜੇ ਕਾਇਮ ਹੈ ਤੇ ਇਸ ਸਿਆਸੀ ਧਿਰ ਨੂੰ ਪੰਜਾਬ ਦੀ ਸਿਆਸਤ ਵਿਚੋਂ ਖਾਰਜ ਕਰਕੇ ਦੇਖਣਾ,ਪੰਜਾਬ ਦੀ ਸਿਆਸਤ ਦਾ ਕਾਫ਼ੀ ਅਧੂਰਾ ਦ੍ਰਿਸ਼ ਦੇਖਣਾ ਹੋਵੇਗਾ।

ਪੰਜਾਬ ਵਿਚ ਇਕ ਹੋਰ ਸਿਆਸੀ ਧਿਰ ਵੀ ਗੱਠਜੋੜ ਦੀ ਸ਼ਕਲ ਵਿਚ ਉੱਭਰਨ ਦੇ ਯਤਨ ਵਿਚ ਹੈ। ਇਸ ਸਿਆਸੀ ਧਿਰ ਦਾ ਸਮੁੱਚਾ ਵਿਵਹਾਰ ਖੰਗਾਲ ਕੇ ਕਿਹਾ ਜਾ ਸਕਦਾ ਹੈ ਕਿ ਪੰਜਾਬੀਆਂ ਲਈ ਨਵਾਂ ਸਿਆਸੀ ਜਾਲ਼ ਬੁਣਨ ਦਾ ਯਤਨ ਕੀਤਾ ਜਾ ਰਿਹਾ ਹੈ। ਇਹ ਵੀ ਬੜਾ ਸਪੱਸ਼ਟ ਨਜ਼ਰ ਆ ਰਿਹਾ ਹੈ ਕਿ ਇਹ ਜਾਲ਼ ਬੋਦੇ ਧਾਗਿਆਂ ਦਾ ਉਣਿਆ ਜਾ ਰਿਹਾ ਹੈ ਤੇ ਇਸ ਸਿਆਸੀ ਗੱਠਜੋੜ ਨੂੰ ਗਠਿਤ ਕਰਨ ਵਾਲੀ ਧਿਰ ਦੀ ਮੁੱਢਲੀ ਕੋਸ਼ਿਸ਼ ਹੈ ਕਿ ਪੰਜਾਬ ਦੀ ਸਿਆਸਤ ਵਿਚ ਆਪਣੀ ਥਾਂ ਰਾਖਵੀਂ ਕਰਨ ਲਈ 'ਆਪ' ਨੂੰ ਸੱਟ ਮਾਰੀ ਜਾਵੇ,'ਆਪ' ਨੂੰ ਮਾਰੀ ਸਿਆਸੀ ਸੱਟ ਦੇ ਸਿੱਟੇ ਵਜੋਂ ਇਸ ਬਣਨ ਜਾ ਰਹੇ ਸਿਆਸੀ ਮਹਾਂਗੱਠਜੋੜ ਨੂੰ ਆਪਣੇ ਲਈ ਸਿਆਸੀ ਜ਼ਮੀਨ ਮਿਲਣ ਦੀ ਆਸ ਦਿਖਾਈ ਦਿੰਦੀ ਹੈ। ਇਸ ਆਸ ਨੂੰ ਕਿੰਨਾ ਕੁ ਬੂਰ ਪੈਂਦਾ ਹੈ, ਇਹ ਤਾਂ ਸਮਾਂ ਹੀ ਦੱਸੇਗਾ। ਇਸ ਸਮੇਂ ਤਾਂ ਆਮ ਆਦਮੀ ਦਾ ਇਹ ਦੇਖਣਾ ਬਣਦਾ ਹੈ ਕਿ ਇਸ ਧਿਰ ਦੇ ਹਿੱਸੇਦਾਰ ਕਿਸ ਤਰਾਂ ਦੀ ਰਾਜਨੀਤੀ ਕਰ ਰਹੇ ਹਨ,ਕਿਸ ਤਰਾਂ ਦਾ ਰਾਜਨੀਤਿਕ ਪਿਛੋਕੜ ਰੱਖਦੇ ਹਨ ਤੇ ਉਹ ਭਵਿੱਖ ਵਿਚ ਕਿਸ ਤਰਾਂ ਦੀ ਰਾਜਨੀਤਿਕ ਭੂਮਿਕਾ ਨਿਭਾਅ ਸਕਦੇ ਹਨ?




ਇਸ ਬਾਰੇ ਕੋਈ ਦੋ ਰਾਵਾਂ ਨਹੀਂ ਹਨ ਕਿ ਨਵਾਂ ਗੱਠਜੋੜ ਉਸਾਰਨ ਲਈ ਕਵਾਇਦ ਵਿਚ ਲੱਗੇ ਹੋਏ ਰਾਜਸੀ ਆਗੂ ਪੰਜਾਬ ਦੀ ਰਾਜਨੀਤੀ ਲਈ ਕੋਈ ਨਵੇਂ ਨਹੀਂ ਹਨ। ਤਕਰੀਬਨ ਇਹ ਸਾਰੇ ਹੀ ਥੋੜਾ ਜਾਂ ਬਹੁਤਾ ਕਾਂਗਰਸ ਜਾਂ ਅਕਾਲੀ ਦਲ ਵਿਚ ਕੰਮ ਕਰਨ ਦਾ ਤਜ਼ਰਬਾ ਰੱਖਦੇ ਹਨ। ਇਥੋਂ ਤੱਕ ਕਿ ਇਹ ਗੱਠਜੋੜ ਨੂੰ ਬਣਾਉਣ ਲਈ ਵਧੇਰੇ ਉਤਾਵਲੇ ਅਤੇ ਸਰਗਰਮ ਦਿਖਾਈ ਦੇ ਰਹੇ ਖਹਿਰਾ ਅਤੇ ਬੈਂਸ ਭਰਾ ਵੀ ਕਾਂਗਰਸੀ ਅਤੇ ਅਕਾਲੀ ਪਿਛੋਕੜ ਵਾਲੇ ਆਗੂ ਹਨ। ਇਨਾਂ ਆਗੂਆਂ ਵੱਲੋਂ ਜੋ ਰਾਜਨੀਤੀ ਕੀਤੀ ਜਾ ਰਹੀ ਹੈ ਉਹ ਵੀ ਮੁੱਖ ਰੂਪ ਵਿਚ ਜੋੜ-ਤੋੜ ਦੀ ਮੀਡੀਆ ਮੁਖੀ ਰਾਜਨੀਤੀ ਹੈ। ਪੰਜਾਬ ਦੀ ਰਾਜਨੀਤੀ ਵਿਚ ਕਿਸੇ ਨਵੇਂ ਉਸਾਰੂ ਤੇ ਯਥਾਰਥਕ ਰੁਝਾਣ ਨੂੰ ਸ਼ੁਰੂ ਕਰਨ ਦੀ ਇਨਾਂ ਵਿਚ ਸ਼ਾਇਦ ਸਮਰੱਥਾ ਹੀ ਨਹੀਂ ਹੈ।

ਨਵੇਂ ਉਸਾਰੇ ਜਾ ਰਹੇ ਗੱਠਜੋੜ ਦੇ ਇਕ ਹਿੱਸੇ ਨੂੰ ਟਕਸਾਲੀ ਅਕਾਲੀ ਆਖ ਕੇ ਕਾਫ਼ੀ ਮਹੱਤਵ ਦਿੱਤਾ ਜਾ ਰਿਹਾ ਹੈ। ਅਜਿਹੇ ਰਾਜਸੀ ਆਗੂ ਆਪਣੇ ਇਲਾਕੇ ਦੇ ਭਾਵੇਂ ਕਿੰਨੇ ਵੀ ਪ੍ਰਭਾਵਸ਼ਾਲੀ ਆਗੂ ਕਿਉਂ ਨਾ ਹੋਣ,ਪਾਰਟੀ ਦੇ ਸਿਖਰਲੇ ਆਗੂ (ਸੁਪਰੀਮੋ) ਲਈ ਇਹ ਮਾਤਰ ਉਸ ਦੀ ਮੁੱਛ ਦਾ ਵਾਲ ਹੀ ਹੁੰਦੇ ਹਨ। ਇਹ ਟਕਸਾਲੀ ਆਗੂ ਅਖਵਾਉਂਦੇ ਅਕਾਲੀ ਬਾਦਲਾਂ ਦੇ ਮੁੱਢੋਂ ਸਾਥੀ ਰਹੇ ਹਨ ਤੇ ਅਕਾਲੀਆਂ ਦੀ ਹੁਣ ਤੱਕ ਦੀ ਕਾਰਗੁਜ਼ਾਰੀ ਦੇ ਬਰਾਬਰ ਹਿੱਸੇਦਾਰ ਹਨ। ਜੇਕਰ ਕਿਹਾ ਜਾਂਦਾ ਹੈ ਕਿ ਅਕਾਲੀਆਂ (ਅਤੇ ਕਾਂਗਰਸੀਆਂ) ਨੇ ਪੰਜਾਬ ਨੂੰ ਰੱਜ ਕੇ ਲੁੱਟਿਆਂ ਹੈ ਤਾਂ ਇਨਾਂ ਲੁੱਟਣ

ਵਾਲਿਆਂ ਵਿਚ ਟਕਸਾਲੀ ਵੀ ਸ਼ਾਮਲ ਸਨ। ਬਾਦਲਾਂ ਦੇ ਸਿਆਸੀ ਅਕਸ ਨੂੰ ਬਚਾਉਣ ਵਿਚ ਇਨਾਂ ਦੀ ਭੂਮਿਕਾ ਮੋਹਰੀ ਰਹੀ ਹੈ। ਇਕ ਵਾਰ ਤਾਂ ਜਦੋਂ ਵੱਡੇ ਬਾਦਲ ਸ਼੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਣ ਲਈ ਗਏ ਸਨ ਤਾਂ ਮਾਝੇ ਦੇ ਟਕਸਾਲੀ ਜਰਨੈਲ ਦੀ ਅਗਵਾਈ ਵਿਚ ਪੂਰੀ ਵਾਹਰ ਉਨਾਂ ਦੇ ਨਾਲ ਗਈ ਸੀ ਅਤੇ ਤਤਕਾਲੀ ਜਥੇਦਾਰ ਸਾਹਿਬ ਨੂੰ ਸਵੈਰੱਖਿਆ ਲਈ ਆਪਣੇ ਆਪ ਨੂੰ ਇਕ ਕਮਰੇ ਵਿਚ ਬੰਦ ਕਰਕੇ ਕੁੰਡੀ ਮਾਰਨੀ ਪਈ ਸੀ। ਸੋ, ਇਹ ਹੈ ਟਕਸਾਲੀਆਂ ਦਾ ਟਕਸਾਲੀਵਾਦ। ਇਹ ਪਹਿਲਾਂ ਤੋਂ ਹੀ ਅਕਾਲੀਆਂ ਨਾਲ ਚੱਲੇ ਆ ਰਹੇ ਹਨ, ਸੰਭਵ ਹੈ ਕਿ ਹੁਣ ਵੀ ਅੰਦਰਖਾਤੇ ਉਨਾਂ ਦੇ ਨਾਲ ਹੀ ਹੋਣ ਤੇ ਸਹੀ ਸਮਾਂ ਆਉਣ 'ਤੇ ਬਲਵੰਤ ਸਿੰਘ ਰਾਮੂੰਵਾਲੀਆ ਵਾਂਗ ਉਨਾਂ ਦੀ ਹਮਾਇਤ 'ਤੇ ਆ ਖੜਣ। ਕਹਿੰਦੇ ਹਨ ਨਾ ਕਿ ਸਿਆਸਤ ਵਿਚ ਸਭ ਕੁਝ ਚੱਲਦਾ ਹੈ। ਇਸ ਗੱਠਜੋੜ ਵਿਚ ਕੁਝ ਹੋਰ ਸਿਆਸੀ ਧਿਰਾਂ ਦੇ ਨਾਂ ਵੀ ਵਜਾਏ ਜਾ ਰਹੇ ਹਨ, ਪਰ ਉਨਾਂ ਦੀ ਸ਼ਮੂਲੀਅਤ ਬਾਰੇ ਪੱਕੇ ਤੌਰ 'ਤੇ ਭਰੋਸੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਇਸ ਗੱਠਜੋੜ (ਪ੍ਰਸਤਾਵਿਤ) ਨੂੰ ਅਸੀਂ ਜਾਲ਼ ਇਸ ਲਈ ਕਹਿ ਰਹੇ ਹਾਂ ਕਿ ਇਸ ਰਾਹੀਂ ਪੰਜਾਬੀਆਂ ਨੂੰ ਉਨਾਂ ਪੁਰਾਣੀਆਂ ਗੱਲਾਂ ਕਰਕੇ ਭਰਮਾਇਆ ਜਾ ਰਿਹਾ ਹੈ,ਵਿਸ਼ੇਸ਼ ਕਰਕੇ ਖੇਤਰਵਾਦ ਦੇ ਮੁੱਦੇ ਉੱਪਰ,ਜਿਨਾਂ ਗੱਲਾਂ ਰਾਹੀਂ ਉਹ ਅਕਾਲੀਆਂ ਦੇ ਜਾਲ਼ ਵਿਚ ਫਸਦੇ ਰਹੇ ਹਨ।

ਪੰਜਾਬ ਨੂੰ ਇਸ ਸਮੇਂ ਨਾਅਰਿਆਂ, ਦਾਅਵਿਆਂ, ਵਾਅਦਿਆਂ, ਖੋਖਲੀਆਂ ਗੱਲਾਂ ਦੀ ਥਾਂ ਰਾਜਨੀਤਿਕ ਸਿਆਸੀ ਦ੍ਰਿਸ਼ਟੀ ਦੀ ਲੋੜ ਹੈ। ਇਸ ਸਿਆਸੀ ਦ੍ਰਿਸ਼ਟੀ ਦੀ ਸਾਰਥਿਕਤਾ ਇਸ ਉਪਰਾਲੇ ਵਿਚ ਹਵੇਗੀ ਕਿ ਪੰਜਾਬ ਦੇ ਸਮੁੱਚੇ ਪ੍ਰਕ੍ਰਿਤਿਕ,ਮਾਨਵੀ ਅਤੇ ਸਮਾਜਿਕ ਸਰੋਤਾਂ ਨੂੰ ਪੁਨਰਗਠਿਤ ਕਰਕੇ,ਪੰਜਾਬੀਆਂ ਨੂੰ ਸਿਆਸੀ ਘੁੰਮਣਘੇਰੀਆਂ ਵਿਚੋਂ ਕੱਢ ਕੇ, ਨਵੇਂ ਉਤਸ਼ਾਹ ਨਾਲ ਵਿਕਾਸ ਦੇ ਰਾਹ 'ਤੇ ਤੋਰਿਆ ਜਾਵੇ। ਭਾਵੇਂ ਹੁਣ ਤੱਕ ਡੁੱਲੇ ਬੇਰਾਂ ਦਾ ਬਹੁਤ ਕੁਝ ਵਿਗੜ ਚੁੱਕਾ ਹੈ,ਪਰ ਬੀਜ ਤਾਂ ਕਦੇ ਵੀ ਪੁੰਗਰ ਸਕਦੇ ਹਨ,ਇਸ ਲਈ ਹੁਣ ਜ਼ਰੂਰੀ ਹੋ ਗਿਆ ਹੈ ਕਿ ਮੌਕੇ ਦੀ ਨਜ਼ਾਕਤ ਨੂੰ ਸੰਭਾਲਿਆ ਜਾਵੇ ਤੇ ਲੋਕਾਂ ਦੇ 'ਸਿਰ' 'ਤੇ 'ਸਿਆਸਤ' ਕਰਨ ਦੀ ਥਾਂ,ਲੋਕਾਂ ਨੂੰ ਆਪਣੀ ਸਿਆਸਤ ਆਪ ਕਰਨ ਦਿੱਤੀ ਜਾਵੇ,ਲੋਕ ਆਪਣੇ ਬੁਨਿਆਦੀ ਮੁੱਦਿਆ ਨੂੰ ਵਧੇਰੇ ਚੰਗੀ ਤਰਾਂ ਅਤੇ ਵਧੇਰੇ ਸ਼ਿੱਦਤ ਨਾਲ ਸਮਝਦੇ ਹਨ,ਇਹ ਮੁੱਦੇ ਦਹਾਕਿਆਂ ਤੋਂ ਇਸੇ ਲਈ ਜਿਉਂ ਦੇ ਤਿਉਂ ਬਣੇ ਹੋਏ ਹਨ ਕਿਉਂਕਿ ਇਨਾਂ ਆਮ ਲੋਕਾਂ ਵਿਚੋਂ ਸਿਆਸੀ ਲੀਡਰਾਂ ਨੂੰ ਉੱਭਰਣ ਦਾ ਮੌਕਾ ਹੀ ਨਹੀਂ ਦਿੱਤਾ ਜਾਂਦਾ,ਸਿਆਸਤਦਾਨ ਵੱਡਿਆਂ ਘਰਾਂ ਦੇ ਕਾਕੇ ਬਣਦੇ ਆ ਰਹੇ ਹਨ, ਜਿਨ੍ਹਾਂ ਦੀਆਂ ਤਰਜੀਹਾਂ ਅਤੇ ਵਿਵਹਾਰ ਵੱਖਰਾ ਹੀ ਰਿਹਾ ਹੈ। ਲੋਕ ਸਭਾ ਚੋਣਾਂ ਕਾਫ਼ੀ ਨੇੜੇ ਹਨ,ਇਸ ਲਈ ਆਸ ਕੀਤੀ ਜਾ ਸਕਦੀ ਹੈ ਕਿ ਪੰਜਾਬੀ ਇਨਾਂ ਚੋਣਾਂ ਵਿਚ ਵੀ ਨਵਾਂ ਇਤਿਹਾਸ ਸਿਰਜਣਗੇ। ਉਹ ਨਵੀਆਂ ਸਿਆਸੀ ਤਿਕੜਮਬਾਜ਼ੀਆਂ ਤੋਂ ਸੁਚੇਤ ਰਹਿਣਗੇ ਅਤੇ ਕੇਂਦਰ ਸਰਕਾਰ ਲਈ ਪੰਜਾਬ ਦੇ ਭਵਿੱਖ ਦਾ ਏਜੰਡਾ ਤਿਆਰ ਕਰਨ ਵਿਚ ਦਿਲਚਸਪੀ ਦਿਖਾਉਣਗੇ।

ਸੰਪਾਦਕੀ ਬੋਰਡ: ਨਵਤੇਜ, ਦਲਬੀਰ ਸਾਂਗਿਆਣ, ਕਮਲ ਦੁਸਾਂਝ, ਰਾਮਾ ਕਾਂਤ ਡਾਵਰ
ਸਲਾਹਕਾਰ ਬੋਰਡ: ਡਾ. ਕਰਮਜੀਤ ਸਿੰਘ (ਹੁਸ਼ਿਆਰਪੁਰ)
ਪ੍ਰੋ. ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਵੀਰ ਦਿਓਲ (ਐਡਮਿੰਟਨ)
ਕਿਰਤਮੀਤ ਕੁਹਾੜ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)
ਮੋਹਿੰਦਰ ਸਿੰਘ ਕੰਡਾ (ਫਰਿਜ਼ਨੋ ਪ੍ਰਤੀਨਿਧ)
ਜਗਤਾਰ ਸਾਲਮ (ਵਿਸ਼ੇਸ਼ ਪ੍ਰਤੀਨਿਧ)

2nd Floor, 3448 – 93 Street NW,
Edmonton T6E 6A4,
Alberta (Canada)
Phone : 780 465 9118
Fax: 780 465 0661
Email: info@nawidunia.com
http://www.facebook.com/NawiDunia

*Editorial Board : Navtej, Dalbir Sangione, Kamal Dosanjh, Rama Kant Dawar*
*Advisory Board : Dr. Karamjeet Singh (Hushiarpur)*
*Prof. Rakesh Raman (Ludhiana)*
*Sulakhan Sarhadi (Gurdaspur)*
*Jasvir Deol (Edmonton)*
*Kirtmeet Kohar (Edmonton)*
*Jessie Singh (Calgary)*
*Mohinder Singh Kanda (Fresno Representative)*
*Jagtar Saalam (Special Correspondent)*

ਲੇਖਕਾਂ ਦੀਆਂ ਰਚਨਾਵਾਂ ਅਤੇ ਇਸ਼ਤਿਹਾਰਾਂ 'ਚ ਵਪਾਰਕ ਅਦਾਰਿਆਂ ਵਲੋਂ ਕੀਤੇ ਦਾਅਵਿਆਂ ਨਾਲ 'ਨਵੀਂ ਦੁਨੀਆ' ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਪੰਜਾਬ ਦੀਆਂ ਰਾਜਸੀ ਪਾਰਟੀਆਂ 'ਚ ਟੁੱਟ-ਭੱਜ ਕਿਉਂ ?

ਮਹੀਪਾਲ

ਪੰਜਾਬ 'ਚ ਇਸ ਵੇਲੇ ਰਾਜਸੀ ਪਾਰਟੀਆਂ ਦੀ ਟੁੱਟ-ਭੱਜ ਅਤੇ ਦਲਬਦਲੀਆਂ ਦਾ ਦੌਰ - ਦੌਰਾ ਚੱਲ ਰਿਹਾ ਹੈ। ਦਲਬਦਲੀ ਦੇ ਨਖਿੱਧ ਅਮਲ 'ਚ, ਹਾਕਮ ਜਮਾਤਾਂ ਦੀਆਂ ਬਾਹਰੀ ਭੇਸ ਵਜੋਂ ਰੰਗ-ਬਿਰੰਗੀਆਂ ਪਰ ਅੰਦਰੂਨੀ ਤੌਰ 'ਤੇ ਲੋਟੂਆਂ ਦੇ ਹਿਤਾਂ ਦੀਆਂ ਇਕ-ਦੂਜੀ ਨਾਲੋਂ ਵਧ ਕੇ ਵਫਾਦਾਰ, ਸਾਰੀਆਂ ਹੀ ਪਾਰਟੀਆਂ, ਇਕੋ ਜਿਹੀਆਂ ਹੀ ਗਲਤਾਨ ਹਨ। ਇਹ ਸ਼ਰਮਨਾਕ ਵਰਤਾਰਾ ਕੌਮੀ ਪੱਧਰ 'ਤੇ ਵੀ ਜੋਰਾਂ-ਸ਼ੋਰਾਂ ਨਾਲ ਜਾਰੀ ਹੈ। ਪਰੰਤੂ ਸੂਬੇ 'ਚ ਟੁੱਟ- ਭੱਜ ਦੇ ਵਰਤਾਰੇ ਦੀਆਂ ਆਮ ਆਦਮੀ ਪਾਰਟੀ (ਆਪ) ਅਤੇ ਬਾਦਲਾਂ ਦੀ ਨਿੱਜੀ ਜਾਗੀਰ ਸਮਝਿਆ ਜਾਂਦਾ ਸ਼ਰੋਮਣੀ ਅਕਾਲੀ ਦਲ ਇਸ ਸਮੇਂ ਵਧੇਰੇ ਹੀ ਸ਼ਿਕਾਰ ਹਨ। ਵੱਖੋ-ਵੱਖਰੇ ਸਿਆਸੀ ਵਿਸ਼ਲੇਸ਼ਕ ਇਸ ਘਟਨਾਕ੍ਰਮ ਬਾਬਤ ਭਾਂਤ-ਭਾਂਤ ਦੀਆਂ ਟਿੱਪਣੀਆਂ ਕਰ ਰਹੇ ਹਨ।

ਪਰ ਇਹ ਗੱਲ ਕਾਫੀ ਧਿਆਨ ਗੋਚਰੀ ਹੈ ਕਿ ਪੰਜਾਬ ਦੇ ਆਮ ਲੋਕੀਂ 'ਬਾਦਲ ਦਲ' ਦੀ ਬਜਾਇ 'ਆਪ' ਦੀ ਮੌਜੂਦਾ ਬਿਖਰਾਓ ਦੀ ਅਵਸਥਾ ਤੋਂ ਕਾਫੀ ਹੱਦ ਤੱਕ ਨਿਰਾਸ਼ ਹਨ। ਇਸ ਨਿਰਾਸ਼ਾ ਦਾ ਮੁੱਖ ਕਾਰਨ ਇਹ ਹੈ ਕਿ ਪੰਜਾਬ ਵਾਸੀ ਰਵਾਇਤੀ ਪਾਰਟੀਆਂ; ਇੰਡੀਅਨ ਨੈਸ਼ਨਲ ਕਾਂਗਰਸ ਅਤੇ ਅਕਾਲੀ-ਭਾਜਪਾ ਗਠਜੋੜ ਦੀਆਂ ਲੋਕ ਦੋਖੀ ਨੀਤੀਆਂ, ਭਰਿਸ਼ਟਾਚਾਰ, ਕੁਨਬਾਪਰਵਰੀ, ਗੈਰ ਜਮਹੂਰੀ ਪ੍ਰਸ਼ਾਸ਼ਕੀ ਅਮਲਾਂ, ਹਰ ਕਿਸਮ ਦੇ ਗੁੰਡਾ ਗਰੋਹਾਂ ਤੇ ਨਸ਼ਾ ਤਸਕਰਾਂ ਦੀ ਪੁਸ਼ਤਪਨਾਹੀ ਆਦਿ ਤੋਂ ਡਾਢੇ ਦੁਖੀ ਸਨ। ਇਸ ਨਜ਼ਰੀਏ ਤੋਂ ਅਕਾਲੀ-ਭਾਜਪਾ ਗਠਜੋੜ ਸਰਕਾਰ ਦਾ ਪਿਛਲਾ ਦਸਾਂ ਵਰ੍ਹਿਆਂ ਦਾ ਰਾਜ ਭਾਗ ਲੋਕਾਂ ਦੀਆਂ ਅੱਖਾਂ ਵਿਚ ਬਹੁਤ ਰੜਕਦਾ ਹੈ। ਪ੍ਰਾਂਤਵਾਸੀ ਉਕਤ ਸਾਰੀਆਂ ਅਲਾਮਤਾਂ ਤੋਂ ਰਹਿਤ ਪ੍ਰਸ਼ਾਸ਼ਕੀ ਸੇਵਾਵਾਂ ਅਤੇ ਹਕੀਕੀ ਲੋਕ ਭਲਾਈ ਦੇ ਪਰੋਗਰਾਮ ਲਾਗੂ ਕੀਤੇ ਜਾਣ ਦੀ 'ਆਪ' ਤੋਂ ਭਾਰੀ ਆਸ ਲਾਈ ਬੈਠੇ ਸਨ। ਇਨ੍ਹਾਂ ਆਸਾਂ ਦੀ ਪੂਰਤੀ ਲਈ ਹੀ ਪੰਜਾਬ ਦੇ ਵੋਟਰਾਂ ਨੇ 'ਆਪ' ਨੂੰ ਪਲਕਾਂ 'ਤੇ ਬਿਠਾਇਆ। ਇਨ੍ਹਾਂ ਪਲਕਾਂ 'ਤੇ ਬਿਠਾਉਣ ਵਾਲਿਆਂ 'ਚ ਨੌਜਵਾਨ ਅਤੇ ਬਦੇਸ਼ ਵਸਦੇ ਪੰਜਾਬੀ (ਐਨ ਆਰ ਆਈਜ਼ ) ਵਿਸ਼ੇਸ਼ ਹਨ। ਮੌਜੂਦਾ ਲੋਕ ਸਭਾ ਵਿਚ 'ਆਪ' ਦੇ ਚਾਰ ਸੰਸਦ ਮੈਂਬਰ ਹਨ ਅਤੇ ਚਾਰੇ ਹੀ ਪੰਜਾਬ ਤੋਂ ਜਿੱਤੇ ਸਨ। ਸੂਬੇ ਵਿਚਲੀਆਂ ਕਈ ਹੋਰਨਾਂ ਲੋਕ ਸਭਾ ਸੀਟਾਂ 'ਤੇ ਵੀ 'ਆਪ' ਉਮੀਦਵਾਰਾਂ ਨੇ ਬਹੁਤ, ਪ੍ਰਭਾਵਸ਼ਾਲੀ ਪ੍ਰਦਰਸ਼ਨ ਕੀਤਾ। ਪਰ ਇਹ ਹੈਰਾਨੀਜਨਕ ਵਿਸ਼ਾ ਸੀ ਕਿ 'ਆਪ' ਦੇ ਚਾਰੇ ਸੰਸਦ ਮੈਂਬਰ ਜਿੱਤਣ ਤੋਂ ਤੁਰੰਤ ਪਿਛੋਂ ਫੁੱਟ ਦਾ ਸ਼ਿਕਾਰ ਹੋ ਗਏ। 'ਆਪ' ਦੇ ਚਾਰਾਂ ਵਿਚੋਂ ਦੋ ਸਾਂਸਦ ਇਸ ਵੇਲੇ ਪਾਰਟੀ ਦੇ ਨਾਲ ਹੀ ਨਹੀਂ ਹਨ। ਇਹੀ ਹਾਲ ਪੰਜਾਬ ਵਿਧਾਨ ਸਭਾ ਦੀਆਂ 2017 'ਚ ਹੋਈਆਂ ਵਿਧਾਨ ਸਭਾ ਚੋਣਾਂ 'ਚ ਜਿੱਤ ਪ੍ਰਾਪਤ ਕਰਨ ਵਾਲੇ ਵਿਧਾਇਕਾਂ ਦਾ ਹੈ। ਤਕਨੀਕੀ ਤੌਰ 'ਤੇ ਬੇਸ਼ਕ ਸੁਖਪਾਲ ਸਿੰਘ ਖਹਿਰਾ ਦੀ ਅਗਵਾਈ ਵਾਲਾ ਗੁੱਟ ਸਵਾਲ ਵੱਖਰਾ ਹੋਇਆ ਹੈ, ਪਰ ਸਹੀ ਅਰਥਾਂ ਵਿਚ 'ਆਪ' ਦੇ ਪੰਜਾਬ ਵਿਚਲੇ ਵਿਧਾਇਕ ਮੁੱਢ ਤੋਂ ਹੀ ਵੰਡੇ ਹੋਏ ਸਨ।

ਲੋਕ ਸਭਾ 'ਚ ਤਾਂ, ਅਣਗਿਣਤ ਵਿਅਕਤੀਗਤ ਕਮਜ਼ੋਰੀਆਂ ਦੇ ਬਾਵਜੂਦ, ਆਪ ਦੇ ਸਾਂਸਦ ਭਗਵੰਤ ਮਾਨ ਨੇ ਕਈ ਮੌਕਿਆਂ 'ਤੇ ਵੱਖੋ-ਵੱਖ ਮੁਦਿਆਂ 'ਤੇ ਮੋਦੀ ਸਰਕਾਰ ਨੂੰ ਨਿਸ਼ਾਨਾ ਬਣਾਉਂਦਿਆਂ ਲੋਕਾਂ ਦੀ ਚੋਖੀ ਚਰਚਾ ਵੀ ਬਟੋਰੀ। ਪਰ ਆਪ ਦੇ ਵਿਧਾਇਕ ਤਾਂ ਇਸ ਪੱਖ ਤੋਂ ਵੀ ਉੱਕਾ ਹੀ ਖਰੇ ਨਹੀਂ ਉੱਤਰੇ। ਰਹੀ ਸਹੀ ਕਸਰ ਵਾਰ ਵਾਰ ਦੀ ਫੁੱਟ ਅਤੇ ਹਰ ਰੋਜ ਦੇ ਕਾਟੋ-ਕਲੇਸ਼ ਨੇ ਕੱਢ ਦਿੱਤੀ। ਇਹ ਹਨ ਉਹ ਹਾਲਾਤ ਜਿਨ੍ਹਾਂ ਤੋਂ ਪੰਜਾਬ ਦੇ 'ਆਪ' ਨੂੰ ਭਾਰੀ ਸਮਰਥਨ ਦੇਣ ਵਾਲੇ ਲੋਕੀਂ ਡਾਢੇ ਨਿਰਾਸ਼ ਹਨ।

ਕਈ ਦਾਨਿਸ਼ਮੰਦ ਆਪ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਤਾਨਾਸ਼ਾਹ ਕਾਰਜਵਿਧੀ ਅਤੇ ਸਥਾਨਕ ਆਗੂਆਂ ਦੀਆਂ ਉੱਚੀਆਂ ਆਸਾਂ ਤੇ ਹਊਮੈ ਨੂੰ ਇਸ ਹਾਲਾਤ ਲਈ ਜਿੰਮੇਵਾਰ ਸਮਝਦੇ ਹਨ। ਇਹ ਗੱਲ ਮੰਨਣ ਯੋਗ ਹੈ। ਅਰਵਿੰਦ ਕੇਜਰੀਵਾਲ ਨੇ ਜਿਵੇਂ ਚੁਣ-ਚੁਣ ਕੇ ਵੱਖਰੇ ਵਿਚਾਰ ਰੱਖਣ ਵਾਲਿਆਂ ਨੂੰ ਖੂੰਜੇ ਲਾਇਆ ਅਤੇ ਅਪਮਾਨਤ ਕਰਕੇ ਕੱਢਿਆ ਉਹ ਕਿਸੇ ਤੋਂ ਲੁਕਿਆ ਹੋਇਆ ਨਹੀਂ।

ਪਰ ਸਾਡੀ ਜਾਚੇ ਇਸ ਨਿਰਾਸ਼ਾਜਨਕ ਵਰਤਾਰੇ ਦੇ ਬੁਨਿਆਦੀ ਕਾਰਨ ਹੋਰ ਹਨ ਜਿਨ੍ਹਾਂ ਨੂੰ ਸਮਝੇ ਬਗੈਰ ਨਾ ਮੌਜੂਦਾ ਅਵਸਥਾ ਦਾ ਠੀਕ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਭਵਿੱਖ ਲਈ ਹਾਂ ਪੱਖੀ ਸਿੱਟੇ ਕੱਢੇ ਜਾ ਸਕਦੇ ਹਨ।

ਸਭ ਤੋਂ ਪਹਿਲਾ 'ਤੇ ਅਤਿਅੰਤ ਮਹੱਤਵਪੂਰਨ ਤੱਥ ਇਹ ਹੈ ਕਿ 'ਆਪ' ਵੀ ਉਨ੍ਹਾਂ ਹੀ ਵਿਨਾਸ਼ਕਾਰੀ ਨਵਉਦਾਰਵਾਦੀ ਨੀਤੀਆਂ ਦੀ ਸਮਰਥਕ ਹੈ ਜਿਨ੍ਹਾਂ 'ਤੇ ਕੇਂਦਰ ਅਤੇ ਪ੍ਰਾਂਤਾਂ 'ਚ ਰਾਜ ਭਾਗ ਚਲਾਉਣ ਵਾਲੀਆਂ ਸ਼ਾਸਕ ਵਰਗਾਂ ਦੀਆਂ ਬਾਕੀ ਪਾਰਟੀਆਂ ਅਮਲ ਕਰਦੀਆਂ ਹਨ। ਨਵਉਦਾਰਵਾਦੀ ਨੀਤੀਆਂ 'ਤੇ ਅੰਨ੍ਹੇ ਵਾਹ ਅਮਲ ਕਰਦਿਆਂ ਹੋਇਆਂ ਨਾਲੋ-ਨਾਲ ਲੋਕਾਂ ਦੀਆਂ ਆਸਾਂ-ਉਮੰਗਾਂ ਦੀ ਪੂਰਤੀ ਦੇ ਦਾਅਵੇ ਕਰਨਾ ਸਾਡੇ ਸਮਿਆਂ ਦਾ ਸਭ ਤੋਂ ਵੱਡਾ ਫਰੇਬ ਹੈ। ਸਵਾਲ ਲੋਕੀਂ ਇਸ ਤੱਥ ਪ੍ਰਤੀ ਵੱਡੀ ਹੱਦ ਤੱਕ ਸੁਚੇਤ ਹੋ ਚੁੱਕੇ ਹਨ ਅਤੇ ਦਿਨੋ ਦਿਨ ਹੋਰ ਚੌਕਸ ਹੁੰਦੇ ਜਾ ਰਹੇ ਹਨ। ਮੌਜੂਦਾ ਹਾਕਮ ਜਮਾਤੀ ਰਾਜਸੀ ਪਰਣਾਲੀ ਦੀਆਂ ਸਭ ਬੁਰਾਈਆਂ ਉਕਤ ਨੀਤੀ ਚੌਖਟੇ ਨਾਲ ਪੀਡੀਆਂ ਜੁੜੀਆਂ ਹੋਈਆਂ ਹਨ। ਨਵਉਦਾਰਵਾਦੀ ਨੀਤੀਆਂ ਦੀ ਹਿਮਾਇਤੀ ਕੋਈ ਵੀ ਰਾਜਸੀ ਪਾਰਟੀ, 'ਆਪ' ਸਮੇਤ ਇਨ੍ਹਾਂ ਬੀਮਾਰੀਆਂ ਤੋਂ ਮੁਕਤ ਹੋਣ ਬਾਰੇ ਸੋਚ ਵੀ ਨਹੀਂ ਸਕਦੀ। 'ਆਪ' ਦਾ ਪੂੰਜੀਵਾਦੀ ਸਿਸਟਮ ਦਾ ਹਾਮੀ ਹੋਣਾ ਅਤੇ ਪੂੰਜੀਵਾਦੀ ਪਰਬੰਧ ਚੋਂ ਪੈਦਾ ਹੋਣ ਵਾਲੇ ਲਾਜ਼ਮੀ ਨੁਕਸਾਂ ਦਾ ਵਿਰੋਧੀ ਹੋਣ ਦਾ ਦਾਅਵਾ ਨਾ ਕੇਵਲ ਹਾਸੋ ਹੀਣਾ ਹੈ ਬਲਕਿ ਸਿਰੇ ਦਾ ਧੋਖੇ ਭਰਿਆ ਵੀ ਹੈ। ਆਮ ਲੋਕਾਂ ਦੀ ਕੰਗਾਲੀ ਅਤੇ ਭਿਆਨਕ ਨਾਬਰਾਬਰੀ ਦਾ ਕਾਰਨ ਮੌਜੂਦਾ ਪੂੰਜੀਵਾਦ ਢਾਂਚਾ ਹੈ ਅਤੇ ਬਾਕੀ ਮੁਸੀਬਤਾਂ ਇਸ ਨਾਬਰਾਬਰੀ ਚੋਂ ਹੀ ਉਪਜਦੀਆਂ ਹਨ। ਇਸ ਲਈ 'ਆਪ' ਬਾਕੀ ਦੀਆਂ ਪੂੰਜੀਪਤੀ ਹਿਮਾਇਤੀ ਪਾਰਟੀਆਂ ਵਰਗੀ ਹੀ ਪਾਰਟੀ ਹੈ ਅਤੇ ਪੂੰਜੀਵਾਦ ਸਮਰਥਕ ਦਲਾਂ ਵਿਚਲੇ ਵਿਗਾੜਾਂ ਤੋਂ ਇਹ ਨਾ ਅੱਜ ਮੁਕਤ ਹੈ ਅਤੇ ਨਾ ਹੀ ਭਵਿੱਖ ਵਿਚ ਕਦੀ ਅਜਿਹਾ ਵਾਪਰਨਾ ਸੰਭਵ ਹੈ।

ਇਹ ਤੱਥ ਵਿਸ਼ੇਸ਼ ਤੌਰ 'ਤੇ ਵਿਚਾਰਨ ਯੋਗ ਹੈ ਕਿ 'ਆਪ' ਦੀ ਮੌਜੂਦਾ ਬਣਤਰ ਕੀ ਹੈ ? ਮੁੱਢਲੇ ਦੌਰ 'ਚ ਘਰ ਘਰ ਜਾ ਕੇ 'ਆਪ' ਨੂੰ ਮਕਬੂਲ ਕਰਨ ਵਾਲੇ ਇਕ ਹੱਦ ਤੱਕ ਆਦਰਸ਼ਵਾਦੀ ਵਲੰਟੀਅਰ ਸਵਾਲ ਉੱਕਾ ਹੀ ਗਾਇਬ ਹੋ ਚੁੱਕੇ ਹਨ। 'ਆਪ' ਦੇ ਮੌਜੂਦਾ ਤਾਣੇ ਬਾਣੇ ਨੂੰ ਨੀਝ ਨਾਲ ਦੇਖਿਆਂ ਇਹ ਸਿੱਟਾ ਬੜੀ ਆਸਾਨੀ ਨਾਲ ਕੱਢਿਆ ਜਾ ਸਕਦਾ ਹੈ। ਸਥਾਪਿਤ ਪੂੰਜੀਵਾਦੀ ਦਲਾਂ 'ਚ ਸੱਤਾ ਦੀ ਮਲਾਈ ਛਕਣ ਤੋਂ ਵਾਂਝੇ ਰਹਿ ਗਏ 'ਲੋਕ ਸੇਵਕ' ਸਵਾਲ 'ਆਪ' ਦੇ ਕਰਤੇ ਧਰਤੇ ਬਣ ਚੁੱਕੇ ਹਨ। ਸਮਾਜ 'ਚ ਉਹ ਲੋਕ ਜਿਨ੍ਹਾਂ ਨੇ ਆਪਣੇ ਨਿੱਜੀ ਕਾਰੋਬਾਰ ਜਾਂ ਉੱਚ ਪੱਧਰੀ ਨੌਕਰੀਆਂ ਆਦਿ ਕਰਦਿਆਂ ਗੈਰ ਵਾਜਬ ਢੰਗਾਂ ਰਾਹੀਂ 'ਮਾਇਆ' ਇਕੱਤਰ ਕੀਤੀ ਹੈ ਉਹ ਵੀ 'ਆਪ' ਦੇ ਸਰਵੇਸਰਵਾ ਬਣ ਗਏ ਸਨ। ਅਜਿਹੇ 'ਭਦਰਪੁਰਸ਼ਾਂ ਤੋਂ ਕਿਸੇ ਭਲੇ ਦੀ ਆਸ ਕਰਨਾ ਹੀ ਵਾਜ਼ਬ ਨਹੀਂ।

ਪੰਜਾਬ ਅਤੇ ਦੇਸ਼ਵਾਸੀਆਂ ਲਈ ਸਭ ਤੋਂ ਢੁਕਵਾਂ ਬਦਲ ਉਹੀ ਹੋ ਸਕਦਾ ਹੈ ਜੋ ਮੁੱਠੀ ਭਰ ਲੋਟੂਆਂ ਦੇ ਹਿਤਾਂ ਦੀ ਬਜਾਇ ਸਮੂਹ ਲੋਕਾਈ ਦੇ ਹੱਕਾਂ ਹਿਤਾਂ ਦੀ ਰਾਖੀ ਲਈ ਘੜੀਆਂ ਗਈਆਂ ਹਕੀਕੀ ਲੋਕ ਪੱਖੀ ਨੀਤੀਆਂ 'ਤੇ ਆਧਾਰਿਤ ਰਾਜਸੀ ਬਦਲ ਦੀ ਉਸਾਰੀ ਦਾ ਹੋਕਾ ਦੇਵੇ। ਇਹ ਬਦਲ ਲੋਕਾਈ ਦੇ ਬੱਝਵੇਂ ਘੋਲਾਂ ਤੋਂ ਬਗੈਰ ਨਹੀਂ ਉਸਰ ਸਕਦਾ। ਮੌਜੂਦਾ ਦੌਰ 'ਚ ਇਸ ਆਵਾਮੀ ਘੋਲ ਦਾ ਮੁੱਖ ਫੋਕਸ ਫਿਰਕੂ-ਫਾਸ਼ੀ ਵਿਚਾਰਧਾਰਾ ਅਤੇ ਸਾਮਰਾਜੀ ਬਘਿਆੜਾਂ ਤੇ ਉਨ੍ਹਾਂ ਦੇ ਜੋਟੀਦਾਰ ਕਾਰਪੋਰੇਟ ਘਰਾਣਿਆਂ ਦੇ ਲੁੱਟ ਦੇ ਮਨਸੂਬੇ ਸਿਰੇ ਚੜ੍ਹਾਉਣ ਲਈ ਘੜੀਆਂ ਗਈਆਂ ਨਵਉਦਾਰਵਾਦੀ ਨੀਤੀਆਂ ਵਿਰੁੱਧ ਹੋਣਾ ਚਾਹੀਦਾ ਹੈ। ਇਨ੍ਹਾਂ ਵਿਚਾਰਾਂ ਵਾਲੀਆਂ ਸਾਰੀਆਂ ਧਿਰਾਂ ਦਾ ਸਾਂਝਾ ਮੁਹਾਜ਼ ਹੀ ਉਕਤ ਸੰਗਰਾਮ ਨੂੰ ਜੇਤੂ ਬਨਾਉਣ ਦੇ ਯੋਗ ਹੋ ਸਕਦਾ ਹੈ।



## ਪੁਲਵਾਮਾ ਹਮਲਾ : 'ਏਨੀ ਜ਼ਿਆਦਾ ਧਮਾਕਾਖੇਜ਼ ਸਮੱਗਰੀ ਪਾਕਿਸਤਾਨ ਤੋਂ ਨਹੀਂ ਆ ਸਕਦੀ'

ਜੰਮੂ-ਕਸ਼ਮੀਰ ਦੇ ਪੁਲਵਾਮਾ ਵਿਚ 14 ਫਰਵਰੀ ਨੂੰ ਸੀ.ਆਰ.ਪੀ.ਐਫ. ਦੇ ਕਾਫ਼ਲੇ 'ਤੇ ਹਮਲਾ ਹੋਇਆ, ਜਿਸ ਵਿਚ 40 ਤੋਂ ਜ਼ਿਆਦਾ ਜਵਾਨ ਮਾਰੇ ਗਏ। ਹਮਲੇ ਦੀ ਜ਼ਿੰਮੇਵਾਰੀ ਜੈਸ਼-ਏ-ਮੁਹੰਮਦ ਨੇ ਲਈ ਹੈ। ਇਸ ਹਮਲੇ ਮਗਰੋਂ ਭਾਰਤ ਵਲੋਂ ਜਵਾਬੀ ਕਾਰਵਾਈ ਕੀ ਹੋਣੀ ਚਾਹੀਦੀ ਹੈ, ਇਸ ਹਮਲੇ ਪਿਛਲੇ ਹੋਰਨਾਂ ਕਾਰਨਾਂ 'ਤੇ ਬਹਿਸ ਛਿੜੀ ਹੋਈ ਹੈ।

ਇਸ ਤਰ੍ਹਾਂ ਦੇ ਤਮਾਮ ਸਵਾਲਾਂ ਦੌਰਾਨ ਰੱਖਿਆ ਮਾਹਰ ਤੇ ਕਸ਼ਮੀਰ ਵਿਚ ਸੇਵਾਵਾਂ ਦਿੰਦੇ ਰਹੇ ਫ਼ੌਜ ਦੇ ਕਈ ਅਧਿਕਾਰੀਆਂ ਨੇ ਵੀ ਆਪਣੀ ਰਾਏ ਸਾਂਝਾ ਕੀਤੀ ਹੈ। ਨਾਲ ਹੀ ਇਹ ਵੀ ਦੱਸਿਆ ਹੈ ਕਿ ਭਾਰਤ ਨੂੰ ਕਿਸ ਤਰ੍ਹਾਂ ਇਸ ਮਾਮਲੇ ਨਾਲ ਨਜਿੱਠਣਾ ਚਾਹੀਦਾ ਹੈ।

1965 ਬੈਚ ਦੇ ਆਈ.ਪੀ.ਐਸ. ਅਫ਼ਸਰ ਏ.ਐਸ. ਦੁੱਲਤ ਰਿਸਰਚ ਐਂਡ ਐਨਾਲਿਸਸ ਵਿੰਗ (ਰਾਅ) ਦੇ ਮੁਖੀ ਰਹਿ ਚੁੱਕੇ ਹਨ। ਉਨ੍ਹਾਂ ਕਿਹਾ ਕਿ ਭਾਰਤ ਨੂੰ ਇਸ ਹਮਲੇ ਦੇ ਜਵਾਬ ਵਿਚ 'ਹਮਲਾਵਰੀ ਕਾਰਵਾਈ' ਦੀ ਬਜਾਏ 'ਹਮਲਾਵਰੀ ਕੂਟਨੀਤੀ' ਅਪਣਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ, "ਕੂਟਨੀਤੀ ਦਾ ਰਸਤਾ ਅਪਣਾਉਣਆ ਬੇਹੱਦ ਜ਼ਰੂਰੀ ਹੈ। ਅਮਰੀਕਾ ਨੇ ਸਾਨੂੰ ਪਹਿਲਾਂ ਹੀ ਸਮਰਥਨ ਦੇ ਦਿੱਤਾ ਹੈ। ਕੂਟਨੀਤੀ ਦੀ ਦਿਸ਼ਾ ਵਿਚ ਜਵਾਬ ਦੇਣਾ ਬੇਹਤਰ ਉਪਾਅ ਹੈ, ਅਜਿਹਾ ਹੀ 1999 ਵਿਚ ਹੋਏ ਕਾਰਗਿਲ ਯੁੱਧ ਅਤੇ 2001 ਵਿਚ ਹੋਏ ਸੰਸਦ ਹਮਲੇ ਤੋਂ ਬਾਅਦ ਅਸੀਂ ਅਪਣਾਈ ਸੀ। ਸਾਨੂੰ ਹਮਲਾਵਰੀ ਕੂਟਨੀਤੀ ਅਪਣਾ ਕੇ ਪਾਕਿਸਤਾਨ ਨੂੰ ਸਖ਼ਤ ਸੁਨੇਹਾ ਦੇਣਾ ਚਾਹੀਦਾ ਹੈ।" ਦੁੱਲਤ ਦੇਸ਼ ਵਿਚ ਕਸ਼ਮੀਰ ਮਾਮਲੇ ਦੇ ਵੱਡੇ ਜਾਣਕਾਰਾਂ ਵਿਚੋਂ ਇਕ ਹਨ। ਉਨ੍ਹਾਂ ਨੇ ਹਾਲ ਹੀ ਵਿਚ ਕਸ਼ਮੀਰ 'ਤੇ ਇਕ ਕਿਤਾਬ 'ਦ ਸਪਾਈ ਕਾਰਨੀਕਲ : ਰਾਅ, ਆਈਐਸਆਈ ਐਂਡ ਇਲਿਊਜ਼ਨ ਆਫ਼ ਪੀਸ' ਲਿਖੀ ਹੈ ਜਿਸ ਵਿਚ ਵਾਜਪਾਈ ਕਾਰਜਕਾਲ ਵਿਚ ਕਸ਼ਮੀਰ ਵਿਚ ਕੀ ਹਾਲਾਤ ਸਨ, ਇਸ ਦਾ ਜ਼ਿਕਰ ਹੈ। ਉਨ੍ਹਾਂ ਕਿਹਾ, "ਮੈਂ ਹਮੇਸ਼ਾ ਦੋਹਾਂ ਮੁਲਕਾਂ ਵਿਚਾਲੇ ਸੰਵਾਦ ਦੀ ਵਕਾਲਤ ਕੀਤੀ ਹੈ। ਪਰ ਪੁਲਵਾਮਾ ਹਮਲੇ ਮਗਰੋਂ ਜੇਕਰ ਮੈਂ ਸੰਵਾਦ ਦੀ ਗੱਲ ਕਰਦਾ ਹਾਂ ਤਾਂ ਮੈਨੂੰ 'ਦੇਸ਼-ਵਿਰੋਧੀ' ਕਿਹਾ ਜਾਵੇਗਾ।" ਫ਼ੌਜ ਦੀ ਕਾਰਵਾਈ ਦੀ ਖੁੱਲ੍ਹੀ ਛੋਟ ਦਿੱਤੇ ਜਾਣ ਵਾਲੇ ਬਿਆਨ 'ਤੇ ਉਨ੍ਹਾਂ ਕਿਹਾ, "ਫ਼ੌਜ ਨੂੰ ਜੋ ਉਚਿਤ ਲਗਦਾ ਹੈ, ਉਹ ਵੈਸਾ ਕਰਨ ਲਈ ਆਜ਼ਾਦ ਹੈ। ਪਰ ਇਸ ਦਾ ਇਹ ਮਤਲਬ ਨਹੀਂ ਕਿ ਤੁਸੀਂ ਕਿਸੇ ਦੇ ਘਰ ਵਿਚ ਦਾਖ਼ਲ ਹੋ ਕੇ ਲੋਕਾਂ ਦੀ ਹੱਤਿਆ ਕਰੋ। ਇਸ ਦਾ ਇਹ ਮਤਲਬ ਹੈ ਕਿ ਜਦੋਂ ਤੁਹਾਡੇ 'ਤੇ ਹਮਲਾ ਹੋਵੇ ਤਾਂ ਤੁਸੀਂ ਜਵਾਬੀ ਕਾਰਵਾਈ ਕਰੋ।" ਵੱਖਵਾਦੀ ਨੇਤਾਵਾਂ ਨੂੰ ਦਿੱਤੀ ਗਈ ਸੁਰੱਖਿਆ ਵਾਪਸ ਲੈਣ ਦੇ ਫ਼ੈਸਲੇ 'ਤੇ ਦੁੱਲਤ ਨੇ ਕਿਹਾ, "ਸਚਾਈ ਇਹ ਹੈ ਕਿ ਕੁਝ ਵੱਖਵਾਦੀ ਨੂੰ ਖ਼ਤਰਾ ਹੈ ਤਾਂ ਕੁਝ ਵੱਖਵਾਦੀ ਨੇਤਾਵਾਂ ਦੀ ਹੱਤਿਆ ਵੀ ਹੋ ਚੁੱਕੀ ਹੈ, ਇਸ ਲਈ ਉਨ੍ਹਾਂ ਨੂੰ ਸੁਰੱਖਿਆ ਦਿੱਤੀ ਗਈ ਸੀ। ਜੇਕਰ ਤੁਸੀਂ ਸੁਰੱਖਿਆ ਹਟਾਉਂਦੇ ਹਨ, ਤਾਂ ਉਨ੍ਹਾਂ 'ਤੇ ਇਹ ਹਮਲੇ ਮੁੜ ਹੋ ਸਕਦੇ ਹਨ।

ਲੈਫਟੀਨੈਂਟ ਜਨਰਲ ਡੀ.ਐਸ. ਹੁੱਡਾ ਨੇ ਕਿਹਾ, "ਇਹ ਸੰਭਵ ਨਹੀਂ ਹੈ ਕਿ ਏਨੀ ਜ਼ਿਆਦਾ ਮਾਤਰਾ ਵਿਚ ਧਮਾਕਾਖੇਜ਼ ਸਮੱਗਰੀ ਸਰਹੱਦੋਂ ਪਾਰ ਆ ਜਾਵੇ। ਇਹ ਬਾਰੂਦ ਲੁਕਾ ਕੇ ਲਿਆਂਦਾ ਗਿਆ ਹੋਵੇਗਾ। ਸਾਨੂੰ ਆਪਣੇ ਗਵਾਂਢੀ ਮੁਲਕ ਨਾਲ ਰਿਸ਼ਤਿਆਂ ਬਾਰੇ ਮੁੜ ਤੋਂ ਸੋਚਣਾ ਹੋਵੇਗਾ।"ਸਾਬਕਾ ਰਾਅ ਚੀਫ਼ ਵਿਕਰਮ ਸੂਦ ਦਾ ਕਹਿਣਾ ਹੈ ਕਿ ਇਸ ਹਮਲੇ ਵਿਚ ਸੁਰੱਖਿਆ ਮਾਮਲਿਆਂ ਵਿਚ ਵੱਡੀ ਗ਼ਲਤੀ ਹੋਈ ਹੈ। ਭਾਰਤ ਨੂੰ ਇਸ ਹਮਲੇ ਦਾ ਜਵਾਬ ਕਿਵੇਂ ਦੇਣਾ ਚਾਹੀਦਾ ਹੈ, ਇਸ ਸਵਾਲ 'ਤੇ ਉਨ੍ਹਾਂ ਕਿਹਾ, "ਇਹ ਕੋਈ ਬਾਕਸਿੰਗ ਮੈਚ ਨਹੀਂ ਹੈ, ਮੁੱਕੇ ਦੇ ਜਵਾਬ ਵਿਚ ਮੁੱਕੇ ਦਾ ਤਰੀਕਾ ਇਸ ਸਥਿਤੀ ਵਿਚ ਕੰਮ ਨਹੀਂ ਆਏਗਾ। ਚੀਨ ਪਾਕਿਸਤਾਨ ਲਈ ਸੁਰੱਖਿਆ ਕਵਚ ਦਾ ਕੰਮ ਕਰ ਰਿਹਾ ਹੈ ਤੇ ਸੰਯੁਕਤ ਰਾਸ਼ਟਰ ਵਿਚ ਚੀਨ ਹੀ ਮਸੂਦ ਅਜ਼ਹਰ ਨੂੰ ਅਤਿਵਾਦੀ ਐਲਾਨਣ ਨਹੀਂ ਦਿੰਦਾ।

ਜ਼ਿਕਰਯੋਗ ਹੈ ਕਿ ਭਾਰਤ ਨੇ ਇਸ ਹਮਲੇ ਮਗਰੋਂ ਪਾਕਿਸਤਾਨ ਤੋਂ ਮੋਸਟ ਫੇਵਰਡ ਨੇਸ਼ਨ ਦਾ ਰੁਤਬਾ ਵਾਪਸ ਲੈ ਲਿਆ ਹੈ। ਇਸ ਦੇ ਨਾਲ ਹੀ ਪਾਕਿਸਤਾਨ ਤੋਂ ਆਉਣ ਵਾਲੇ ਸਾਮਾਨ 'ਤੇ ਲੱਗਣ ਵਾਲੀ ਕਸਟਮ ਡਿਊਟੀ 200 ਫ਼ੀਸਦੀ ਤੱਕ ਵਧਾ ਦਿੱਤੀ ਗਈ ਹੈ।

# ਪ੍ਰਿਯੰਕਾ ਗਾਂਧੀ ਦੇ ਆਉਣ ਨਾਲ ਕੀ ਰਾਹੁਲ ਗਾਂਧੀ ਦੇ ਕਦ 'ਤੇ ਅਸਰ ਪਏਗਾ ?

ਅਪਰਨਾ ਦਿਵੇਦੀ

ਪ੍ਰਿਯੰਕਾ ਗਾਂਧੀ ਦੇ ਸਰਗਰਮ ਸਿਆਸਤ ਵਿਚ ਕਦਮ ਰੱਖਣ ਦੇ ਨਾਲ ਹੀ ਕਾਂਗਰਸ ਅਤੇ ਗਾਂਧੀ ਪਰਿਵਾਰ ਦਾ ਇਕ ਹੋਰ ਅਧਿਆਏ ਸ਼ੁਰੂ ਹੋ ਗਿਆ ਹੈ। 2019 ਦੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪ੍ਰਿਯੰਕਾ ਨੂੰ ਕਾਂਗਰਸ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ ਪੂਰਬੀ ਉੱਤਰ ਪ੍ਰਦੇਸ਼ ਵਿਚ ਕਾਂਗਰਸ ਨੂੰ ਜਿਤਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।

ਰਾਹੁਲ ਗਾਂਧੀ ਦੇ ਪ੍ਰਧਾਨਗੀ ਦਾ ਅਹੁਦਾ ਸੰਭਾਲਣ ਮਗਰੋਂ ਸੋਨੀਆ ਗਾਂਧੀ ਨੇ ਇਕ ਨਿਊਜ਼ ਚੈਨਲ ਵਿਚ ਕਿਹਾ ਸੀ ਕਿ ਪ੍ਰਿਯੰਕਾ ਆਪਣੇ ਪਰਿਵਾਰ ਨੂੰ ਸੰਭਾਰ ਰਹੀ ਹੈ, ਇਸ ਲਈ ਉਹ ਸਰਗਰਮ ਸਿਆਸਤ ਵਿਚ ਨਹੀਂ ਆ ਰਹੀ ਹੈ। ਹਾਲਾਂਕਿ ਉਨ੍ਹਾਂ ਨੇ ਇਹ ਵੀ ਸਪਸ਼ਟ ਕੀਤਾ ਸੀ ਕਿ ਸਿਆਸਤ ਵਿਚ ਆਉਣਾ ਪ੍ਰਿਯੰਕਾ ਦਾ ਆਪਣਾ ਫ਼ੈਸਲਾ ਹੋਵੇਗਾ।

ਜਾਣਕਾਰ ਮੰਨਦੇ ਹਨ ਕਿ ਸੋਨੀਆ ਗਾਂਧੀ ਬਾਖ਼ੂਬੀ ਸਮਝਦੀ ਹੈ ਕਿ ਜਿਵੇਂ ਹੀ ਪ੍ਰਿਯੰਕਾ ਗਾਂਧੀ ਨੇ ਸਿਆਸਤ ਵਿਚ ਕਦਮ ਰੱਖਿਆ, ਉਵੇਂ ਹੀ ਭਰਾ-ਭੈਣ ਵਿਚਾਲੇ ਤੁਲਨਾ ਸ਼ੁਰੂ ਹੋ ਜਾਵੇਗੀ। ਅਤੇ ਅਜਿਹਾ ਹੀ ਹੋਣ ਵੀ ਲੱਗਾ ਹੈ।

**ਪ੍ਰਿਯੰਗਾ ਗਾਂਧੀ ਨੂੰ ਲਿਆਉਣ ਦੀ ਮੰਗ :**

ਪਿਛਲੇ ਇਕ ਦਹਾਕੇ ਦੌਰਾਨ ਕਾਂਗਰਸ ਨੇ ਆਪਣੇ ਇਤਿਹਾਸ ਦਾ ਸਭ ਤੋਂ ਬੁਰਾ ਦੌਰ ਦੇਖਿਆ, ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਲੋਕ ਸਭਾ ਵਿਚ ਮਹਿਜ਼ 44 ਦੇ ਅੰਕੜੇ ਤੱਕ ਸਿਮਟ ਗਈ। ਪਾਰਟੀ ਨੂੰ ਇਕ ਅਜਿਹੇ ਚਿਹਰੇ ਦੀ ਲੋੜ ਮਹਿਸੂਸ ਹੋਣ ਲੱਗੀ ਜੋ ਉਸ ਦੇ ਹਾਲਾਤ ਦਾ ਕਾਇਆ ਕਲਪ ਕਰ ਸਕੇ। ਕਾਂਗਰਸ ਪਾਰਟੀ ਅੰਦਰ ਪ੍ਰਿਯੰਕਾ ਗਾਂਧੀ ਨੂੰ ਸਰਗਰਮ ਸਿਆਸਤ ਵਿਚ ਲਿਆਉਣ ਦੀ ਮੰਗ ਵਧਣ ਲੱਗੀ। ਪ੍ਰਿਯੰਕਾ ਗਾਂਧੀ ਸ਼ੁਰੂ ਤੋਂ ਕਾਰਜਕਰਤਾਵਾਂ ਵਿਚਾਲੇ ਲੋਕਪ੍ਰਿਯ ਰਹੀ ਹੈ।

ਹਾਲਾਂਕਿ ਉਹ ਅਮੇਠੀ ਅਤੇ ਰਾਏਬਰੇਲੀ ਤੋਂ ਅੱਗੇ ਕਦੇ ਨਹੀਂ ਨਿਕਲੀ। ਉਹ ਬਚਪਨ ਤੋਂ ਹੀ ਰਾਏਬਰੇਲੀ ਜਾਂਦੀ ਰਹੀ ਸ। ਜਦੋਂ ਉਹ ਛੋਟੀ ਸੀ ਅਤੇ ਆਪਣੇ ਪਿਤਾ ਰਾਜੀਵ ਗਾਂਧੀ ਤੇ ਸੋਨੀਆ ਨਾਲ ਰਾਏਬਰੇਲੀ ਜਾਂਦੀ ਸੀ ਤਾਂ ਉਨ੍ਹਾਂ ਦੇ ਬਾਲ ਛੋਟੇ ਰਹਿੰਦੇ ਸਨ। ਉਥੋਂ ਦੇ ਲੋਕਾਂ ਨੇ ਰਾਹੁਲ ਗਾਂਧੀ ਵਾਂਗ ਉਨ੍ਹਾਂ ਨੂੰ ਵੀ 'ਭਈਆ' ਬੁਲਾਉਣਾ ਸ਼ੁਰੂ ਕਰ ਦਿੱਤਾ। ਜਦੋਂ ਉਹ ਵੱਡੀ ਹੋਈ ਤਾਂ ਉਹ ਉਥੋਂ ਦੀ 'ਭਈਆ ਜੀ' ਬਣ ਗਈ।

**ਲੋਕਾਂ ਨਾਲ ਨੇੜਤਾ :**

ਪ੍ਰਿਯੰਕਾ ਦੀ ਖ਼ਾਸੀਅਤ ਹੈ ਕਿ ਉਹ ਲੋਕਾਂ ਨਾਲ ਜਲਦੀ ਜੁੜ ਜਾਂਦੀ ਹੈ। ਰਾਏਬਰੇਲੀ ਵਿਚ ਪ੍ਰਿਯੰਕਾ ਗਾਂਧੀ ਕਦੇ ਵੀ ਅਚਾਨਕ ਹੀ ਵਿਚਾਲੇ ਸੜਕ 'ਤੇ ਰੁਕ ਕੇ ਕਿਸੇ ਵੀ ਵਰਕਰ ਨੂੰ ਨਾਂ ਨਾਲ ਬੁਲਾ ਲੈਂਦੀ ਹੈ। ਉਸ ਦਾ ਹਾਲ ਚਾਲ ਪੁੱਛ ਲੈਂਦੀ ਸੀ। ਏਨਾ ਹੀ ਨਹੀਂ, ਜੇਕਰ ਉਥੇ ਕਿਸੇ ਦਾ ਕੰਮ ਕਿਸੇ ਨੇਤਾ ਕਾਰਨ ਰੁਕਦਾ ਸੀ, ਤਾਂ ਨੇਤਾ ਪ੍ਰਿਯੰਕਾ ਗਾਂਧੀ ਦੇ ਗੁੱਸੇ ਤੋਂ ਬਚ ਨਹੀਂ ਸਕਦਾ ਸੀ। ਪ੍ਰਿਯੰਕਾ ਬਾਰੇ ਇਹ ਸਾਰੇ ਜਾਣਦੇ ਹਨ ਕਿ ਉਹ ਸੁਭਾਅ ਤੋਂ ਬਹੁਤ ਗੁੱਸੇ ਵਾਲੀ ਹੈ ਪਰ ਬਾਵਜੂਦ ਇਸ ਦੇ ਰਾਏਬਰੇਲੀ ਅਤੇ ਅਮੇਠੀ ਦੇ ਲੋਕਾਂ ਦਾ ਮੰਨਣਾ ਹੈ ਕਿ ਉਨ੍ਹਾਂ ਦਾ ਗੁੱਸਾ ਕੰਮ ਨਾ ਕਰਨ ਵਾਲਿਆਂ 'ਤੇ ਹੁੰਦਾ ਹੈ। ਕਈ ਇਲਾਕਿਆਂ ਦਾ ਦੌਰਾ ਕਰਦਿਆਂ ਪ੍ਰਿਯੰਕਾ ਗਾਂਧੀ ਕਿਸੇ ਬਜ਼ੁਰਗ ਮਹਿਲਾ ਦਾ ਹੱਥ ਫੜ ਕੇ ਬੈਠ ਜਾਂਦੀ ਹੈ। ਕਦੇ ਉਨ੍ਹਾਂ ਨਾਲ ਪਰਾਂਠੇ-ਆਚਾਰ ਦਾ ਨਾਸ਼ਤਾ ਕਰਦੀ ਹੈ ਤਾਂ ਕਦੇ ਰਿਕਸ਼ੇ 'ਤੇ ਆਪਣੇ ਬੱਚਿਆਂ ਨੂੰ ਘੁਮਾਉਂਦੀ ਹੈ।

ਸੂਤਰਾਂ ਮੁਤਾਬਕ ਐਸ.ਪੀ.ਜੀ. ਇਸ ਗੱਲ ਤੋਂ ਹਮੇਸ਼ਾ ਪ੍ਰੇਸ਼ਾਨ ਰਹਿੰਦੇ ਹਨ ਕਿਉਂਕਿ ਲੋਕਾਂ ਵਿਚਾਲੇ ਜਦੋਂ ਉਹ ਘੁਲਦੀ-ਮਿਲਦੀ ਹੈ ਤਾਂ ਸੁਰੱਖਿਆ ਦਾ ਧਿਆਨ ਨਹੀਂ ਰੱਖਦੀ। ਰਾਏਬਰੇਲੀ ਅਤੇ ਅਮੇਠੀ ਵਿਚ ਜ਼ਿਆਦਾਤਰ ਲੋਕਾਂ ਨੂੰ ਹਰ ਤਰ੍ਹਾਂ ਦੀ ਸਰਕਾਰੀ ਯੋਜਨਾ ਦਾ ਲਾਭ ਮਿਲਦਾ ਹੈ ਕਿਉਂਕਿ ਪ੍ਰਿਯੰਕਾ ਇਹ ਧਿਆਨ ਰੱਖਦੀ ਹੈ ਕਿ ਇਕ-ਇਕ ਵਿਅਕਤੀ ਤੱਕ ਯੋਜਨਾ ਦੀ ਜਾਣਕਾਰੀ ਪਹੁੰਚੇ ਅਤੇ ਜੇਕਰ ਉਹ ਉਨ੍ਹਾਂ ਯੋਜਨਾਵਾਂ ਦੇ ਯੋਗ ਹਨ, ਤਾਂ ਉਸ ਦਾ ਲਾਭ ਮਿਲੇ। ਪ੍ਰਿਯੰਕਾ ਦੀ ਤੁਲਨਾ ਅਕਸਰ ਉਸ ਦੀ ਦਾਦੀ ਇੰਦਰਾ ਗਾਂਧੀ ਨਾਲ ਹੁੰਦੀ ਰਹੀ ਹੈ। ਪ੍ਰਿਯੰਕਾ ਦੇ ਹੇਅਰਸਟਾਈਲ, ਕੱਪੜਿਆਂ ਦੀ ਚੋਣ ਅਤੇ ਗੱਲ ਕਰਨ ਦੇ ਸਲੀਕੇ ਵਿਚ ਇੰਦਰਾ ਗਾਂਧੀ ਦੀ ਝਲਕ ਸਾਫ਼ ਨਜ਼ਰ ਆਉਂਦੀ ਹੈ।

**ਮਹੱਤਵਪੂਰਨ ਅਹੁਦੇ ਤੋਂ ਬਚਦੇ ਰਹੇ ਰਾਹੁਲ :**

ਉਧਰ ਰਾਹੁਲ ਗਾਂਧੀ ਦੀ ਗੱਲ ਕਰੀਏ, ਤਾਂ ਉਹ ਪ੍ਰਿਯੰਕਾ ਤੋਂ ਕਰੀਬ ਦੋ ਸਾਲ ਵੱਡੇ ਹਨ। ਉਨ੍ਹਾਂ ਨੇ 2004 ਵਿਚ ਸਰਗਰਮ ਸਿਆਸਤ ਵਿਚ ਕਦਮ ਰੱਖਿਆ ਅਤੇ ਅਮੇਠੀ ਤੋਂ ਪਹਿਲੀ ਚੋਣ ਲੜੀ। ਉਨ੍ਹਾਂ ਦੇ ਪਿਤਾ ਰਾਜੀਵ ਗਾਂਧੀ ਨੇ ਵੀ ਇਸੇ ਸੀਟ ਤੋਂ ਚੋਣ ਲੜੀ ਸੀ। ਉਸ ਤੋਂ ਬਾਅਦ ਲਗਾਤਾਰ ਉਹ ਚੋਣ ਲੜਦੇ ਰਹੇ, ਜਿੱਤਦੇ ਰਹੇ ਪਰ ਸਰਕਾਰ ਜਾਂ ਪਾਰਟੀ ਵਿਚ ਕੋਈ ਮਹੱਤਵਪੂਰਨ ਜ਼ਿੰਮੇਵਾਰੀ ਨਹੀਂ ਚੁੱਕੀ। 2004 ਤੋਂ ਲੈ ਕੇ 2014 ਤੱਕ ਕਾਂਗਰਸ ਦੀ ਅਗਵਾਈ ਵਿਚ ਯੂ.ਪੀ.ਏ. ਦੀ ਸਰਕਾਰ ਸੀ, ਉਦੋਂ ਵਿਰੋਧੀ ਧਿਰ ਮਨਮੋਹਨ ਸਿੰਘ 'ਤੇ ਇਹੀ ਦੋਸ਼ ਲਾਉਂਦੀ ਰਹੀ ਸੀ ਕਿ ਉਹ ਰਿਮੋਟ ਕੰਟਰੋਲ ਸਰਕਾਰ ਚਲਾਉਂਦੇ ਹਨ।

ਮਨਮੋਹਨ ਸਿੰਘ ਦੇ ਮੀਡੀਆ ਸਲਾਹਕਾਰ ਰਹੇ ਸੰਜੇ ਬਾਰੂ ਨੇ ਆਪਣੀ ਕਿਤਾਬ ਵਿਚ ਲਿਖਿਆ ਵੀ ਸੀ ਕਿ ਮਨਮੋਹਨ ਸਿੰਘ ਮੰਨਦੇ ਸਨ ਕਿ ਰਾਹੁਲ ਗਾਂਧੀ ਆਉਣ ਵਾਲੇ ਸਮੇਂ ਵਿਚ ਸਰਕਾਰ ਅਤੇ ਪਾਰਟੀ ਦੋਵੇਂ ਸੰਭਾਲਣਗੇ ਅਤੇ ਉਹ 'ਭਰਤ' ਦੀ ਭੂਮਿਕਾ ਵਿਚ ਹੈ। ਇਹੀ ਕਾਰਨ ਸੀ ਕਿ ਰਾਹੁਲ ਗਾਂਧੀ ਹਮੇਸ਼ਾ ਆਲੋਚਨਾ ਦਾ ਸ਼ਿਕਾਰ ਹੁੰਦੇ ਸਨ।

**ਭਾਜਪਾ ਦੇ ਮਜ਼ਾਕ ਦੇ ਪਾਤਰ ਬਣੇ ਰਾਹੁਲ :**

ਭਾਜਪਾ ਨੇ ਇਸ ਦਾ ਜੰਮ ਕੇ ਲਾਭ ਲਿਆ ਅਤੇ ਰਾਹੁਲ ਨੂੰ ਮਜ਼ਾਕ ਦਾ ਪਾਤਰ ਬਣਾਇਆ। ਉਨ੍ਹਾਂ ਨੂੰ ਸ਼ਹਿਜ਼ਾਦਾ ਕਿਹਾ ਗਿਆ, ਜੋ ਇਕ-ਦੂਜੇ ਦਾ ਗਲਾ ਵੱਢਣ ਵਾਲੀ ਮੁਕਾਬਲੇਬਾਜ਼ੀ ਵਾਲੀ ਸਿਆਸਤ ਤੋਂ ਕੋਰੇ ਸਨ, ਜਿਨ੍ਹਾਂ ਦੀ ਪਾਰਟੀ ਕਲਪਨਾ ਤੋਂ ਪਰ੍ਹੇ ਸੁੰਗੜ ਗਈ ਸੀ। ਉਨ੍ਹਾਂ ਨੂੰ ਪੱਪੂ ਕਿਹਾ ਗਿਆ, ਜੋ ਕੰਮ ਨਹੀਂ ਕਰ ਸਕਦਾ ਸੀ। ਰਾਹੁਲ ਗਾਂਧੀ ਨੇ ਪਾਰਟੀ ਦੀ ਕਮਾਂਡ 2017 ਵਿਚ ਸੰਭਾਲੀ, ਹਾਲਾਂਕਿ ਉਸ ਤੋਂ ਪਹਿਲਾਂ ਉਹ ਪਾਰਟੀ ਦੇ ਸਟਾਰ ਪ੍ਰਚਾਰਕ ਵਜੋਂ ਸਨ ਪਰ ਬਾਵਜੂਦ ਇਸ ਦੇ ਕਾਂਗਰਸ ਸੰਸਦੀ ਚੋਣਾਂ ਅਤੇ ਵਿਧਾਨ ਸਭਾ ਚੋਣਾਂ ਵਿਚ ਇਕ ਤੋਂ ਬਾਅਦ ਇਕ ਹਾਰ ਦਾ ਸਾਹਮਣਾ ਕਰਦੀ ਰਹੀ। 2014 ਵਿਚ ਪਾਰਟੀ ਦੀ ਸਭ ਤੋਂ ਬੁਰੀ ਦੁਰਦਸ਼ਾ ਲਈ ਵੀ ਰਾਹੁਲ ਗਾਂਧੀ ਨੂੰ ਹੀ ਜ਼ਿੰਮੇਵਾਰ ਮੰਨਿਆ ਗਿਆ।

ਕਾਂਗਰਸ ਦੀ ਸਥਿਤੀ ਲਗਾਤਾਰ ਖ਼ਰਾਬ ਹੁੰਦੀ ਜਾ ਰਹੀ ਹੈ। ਕਾਂਗਰਸ ਚੇਅਰਪਰਸਨ ਸੋਨੀਆ ਗਾਂਧੀ ਦੀ



ਬਿਮਾਰੀ ਨੇ ਉਨ੍ਹਾਂ ਲਈ ਨਵੀਆਂ ਹੱਦਾਂ ਖੜ੍ਹੀਆਂ ਕਰ ਦਿੱਤੀਆਂ ਹਨ। ਰਾਹੁਲ ਦੀ ਸਿਆਸੀ ਸੂਝ ਅਤੇ ਸਮਝ 'ਤੇ ਉਨ੍ਹਾਂ ਦੀ ਆਪਣੀ ਪਾਰਟੀ ਦੇ ਲੋਕ ਕਦੇ ਖੁੱਲ੍ਹ ਕੇ ਤੇ ਕਦੇ ਚੁੱਪ-ਚਾਪ ਸਵਾਲ ਉਠਾਉਂਦੇ ਰਹਿੰਦੇ ਹਨ। ਰਾਹੁਲ ਗਾਂਧੀ ਬਾਰੇ ਇਹ ਗੱਲ ਸਾਰਿਆਂ ਨੂੰ ਪਤਾ ਹੈ ਕਿ ਉਹ ਨਾ ਤਾਂ ਲੋਕ ਸਭਾ ਚੋਣਾਂ ਵਿਚ ਆਪਣੀ ਸਿਆਸੀ ਹੋਂਦ ਬਚਾ ਸਕੇ ਅਤੇ ਨਾ ਹੀ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਵਿਚ ਹੀ ਆਪਣਾ ਸਿਆਸੀ ਕੌਸ਼ਲ ਦਿਖਾ ਸਕੇ। ਰਾਹੁਲ ਆਪਣੇ ਉਸ ਪਰਿਵਾਰ ਦੀ ਵਿਰਾਸਤ ਨੂੰ ਅੱਗੇ ਵਧਾਉਣ ਦੀ ਜ਼ਿੰਮੇਵਾਰੀ ਨਿਭਾਉਣ ਵਿਚ ਵੀ ਕਮਜ਼ੋਰ ਪੈਂਦੇ ਦਿਖੇ, ਜਿਸ ਨੇ ਲੀਡਰਾਂ ਦੀਆਂ ਪੰਜ ਪੀੜ੍ਹੀਆਂ ਦੇਸ਼ ਨੂੰ ਦਿੱਤੀਆਂ। ਕਾਂਗਰਸ ਦਾ ਕਰਿਸ਼ਮਾ ਅਤੇ ਅਪੀਲ ਖ਼ਤਮ ਹੋ ਗਈ।

**ਰਾਹੁਲ-ਪ੍ਰਿਯੰਕਾ ਦੀ ਤੁਲਨਾ :**

ਰਾਹੁਲ-ਪ੍ਰਿਯੰਕਾ ਵਿਚ ਜਦੋਂ-ਜਦੋਂ ਤੁਲਨਾ ਹੋਈ ਉਦੋਂ ਇਹ ਕਿਹਾ ਗਿਆ ਕਿ ਪ੍ਰਿਯੰਕਾ ਵਿਚ ਲੋਕਾਂ ਨਾਲ ਜੁੜਨ ਦੀ ਪ੍ਰਤਿਭਾ ਜ਼ਿਆਦਾ ਹੈ, ਜਦਕਿ ਰਾਹੁਲ ਪਹਿਲਾਂ ਲੋਕਾਂ ਦਾ ਸਾਹਮਣਾ ਕਰਨ ਤੋਂ ਝਿਜਕਦੇ ਸਨ। ਪ੍ਰਿਯੰਕਾ ਚੰਗੀ ਵਕਤਾ ਵੀ ਹੈ। ਉਹ ਲੋਕਾਂ ਦੇ ਹਿਸਾਬ ਨਾਲ ਭਾਸ਼ਣ ਦਿੰਦੀ ਹੈ ਹਾਲਾਂਕਿ ਉਹ ਵੱਡੀਆਂ ਰੈਲੀਆਂ ਦੀ ਬਜਾਏ ਛੋਟੀ-ਛੋਟੀ ਭੀੜ ਵਿਚ ਲੋਕਾਂ ਨਾਲ ਜੁੜਨਾ ਜ਼ਿਆਦਾ ਪਸੰਦ ਕਰਦੀ ਹੈ। ਦੱਸਿਆ ਜਾਂਦਾ ਹੈ ਕਿ ਮੁੰਬਈ ਵਿਚ ਉਦਯੋਗ ਦੀ ਮਹਿਲਾ ਜਥੇਬੰਦੀ ਨੇ ਸੋਨੀਆ ਗਾਂਧੀ ਨੂੰ ਸੱਦਿਆ ਪਰ ਉਨ੍ਹਾਂ ਦੀ ਤਬੀਅਤ ਨਾਸਾਜ਼ ਹੋਣ ਕਾਰਨ ਪ੍ਰਿਯੰਕਾ ਗਾਂਧੀ ਨੇ ਆਪਣੀ ਮਾਂ ਦੀ ਥਾਂ ਲਈ ਅਤੇ ਉਨ੍ਹਾਂ ਔਰਤਾਂ ਨਾਲ ਗੱਲ ਕੀਤੀ। ਬੰਦ ਕਮਰੇ ਵਿਚ ਹੋਈ ਇਸ ਮੀਟਿੰਗ ਵਿਚ ਪ੍ਰਿਯੰਕਾ ਦੇ ਭਾਵੁਕ ਭਾਸ਼ਣ ਨੇ ਉਥੋਂ ਦੀਆਂ ਔਰਤਾਂ ਦੀ ਵਾਹਵਾਹੀ ਲਈ। ਉਥੇ ਉਨ੍ਹਾਂ ਦੇ ਬੋਲਣ ਦੀ ਸਮਰੱਥਾ ਨੇ ਲੋਕਾਂ ਨੂੰ ਬਹੁਤ ਪ੍ਰਭਾਵਤ ਕੀਤਾ ਸੀ। ਪ੍ਰਿਯੰਕਾ 47 ਸਾਲ ਦੀ ਉਮਰ ਵਿਚ ਸਿਆਸਤ ਵਿਚ ਸਰਗਰਮ ਹੋ ਰਹੀ ਹੈ। ਇਸ ਤੋਂ ਪਹਿਲਾਂ ਗਾਂਧੀ ਪਰਿਵਾਰ ਵਿਚ ਉਨ੍ਹਾਂ ਤੋਂ ਇਲਾਵਾ ਸਿਰਫ਼ ਮੋਤੀਲਾਲ ਨਹਿਰੂ ਅਤੇ ਸੋਨੀਆ ਗਾਂਧੀ ਹੀ ਹਨ, ਜਿਨ੍ਹਾਂ ਨੇ ਇਸ ਤੋਂ ਜ਼ਿਆਦਾ ਉਮਰ ਵਿਚ ਆਪਣੀ ਸਿਆਸਤ ਦੀ ਪਾਰੀ ਸ਼ੁਰੂ ਕੀਤੀ ਸੀ। ਇਹ ਵੀ ਸੰਜੋਗ ਹੈ ਕਿ ਜਦੋਂ ਪ੍ਰਿਯੰਕਾ ਸਿਆਸਤ ਵਿਚ ਆ ਰਹੀ ਹੈ, ਉਦੋਂ ਨਹਿਰੂ-ਗਾਂਧੀ ਪਰਿਵਾਰ ਤੋਂ ਸਿਆਸਤ ਵਿਚ ਆਉਣ ਵਾਲੇ ਪਹਿਲੇ ਵਿਅਕਤੀ ਭਾਵ ਮੋਤੀਲਾਲ ਨਹਿਰੂ ਦੇ ਸਿਆਸਤ ਵਿਚ 100 ਸਾਲ ਪੂਰੇ ਹੋ ਰਹੇ ਹਨ। ਪਰ ਕੀ ਕਾਂਗਰਸ ਵਿਚ ਪ੍ਰਿਯੰਕਾ ਦੇ ਆਉਣ ਮਗਰੋਂ ਰਾਹੁਲ ਅਤੇ ਪ੍ਰਿਯੰਕਾ ਦੀ ਤੁਲਨਾ ਫੇਰ ਜ਼ੋਰ ਫੜੇਗੀ। ਕਾਂਗਰਸ ਦੇ ਨੇਤਾਵਾਂ ਅਤੇ ਲੋਕਾਂ ਵਿਚਾਲੇ ਇਹ ਚਰਚਾ ਦਾ ਵਿਸ਼ਾ ਤਾਂ ਰਹੇਗੀ ਪਰ ਜਾਣਕਾਰਾਂ ਦਾ ਮੰਨਣਾ ਹੈ ਕਿ ਰਾਹੁਲ ਨੇ ਪਿਛਲੇ ਦੋ ਵਰ੍ਹਿਆਂ ਵਿਚ ਆਪਣੇ ਆਪ ਨੂੰ ਸਿੱਧ ਕਰ ਦਿੱਤਾ ਹੈ।

ਗੁਜਰਾਤ ਤੋਂ ਬਾਅਦ, ਕਰਨਾਟਕ ਅਤੇ ਫੇਰ ਮੱਧ ਪ੍ਰਦੇਸ਼, ਰਾਜਸਥਾਨ ਅਤੇ ਛੱਤੀਸਗੜ੍ਹ ਵਿਚ ਕਾਂਗਰਸ ਦੀ ਜਿੱਤ ਨੇ ਰਾਹੁਲ ਦੇ ਨਾਂ ਦਾ ਡੰਕਾ ਵਜਾ ਦਿੱਤਾ ਹੈ। ਪਰ ਬਾਵਜੂਦ ਇਸ ਦੇ ਉਨ੍ਹਾਂ ਨੂੰ ਬਾਕੀ ਵਿਰੋਧੀ ਪਾਰਟੀਆਂ ਨੇਤਾ ਵਜੋਂ ਸਵੀਕਾਰ ਨਹੀਂ ਕਰ ਰਹੀਆਂ। ਪ੍ਰਿਯੰਕਾ ਗਾਂਧੀ ਆਪਣੀ ਮਾਂ ਸੋਨੀਆ ਗਾਂਧੀ ਨਾਲ ਸਿਆਸੀ ਗਤੀਵਿਧੀਆਂ ਵਿਚ ਦੇਖੀ ਜਾਂਦੀ ਰਹੀ ਹੈ। ਮੰਨਿਆ ਜਾਂਦਾ ਹੈ ਕਿ ਪ੍ਰਿਯੰਕਾ ਦਾ ਬਾਕੀ ਪਾਰਟੀਆਂ ਨਾਲ ਅਜਿਹਾ ਹੀ ਰਿਸ਼ਤਾ ਹੈ, ਜਿਵੇਂ ਸੋਨੀਆ ਗਾਂਧੀ ਦਾ ਸੀ। ਭਾਵ ਉਥੇ ਪ੍ਰਿਯੰਕਾ ਦੀ ਪਛਾਣ ਵੀ ਹੈ ਤੇ ਸਹਿਮਤੀ ਵੀ। ਹੁਣ ਕਾਂਗਰਸ ਦੀਆਂ ਤਿੰਨ ਸੂਬਿਆਂ ਵਿਚ ਜਿੱਤ ਨੇ ਰਾਹੁਲ ਗਾਂਧੀ ਨੂੰ ਕਾਂਗਰਸ ਦਾ ਬਿਨਾਂ ਵਿਵਾਦ ਵਾਲਾ 'ਚਿਹਰਾ' ਬਣਾ ਦਿੱਤਾ ਹੈ। ਜਾਣਕਾਰਾਂ ਦਾ ਮੰਨਣਾ ਹੈ ਕਿ ਪ੍ਰਿਯੰਕਾ ਦੀ ਪਰਦੇ ਪਿਛੇ ਭੂਮਿਕਾ ਨਾਲ ਕਾਂਗਰਸ ਨੂੰ ਜ਼ਰੂਰ ਮਜ਼ਬੂਤੀ ਮਿਲੇਗੀ।

ਹਾਲਾਂਕਿ ਰਾਬਰਟ ਵਾਡਰਾ 'ਤੇ ਭ੍ਰਿਸ਼ਟਾਚਾਰ ਦਾ ਦੋਸ਼ ਪ੍ਰਿਯੰਕਾ ਲਈ ਸਮੱਸਿਆ ਬਣ ਸਕਦਾ ਹੈ ਪਰ ਕਾਂਗਰਸ ਜਾਣਕਾਰਾਂ ਦਾ ਕਹਿਣਾ ਹੈ ਕਿ ਹੁਣ ਜਦੋਂ ਪ੍ਰਿਯੰਕਾ ਮਜ਼ਬੂਤੀ ਨਾਲ ਆਪਣੇ ਭਰਾ ਨਾਲ ਖੜ੍ਹੀ ਦਿਖੇਗੀ ਤਾਂ ਲੋਕ ਸਭਾ ਚੋਣਾਂ 2019 ਵਿਚ ਗਾਂਧੀ ਭੈਣ-ਭਰਾ ਇਕ ਅਤੇ ਇਕ ਗਿਆਰ੍ਹਾਂ ਦੀ ਭੂਮਿਕਾ ਵਿਚ ਦਿਖਾਈ ਦੇਖ ਸਕਦੇ ਹਨ।



# ਪ੍ਰਿਯੰਕਾ ਗਾਂਧੀ ਕੀ ਅਗਲੀ ਇੰਦਰਾ ਗਾਂਧੀ ਹੋ ਸਕਦੀ ਹੈ ?

ਅਭਿਜੀਤ ਕਰੰਡੇ

ਸਾਲ 1999, ਰਾਏਬਰੇਲੀ। ਚੋਣ ਮੁਹਿੰਮ ਜ਼ੋਰ-ਸ਼ੋਰ ਨਾਲ ਜਾਰੀ ਸੀ। ਕਾਂਗਰਸ ਦੇ ਉਮੀਦਵਾਰ ਕੈਪਟਨ ਸਤੀਸ਼ ਸ਼ਰਮਾ ਮੈਦਾਨ ਵਿਚ ਸਨ ਤਾਂ ਭਾਜਪਾ ਵਲੋਂ ਰਾਜੀਵ ਗਾਂਧੀ ਦੇ ਚਚੇਰੇ ਭਰਾ ਅਰੁਣ ਨਹਿਰੂ। ਉਸ ਵਕਤ 27 ਸਾਲ ਦੀ ਇਕ ਨੌਜਵਾਨ ਮਹਿਲਾ ਕਾਂਗਰਸ ਦਾ ਪ੍ਰਚਾਰ ਕਰ ਰਹੀ ਸੀ। ਉਨ੍ਹਾਂ ਨੂੰ ਦੇਖਣ ਕਾਫੀ ਭੀੜ ਜਮ੍ਹਾ ਹੋ ਜਾਂਦੀ ਸੀ। ਅਰੁਣ ਨਹਿਰੂ ਕਾਰਨ ਰਾਏਬਰੇਲੀ ਵਿਚ ਭਾਜਪਾ ਲਈ ਮਾਹੌਲ ਬਨਦਾ ਹੋਇਆ ਦਿਖ ਰਿਹਾ ਸੀ। ਅਜਿਹੇ ਵਿਚ 27 ਸਾਲ ਦੀ ਕੁੜੀ ਨੇ ਇਕ ਚੋਣ ਰੈਲੀ ਦੌਰਾਨ ਸਵਾਲ ਪੁੱਛਿਆ, "ਮੇਰੇ ਪਿਤਾ ਜੀ ਨਾਲ ਦਗਾਬਾਜ਼ੀ ਕਰਨ ਵਾਲਿਆਂ ਨੂੰ ਤੁਸੀਂ ਇੱਥੇ ਵੜਨ ਕਿਵੇਂ ਦਿੱਤਾ ?"

ਉਨ੍ਹਾਂ ਨੇ ਅੱਗੇ ਕਿਹਾ, "ਕੀ ਤੁਸੀਂ ਉਨ੍ਹਾਂ ਨੂੰ ਵੋਟ ਦਿਓਗੇ, ਜਿਨ੍ਹਾਂ ਨੇ ਮੇਰੇ ਪਿਤਾ ਦੀ ਪਿੱਠ ਵਿਚ ਛੁਰਾ ਮਾਰਿਆ ?"

ਇਸ ਬਿਆਨ ਦੀ ਕਾਫੀ ਚਰਚਾ ਹੋਈ ਅਤੇ ਇਸ ਦੀ ਗੂੰਜ ਦਿੱਲੀ ਤੱਕ ਸੁਣੀ ਗਈ। ਦੂਸਰੇ ਦਿਨ ਅਰੁਣ ਨਹਿਰੂ ਦੇ ਪ੍ਰਚਾਰ ਲਈ ਅਟਲ ਬਿਹਾਰੀ ਵਾਜਪਾਈ ਰਾਏਬਰੇਲੀ ਪਹੁੰਚੇ। ਉਨ੍ਹਾਂ ਨੇ ਆਪਣੇ ਭਾਸ਼ਣ ਵਿਚ ਉਸ ਕੁੜੀ ਦੇ ਬਿਆਨ 'ਤੇ ਕਾਫੀ ਹਲਕੇ-ਫੁਲਕੇ ਢੰਗ ਨਾਲ ਆਪਣੀ ਪ੍ਰਤੀਕਿਰਿਆ ਦਿੱਤੀ- "ਅਸੀਂ ਸੁਣਿਆ ਹੈ ਕਿ ਇਹ ਕਿਸੇ ਦਾ ਇਲਾਕਾ ਹੈ। ਤੁਸੀਂ ਇਸ ਆਦਮੀ ਨੂੰ ਵੜਨ ਕਿਵੇਂ ਦਿੱਤਾ।"

ਇਸ ਤੋਂ ਬਾਅਦ ਚੋਣ ਪ੍ਰਚਾਰ ਕਾਫੀ ਜ਼ੋਰ-ਸ਼ੋਰ ਨਾਲ ਚਲਿਆ ਅਤੇ ਕਿਹਾ ਜਾਣ ਲੱਗਾ ਕਿ ਮੁਕਾਬਲਾ ਕਾਂਟੇ ਦਾ ਹੋਵੇਗਾ ਪਰ ਉਸ ਇਕ ਲਾਈਨ ਨੇ ਅਮੇਠੀ-ਰਾਏਬਰੇਲੀ ਚੋਣ ਦੀ ਕਹਾਣੀ ਬਦਲ ਦਿੱਤੀ ਸੀ। ਨਤੀਜੇ ਆਉਣ ਮਗਰੋਂ ਇਸ ਦਾ ਪਤਾ ਚੱਲਿਆ।

ਸ਼ੁਰੂ ਵਿਚ ਕਾਂਟੇ ਦੀ ਟੱਕਰ ਦੇਣ ਵਾਲੇ ਅਰੁਣ ਨਹਿਰੂ ਚੌਥੇ ਨੰਬਰ 'ਤੇ ਚਲੇ ਗਏ ਅਤੇ ਕਾਂਗਰਸ ਦੇ ਕੈਪਟਨ ਸਤੀਸ਼ ਸ਼ਰਮਾ ਜਿੱਤ ਗਏ। ਕੈਪਟਨ ਸਤੀਸ਼ ਸ਼ਰਮਾ ਲਈ ਪ੍ਰਚਾਰ ਕਰਨ ਵਾਲੀ ਇਹ ਕੁੜੀ ਸੀ ਪ੍ਰਿਯੰਕਾ ਗਾਂਧੀ।

ਪਿਛਲੇ ਦਿਨੀਂ ਪ੍ਰਿਯੰਕਾ ਗਾਂਧੀ ਰਸਮੀ ਤੌਰ 'ਤੇ ਸਰਗਰਮ ਸਿਆਸਤ ਵਿਚ ਆ ਗਈ। ਨਰਿੰਦਰ ਮੋਦੀ ਅਤੇ ਭਾਜਪਾ ਦਾ ਗੜ੍ਹ ਮੰਨੇ ਜਾਣ ਵਾਲੇ ਪੂਰਬੀ ਉੱਤਰ ਪ੍ਰਦੇਸ਼ ਪੂਰਵਾਂਚਲ ਦੀ ਜ਼ਿੰਮੇਵਾਰੀ ਪ੍ਰਿਯੰਕਾ ਨੂੰ ਸੌਂਪੀ ਗਈ ਹੈ। ਇਸ ਦਿਨ ਪੂਰਾ ਦਿਨ ਮੀਡੀਆ ਵਿਚ ਇੰਦਰਾ ਗਾਂਧੀ ਅਤੇ ਪ੍ਰਿਯੰਕਾ ਗਾਂਧੀ ਵਿਚਾਲੇ ਸਮਾਨਤਾਵਾਂ 'ਤੇ ਗੱਲ ਚਲਦੀ ਰਹੀ। ਦੋਹਾਂ ਦੇ ਪਹਿਰਾਵੇ, ਚਾਲ-ਢਾਲ, ਹਮਲਾਵਰੀ ਰੁਖ਼, ਗੱਲ ਕਹਿਣ ਦਾ ਅੰਦਾਜ਼ ਅਤੇ ਤਲਖ਼ੀ ਲਹਿਜ਼ੇ ਨਾਲ ਗੱਲ ਕਹਿਣ ਦੀ ਕਲਾ, ਵਰਗੇ ਪਹਿਲੂਆਂ 'ਤੇ ਦਿਨ ਭਰ ਲੋਕ ਗੱਲ ਕਰਦੇ ਰਹੇ। ਅਤੇ ਇਹ ਸਵਾਲ ਉਠਿਆ ਕਿ ਕੀ ਪ੍ਰਿਯੰਕਾ ਗਾਂਧੀ ਇੰਦਰਾ ਵਾਂਗ ਪ੍ਰਿਯਦਰਸ਼ਨੀ ਹੈ ? ਕੀ ਉਹ ਇੰਦਰਾ ਵਾਂਗ ਸਿਆਸਤ ਵਿਚ ਆਪਣਾ ਅਸਰ ਛੱਡਣ ਵਿਚ ਕਾਮਯਾਬ ਹੋ ਸਕੇਗੀ ?

**ਇੰਦਰਾ ਅਤੇ ਪ੍ਰਿਯੰਕਾ ਦੀ ਤੁਲਨਾ ਕਿੰਨੀ ਜਾਇਜ਼ ? :**

ਸਿਆਸੀ ਵਿਸ਼ਲੇਸ਼ਕ ਰਸ਼ੀਦ ਕਿਦਵਈ ਕਹਿੰਦੇ ਹਨ, "ਇੰਦਰਾਗਾਂਧੀ ਦੇ ਜ਼ਮਾਨੇ ਵਿਚ ਵੱਖਰੀ ਤਰ੍ਹਾਂ ਨਾਲ ਸਿਆਸਤ ਹੁੰਦੀ ਸੀ, ਚੁਣੌਤੀਆਂ ਵੀ ਵੱਖਰੀਆਂ ਸਨ। ਜਵਾਹਰ ਲਾਲ ਨਹਿਰੂ ਅਤੇ ਇੰਦਰਾ ਗਾਂਧੀ ਦਾ ਕੰਮ ਕਰਨ ਦਾ ਤਰੀਕਾ ਵੱਖਰਾ ਸੀ।" ਉਨ੍ਹਾਂ ਦੀ ਸਿਆਸਤ ਦਾ ਢੰਗ ਵੀ ਵੱਖਰਾ ਸੀ। ਨਾਲ ਹੀ ਉਨ੍ਹਾਂ ਦਾ ਲੋਕਾਂ ਵਿਚਾਲੇ ਜਾ ਕੇ ਉਨ੍ਹਾਂ ਨੂੰ ਸਮਝਾਉਣ ਦਾ ਤਰੀਕਾ ਵੀ ਵੱਖਰਾ ਸੀ। ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਵਿਚਾਲੇ ਵੀ ਇਸੇ ਤਰ੍ਹਾਂ ਫ਼ਰਕ ਸੀ, ਉਹੀ ਫ਼ਰਕ ਰਾਜੀਵ ਗਾਂਧੀ ਅਤੇ ਸੋਨੀਆ ਗਾਂਧੀ ਦੀ ਕਾਰਜਸ਼ੈਲੀ ਵਿਚ ਵੀ ਹੈ। ਅਜਿਹੇ ਵਿਚ ਇੰਦਰਾ ਗਾਂਧੀ ਅਤੇ ਪ੍ਰਿਯੰਕਾ ਦੀ ਸਿਆਸਤ ਵਿਚ ਅਦਾਇਗੀ ਅਤੇ ਸ਼ੈਲੀ ਵਿਚ ਵੀ ਅੰਤਰ ਹੈ।"

ਕਿਦਵਈ ਕਹਿੰਦੇ ਹਨ, "ਇੰਦਰਾ ਅਤੇ ਪ੍ਰਿਯੰਕਾ ਦੇ ਪਹਿਰਾਵੇ ਵਿਚ ਬਹੁਤ ਸਮਾਨਤਾ ਹੈ। ਉਨ੍ਹਾਂ ਦੀਆਂ ਬਹੁਤ ਸਾਰੀਆਂ ਚੀਜ਼ਾਂ ਇਕੋ ਜਿਹੀਆਂ ਹਨ। ਉਹ ਕਹਿੰਦੇ ਹਨ ਕਿ ਇੰਦਰਾ ਲੋਕਾਂ ਨੂੰ ਆਪਣੀ ਜਿਹੀ ਲਗਦੀ ਸੀ। ਉਹ ਸਹਿਜੇ ਹੀ ਲੋਕਾਂ ਵਿਚ ਘੁਲ-ਮਿਲ ਕੇ ਗੱਲਾਂ ਕਰਦੀ ਸੀ।" ਇੰਦਰਾ ਗਾਂਧੀ ਦੇ ਚਿਹਰੇ 'ਤੇ ਲੋਕਾਂ ਨੂੰ ਅਜਿਹੀ ਉਮੀਦ ਨਜ਼ਰ ਆਉਂਦੀ ਸੀ ਕਿ ਉਹ ਦੇਸ਼ ਲਈ ਕੁਝ ਕਰ ਸਕਦੀ ਹੈ। ਉਨ੍ਹਾਂ ਵਿਚ ਨਮਰਤਾ ਵੀ ਸੀ। ਪ੍ਰਿਯੰਕਾ ਇਨ੍ਹਾਂ ਚੀਜ਼ਾਂ ਵਿਚ ਇੰਦਰਾ ਨਾਲੋਂ ਕਾਫੀ ਮਿਲਦੀ-ਜੁਲਦੀ ਹੈ। ਉਹ ਵੀ ਲੋਕਾਂ ਨਾਲ ਚੰਗੀ ਤਰ੍ਹਾਂ ਗੱਲਾਂ ਕਰਦੀ ਹੈ। ਉੱਤਰ ਪ੍ਰਦੇਸ਼ ਵਿਚ ਇੰਦਰਾ ਗਾਂਧੀ ਦੀ ਜੋ ਅਪੀਲ ਸੀ ਲੋਕਾਂਵਿਚਾਲੇ, ਵੈਸੀ ਹੀ ਅਪੀਲ ਪ੍ਰਿਯੰਕਾ ਦੀ ਹੈ। ਅਜਿਹੇ ਵਿਚ ਪ੍ਰਿਯੰਕਾ ਦੇ ਆਉਣ ਕਾਰਨ ਉੱਤਰ ਪ੍ਰਦੇਸ਼ ਵਿਚ ਕੁਝ ਫ਼ਰਕ ਤਾਂ ਨਜ਼ਰ ਆਏਗਾ। ਉੱਥੇ ਵੱਡਾ ਹਿੱਸਾ ਅਜਿਹਾ ਹੈ ਜੋ ਹਾਲੇ ਵੀ ਇੰਦਰਾ ਗਾਂਧੀ ਨੂੰ ਮੰਨਦਾ ਹੈ। ਪ੍ਰਿਯੰਕਾ ਦਾ ਚਿਹਰਾ, ਉਨ੍ਹਾਂ ਦੀ ਸ਼ੈਲੀ ਅਤੇ ਪਹਿਰਾਵੇ ਨਾਲ ਲੋਕਾਂ ਨੂੰ ਇੰਜ ਲੱਗੇਗਾ ਕਿ ਇੰਦਰਾ ਉਨ੍ਹਾਂ ਵਿਚਾਲੇ ਹੈ।"

**ਇੰਦਰਾ ਵਰਗਾ ਦਿਖਾਈ ਦੇਣਾ ਕਾਫੀ ਹੈ ? :**

ਤਾਂ ਕੀ ਇੰਦਰਾ ਵਰਗੀ ਨਜ਼ਰ ਆਉਣ ਵਾਲੀ ਪ੍ਰਿਯੰਕਾ ਉੱਤਰ ਪ੍ਰਦੇਸ਼ ਦੇ ਸਿਆਸੀ ਸਮੀਕਰਨਾਂ ਨੂੰ ਬਦਲ ਸਕਦੀ ਹੈ ? ਭਾਰਤੀ ਜਨਤਾ ਪਾਰਟੀ ਅਤੇ ਨਰਿੰਦਰ ਮੋਦੀ ਨੂੰ ਹਰਾਉਣ ਲਈ ਕੀ ਇਹ ਕਾਫੀ ਹੈ ? ਮਾਇਆਵਤੀ ਅਤੇ ਬਹੁਜਨ ਸਮਾਜ ਪਾਰਟੀ ਦੇ ਸੋਸ਼ਲ ਇੰਜਨੀਅਰਿੰਗ ਦੇ ਪੈਟਰਨ ਨੂੰ ਕੀ ਉਹ ਮਾਤ ਦੇ ਸਕਦੀ ਹੈ ?





ਇਨ੍ਹਾਂ ਸਾਰੇ ਸਵਾਲਾਂ ਅਤੇ ਉੱਤਰ ਪ੍ਰਦੇਸ਼ ਵਿਚ ਸੱਤਾ ਦੇ ਸੰਘਰਸ਼ ਨੂੰ ਲੈ ਕੇ ਮਹਾਰਾਸ਼ਟਰ ਦੇ ਸਾਬਕਾ ਮੁੱਖ ਮੰਤਰੀ ਪ੍ਰਿਥਵੀਰਾਜ ਚੌਹਾਨ ਕਹਿੰਦੇ ਹਨ, "ਪ੍ਰਿਯੰਕਾ ਭਾਵੇਂ ਹੀ ਇੰਦਰਾ ਗਾਂਧੀ ਵਾਂਗ ਨਜ਼ਰ ਆਉਂਦੀ ਹੈ, ਉਨ੍ਹਾਂ ਦਾ ਹੇਅਰਸਟਾਈਲ ਅਤੇ ਪਹਿਰਾਵਾ ਉਨ੍ਹਾਂ ਵਰਗਾ ਹੋਵੇ ਪਰ ਸਿਆਸਤ ਵਿਚ ਇਹ ਸਭ ਜ਼ਿਆਦਾ ਦਿਨ ਨਹੀਂ ਚਲਦਾ।" 'ਤਾਂ ਮੈਂ ਉਨ੍ਹਾਂ ਦੀ ਤੁਲਨਾ ਇੰਦਰਾ ਗਾਂਧੀ ਨਾਲ ਨਹੀਂ ਕਰਾਂਗਾ। ਇਸ ਨਾਲੋਂ ਮਹੱਤਵਪੂਰਨ ਇਹ ਹੈ ਕਿ ਪ੍ਰਿਯੰਕਾ ਮਿੱਠਬੋਲੜੀ ਹੈ ਤੇ ਲੋਕਾਂ ਨੂੰ ਆਪਣੇ ਹੀ ਪਰਿਵਾਰ ਦਾ ਹਿੱਸਾ ਲਗਦੀ ਹੈ। ਕੋਈ ਵੀ ਉਨ੍ਹਾਂ ਨੂੰ ਨੇੜਤਾ ਮਹਿਸੂਸ ਕਰ ਸਕਦਾ ਹੈ। ਕਾਂਗਰਸੀ ਵਰਕਰਾਂ ਦੀ ਕਾਫੀ ਵਰ੍ਹਿਆਂ ਤੋਂ ਇੱਛਾ ਸੀ ਕਿ ਉਨ੍ਹਾਂ ਨੂੰ ਸਿਆਸਤ ਵਿਚ ਆਉਣਾ ਚਾਹੀਦਾ ਹੈ। ਤਾਂ ਉਨ੍ਹਾਂ ਦੇ ਆਉਣ ਕਾਰਨ ਕਾਂਗਰਸ ਦੇ ਨੇਤਾਵਾਂ ਅਤੇ ਵਰਕਰਾਂ ਦਾ ਉਤਸਾਹ ਵਧਿਆ ਹੈ।" "ਪਰ ਪ੍ਰਿਯੰਕਾ ਅੱਗੇ ਕਾਫੀ ਵੱਡੀ ਚੁਣੌਤੀ ਹੈ। ਕਿਉਂਕਿ ਉੱਤਰ ਪ੍ਰਦੇਸ਼ ਵਿਚ ਭਾਰਤੀ ਜਨਤਾ ਪਾਰਟੀ ਕਾਫ਼ੀ ਮਜ਼ਬੂਤ ਦਿਖਾਈ ਦਿੰਦੀ ਹੈ। ਮਾਇਆਵਤੀ ਅਤੇ ਅਖਿਲੇਸ਼ ਨੇ ਇਕੋ ਵੇਲੇ ਆ ਕੇ ਕਾਂਗਰਸ ਨੂੰ ਦੂਰ ਰੱਖਿਆ ਹੈ। ਪਰ ਪ੍ਰਿਯੰਕਾ ਦੇ ਸਿਆਸਤ ਵਿਚ ਆਉਣ ਕਾਰਨ ਭਾਜਪਾ ਚਿੰਤਾ ਵਿਚ ਦਿਖ ਰਹੀ ਹੈ। ਪ੍ਰਿਯੰਕਾ ਕਾਰਨ ਕਾਂਗਰਸ ਦਾ ਰਵਾਇਤੀ ਵੋਟ ਬੈਂਕ ਉਸ ਕੋਲ ਪਰਤੇਗਾ।"

ਗੁਜਰਾਤ ਵਿਚ ਜਿਸ ਤਰ੍ਹਾਂ ਨਾਲ ਕਾਂਗਰਸ ਦਾ ਪ੍ਰਦਰਸ਼ਨ ਰਿਹਾ ਸੀ, ਕਰਨਾਟਕ ਵਿਚ ਭਾਜਪਾ ਨੂੰ ਸੱਤਾ ਤੋਂ ਦੂਰ ਰੱਖਿਆ ਸੀ, ਫੇਰ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿਚ ਕਾਂਗਰਸ ਨੂੰ ਜਿੱਤ ਮਿਲੀ...ਇਨ੍ਹਾਂ ਸਾਰੀਆਂ ਗੱਲਾਂ ਨੂੰ ਧਿਆਨ ਵਿਚ ਰੱਖਦਿਆਂ ਪ੍ਰਿਯੰਕਾ ਨੂੰ ਕੀ ਧੋਨੀ ਵਾਂਗ ਮੈਚ ਫਿਨਿਸ਼ਰ ਵਜੋਂ ਉਤਾਰਿਆ ਜਾ ਰਿਹਾ ਹੈ ?

ਇਸ ਦੇ ਜਵਾਬ ਵਿਚ ਚੌਹਾਨ ਕਹਿੰਦੇ ਹਨ, "ਮੈਂ ਇਸ ਨੂੰ ਕ੍ਰਿਕਟ ਦੀ ਪਰਿਭਾਸ਼ਾ ਵਜੋਂ ਨਹੀਂ ਦੇਖਦਾ। ਅਸੀਂ ਜਿੱਤ ਗਏ ਤਾਂ ਕਾਂਗਰਸ ਨੂੰ ਆਨੰਦ ਹੀ ਹੋਵੇਗਾ। ਪਰ ਜਦੋਂ ਕੋਈ ਵੀ ਨੇਤਾ ਹਾਰਦਾ ਹੈ ਤਾਂ ਉਸ ਦੀ ਸਖ਼ਤ ਆਲੋਚਨਾ ਹੁੰਦੀ ਹੈ ਅਤੇ ਉਸ 'ਤੇ ਕਾਫੀ ਸਵਾਲ ਉਠਾਏ ਜਾਂਦੇ ਹਨ।"

ਪ੍ਰਿਯੰਕਾ ਨੂੰ ਜੋ ਜ਼ਿੰਮੇਵਾਰੀ ਸੌਂਪੀ ਗਈ ਹੈ, ਉਹ ਕਾਫੀ ਅਹਿਮ ਹੈ ਕਿਉਂਕਿ ਪੂਰਵਾਂਚਲ ਦੇ 24 ਜ਼ਿਲ੍ਹਿਆਂ ਨੂੰ ਭਾਜਪਾ ਦਾ ਗੜ੍ਹ ਮੰਨਿਆ ਜਾਂਦਾ ਹੈ। ਵਾਰਾਨਸੀ ਤੋਂ ਖ਼ੁਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਚੁਣ ਕੇ ਆਏ ਹਨ, ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਦੀ ਸੀਟ ਗੋਰਖਪੁਰ ਵੀ ਪੂਰਵਾਂਚਲ ਵਿਚ ਹੈ। 2014 ਵਿਚ ਉੱਤਰ ਪ੍ਰਦੇਸ਼ ਵਿਚ ਭਾਜਪਾ ਨੇ 80 ਵਿਚੋਂ 71 ਸੀਟਾਂ ਜਿੱਤੀਆਂ ਸਨ। ਆਉਣ ਵਾਲੀਆਂ ਚੋਣਾਂ ਵਿਚ ਮਾਇਆਵਤੀ ਅਤੇ ਅਖਿਲੇਸ਼ ਨੇ ਜੋ ਇਕੱਠਿਆਂ ਆਉਣ ਦਾ ਫ਼ੈਸਲਾ ਕੀਤਾ ਹੈ, ਉਸ ਨਾਲ ਕਾਂਗਰਸ ਇਕੱਲੀ ਪੈ ਗਈ ਹੈ।

**ਤੁਰੁਪ ਦਾ ਪੱਤਾ ? :**

ਕੀ ਪ੍ਰਿਯੰਕਾ ਨੂੰ ਉੱਤਰ ਪ੍ਰਦੇਸ਼ ਵਿਚ ਉਤਾਰਨਾ ਕਾਂਗਰਸ ਲਈ ਤੁਰੁਪ ਦਾ ਪੱਤਾ ਸਿੱਧ ਹੋ ਸਕਦਾ ਹੈ ? ਸੀਨੀਅਰ ਪੱਤਰਕਾਰ ਅੰਬਰੀਸ਼ ਮਿਸ਼ਰ ਇਸ ਦੇ ਜਵਾਬ ਵਿਚ ਕਹਿੰਦੇ ਹਨ, "ਕਾਂਗਰਸੀ ਨੇਤਾ ਅਤੇ ਵਰਕਰ ਪ੍ਰਿਯੰਕਾ ਵਿਚ ਇੰਦਰਾ ਗਾਂਧੀ ਦੀ ਦਿਖ ਦੇਖਦੇ ਹਨ। ਇਸ ਦਾ ਮਤਲਬ ਇਹ ਹੈ ਕਿ ਵਰਕਰ ਇੰਦਰਾ ਗਾਂਧੀ ਵਰਗਾ ਹੀ ਮਜ਼ਬੂਤ ਨੇਤਾ ਚਾਹੁੰਦੇ ਹਨ। ਪ੍ਰਿਯੰਕਾ ਅਜਿਹੀ ਹੀ ਮਜ਼ਬੂਤ ਨੇਤਾ ਸਿੱਧ ਹੋਵੇਗੀ ਜਾਂ ਨਹੀਂ, ਇਹ ਵਕਤ ਹੀ ਦੱਸੇਗਾ।" "ਸਿਆਸੀ ਮਾਹਰ ਇਸ ਨੂੰ ਕਾਂਗਰਸ ਦਾ ਟਰੰਪ ਕਾਰਡ ਮੰਨ ਰਹੇ ਹਨ। ਬਹੁਤ ਸਾਰੇ ਲੋਕ ਉਨ੍ਹਾਂ ਦੀ ਤੁਲਨਾ ਇੰਦਰਾ ਗਾਂਧੀ ਨਾਲ ਕਰ ਰਹੇ ਹਨ ਪਰ ਇਸ ਨਾਲ ਇਹ ਵੀ ਹੋ ਸਕਦਾ ਹੈ ਕਿ ਕਾਂਗਰਸ ਵਿਚ ਦੋ ਸੱਤਾ ਕੇਂਦਰ ਬਣ ਜਾਣ।"

**ਕੀ ਭਾਜਪਾ ਲਈ ਅੜਚਨ ਪੈਦਾ ਹੋ ਸਕਦੀ ਹੈ ? :**

ਸੀਨੀਅਰ ਪੱਤਰਕਾਰ ਰਾਜਗੋਪਾਲਨ ਕਹਿੰਦੇ ਹਨ ਕਿ ਪ੍ਰਿਯੰਕਾ ਅਤੇ ਇੰਦਰਾ ਦੀ ਤੁਲਨਾ ਕਰਨਾ ਗ਼ਲਤ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸੇਬ ਅਤੇ ਸੰਤਰੇ ਦੀ ਤੁਲਨਾ ਨਹੀਂ ਕੀਤੀ ਜਾ ਸਕਦੀ। ਉਹ ਕਹਿੰਦੇ ਹਨ, "ਇੰਦਰਾ ਗਾਂਧੀ ਦਾ ਕਰਿਸ਼ਮਾ ਵੱਖਰਾ ਸੀ ਅਤੇ ਉਨ੍ਹਾਂ ਦਾ ਸਮਾਂ ਬੀਤ ਚੁੱਕਾ ਹੈ। ਸਵਾਲ ਇਹ ਹੈ ਕਿ ਕੀ ਪ੍ਰਿਯੰਕਾ ਅੱਜ ਨਰਿੰਦਰ ਮੋਦੀ ਨੂੰ ਟੱਕਰ ਦੇ ਸਕਦੀ ਹੈ ? ਜੇਕਰ ਇਸ ਦਾ ਜਵਾਬ ਹਾਂ ਹੈ ਤਾਂ ਉਨ੍ਹਾਂ ਨੂੰ ਵਾਰਾਨਸੀ ਤੋਂ ਚੋਣ ਲੜਨੀ ਪਏਗੀ। ਮੋਦੀ ਨੇ ਜੋ ਉੱਚ ਵਰਗ ਨੂੰ 10 ਫ਼ੀਸਦੀ ਰਾਖਵਾਂਕਰਨ ਦਿੱਤਾ, ਉਸ ਦੇ ਬਦਲੇ ਇਹ ਕਾਂਗਰਸ ਦਾ ਦਾਅ ਹੈ ?"

"ਉੱਤਰ ਪ੍ਰਦੇਸ਼ ਵਿਚ ਬ੍ਰਾਹਮਣ ਵੋਟਰਾਂ ਦੀ ਸੰਖਿਆ ਜ਼ਿਆਦਾ ਹੈ। ਪ੍ਰਿਯੰਕਾ ਦੀ ਸਿਆਸੀ ਐਂਟਰੀ ਮਾਇਆਵਤੀ ਅਤੇ ਅਖਿਲੇਸ਼ ਦੇ ਇਕੱਠੇ ਹੋਣ ਖ਼ਿਲਾਫ਼ ਚੱਲਿਆ ਗਿਆ ਇਕ ਦਾਅ ਹੈ ਕਿਉਂਕਿ ਉਨ੍ਹਾਂ ਦੋਹਾਂ ਨੇ ਕਾਂਗਰਸ ਨੂੰ ਦੂਰ ਰੱਖਿਆ। ਇਹ ਮਾਇਆਵਤੀ ਨੂੰ ਕਾਂਗਰਸ ਵਲੋਂ ਦਿੱਤਾ ਗਿਆ ਜਵਾਬ ਹੈ। ਇੰਦਰਾ ਗਾਂਧੀ ਕਾਫ਼ੀ ਮਜ਼ਬੂਤ ਸੀ। ਵਾਜਪਾਈ ਨੇ ਉਨ੍ਹਾਂ ਨੂੰ ਦੁਰਗਾ ਕਿਹਾ ਸੀ। ਇੰਦਰਾ ਗਾਂਧੀ ਨਾਲ ਪ੍ਰਿਯੰਕਾ ਦੀ ਤੁਲਨਾ ਕੀਤੀ ਹੀ ਨਹੀਂ ਜਾ ਸਕਦੀ।"

ਪ੍ਰਿਯੰਕਾ ਦੇ ਆਉਣ ਨਾਲ ਕਾਂਗਰਸੀ ਵਰਕਰਾਂ ਦਾ ਉਤਸਾਹ ਕੀ ਵੱਧ ਜਾਵੇਗਾ ? ਜਦੋਂ ਸੀਨੀਅਰ ਪੱਤਰਕਾਰ ਰਾਜਗੋਪਾਲਨ ਨੂੰ ਇਹ ਸਵਾਲ ਕੀਤਾ ਗਿਆ ਤਾਂ ਉਨ੍ਹਾਂ ਨੇ ਕਿਹਾ, "ਉਤਸਾਹ ਤਾਂ ਵਧੇਗਾ ਪਰ ਕੀ ਖੇਤਰੀ ਪਾਰਟੀਆਂ ਪ੍ਰਿਯੰਕਾ ਦੇ ਆਉਣ ਨਾਲ ਆਪਣਾ ਸਿਆਸੀ ਰਵੱਈਆ ਬਦਲ ਦੇਣਗੇ ? ਆਂਧਰਾ ਪ੍ਰਦੇਸ਼ ਵਿਚ ਚੰਦਰਾਬਾਬੂ ਨਾਇਡੂ ਕਾਂਗਰਸ ਨੂੰ ਮਹਿਜ਼ ਪੰਜ ਸੀਟਾਂ ਦੇਣ ਲਈ ਤਿਆਰ ਹੈ। ਮਮਤਾ ਬੈਨਰਜੀ ਨੇ ਪ੍ਰਿਯੰਕਾ ਦੇ ਸਿਆਸਤ ਵਿਚ ਆਉਣ ਦਾ ਸਵਾਗਤ ਨਹੀਂ ਕੀਤਾ ਹੈ। ਤਾਂ ਕੀ ਪ੍ਰਿਯੰਕਾ ਉੱਤਰ ਪ੍ਰਦੇਸ਼ ਦੇ ਖੇਤਰੀ ਦਲਾਂ ਦੇ ਵੋਟਾਂ ਨੂੰ ਕਾਂਗਰਸ ਵੱਲ ਖਿੱਚ ਸਕੇਗੀ ? ਜਾਂ ਉਨ੍ਹਾਂ ਦਾ ਅਸਰ ਪੂਰਵਾਂਚਲ ਤੱਕ ਹੀ ਸਿਮਟ ਕੇ ਰਹਿ ਜਾਵੇਗਾ।"

ਪਰ ਸੀਨੀਅਰ ਪੱਤਰਕਾਰ ਰਸ਼ਿਦ ਕਿਦਵਈ ਇਸ ਤੋਂ ਵੱਖਰੀ ਰਾਏ ਰੱਖਦੇ ਹਨ। ਉਨ੍ਹਾਂ ਕਿਹਾ, "ਪ੍ਰਿਯੰਕਾ ਸਿਆਸੀ ਸਮਝ ਰੱਖਦੀ ਹੈ। ਉਹ ਪਹਿਲਾਂ ਤੋਂ ਹੀ ਕਾਂਗਰਸ ਦੇ ਬੈਕ ਆਫ਼ਿਸ ਵਿਚ ਕੰਮ ਕਰ ਰਹੀ ਹੈ। ਰਾਜਸਥਾਨ ਅਤੇ ਮੱਧ ਪ੍ਰਦੇਸ਼ ਵਿਚ ਮੁੱਖ ਮੰਤਰੀ ਤੈਅ ਕਰਨ ਨੂੰ ਲੈ ਕੇ ਕਾਂਗਰਸ ਵਿਚ ਜੋ ਗਤੀਰੋਧ ਬਣਿਆ ਹੋਇਆ ਸੀ, ਉਹ ਪ੍ਰਿਯੰਕਾ ਨੇ ਹੀ ਸੁਲਝਾਇਆ ਸੀ। ਉਨ੍ਹਾਂ ਸਮੱਸਿਆ ਸੁਲਝਾ ਦਿੱਤੀ ਅਤੇ ਅਜਿਹਾ ਵੀ ਨਹੀਂ ਹੋਇਆ ਕਿ ਕੋਈ ਨਾਰਾਜ਼ ਜਾਂ ਅਸੰਤੁਸ਼ਟ ਹੋ ਗਿਆ। ਇਸ ਲਈ ਉਨ੍ਹਾਂ ਨੇ ਕਾਫ਼ੀ ਮਿਹਨਤ ਕੀਤੀ।"

ਕਿਦਵਈ ਕਹਿੰਦੇ ਹਨ ਕਿ ਨਰਿੰਦਰ ਮੋਦੀ ਦੀ ਭਾਸ਼ਣ ਕਲਾ ਨੂੰ ਪੂਰੇ ਦੇਸ਼ ਵਿਚ ਸਰਾਹਿਆ ਜਾਂਦਾ ਹੈ ਜਦਕਿ ਇਸ ਮਾਮਲੇ ਵਿਚ ਰਾਹੁਲ ਗਾਂਧੀ ਉਨ੍ਹਾਂ ਨੂੰ ਟੱਕਰ ਨਹੀਂ ਦੇ ਸਕੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਮਾਮਲੇ ਵਿਚ ਪ੍ਰਿਯੰਕਾ ਕਾਂਗਰਸ ਦੇ ਕੰਮ ਆ ਸਕਦੀ ਹੈ। ਇਸ ਨੂੰ ਸਮਝਣ ਲਈ ਉਹ 2014 ਦੀਆਂ ਚੋਣਾਂ ਦਾ ਉਦਾਹਰਣ ਦਿੰਦੇ ਹਨ, "ਪਿਛਲੀਆਂ ਚੋਣਾਂ ਵਿਚ ਕਾਂਗਰਸ ਨੇ ਇਹ ਕਿਹਾ ਸੀ ਕਿ ਕਾਂਗਰਸ ਹੁਣ ਬੁੱਢੀ ਹੋ ਚੁੱਕੀ ਹੈ। ਉਸ ਨੂੰ ਜਵਾਬ ਦਿੰਦੇ ਹੋਏ ਇਕ ਚੋਣ ਰੈਲੀ ਵਿਚ ਪ੍ਰਿਯੰਕਾ ਨੇ ਕਿਹਾ ਸੀ ਕਿ ਕੀ ਮੈਂ ਤੁਹਾਨੂੰ ਬੁੱਢੀ ਦਿਖਾਈ ਦਿੰਦੀ ਹਾਂ। ਤਾਂ ਇਸ ਤਰ੍ਹਾਂ ਦੀ ਨੋਕ-ਝੋਕ ਅਗਾਮੀ ਚੋਣਾਂ ਵਿਚ ਵੀ ਦੇਖਣ ਨੂੰ ਮਿਲੇਗੀ।"

ਕਿਦਵਈ ਕਹਿੰਦੇ ਹਨ ਕਿ ਇੰਦਰਾ ਗਾਂਧੀ ਦੇ ਕਾਰਜਕਾਲ ਵਿਚ ਵੀ ਇਸ ਤਰ੍ਹਾਂ ਦੀ ਬਿਆਨਬਾਜ਼ੀ ਅਤੇ ਟਕਰਾਅ ਹੁੰਦੇ ਰਹਿੰਦੇ ਸਨ। ਇੰਦਰਾ ਗਾਂਧੀ ਅਤੇ ਪ੍ਰਿਯੰਕਾ ਗਾਂਧੀ ਵਾਡਰਾ ਦੀ ਤੁਲਨਾ ਕੀਤੇ ਜਾਣ ਨੂੰ ਲੈ ਕੇ ਸੀਨੀਅਰ ਪੱਤਰਕਾਰ ਅੰਬਰੀਸ਼ ਮਿਸ਼ਰਾ ਕਹਿੰਦੇ ਹਨ, "ਇੰਦਰਾ ਗਾਂਧੀ ਜਦੋਂ ਸੱਤਾ ਵਿਚ ਆਈ ਤਾਂ ਇਹ ਤਜਰਬਾ ਉਨ੍ਹਾਂ ਲਈ ਨਵਾਂ ਸੀ। ਪਹਿਲਾਂ ਜਦੋਂ ਉਹ ਗੱਲ ਕਰਦੀ ਸੀ, ਤਾਂ ਸਹਿਜ ਨਹੀਂ ਦਿਖਾਈ ਦਿੰਦੀ ਸੀ।" "ਪਰ 70ਵੇਂ ਦਹਾਕੇ ਵਿਚ ਉਨ੍ਹਾਂ ਨੇ ਲੋਕਾਂ ਦੇ ਦਿਲਾਂ 'ਤੇ ਰਾਜ ਕੀਤਾ। ਉਨ੍ਹਾਂ ਦੀ ਲੋਕਪ੍ਰਿਯਤਾ ਸਿਖ਼ਰ 'ਤੇ ਸੀ। ਉਨ੍ਹਾਂ ਦੀ ਜਾਦੂਈ ਦਿਖ ਬਣ ਗਈ ਸੀ। ਉਨ੍ਹਾਂ ਦੀ ਲੋਕਪ੍ਰਿਯਤਾ ਅੱਗੇ ਮੋਦੀ ਦੀ ਲੋਕਪ੍ਰਿਯਤਾ ਕੁਝ ਵੀ ਨਹੀਂ।" "ਇੰਦਰਾ ਗਾਂਧੀ ਸਾਹਮਣੇ ਰਾਮਮਨੋਹਰ ਲੋਹੀਆ ਵਰਗੇ ਵੱਡੇ ਨੇਤਾ ਸਨ, ਉਸ ਦੇ ਬਾਵਜੂਦ ਉਹ ਸਫਲਤਾ ਨਾਲ ਸਿਆਸਤ ਕਰਦੀ ਰਹੀ। ਹੁਣ ਕਾਂਗਰਸ ਅੱਗੇ ਕਰੋ ਜਾਂ ਮਰੋ ਦੀ ਸਥਿਤੀ ਹੈ। ਲੋਕਾਂ ਦੇ ਮਨ ਵਿਚ ਹਾਲੇ ਵੀ ਇੰਦਰਾ ਦੀ ਦਿਖ ਕਾਇਮ ਹੈ।"

ਕੀ ਕਾਂਗਰਸ ਨੇ ਪ੍ਰਿਯੰਕਾ ਨੂੰ ਇਹ ਸੋਚ ਕੇ ਲਾਂਚ ਕੀਤਾ ਹੈ ਕਿ ਉਹ ਇੰਦਰਾ ਗਾਂਧੀ ਦੀ ਥਾਂ ਲੈ ਲਵੇਗੀ ? ਕੀ ਉਨ੍ਹਾਂ ਵਿਚ ਲੀਡਰਸ਼ਿਪ ਵਾਲੀ ਸਮਰੱਥਾ ਹੈ ?

ਅੰਬਰੀਸ਼ ਕਹਿੰਦੇ ਹਨ, "ਮੋਦੀ ਅੱਗੇ ਕਾਂਗਰਸ ਦੀ ਹਾਲਤ ਪਤਲੀ ਹੋ ਚੁੱਕੀ ਹੈ, ਸਿਆਸੀ ਹਲਕਿਆਂ ਵਿਚ ਵੀ ਅਜਿਹੀ ਹੀ ਚਰਚਾ ਹੁੰਦੀ ਹੈ ਕਿ ਕੀ ਇੰਦਰਾ ਗਾਂਧਵੀ ਵਰਗੀ ਦਿਖਾਈ ਦੇਣ ਵਾਲੀ ਪ੍ਰਿਯੰਕਾ ਕਾਂਗਰਸ ਨੂੰ ਚੰਗੀ ਸਥਿਤੀ ਵਿਚ ਲਿਆ ਸਕੇਗੀ ?"

"ਇਸ ਦਾ ਜਵਾਬ 100 ਦਿਨਾਂ ਵਿਚ ਸਾਹਮਣੇ ਆ ਜਾਵੇਗਾ। ਹਾਲੇ ਤਾਂ ਦੇਸ਼ ਵਿਚ ਚੋਣਾਵੀ ਮਾਹੌਲ ਗਰਮਾਉਣਾ ਬਾਕੀ ਹੈ।"

# ਆਕਸਫਾਮ ਰਿਪੋਰਟ : ਭਾਰਤ 'ਚ ਨਿਰੰਤਰ ਵੱਧ ਰਿਹੈ ਅਮੀਰਾਂ-ਗਰੀਬਾਂ ਦਰਮਿਆਨ ਪਾੜਾ

ਸਵਿਟਜਰਲੈਂਡ ਦੇ ਸ਼ਹਿਰ ਦਾਵੋਸ ਵਿਖੇ ਚਲ ਰਹੇ 'ਸੰਸਾਰ ਆਰਥਕ ਫੋਰਮ' ਵਿਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 'ਆਕਸਫਾਮ' ਨੇ 'ਸੰਸਾਰ ਅਸਮਾਨਤਾ ਰਿਪੋਰਟ' ਪੇਸ਼ ਕੀਤੀ ਹੈ। ਜਿਹੜੀ ਦੁਨੀਆਂ ਭਰ ਵਿਚ ਵੱਧ ਰਹੇ ਆਰਥਕ ਪਾੜੇ ਬਾਰੇ ਰੌਂਗਟੇ ਖੜ੍ਹੇ ਕਰ ਦੇਣ ਵਾਲੇ ਤੱਥ ਪੇਸ਼ ਕਰਦੀ ਹੈ।

'ਆਕਸਫਾਮ'-ਆਕਸਫੋਰਡ ਕਮੇਟੀ ਆਨ ਫੇਮਿਨ ਰਲੀਫ, ਦੇ ਨਾਂਅ ਵਾਲੀ ਇਸ ਸੰਸਥਾ ਦਾ ਗਠਨ 1942 ਵਿਚ ਬ੍ਰਿਟੇਨ ਵਿਚ ਸਮਾਜਕ ਕਾਰਕੁੰਨਾਂ ਤੇ ਅਕਾਦਮਿਕ ਬੁੱਧੀਜੀਵੀਆਂ 'ਤੇ ਅਧਾਰਤ ਮਿੱਤਰ ਮੰਡਲੀ ਨੇ ਕੀਤਾ ਸੀ ਅਤੇ ਇਹ ਉਸ ਵੇਲੇ ਦੂਜੀ ਸੰਸਾਰ ਜੰਗ ਸਦਕਾ ਯੂਨਾਨ ਵਿਚ ਪਏ ਅਕਾਲ ਵਿਚ ਮਦਦ ਕਰਨ ਹਿੱਤ ਬਣਾਈ ਗਈ ਸੀ। ਇਸ ਵੇਲੇ 'ਆਕਸਫਾਮ', 20 ਚੈਰੀਟੇਬਲ ਸੰਸਥਾਵਾਂ 'ਤੇ ਅਧਾਰਤ ਦੁਨੀਆਂ ਦੇ ਸਭ ਮਹਾਂਦੀਪਾਂ ਦੇ 90 ਦੇਸ਼ਾਂ ਵਿਚ ਕਾਰਜਰਤ ਹੈ। ਇਹ ਹਰ ਸਾਲ 'ਸੰਸਾਰ ਆਰਥਕ ਫੋਰਮ', ਜਿੱਥੇ ਦੁਨੀਆਂ ਦੇ ਲਗਭਗ ਸਾਰੇ ਵੱਡੇ ਅਜਾਰੇਦਾਰ-ਸਰਮਾਏਦਾਰ, ਅਫਸਰਸ਼ਾਹ ਤੇ ਰਾਜਨੀਤਕ ਆਗੂ ਇਕੱਠੇ ਹੋ ਕੇ ਵਿਚਾਰ-ਵਟਾਂਦਰਾ ਕਰਦੇ ਹਨ, ਉਨ੍ਹਾਂ ਦੇ ਵਿਚਾਰ ਵਟਾਂਦਰੇ ਲਈ ਦੁਨੀਆਂ ਬਾਰੇ 'ਸੰਸਾਰ ਅਸਮਾਨਤਾ ਰਿਪੋਰਟ' ਪੇਸ਼ ਕਰਦੀ ਹੈ।

ਇਸ ਰਿਪੋਰਟ ਅਨੁਸਾਰ ਭਾਰਤ ਵਿਚ :

➢ ਸਾਲ 2018 ਵਿਚ ਭਾਰਤ ਦੇ 1% ਅਮੀਰਾਂ ਦੀ ਦੌਲਤ ਵਿਚ 39% ਦਾ ਵਾਧਾ ਹੋਇਆ ਹੈ, ਜਦੋਂਕਿ ਹੇਠਲੀ 50% ਗਰੀਬ ਆਬਾਦੀ ਦੀ ਦੌਲਤ ਵਿਚ ਮਹਿਜ 3% ਦਾ ਵਾਧਾ ਹੋਇਆ ਹੈ।

➢ ਦੇਸ਼ ਦੇ 9 ਅਮੀਰਾਂ ਕੋਲ ਦੇਸ਼ ਦੀ 50% ਆਬਾਦੀ ਦੇ ਬਰਾਬਰ ਦੌਲਤ ਹੈ।

➢ ਦੇਸ਼ ਵਿਚ 2018 ਵਿਚ 119 ਅਰਬਪਤੀ (7000 ਕਰੋੜ ਡਾਲਰ ਤੋਂ ਵੱਧ ਦੀ ਦੌਲਤ ਵਾਲੇ) ਹਨ ਅਤੇ ਉਨ੍ਹਾਂ ਦੀ ਦੌਲਤ ਵਿਚ ਪ੍ਰਤੀ ਦਿਨ 2200 ਕਰੋੜ ਰੁਪਏ ਦਾ ਵਾਧਾ ਹੋਇਆ ਹੈ। 2017 ਵਿਚ ਅਰਬਪਤੀਆਂ ਦੀ ਗਿਣਤੀ 101 ਸੀ, ਇਸ ਤਰ੍ਹਾਂ ਇਕ ਸਾਲ ਵਿਚ ਹੀ 18 ਨਵੇਂ ਅਰਬਪਤੀ ਹੋਰ ਬਣੇ ਹਨ। 2017 ਵਿਚ ਅਰਬਪਤੀਆਂ ਦੀ ਕੁੱਲ ਦੌਲਤ 325.5 ਅਰਬ ਡਾਲਰ ਸੀ ਜਦੋਂਕਿ 2018 ਵਿਚ 400 ਅਰਬ ਡਾਲਰ ਦੀ ਸੀਮਾ ਰੇਖਾ ਨੂੰ ਪਾਰ ਕਰਦੀ ਹੋਈ 440.1 ਅਰਬ ਡਾਲਰ ਹੋ ਗਈ ਹੈ। ਅੰਦਾਜਾ ਹੈ ਕਿ ਇਹੋ ਵਰਤਾਰਾ ਚੱਲਦਾ ਰਿਹਾ ਤਾਂ 2018 ਤੋਂ 2022 ਤੱਕ 70 ਹੋਰ ਨਵੇਂ ਅਰਬਪਤੀ ਬਣ ਜਾਣਗੇ ਭਾਵ ਦੌਲਤ ਦਾ ਕੁੱਝ ਹੱਥਾਂ ਵਿਚ ਕੇਂਦਰੀਕਰਨ ਹੋਰ ਤੇਜ ਹੋ ਜਾਵੇਗਾ।

➢ ਜਿੱਥੇ ਅਰਬਪਤੀਆਂ ਦੀ ਦੌਲਤ 2200 ਕਰੋੜ ਰੁਪਏ ਪ੍ਰਤੀ ਦਿਨ ਦੀ ਰਫਤਾਰ ਨਾਲ ਵਧੀ ਹੈ, ਉਥੇ ਹੀ ਦੇਸ਼ ਦੇ ਸਭ ਤੋਂ ਗਰੀਬ 10% ਲੋਕ ਭਾਵ 13 ਕਰੋੜ 60 ਲੱਖ ਲੋਕ 2004 ਤੋਂ ਹੀ ਕਰਜ਼ੇ ਦੇ ਜਾਲ ਵਿਚ ਫਸੇ ਹੋਏ ਹਨ।

➢ ਦੇਸ਼ ਦੇ ਉਪਰਲੇ 10% ਅਮੀਰਾਂ ਕੋਲ ਦੇਸ਼ ਦੀ ਕੁੱਲ ਦੌਲਤ ਦਾ 77.4% ਹਿੱਸਾ ਹੈ, ਇਸ ਵਿਚੋਂ ਵੀ ਉਪਰਲੇ 1% ਕੋਲ 51.53% ਭਾਵ 1% ਤੋਂ ਥਲੜੇ 9% ਅਮੀਰਾਂ ਕੋਲ 25.87% ਅਤੇ ਸਭ ਤੋਂ ਹੇਠਲੀ 60% ਅਬਾਦੀ ਕੋਲ ਮਹਿਜ਼ 4.8% ਦੌਲਤ ਹੈ।

➢ 'ਆਕਸਫਾਮ' ਦੀ ਰਿਪੋਰਟ ਅਨੁਸਾਰ ਭਾਰਤ ਦੇ ਸਭ ਤੋਂ ਅਮੀਰ ਵਿਅਕਤੀ ਮੁਕੇਸ਼ ਅੰਬਾਨੀ ਕੋਲ 28 ਲੱਖ ਕਰੋੜ ਦੌਲਤ ਹੈ, ਜਦੋਂਕਿ ਦੇਸ਼ ਦੀ ਕੇਂਦਰ ਤੇ ਸਾਰੀਆਂ ਰਾਜ ਸਰਕਾਰਾਂ ਰਲਕੇ ਮੈਡੀਕਲ, ਜਨਤਕ ਸਿਹਤ, ਸੈਨੀਟੇਸ਼ਨ ਤੇ ਵਾਟਰ ਸਪਲਾਈ 'ਤੇ 20 ਲੱਖ 8 ਹਜ਼ਾਰ 166 ਕਰੋੜ ਰੁਪਏ ਖਰਚ ਕਰਦੀਆਂ ਹਨ, ਇਸ ਤਰ੍ਹਾਂ ਅੰਬਾਨੀ ਦੀ ਦੌਲਤ ਉਸ ਸਮੁੱਚੇ ਖਰਚੇ ਤੋਂ ਵੀ ਵੱਧ ਹੈ।

➢ ਟੈਕਸਾਂ ਦੇ ਮਾਮਲੇ ਵਿਚ ਇਸ ਰਿਪੋਰਟ ਅਨੁਸਾਰ ਦੇਸ਼ ਦੀ ਆਬਾਦੀ ਦੇ ਸਭ ਤੋਂ ਉਪਰਲੇ 10% ਅਮੀਰ ਕੁੱਲ ਟੈਕਸਾਂ ਵਿਚ 34% ਦਾ ਯੋਗਦਾਨ ਪਾਉਂਦੇ ਹਨ ਜਦੋਂਕਿ ਸਭ ਤੋਂ ਹੇਠਲੇ 10% ਲੋਕ ਕੁੱਲ ਟੈਕਸਾਂ ਵਿਚ 49% ਦਾ ਯੋਗਦਾਨ ਪਾਉਂਦੇ ਹਨ। ਭਾਵ ਹੇਠਲੇ 10% ਗਰੀਬ ਲੋਕ ਉਪਰਲੇ 10% ਅਮੀਰਾਂ ਨਾਲੋਂ 15% ਵਧੇਰੇ ਟੈਕਸ ਦਿੰਦੇ ਹਨ।

➢ ਜੇਕਰ ਭਾਰਤ ਸਰਕਾਰ ਉਪਰਲੇ 1% ਲੋਕਾਂ ਤੋਂ 0.5% ਟੈਕਸ ਵਧੇਰੇ ਲਵੇ ਤਾਂ ਸਿਹਤ ਸੇਵਾਵਾਂ 'ਤੇ ਖਰਚ ਕੀਤੇ ਜਾਣ ਵਾਲੇ ਕੁਲ ਬਜਟ ਵਿਚ 50% ਦਾ ਵਾਧਾ ਕੀਤਾ ਜਾ ਸਕਦਾ ਹੈ।

'ਆਕਸਫਾਮ' ਵਲੋਂ ਪੇਸ਼ 'ਅਸਮਾਨਤਾ ਰਿਪੋਰਟ' ਅਨੁਸਾਰ ਦੁਨੀਆਂ ਅਤੇ ਸਾਡੇ ਦੇਸ਼ ਦੀਆਂ ਔਰਤਾਂ ਹੋਰ ਵੀ ਵਧੇਰੇ ਅਸਮਾਨਤਾ ਦਾ ਸ਼ਿਕਾਰ ਹਨ :

➢ ਦੇਸ਼ ਦੇ 119 ਅਰਬਪਤੀਆਂ ਵਿਚ ਸਿਰਫ 9 ਹੀ ਇਸਤਰੀਆਂ ਹਨ।

➢ ਭਾਰਤ ਵਿਚ ਔਰਤਾਂ ਦੀ ਤਨਖਾਹ ਆਦਮੀਆਂ ਦੀ ਤਨਖਾਹ ਨਾਲੋਂ ਔਸਤਨ 34% ਘੱਟ ਹੈ।

➢ ਭਾਰਤ ਵਿਚ ਔਰਤਾਂ ਘਰ ਅਤੇ ਬੱਚਿਆਂ ਦੀ ਸਾਂਭ-ਸੰਭਾਲ ਦਾ ਕੰਮ ਕਰਦੀਆਂ ਹਨ, ਉਸਦਾ ਕੁੱਲ ਮਿਹਨਤਾਨਾ ਦੇਸ਼ ਦੇ ਕੁੱਲ ਘਰੇਲੂ ਉਤਪਾਦ ਦਾ 3.1% ਫੀਸਦੀ ਬਣਦਾ, ਜਿਸਦਾ ਭੁਗਤਾਨ ਉਨ੍ਹਾਂ ਨੂੰ ਨਹੀਂ ਹੁੰਦਾ। ਸ਼ਹਿਰਾਂ ਵਿਚ ਇਕ ਔਰਤ ਔਸਤਨ 312 ਮਿੰਟ ਪ੍ਰਤੀ ਦਿਨ ਅਤੇ ਪਿੰਡਾਂ ਵਿਚ 291 ਮਿੰਟ ਪ੍ਰਤੀ ਦਿਨ ਇਹ ਕੰਮ ਕਰਦੀ ਹੈ। ਜਦੋਂਕਿ ਆਦਮੀ ਸ਼ਹਿਰਾਂ ਵਿਚ ਸਿਰਫ 29 ਮਿੰਟ ਪ੍ਰਤੀ ਦਿਨ ਤੇ ਪੇਂਡੂ ਖੇਤਰਾਂ ਵਿਚ ਸਿਰਫ 22 ਮਿੰਟ ਔਸਤਨ ਅਜਿਹਾ ਕੰਮ ਕਰਦੇ ਹਨ।

➢ ਗਲੋਬਲ ਜੈਂਡਰ ਗੈਪ ਇੰਨਡੈਕਸ 2018 (ਸੰਸਾਰ ਲਿੰਗਕ ਪਾੜਾ ਸੂਚਕਾਂਕ) ਵਿਚ ਭਾਰਤ ਦਾ ਥਾਂ 108 ਹੈ। ਜਦੋਂਕਿ ਚੀਨ ਅਤੇ ਬੰਗਲਾਦੇਸ਼ ਵਰਗੇ ਸਾਡੇ ਗੁਆਂਢੀ ਦੇਸ਼ ਸਾਡੇ ਤੋਂ ਅੱਗੇ ਹਨ। 2006 ਦੇ ਮੁਕਾਬਲੇ 2018 ਤੱਕ ਅਸੀਂ 10 ਥਾਂ ਹੀ ਉਪਰ ਆਏ ਹਾਂ।

ਬਾਕੀ ਸਫ਼ਾ 41 'ਤੇ

## ਦੇਸ਼ ਦੇ 9 ਚੋਟੀ ਦੇ ਅਮੀਰਾਂ ਦੀ ਦੌਲਤ

| | |
|---|---|
| 1. ਮੁਕੇਸ਼ ਅੰਬਾਨੀ | 2.8 ਲੱਖ ਕਰੋੜ ਰੁਪਏ |
| 2. ਅਜੀਮ ਪ੍ਰੇਮਜੀ | 1.5 ਲੱਖ ਕਰੋੜ ਰੁਪਏ |
| 3. ਲਕਸ਼ਮੀ ਮਿੱਤਲ | 1.3 ਲੱਖ ਕਰੋੜ ਰੁਪਏ |
| 4. ਹਿੰਦੂਜਾ ਬ੍ਰਦਰਜ਼ | 1.2 ਲੱਖ ਕਰੋੜ ਰੁਪਏ |
| 5. ਪਾਲੋਨਜੀ ਮਿਸਤਰੀ | 1.1 ਲੱਖ ਕਰੋੜ ਰੁਪਏ |
| 6. ਸ਼ਿਵ ਨਾਡਰ | 1.0 ਲੱਖ ਕਰੋੜ ਰੁਪਏ |
| 7. ਗੋਦਰੇਜ ਪਰਿਵਾਰ | 99.4 ਹਜ਼ਾਰ ਕਰੋੜ ਰੁਪਏ |
| 8. ਦਲੀਪ ਸਿੰਘਵੀ | 89.4 ਹਜ਼ਾਰ ਕਰੋੜ ਰੁਪਏ |
| 9. ਕੁਮਾਰ ਬਿਰਲਾ | 88.7 ਹਜ਼ਾਰ ਕਰੋੜ ਰੁਪਏ |

(ਸਰੋਤ : ਫੋਰਬਸ 2018)



Nidhi Kapoor
REALTOR® BA, ABR
COMMERCIAL & RESIDENTIAL REAL ESTATE
REALTY EXECUTIVES POLARIS

780 318 3434

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਜਾਂ ਆਪਣੀ ਪ੍ਰਾਪਰਟੀ ਦਾ ਚੰਗਾ ਮੁੱਲ ਲੈਣ ਲਈ ਕਾਲ ਕਰੋ

nidhi@nidhikapoor.ca www.nidhikapoor.ca

# 217 6608 28 AV MLS# E3399888




Bedroom : 1 + Den Condo Bathroom : 1
Special Feature: Adult 55+ Condo, on-site service of a guest room for out-of-town visitors, private bus foroutings, home care coordinator, hairdresser
Parking : 1 Titled Underground Parking
Sqft. 620 Sq.Ft
Condo Fees: $260.00

# 401 4316 139 AV NW MLS# E3405945




Bedroom : 2
Bathroom : 2
Special Feature: Top Floor Unit, Quck Access to LRT Station
Parking : 1 Titled Underground Parking
Sqft : 1002 Sq ft.
Condo Fees: $420.00

#1472 LAKEWOOD RD W MLS# E3409941



$168,900
Bedroom : 3
Bathroom : 1
Special Feature : newly renovated,walking distance to Grant MacEwan, Lakewood Transit Center,
Sqft. 1011 sq.ft
Condo Fees : $281.00

Services available in Hindi, Punjabi & Urdu Also. Real Estate Service for your Success

2.5 Acre for Sale
51151 Range Road 235, (SW)
Edmonton Close to Ellerslie Road
$ 399,900

# 'ਬ੍ਰੈਗਜ਼ਿਟ' ਸਦਕਾ ਬ੍ਰਿਟੇਨ 'ਚ ਪੈਦਾ ਹੋਇਆ ਗੰਭੀਰ ਸਿਆਸੀ ਸੰਕਟ

ਰਵੀ ਕੰਵਰ

ਯੂਰਪੀ ਮਹਾਂਦੀਪ ਦਾ ਪ੍ਰਮੁੱਖ ਦੇਸ਼ ਬ੍ਰਿਟੇਨ, ਇਸ ਵੇਲੇ ਇਕ ਗੰਭੀਰ ਰਾਜਨੀਤਕ ਸੰਕਟ ਵਿਚੋਂ ਗੁਜ਼ਰ ਰਿਹਾ ਹੈ। ਇਹ ਸੰਕਟ ਉਸ ਵੇਲੇ ਸ਼ੁਰੂ ਹੋਇਆ ਜਦੋਂ ਦੇਸ਼ ਦੀ ਪ੍ਰਧਾਨ ਮੰਤਰੀ ਟੇਰੇਜ਼ਾ ਮੇਅ ਵਲੋਂ 'ਬ੍ਰੈਗਜ਼ਿਟ' (ਦੇਸ਼ ਨੂੰ ਯੂਰਪੀ ਯੂਨੀਅਨ ਤੋਂ ਬਾਹਰ ਕੱਢਣ) ਬਾਰੇ ਤਜਵੀਜ਼ਤ ਯੋਜਨਾ ਸੰਸਦ ਦੇ ਹੇਠਲੇ ਸਦਨ, ਹਾਊਸ ਆਫ ਕਾਮਨਜ, ਨੇ ਵੱਡੇ ਬਹੁਮਤ ਨਾਲ ਰੱਦ ਕਰ ਦਿੱਤੀ। ਉਸ ਦੀ ਆਪਣੀ ਪਾਰਟੀ, ਕੰਜਰਵੇਟਿਵ ਪਾਰਟੀ, ਜਿਸ ਨੂੰ ਆਮ ਬੋਲਚਾਲ ਵਿਚ ਟੋਰੀ ਪਾਰਟੀ ਵਜੋਂ ਜਾਣਿਆ ਜਾਂਦਾ ਹੈ, ਦੇ ਵੀ 118 ਮੈਂਬਰਾਂ ਨੇ ਉਸ ਦੀ ਤਜਵੀਜ ਦੇ ਵਿਰੁੱਧ ਵੋਟ ਪਾਏ। ਉਸਦੀ ਇਸ ਵੱਡੀ ਹਾਰ ਤੋਂ ਬਾਅਦ ਦੇਸ਼ ਦੀ ਮੁੱਖ ਵਿਰੋਧੀ ਪਾਰਟੀ, ਲੇਬਰ ਪਾਰਟੀ ਵਲੋਂ ਸੰਸਦ ਵਿਚ ਪੇਸ਼ ਕੀਤਾ ਗਿਆ ਬੇਭਰੋਸਗੀ ਦਾ ਮਤਾ, ਹਾਲ ਦੀ ਘੜੀ, ਪਾਸ ਨਹੀਂ ਹੋ ਸਕਿਆ। 306 ਵੋਟਾਂ ਦੇ ਮੁਕਾਬਲੇ 325 ਭਾਵ ਸਿਰਫ 19 ਵੋਟਾਂ ਨਾਲ ਭਾਵੇਂ ਪ੍ਰਧਾਨ ਮੰਤਰੀ ਟੇਰੇਜ਼ਾ ਮੇਅ ਦੀ ਸਰਕਾਰ ਕਾਇਮ ਤਾਂ ਹੈ ਪਰ ਡਾਵਾਂ ਡੋਲ ਹੈ। ਇਸ ਤਰ੍ਹਾਂ, ਇਹ ਰਾਜਨੀਤਕ ਸੰਕਟ ਅਜੇ ਹੱਲ ਨਹੀਂ ਹੋ ਸਕਿਆ ਹੈ।

ਇਸ ਸੰਕਟ ਨੂੰ ਚੰਗੀ ਤਰ੍ਹਾਂ ਸਮਝਣ ਲਈ ਕੁੱਝ ਗੱਲਾਂ ਜਾਨਣੀਆਂ ਜਰੂਰੀ ਹਨ। ਬ੍ਰਿਟੇਨ ਇਕ ਅਜਿਹਾ ਰਾਜਾਸ਼ਾਹੀ ਰਾਜ ਵਾਲਾ ਦੇਸ਼ ਹੈ, ਜਿੱਥੇ ਰਾਜੇ ਦਾ ਦੇਸ਼ ਦੇ ਰਾਜਨੀਤਕ ਢਾਂਚੇ ਵਿਚ ਦਖਲ ਬਹੁਤ ਸੀਮਤ ਹੈ। ਇਸ ਯੂ.ਕੇ. (ਯੂਨਾਇਟਿਡ ਕਿੰਗਡਮ) ਅਖਵਾਉਣ ਵਾਲੇ ਦੇਸ਼ ਨੂੰ ਆਮ ਬੋਲਚਾਲ ਦੀ ਭਾਸ਼ਾ ਵਿਚ ਗਰੇਟ ਬ੍ਰਿਟੇਨ ਕਿਹਾ ਜਾਂਦਾ ਹੈ ਅਤੇ ਇਹ ਦੇਸ਼ ਚਾਰ ਦੇਸ਼ਾਂ ਦਾ ਸਮੂਹ ਹੈ। ਇਹ ਦੇਸ਼ ਹਨ, ਇੰਗਲੈਂਡ, ਵੇਲਜ, ਸਕਾਟਲੈਂਡ ਅਤੇ ਉਤਰੀ ਆਇਰਲੈਂਡ। 'ਬ੍ਰੈਗਜ਼ਿਟ' ਸ਼ਬਦ ਅੰਗਰੇਜ਼ੀ ਦੇ ਦੋ ਸ਼ਬਦਾਂ : ਬ੍ਰਿਟੇਨ ਅਤੇ ਐਗਜ਼ਿਟ, (ਜਿਸਦਾ ਅਰਥ ਹੁੰਦਾ ਹੈ ਬਾਹਰ ਨਿਕਲਣਾ) ਤੋਂ ਰਲਕੇ ਬਣਿਆ ਸ਼ਬਦ ਹੈ। ਜਿਹੜਾ ਬ੍ਰਿਟੇਨ ਦੇ ਯੂਰਪੀ ਯੂਨੀਅਨ ਤੋਂ ਬਾਹਰ ਹੋਣ ਦੇ ਸੰਦਰਭ ਵਿਚ ਆਮ ਬੋਲਚਾਲ ਵਿਚ ਵਰਤਿਆ ਜਾਂਦਾ ਹੈ। 'ਯੂਰਪੀ ਯੂਨੀਅਨ', ਆਰਥਕ ਤੇ ਰਾਜਨੀਤਕ ਭਾਗੀਦਾਰੀ 'ਤੇ ਅਧਾਰਤ ਇਕ 28 ਦੇਸ਼ਾਂ ਦਾ ਸਮੂਹ ਹੈ। ਇਹ ਦੂਜੀ ਸੰਸਾਰ ਜੰਗ ਤੋਂ ਬਾਅਦ ਹੋਂਦ ਵਿਚ ਆਇਆ ਸੀ। ਇੱਥੇ ਇਹ ਵਰਣਨਯੋਗ ਹੈ ਕਿ ਯੂਰਪ ਦੀਆਂ ਸਾਮਰਾਜੀ ਸ਼ਕਤੀਆਂ ਵਿਚਕਾਰ ਹੋਈ ਦੂਜੀ ਸੰਸਾਰ ਜੰਗ ਵੀ ਮੁੱਖ ਰੂਪ ਵਿਚ ਯੂਰਪ ਤੇ ਏਸ਼ੀਆ ਮਹਾਂਦੀਪਾਂ ਵਿਚ ਹੀ ਲੜੀ ਗਈ ਸੀ ਅਤੇ ਇਹ ਇਕ ਦੂਜੇ ਦੀਆਂ ਮੰਡੀਆਂ 'ਤੇ ਕਬਜ਼ਾ ਕਰਨ ਕਰਕੇ ਸ਼ੁਰੂ ਹੋਈ ਸੀ। ਇਸੇ ਤੋਂ ਸਬਕ ਲੈਂਦੇ ਹੋਏ ਯੂਰਪੀ ਯੂਨੀਅਨ ਹੋਂਦ ਵਿਚ ਆਈ, ਜਿਸਦਾ ਮਕਸਦ ਸੀ ਆਪਸ ਵਿਚ ਵਪਾਰ ਕਰਦੇ ਦੇਸ਼ਾਂ ਵਿਚਕਾਰ ਪੈਦਾ ਹੁੰਦੀਆਂ ਵਿਰੋਧਤਾਈਆਂ ਤੇ ਜੰਗ ਨੂੰ ਟਾਲਣਾ ਅਤੇ ਆਰਥਕ ਸਹਿਯੋਗ ਨੂੰ ਪ੍ਰਫੁਲਤ ਕਰਨਾ। ਇਹ ਸਮਝਦਾਰੀ ਵਿਕਸਿਤ ਹੋ ਕੇ ਹੁਣ ਏਥੇ 'ਇਕਹਿਰੀ ਮੰਡੀ' ਦਾ ਰੂਪ ਧਾਰਨ ਕਰ ਗਈ ਹੈ, ਜਿੱਥੇ ਵਸਤਾਂ ਅਤੇ ਲੋਕ ਇਕ ਦੇਸ਼ ਦੀ ਤਰ੍ਹਾਂ ਆ ਜਾ ਸਕਦੇ ਹਨ। ਇਸਦੀ ਆਪਣੀ ਮੁਦਰਾ 'ਯੂਰੋ' ਹੈ, ਜਿਸਨੂੰ 19 ਮੈਂਬਰ ਦੇਸ਼ ਵਰਤਦੇ ਹਨ। ਯੂਰਪੀ ਯੂਨੀਅਨ ਦੀ ਆਪਣੀ ਸੰਸਦ ਹੈ, ਜਿਸਦੀਆਂ ਬਾਕਾਇਦਾ ਚੋਣਾਂ ਹੁੰਦੀਆਂ ਹਨ ਅਤੇ ਇਹ ਚੁਗਿਰਦੇ, ਆਵਾਜਾਈ, ਖਪਤਕਾਰ ਅਧਿਕਾਰਾਂ ਵਰਗੇ ਵਿਆਪਕ ਖੇਤਰਾਂ ਲਈ ਨਿਯਮ ਬਣਾਉਂਦੀ ਹੈ। ਹੁਣ ਤਾਂ ਇਨ੍ਹਾਂ ਦੇਸ਼ਾਂ ਲਈ ਮੋਬਾਇਲ ਫੋਨ ਨੈਟਵਰਕ ਬਾਰੇ ਕੀਮਤਾਂ ਤੱਕ ਇਹ ਤੈਅ ਕਰਨ ਲੱਗ ਪਈ ਹੈ। ਬੈਲਜ਼ੀਅਮ ਦੀ ਰਾਜਧਾਨੀ ਬਰੁਸੇਲਜ, ਵਿਖੇ ਇਸਦਾ ਹੈਡਕੁਆਰਟਰ ਹੈ।

ਬ੍ਰਿਟੇਨ ਵਿਚ 23 ਜੂਨ 2016 ਨੂੰ ਰਾਏਸ਼ੁਮਾਰੀ ਹੋਈ ਸੀ, ਜਿਸ ਵਿਚ ਇਕੋ ਇਕ ਮੁੱਦਾ ਸੀ ਕਿ ਬ੍ਰਿਟੇਨ, ਯੂਰਪੀ ਯੂਨੀਅਨ ਦਾ ਹਿੱਸਾ ਰਹੇ ਜਾਂ ਇਸ ਤੋਂ ਬਾਹਰ ਆ ਜਾਵੇ। ਇਸ ਰਾਏਸ਼ੁਮਾਰੀ ਵਿਚ ਯੂਰਪੀ ਯੂਨੀਅਨ ਨੂੰ ਛੱਡਣ ਦੇ ਹੱਕ ਵਿਚ 51.9% ਵੋਟਾਂ ਪਾਈਆਂ ਸਨ ਅਤੇ ਇਸ ਵਿਚ ਬਣੇ ਰਹਿਣ ਦੇ ਹੱਕ ਵਿਚ 48.1% ਵੋਟਾਂ ਪਾਈਆਂ ਸਨ। ਇਸ ਤਰ੍ਹਾਂ ਸਿਰਫ 3.8% ਦੇ ਅੰਤਰ ਨਾਲ ਦੇਸ਼ ਨੂੰ ਯੂਰਪੀ ਯੂਨੀਅਨ ਨਾਲੋਂ ਵੱਖ ਕੀਤੇ ਜਾਣ ਭਾਵ 'ਬ੍ਰੈਗਜ਼ਿਟ' ਦੇ ਹੱਕ ਵਿਚ ਫੈਸਲਾ ਹੋ ਗਿਆ ਸੀ। ਇਸ ਰਾਏਸ਼ੁਮਾਰੀ ਵਿਚ 71.8% ਵੋਟਰਾਂ ਨੇ ਭਾਗ ਲਿਆ ਸੀ। ਜਦੋਂ ਇਹ ਰਾਏਸ਼ੁਮਾਰੀ ਹੋਈ ਸੀ, ਉਸ ਵੇਲੇ ਦੇਸ਼ ਦੇ ਪ੍ਰਧਾਨ ਮੰਤਰੀ ਕੰਜਰਵੇਟਿਵ ਪਾਰਟੀ ਦੇ ਹੀ ਡੇਵਿਡ ਕੈਮਰੂਨ ਸਨ, ਉਹ 'ਬ੍ਰੈਗਜ਼ਿਟ' ਦੇ ਵਿਰੁੱਧ ਸਨ ਭਾਵ ਦੇਸ਼ ਨੂੰ ਯੂਰਪੀ ਯੂਨੀਅਨ ਤੋਂ ਬਾਹਰ ਕਰਨ ਦੇ ਵਿਰੁੱਧ ਸਨ। ਰਾਏਸ਼ੁਮਾਰੀ ਵਿਚ ਉਨ੍ਹਾਂ ਦੇ ਪੱਖ ਦੀ ਹਾਰ ਹੋਣ, ਭਾਵ 'ਬ੍ਰੈਗਜ਼ਿਟ' ਨੂੰ ਬਹੁਮਤ ਮਿਲਣ ਕਰਕੇ ਉਹ ਨੈਤਿਕ ਤੌਰ 'ਤੇ ਅਸਤੀਫਾ ਦੇ ਗਏ ਸਨ ਅਤੇ ਦੇਸ਼ ਦੀ ਪ੍ਰਧਾਨ ਮੰਤਰੀ ਟੇਰੇਜ਼ਾ ਮੇਅ ਬਣੀ। ਇਥੇ ਇਹ ਨੋਟ ਕਰਨ ਯੋਗ ਹੈ ਕਿ ਟੇਰੇਜ਼ਾ ਮੇਅ ਵੀ 'ਬ੍ਰੈਗਜ਼ਿਟ' ਦੀ ਵਿਰੋਧੀ ਸੀ ਪ੍ਰੰਤੂ ਪ੍ਰਧਾਨ ਮੰਤਰੀ ਦੀ ਦੌੜ ਵਿਚ ਖਲੋਤੇ 'ਬ੍ਰੈਗਜ਼ਿਟ' ਦੇ ਹਿਮਾਇਤੀਆਂ ਵਲੋਂ ਦੌੜ ਤੋਂ ਬਾਹਰ ਹੋ ਜਾਣ ਤੋਂ ਬਾਅਦ ਉਹ ਪ੍ਰਧਾਨ ਮੰਤਰੀ ਬਣ ਗਈ ਸੀ। ਉਨ੍ਹਾਂ ਨੇ ਦੇਸ਼ ਦੀ ਸੱਤਾ ਸੰਭਾਲਣ ਤੋਂ ਬਾਅਦ 29 ਮਾਰਚ 2017 ਨੂੰ ਬ੍ਰੈਗਜ਼ਿਟ ਪ੍ਰਕਿਰਿਆ, ਯੂਰਪੀ ਯੂਨੀਅਨ ਤੋਂ ਦੇਸ਼ ਨੂੰ ਬਾਹਰ ਕਰਨ ਬਾਰੇ ਪ੍ਰਕ੍ਰਿਆ, ਸ਼ੁਰੂ ਕੀਤੀ ਸੀ। ਯੂਰਪੀ ਯੂਨੀਅਨ ਦੀ ਲਿਸਬਨ ਸੰਧੀ ਦੀ ਧਾਰਾ 50, ਜਿਹੜੀ ਕਿ ਇਸ




ਨਾਲ ਸਬੰਧਤ ਹੈ, ਮੁਤਾਬਕ ਦੋਵਾਂ ਪੱਖਾਂ ਨੂੰ 2 ਸਾਲ ਦਾ ਸਮਾਂ ਇਸ ਤੋੜ-ਵਿਛੋੜੇ ਬਾਰੇ ਸ਼ਰਤਾਂ ਤੇ ਨਿਯਮ ਤੈਅ ਕਰਨ ਲਈ ਮਿਲਦਾ ਹੈ। ਇਸ ਮੁਤਾਬਕ 29 ਮਾਰਚ 2019 ਨੂੰ 11 ਵਜੇ ਬ੍ਰਿਟੇਨ ਯੂਰਪੀ ਯੂਨੀਅਨ ਤੋਂ ਬਾਹਰ ਹੋ ਜਾਵੇਗਾ। ਪਰ ਯੂਰਪੀ ਕੋਰਟ ਦੇ ਮੁਤਾਬਕ ਬ੍ਰਿਟੇਨ ਨੂੰ ਇਸ ਪ੍ਰਕਿਰਿਆ ਨੂੰ ਰੋਕਣ ਦਾ ਵੀ ਅਧਿਕਾਰ ਪ੍ਰਾਪਤ ਹੈ ਅਤੇ ਯੂਰਪੀ ਯੂਨੀਅਨ ਦੇ ਸਮੁੱਚੇ 28 ਮੈਂਬਰ ਦੇਸ਼ਾਂ ਦੀ ਸਹਿਮਤੀ ਨਾਲ ਇਸ ਸਮੇਂ ਨੂੰ ਵਧਾਇਆ ਵੀ ਜਾ ਸਕਦਾ ਹੈ। ਇਸ ਵੇਲੇ ਦੇਸ਼ ਦੀ ਪ੍ਰਧਾਨ ਮੰਤਰੀ ਟੇਰੇਜ਼ਾ ਮੇਅ ਦੀ ਬ੍ਰੈਗਜ਼ਿਟ ਨਾਲ ਸਬੰਧਤ ਯੋਜਨਾਬੰਦੀ ਬਹੁਤ ਵੱਡੇ ਬਹੁਮਤ ਨਾਲ ਰੱਦ ਹੋ ਗਈ ਹੈ, ਜਦੋਂ ਕਿ ਬਾਹਰ ਹੋਣ ਦੀ ਸਮਾਂ ਸੀਮਾਂ ਦੇ ਖਤਮ ਹੋਣ ਵਿਚ ਵੀ 80 ਦੇ ਲਗਭਗ ਦਿਨ ਹੀ ਰਹਿੰਦੇ ਹਨ। ਇਸ ਦੌਰਾਨ ਨਵੀਂ ਤਜਵੀਜ ਬਣਾਉਣੀ ਅਤੇ ਉਸਨੂੰ ਪਾਸ ਕਰਵਾਉਣਾ ਟੇਰੇਜ਼ਾ ਮੇਅ ਅੱਗੇ ਇਕ ਚੁਣੌਤੀ ਹੈ ਅਤੇ ਇਸ ਸਮੇਂ ਇਹ ਦੇਸ਼ ਸਾਹਮਣੇ ਖਲੋਤੇ ਇਕ ਗੰਭੀਰ ਰਾਜਨੀਤਕ ਸੰਕਟ ਦਾ ਰੂਪ ਧਾਰਨ ਕਰ ਗਿਆ ਹੈ।

ਟੇਰੇਜ਼ਾ ਮੇਅ ਵਲੋਂ 11 ਜਨਵਰੀ ਨੂੰ ਹਾਊਸ ਆਫ ਕਾਮਨਜ ਵਿਚ ਬ੍ਰੈਗਜ਼ਿਟ ਬਾਰੇ ਤਜਵੀਜ਼ਤ ਯੋਜਨਾਬੰਦੀ ਪੇਸ਼ ਕੀਤੀ ਗਈ ਸੀ। ਜਿਸ ਉਤੇ 5 ਦਿਨ ਬਹਿਸ ਹੋਣ ਤੋਂ ਬਾਅਦ 15 ਜਨਵਰੀ ਨੂੰ ਇਸ 'ਤੇ ਵੋਟਾਂ ਪਾਈਆਂ ਸਨ। ਇਸਦੇ ਹੱਕ ਵਿਚ 230 ਵੋਟ ਪਏ ਅਤੇ ਵਿਰੋਧ ਵਿਚ 432 ਪਏ। ਇਸ ਤਰ੍ਹਾਂ ਉਸ ਵਲੋਂ ਤਜਵੀਜ਼ਤ ਯੋਜਨਾਬੰਦੀ 202 ਵੋਟਾਂ ਦੇ ਅੰਤਰ ਨਾਲ ਬੁਰੀ ਤਰ੍ਹਾਂ ਰੱਦ ਹੋ ਗਈ। ਲਗਭਗ ਇਕ ਸਦੀ ਦੀ ਇਹ ਕਿਸੇ ਵੀ ਪ੍ਰਧਾਨ ਮੰਤਰੀ ਦੀ ਸਭ ਤੋਂ ਵੱਡੀ ਹਾਰ ਹੈ। ਉਸਦੀ ਆਪਣੀ ਹੀ ਪਾਰਟੀ ਟੋਰੀ ਪਾਰਟੀ ਦੇ 118 ਸੰਸਦ ਮੈਂਬਰਾਂ ਨੇ ਵੀ ਉਸਦੀ ਤਜਵੀਜ ਵਿਰੁੱਧ ਵੋਟ ਪਾਏ, ਜਿਹੜੇ ਕਿ ਉਸਦੀ ਪਾਰਟੀ ਦੇ ਮੈਂਬਰਾਂ ਦਾ ਲਗਭਗ 40 ਫੀਸਦੀ ਬਣਦੇ ਹਨ। ਇਹ ਹਾਰ ਹੋਰ ਵੀ ਵੱਡੀ ਹੋਣੀ ਸੀ, ਜੇਕਰ ਲੇਬਰ ਪਾਰਟੀ ਦੇ ਤਿੰਨ ਬ੍ਰੈਗਜ਼ਿਟ ਦੇ ਹਮਾਇਤੀ ਸੰਸਦ ਮੈਂਬਰ ਤੇ ਤਿੰਨ ਹੋਰ ਆਜ਼ਾਦ ਮੈਂਬਰ ਉਸ ਦੇ ਹੱਕ ਵਿਚ ਵੋਟ ਨਾ ਪਾਉਂਦੇ ਤਾਂ। ਇਸਦੇ ਵਿਰੋਧ ਵਿਚ ਪਏ 432 ਵੋਟਾਂ ਵਿਚ ਮੁੱਖ ਵਿਰੋਧੀ ਪਾਰਟੀ, ਲੇਬਰ ਪਾਰਟੀ ਦੇ 248 ਮੈਂਬਰ, ਸਕਾਟਲੈਂਡ ਦੀ ਸਕਾਇਸ਼ ਨੈਸ਼ਨਲ ਪਾਰਟੀ ਦੇ 35 ਮੈਂਬਰ ਅਤੇ ਹੋਰ ਛੋਟੀਆਂ ਪਾਰਟੀਆਂ ਗਰੀਨਜ਼ ਅਤੇ ਪਲਾਈਡ ਕਈਮਰੂ ਦੇ ਮੈਂਬਰ ਸ਼ਾਮਲ ਸਨ। ਆਪਣੀ ਇਸ ਨਾਮੋਸ਼ੀ ਭਰੀ ਹਾਰ ਤੋਂ ਬਾਅਦ ਟੇਰੇਜ਼ਾ ਮੇਅ ਨੇ ਐਲਾਨ ਕੀਤਾ ਕਿ ਮੁੱਖ ਵਿਰੋਧੀ ਪਾਰਟੀ, ਲੇਬਰ ਪਾਰਟੀ ਦੇ ਆਗੂ ਜੇਰੇਮੀ ਕੋਰਬੀਨ ਸਰਕਾਰ ਵਿਰੁੱਧ ਬੇਭਰੋਸਗੀ ਮਤਾ ਲਿਆਉਣ ਦਾ ਆਪਣਾ ਹੱਕ ਵਰਤ ਸਕਦੇ ਹਨ।

16 ਜਨਵਰੀ ਨੂੰ ਲੇਬਰ ਪਾਰਟੀ ਦੇ ਆਗੂ ਜੇਰੇਮੀ ਕੋਰਬੀਨ ਵਲੋਂ ਸੰਸਦ ਵਿਚ ਬੇਭਰੋਸਗੀ ਮਤਾ ਪੇਸ਼ ਕੀਤਾ ਗਿਆ, ਜਿਸ ਵਿਚ ਮੁੱਖ ਆਧਾਰ ਟੇਰੇਜ਼ਾ ਮੇਅ ਵਲੋਂ 'ਬ੍ਰੈਗਜ਼ਿਟ' ਬਾਰੇ ਪੇਸ਼ ਤਜਵੀਜ਼ਤ ਯੋਜਨਾਬੰਦੀ ਦੇ ਮੁੱਦੇ 'ਤੇ ਉਸਦੀ ਬੁਰੀ ਤਰ੍ਹਾਂ ਹੋਈ ਹਾਰ ਨੂੰ ਬਣਾਇਆ ਗਿਆ। ਲੰਬੀ ਬਹਿਸ ਤੋਂ ਬਾਅਦ ਇਸ 'ਤੇ ਹੋਈ ਵੋਟਿੰਗ ਦੌਰਾਨ ਸਿਰਫ 19 ਵੋਟਾਂ ਦੇ ਅੰਤਰ ਨਾਲ ਇਹ ਬੇਭਰੋਸਗੀ ਮਤਾ ਰੱਦ ਹੋ ਗਿਆ। 'ਬ੍ਰੈਗਜ਼ਿਟ' ਨਾਲ ਸਬੰਧਤ ਟੇਰੇਜ਼ਾ ਮੇਅ ਦੀ ਤਜਵੀਜ਼ਤ ਯੋਜਨਾਬੰਦੀ ਨੂੰ ਰੱਦ ਕਰਨ ਵਾਲੇ ਉਸਦੀ ਟੋਰੀ ਪਾਰਟੀ ਦੇ 117 ਸੰਸਦ ਮੈਂਬਰਾਂ ਨੇ ਲੇਬਰ ਪਾਰਟੀ ਵਲੋਂ ਪੇਸ਼ ਇਸ ਬੇਭਰੋਸਗੀ ਮਤੇ ਦੇ ਵਿਰੁੱਧ ਵੋਟ ਪਾਏ। ਇਸੇ ਤਰ੍ਹਾਂ ਉਤਰੀ ਆਇਰਲੈਂਡ ਦੀ ਪਾਰਟੀ ਡੀ.ਯੂ.ਪੀ. ਵੀ ਇਸ ਬੇਭਰੋਸਗੀ ਮਤੇ ਦੇ ਮਾਮਲੇ ਵਿਚ ਟੇਰੇਜ਼ਾ ਮੇਅ ਦੇ ਹੱਕ ਵਿਚ ਖਲੋਤੀ। ਇਸ ਲਈ ਉਨ੍ਹਾਂ ਸਭ ਦੀ ਮੁੱਖ ਦਲੀਲ ਸੀ ਕਿ ਦੇਸ਼ ਨੂੰ ਆਮ ਚੋਣਾਂ ਵਿਚ ਨਾ ਧੱਕਿਆ ਜਾਵੇ। ਜੇਰੇਮੀ ਕੋਰਬੀਨ ਵਲੋਂ ਪੇਸ਼ ਕੀਤੇ ਬੇਭਰੋਸਗੀ ਮਤੇ ਦੇ ਹੱਕ ਵਿਚ ਸਕਾਇਸ਼ ਨੈਸ਼ਨਲ ਪਾਰਟੀ (ਐਸ.ਐਨ.ਪੀ.), ਪਲਾਇਡ ਕਈਮਰੂ ਤੇ ਗਰੀਨਜ ਪਾਰਟੀ ਨੇ ਵੋਟ ਪਾਈ।

ਆਪਣੀ ਸਰਕਾਰ ਵਿਰੁੱਧ ਬੇਭਰੋਸਗੀ ਮਤਾ ਰੱਦ ਹੋਣ ਤੋਂ ਬਾਅਦ ਟੇਰੇਜ਼ਾ ਮੇਅ ਨੇ 'ਬ੍ਰੈਗਜ਼ਿਟ' ਲਈ ਰਾਹ ਲੱਭਣ ਲਈ ਉਸਦੀ ਤਜਵੀਜ਼ ਕੀਤੀ ਗਈ ਯੋਜਨਾਬੰਦੀ ਨੂੰ ਰੱਦ ਕਰਨ ਵਾਲੇ ਆਪਣੀ ਪਾਰਟੀ ਦੇ ਸੰਸਦ ਮੈਂਬਰਾਂ ਸਮੇਤ ਦੂਜੀਆਂ ਪਾਰਟੀਆਂ ਦੇ ਸੰਸਦ ਮੈਂਬਰਾਂ ਨੂੰ ਮਿਲਣ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ।

ਲੇਬਰ ਪਾਰਟੀ ਆਗੂ ਜੇਰੇਮੀ ਕੋਰਬਿਨ ਦਾ ਕਹਿਣਾ ਹੈ ਕਿ ਟੇਰੇਜ਼ਾ ਮੇਅ ਸਭ ਤੋਂ ਪਹਿਲਾਂ ਬਿਨਾਂ ਕਿਸੇ ਸਮਝੌਤੇ ਤੋਂ ਯੂਰਪੀ ਯੂਨੀਅਨ ਤੋਂ ਬਾਹਰ ਹੋਣ ਭਾਵ 'ਨੋ-ਡੀਲ ਬ੍ਰੈਗਜ਼ਿਟ' ਦੀ ਸੰਭਾਵਨਾ ਨੂੰ ਯਕੀਨੀ ਰੂਪ ਵਿਚ ਰੋਕੇ ਤਾਂ ਹੀ ਉਸ ਨਾਲ ਇਸ ਬਾਰੇ ਕੋਈ ਗੱਲਬਾਤ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ 'ਨੋ-ਡੀਲ ਬ੍ਰੈਗਜ਼ਿਟ' ਨੂੰ ਰੋਕੇ ਬਿਨਾਂ ਪ੍ਰਧਾਨ ਮੰਤਰੀ ਦਾ ਗੱਲ ਕਰਨਾ ਸਮੇਂ ਨੂੰ ਲੰਘਾਉਣਾ ਹੈ ਅਤੇ ਬਿਨਾਂ ਕਿਸੇ ਸਮਝੌਤੇ ਦੇ ਯੂਰਪੀ ਯੂਨੀਅਨ ਤੋਂ ਬਾਹਰ ਹੋ ਜਾਣ ਤੇ ਖਤਰਿਆਂ ਰਾਹੀਂ ਡਰਾਕੇ ਸੰਸਦ ਮੈਂਬਰਾਂ ਨੂੰ ਬਲੈਕਮੇਲ ਕਰਕੇ ਦੂਜੇ ਯਤਨ ਰਾਹੀਂ ਆਪਣੀ ਰੱਦ ਹੋਈ ਯੋਜਨਾ ਨੂੰ ਪਾਸ ਕਰਵਾਉਣ ਦੀ ਚਾਲ ਹੈ। ਉਨ੍ਹਾਂ ਕਿਹਾ ਕਿ ਇਸ ਅੜਿਕੇ ਤੋਂ ਬਾਹਰ ਨਿਕਲਣ ਦਾ ਸਭ ਤੋਂ ਚੰਗਾ ਤਰੀਕਾ ਦੇਸ਼ ਵਿਚ ਆਮ ਚੋਣਾਂ ਕਰਵਾਉਣਾ ਹੈ।

ਬ੍ਰਿਟੇਨ ਵਿਚ ਇਸ ਵੇਲੇ ਰਾਜਨੀਤਕ ਸਥਿਤੀ ਬਹੁਤ ਹੀ ਗੁੰਝਲਦਾਰ ਤੇ ਸੰਕਟ ਭਰਪੂਰ ਬਣ ਗਈ ਹੈ। ਪ੍ਰਧਾਨ ਮੰਤਰੀ ਟੇਰੇਜ਼ਾ ਮੇਅ ਨਾਲ ਉਸਦੀ ਪਾਰਟੀ ਤਾਂ ਛੱਡੋ ਉਸਦੀ ਕੈਬਨਿਟ ਵੀ ਪੂਰੀ ਤਰ੍ਹਾਂ ਸਹਿਮਤ ਨਹੀਂ ਹੈ। ਦੇਸ਼ ਦੇ ਮੰਤਰੀ ਮੰਡਲ ਤੋਂ ਲੈ ਕੇ ਸੰਸਦ ਤੱਕ ਬੁਰੀ ਤਰ੍ਹਾਂ ਵੰਡੇ ਪਏ ਹਨ। ਉਪਰੋਂ 29 ਮਾਰਚ 2019 ਯੂਰਪੀ ਯੂਨੀਅਨ ਨਾਲੋਂ ਵੱਖ ਹੋਣ ਦਾ ਦਿਨ ਵੀ ਸਿਰ 'ਤੇ ਖਲੋਤਾ ਹੈ। ਜੇਕਰ ਉਸ ਦਿਨ ਤੱਕ ਕੋਈ ਸਮਝੌਤਾ ਨਹੀਂ ਹੁੰਦਾ ਤਾਂ 'ਨੋ-ਡੀਲ ਬ੍ਰੈਗਜ਼ਿਟ' ਹੋਣ ਦੀ ਸੰਭਾਵਨਾ ਹੈ, ਭਾਵ ਬਿਨਾਂ ਕਿਸੇ ਸਮਝੌਤੇ ਦੇ ਦੇਸ਼ ਯੂਰਪੀ ਯੂਨੀਅਨ ਤੋਂ ਬਾਹਰ ਹੋ ਜਾਵੇਗਾ। ਜਿਸ ਨਾਲ ਉਸਦੀ ਸਥਿਤੀ ਬਾਕੀ ਦੁਨੀਆਂ ਦੇ ਦੇਸ਼ਾਂ ਦੀ ਤਰ੍ਹਾਂ, ਯੂਰਪੀ ਯੂਨੀਅਨ ਨਾਲ ਸਬੰਧਾਂ ਦੇ ਮਾਮਲੇ ਵਿਚ ਹੋ ਜਾਵੇਗੀ। ਉਸਦਾ ਵਪਾਰ, ਸੰਸਾਰ ਵਪਾਰ ਸੰਸਥਾ (ਡਬਲਿਊ.ਟੀ.ਓ.) ਦੀਆਂ ਸ਼ਰਤਾਂ ਮੁਤਾਬਕ ਯੂਰਪੀ ਯੂਨੀਅਨ ਦੇ ਦੇਸ਼ਾਂ ਨਾਲ ਚੱਲੇਗਾ। ਉਸਦੇ ਹਰ ਯੂਰਪੀ ਯੂਨੀਅਨ ਦੇ ਦੇਸ਼ਾਂ ਵਿਚ ਰਹਿ ਰਹੇ ਨਾਗਰਿਕਾਂ ਦੀ ਸਥਿਤੀ ਵੀ ਬਦਲ ਜਾਵੇਗੀ।

ਬਾਕੀ ਸਫ਼ਾ 41 'ਤੇ

## ਗ਼ਦਰ ਲਹਿਰ ਅਤੇ ਹਿੰਦੁਸਤਾਨ ਦੀ ਸਾਮਰਾਜਵਾਦ ਵਿਰੋਧੀ ਜੱਦੋ-ਜਹਿਦ

*ਸਾਲ 2013 ਵਿਚ ਜਦੋਂ ਦੁਨੀਆ ਭਰ ਵਿਚ ਗ਼ਦਰ ਸ਼ਤਾਬਦੀ ਮਨਾਈ ਜਾ ਰਹੀ ਸੀ ਤਾਂ ਐਡਮਿੰਟਨ ਵਿਚ ਕੰਮ ਕਰਦੀ ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਵਲੋਂ ਜਿਥੇ ਇਕੋ ਸਾਲ ਵਿਚ ਐਡਮਿੰਟਨ ਵਿਚ ਗ਼ਦਰ ਸ਼ਤਾਬਦੀ ਨਾਲ ਸਬੰਧਤ ਛੇ ਵੱਡੇ ਸਮਾਗਮ ਰਚਾਏ ਗਏ, ਉਥੇ ਇਸੇ ਸਾਲ ਗ਼ਦਰ ਲਹਿਰ ਨੂੰ ਸਮਰਪਤ ਇਕ ਕਿਤਾਬ The Ghadr Movement And India's Anti-Imperialist Struggle ਵੀ ਛਾਪੀ ਗਈ। ਡਾ. ਪ੍ਰਿਥਵੀ ਰਾਜ ਕਾਲੀਆ ਦੀ ਸੰਪਾਦਨਾ ਵਿਚ ਛਪੀ ਇਸ ਕਿਤਾਬ ਵਿਚ 21 ਵਿਦਵਾਨਾਂ ਦੇ ਗ਼ਦਰ ਲਹਿਰ ਬਾਰੇ ਖੋਜ ਭਰਪੂਰ 27 ਲੇਖ ਸ਼ਾਮਲ ਕੀਤੇ ਗਏ ਹਨ। ਬਾਅਦ ਵਿਚ ਕਿਤਾਬ ਦਾ ਪੰਜਾਬੀ ਐਡੀਸ਼ਨ ਵੀ ਛਾਪਿਆ ਗਿਆ। ਇਸ ਪੰਜਾਬੀ ਐਡੀਸ਼ਨ ਬਾਰੇ ਸੰਪਾਦਕ ਡਾ. ਪ੍ਰਿਥਵੀ ਰਾਜ ਕਾਲੀਆ ਲਿਖਦੇ ਹਨ, "ਅੱਜ ਜਦੋਂ ਹਿੰਦੂਤਵੀ ਫਾਸ਼ੀਵਾਦੀ ਤਾਕਤਾਂ ਆਪਣੇ ਸੌੜੇ ਫਿਰਕੂ ਏਜੰਡੇ ਨੂੰ ਸਾਡੇ ਡੂੰਘੀਆਂ ਧਰਮ-ਨਿਰਪੱਖ ਕਦਰਾਂ-ਕੀਮਤਾਂ ਵਾਲੇ ਦੇਸ਼ ਉਪਰ ਥੋਪਣ ਲਈ ਰਾਸ਼ਟਰਵਾਦ ਨੂੰ ਨਿਹਾਇਤ ਸੰਕੀਰਣ ਢੰਗ ਨਾਲ ਪ੍ਰਭਾਸ਼ਤ ਕਰ ਰਹੀਆਂ ਹਨ; ਜਦੋਂ ਸੱਚੀਆਂ ਧਰਮ ਨਿਰਪੱਖ ਤੇ ਅਗਾਂਹਵਧੂ ਤਾਕਤਾਂ ਬਾਰੇ ਸਾਜ਼ਿਸ਼ੀ ਭੁਲੇਖੇ ਖੜ੍ਹੇ ਕਰਕੇ ਉਨ੍ਹਾਂ ਦੀ ਆਵਾਜ਼ ਨੂੰ ਕੁਚਲਿਆ ਜਾ ਰਿਹਾ ਹੈ; ਜਦੋਂ ਸੱਤਾਧਾਰੀ ਸੰਘ ਪਰਿਵਾਰ ਵਲੋਂ, ਜਿਸ ਦਾ ਦੇਸ਼ ਭਗਤੀ ਨਾਲ ਕਦੇ ਕੋਈ ਸਬੰਧ ਨਹੀਂ ਰਿਹਾ, ਵਿਆਪਕ ਸਾਜ਼ਿਸ਼ੀ ਮੁਹਿੰਮ ਤਹਿਤ ਆਪਣੇ ਤੋਂ ਵੱਖਰੇ ਵਿਚਾਰ ਰੱਖਣ ਵਾਲਿਆਂ ਨੂੰ ਦੇਸ਼ਧ੍ਰੋਹੀ ਕਰਾਰ ਦੇ ਕੇ ਆਪਣੇ ਫ਼ਿਰਕੂ ਮਨੋਰਥ ਨੂੰ ਵਾਜਬੀਅਤ ਪ੍ਰਦਾਨ ਕਰਨ ਦੀਆਂ ਘ੍ਰਿਣਤ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ; ਜਦੋਂ ਸੌੜੀ ਸੋਚ ਵਾਲੇ ਕੁਝ ਹੋਰ ਅਨਸਰਾਂ ਵਲੋਂ ਵੀ ਗ਼ਦਰ ਲਹਿਰ ਨੂੰ ਆਪਣੇ ਸੌੜੇ ਮਨੋਰਥ ਅਨੁਸਾਰ ਸਿੱਖ ਦੇਸ਼ ਭਗਤਾਂ ਦੀ ਲਹਿਰ ਬਣਾ ਕੇ ਪੇਸ਼ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ, ਅਜਿਹੇ ਮੌਕੇ ਗ਼ਦਰ ਲਹਿਰ ਦੇ ਰੂਪ 'ਚ ਮੌਜੂਦ ਸੱਚੀ ਦੇਸ਼ ਭਗਤੀ ਦੀ ਮਹਾਨ ਵਿਰਾਸਤ ਨੂੰ ਬੁਲੰਦ ਕਰਨਾ ਤੇ ਉਸ ਦੀ ਰਾਖੀ ਕਰਨਾ ਸਾਡਾ ਇਕ ਬਹੁਤ ਹੀ ਅਹਿਮ ਫ਼ਰਜ਼ ਹੈ...*

*.... ਸਾਨੂੰ ਉਮੀਦ ਹੈ ਕਿ ਗ਼ਦਰ ਲਹਿਰ ਬਾਰੇ ਸਾਡੀ ਇਹ ਪ੍ਰਕਾਸ਼ਨਾ ਉਨ੍ਹਾਂ ਸਾਰੀਆਂ ਹੀ ਸਮਾਜ ਵਿਰੋਧੀ ਤਾਕਤਾਂ ਵਿਰੁੱਧ ਅਗਾਂਹਵਧੂ ਜਮਹੂਰੀ ਤੇ ਇਨਸਾਫ਼ ਪਸੰਦ ਲੋਕਾਂ ਦੀ ਇਸ ਲੜਾਈ ਵਿਚ ਤਿਲ-ਫੁਲ ਸਹਾਇਤਾ ਜ਼ਰੂਰ ਕਰੇਗੀ, ਜੋ ਸਾਡੇ ਦੇਸ਼ ਦੀ ਸਮਾਜਕ ਏਕਤਾ ਨੂੰ ਤਹਿਸ-ਨਹਿਸ ਕਰਨ ਤੇ ਅਗਾਂਹਵਧੂ ਵਿਚਾਰਾਂ ਨੂੰ ਕੁਚਲ ਕੇ ਆਪਣੀ ਪਿਛਾਖੜੀ ਵਿਚਾਰਧਾਰਾ ਨੂੰ ਥੋਪਣ 'ਤੇ ਤੁਲੀਆਂ ਹੋਈਆਂ ਹਨ।"*

*ਅਦਾਰਾ 'ਨਵੀਂ ਦੁਨੀਆ' 'ਗ਼ਦਰ ਲਹਿਰ- ਅਤੇ ਹਿੰਦੁਸਤਾਨ ਦੀ ਸਾਮਰਾਜਵਾਦ ਵਿਰੋਧੀ ਜੱਦੋ-ਜਹਿਦ' ਪੁਸਤਕ ਵਿਚਲੇ ਇਨ੍ਹਾਂ ਮਹੱਤਵਪੂਰਨ ਅਤੇ ਖੋਜ ਭਰਪੂਰ ਲੇਖਾਂ ਨੂੰ ਲੜੀਵਾਰ ਆਪਣੇ ਪਾਠਕਾਂ ਦੀ ਨਜ਼ਰ ਕਰਨ ਦੀ ਖ਼ੁਸ਼ੀ ਲੈ ਰਿਹਾ ਹੈ।*

**ਜਿਗਰੇ ਵਾਲੇ ਇਨਕਲਾਬੀ**

# ਉੱਤਰੀ ਅਮਰੀਕਾ 'ਚ ਮੋਢੀ ਪੰਜਾਬੀ ਆਵਾਸੀ



**ਹਰੀਸ਼ ਕੇ. ਪੁਰੀ**

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਕਿਸਾਨੀ ਦੀ ਸ਼ਾਨ ਖ਼ੁੱਸ ਜਾਣ ਦੀ ਇਹ ਸ਼ਰਮਿੰਦਗੀ ਅਮਰੀਕਨਾਂ ਦੀ ਜ਼ਾਹਰਾ ਖ਼ੁਸ਼ਹਾਲੀ ਦੇ ਪ੍ਰੱਤਖ ਚਿੰਨਾਂ ਦੇ ਪ੍ਰਸੰਗ ਵਿਚ ਹੋਰ ਵੀ ਉੱਘੜਵੀਂ ਸੀ। ਇਹ ਮਹਿਸੂਸ ਕੀਤਾ ਗਿਆ ਕਿ ਸ਼ਾਇਦ ਇਹ ਸਭ ਹਿੰਦੁਸਤਾਨ ਵਿਚ ਫੈਲੀ ਵਿਆਪਕ ਗ਼ਰੀਬੀ, ਕਾਲ ਅਤੇ ਪਛੜੇਵੇਂ ਕਾਰਨ ਵਾਪਰਿਆ ਸੀ।

2. ਇਸ ਹੋਣੀ ਦਾ ਮੂਲ ਕਾਰਨ, ਜਿਵੇਂ ਉਨ੍ਹਾਂ ਨੇ ਇਸ ਨੂੰ ਸਮਝਿਆ, ਇਹ ਸੀ ਕਿ ਹਿੰਦੁਸਤਾਨ ਬਰਤਾਨਵੀ ਬਸਤੀਵਾਦੀ ਰਾਜ ਦੇ ਅਧੀਨ ਸੀ ਜਿਸ ਦੀ ਸਥਾਪਨਾ ਹਿੰਦੁਸਤਾਨ ਦੀ ਦੌਲਤ ਦੀ ਲੁੱਟਮਾਰ ਕਰਨ ਲਈ ਕੀਤੀ ਗਈ ਸੀ। ਕਿਉਂਕਿ:

'ਪੈਸਾ ਸੂਤ ਸਾਰਾ ਹਿੰਦ ਦੇਸ ਵਾਲਾ<br>
ਇੰਗਲੈਂਡ ਦੇ ਵਿਚ ਲੈ ਜਾਣ ਲੋਕੋ।'

ਇਸ ਨਾਲ ਕੋਰੇ ਅਨਪੜ੍ਹ ਕਿਰਤੀਆਂ ਲਈ ਬਸਤੀਵਾਦੀ ਲੁੱਟਖਸੁੱਟ ਨੂੰ ਡੂੰਘਾਈ 'ਚ ਸਮਝਣਾ ਹੋਰ ਵੀ ਸੁਖਾਲਾ ਹੋ ਗਿਆ। ਤਾਲੀਮ ਪੱਖੋਂ ਹਿੰਦੁਸਤਾਨ ਦੇ ਪਛੜੇਵੇਂ ਨੂੰ ਬਦੇਸ਼ੀ ਹੁਕਮਰਾਨਾਂ ਦੀ ਗੋਂਦ ਦਾ ਵੱਡਾ ਹਿੱਸਾ ਸਮਝਿਆ ਗਿਆ।

3. ਜਦੋਂ ਤਕ ਅਸੀਂ ਬਦੇਸ਼ੀ ਹੁਕਮਰਾਨਾਂ ਦਾ ਤਖ਼ਤ ਨਹੀਂ ਉਲਟਾ ਦਿੰਦੇ ਅਤੇ ਆਪਣੀ ਹੋਣੀ ਦੇ ਮਾਲਕ ਖ਼ੁਦ ਨਹੀਂ ਬਣ ਜਾਂਦੇ ਓਦੋਂ ਤਕ ਬਿਹਤਰ ਭਵਿੱਖ ਦੀ ਉਮੀਦ ਨਹੀਂ ਹੋ ਸਕਦੀ। ਇਹ ਵਿਸ਼ਵਾਸ ਕੀਤਾ ਗਿਆ ਕਿ ਅਮਰੀਕਨ ਇਸ ਕਰਕੇ ਅਮੀਰ ਸਨ ਕਿਉਂਕਿ ਉਹ ਆਜ਼ਾਦ ਮੁਲਕ ਸਨ; ਕਿਉਂਕਿ ਉਨ੍ਹਾਂ ਨੇ ਕਾਮਯਾਬੀ ਨਾਲ ਆਜ਼ਾਦੀ ਦੀ ਜੰਗ ਲੜੀ ਸੀ ਅਤੇ ਆਪਣੀ ਕੁਲ ਦੌਲਤ ਆਪਣੇ ਵਿਕਾਸ ਤੇ ਖ਼ੁਸ਼ਹਾਲੀ ਲਈ ਖ਼ਰਚ ਕੀਤੀ ਸੀ। ਸਾਨੂੰ ਵੀ ਲਾਜ਼ਮੀ ਹੀ ਜਮਹੂਰੀ ਤਰਜ਼ ਦੀ ਸਰਕਾਰ ਕਾਇਮ ਕਰਨੀ ਚਾਹੀਦੀ ਹੈ ਜੋ ਧਰਮਨਿਰਪੱਖ ਹੋਵੇ ਅਤੇ ਲੋਕਾਂ ਦੀ ਤਾਲੀਮ ਨੂੰ ਉਤਸ਼ਾਹਤ ਕਰੇ।

4. ਹਿਦੁਸਤਾਨ ਅੰਦਰ ਬਰਤਾਨਵੀ ਬਦੇਸ਼ੀ ਥੋੜ੍ਹੀ ਤਾਦਾਦ 'ਚ ਸਨ ਅਤੇ ਹਿਦੁਸਤਾਨੀ 30 ਕਰੋੜ ਸਨ। ਉਹ ਸਾਡੇ ਉੱਪਰ ਸਾਡੇ ਆਪਣੇ ਵਤਨ ਵਾਸੀਆਂ ਦੀ ਮਦਦ ਨਾਲ ਰਾਜ ਕਰਦੇ ਸਨ, ਖ਼ਾਸ ਕਰਕੇ ਬਰਤਾਨਵੀ ਹਿੰਦੁਸਤਾਨੀ ਫ਼ੌਜ ਦੇ ਹਿੰਦੁਸਤਾਨੀ ਸਿਪਾਹੀਆਂ ਦੀ ਮਦਦ ਨਾਲ। ਜੇ ਹਿੰਦੁਸਤਾਨੀ ਇਕਜੁੱਟ ਹੋ ਜਾਣ ਅਤੇ ਮਾਲੀਆ ਤੇ ਹੋਰ ਟੈਕਸ ਦੇਣ ਤੋਂ ਨਾਂਹ ਕਰ ਦੇਣ, ਅਤੇ ਜੇ ਉਹ ਫ਼ੌਜ ਨੂੰ ਬੇਦਾਵਾ ਦੇ ਦੇਣ, ਫਿਰ ਅੰਗਰੇਜ਼ ਇਥੇ ਠਹਿਰ ਨਹੀਂ ਸਕਣਗੇ। ਉਹ ਇਵ ਮਹਿਸੂਸ ਕਰਦੇ ਸਨ। ਇਸੇ ਦਲੀਲ ਦੇ ਅਧਾਰ 'ਤੇ ਬਾਦ ਵਿਚ ਗਾਂਧੀ ਵਲੋਂ ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿੱਢੀ ਜਾਵੇਗੀ। ਇਹ ਦਲੀਲ ਦਿੱਤੀ ਗਈ ਸੀ ਕਿ ਜੇ ਸਿੱਖ ਸਿਪਾਹੀ ਅੰਗਰੇਜ਼ਾਂ ਦੀ ਮਦਦ ਨਾ ਕਰਦੇ ਤਾਂ ਉਨ੍ਹਾਂ ਨੂੰ 1857 ਦੇ ਗ਼ਦਰ ਦੌਰਾਨ ਸਹਿਜੇ ਹੀ ਭਜਾਇਆ ਜਾ ਸਕਦਾ ਸੀ। "ਇਹ ਸ਼ਰਮਨਾਕ ਸੀ; ਮਹਾਨ ਪੰਥ ਉੱਪਰ ਕਲੰਕ।" ਪਰ ਹੁਣ ਉਨ੍ਹਾਂ ਨੇ ਫ਼ੈਸਲਾ ਕੀਤਾ: "ਹੁਣ ਅਸੀਂ ਮੂਰਖ਼ ਨਹੀਂ ਬਣਾਂਗੇ।"



5. ਇਹ ਸਮਝਿਆ ਜਾਂਦਾ ਸੀ ਕਿ ਸੌੜੇ ਹਿੱਤਾਂ ਵਾਲੇ – ਅਮੀਰ ਅਤੇ ਜ਼ਮੀਂਦਾਰ – ਜੋ ਬਦੇਸ਼ੀ ਰਾਜ ਤੋਂ ਲਾਹੇ ਲੈਂਦੇ ਸਨ, ਉਹ ਆਜ਼ਾਦੀ ਦੇ ਸੰਘਰਸ਼ ਦੀ ਹਮਾਇਤ ਨਹੀਂ ਕਰਨਗੇ। ਲਿਹਾਜ਼ਾ, ਉਨ੍ਹਾਂ ਨੂੰ ਪੱਕਾ ਯਕੀਨ ਹੋ ਗਿਆ:

"ਮਿਲ ਕੇ ਸਭ ਗ਼ਰੀਬਾਂ ਨੇ ਗ਼ਦਰ ਕਰਨਾ,<br>
ਆਸ ਰਖਣੀ ਨਾ ਸ਼ਾਹੂਕਾਰ ਵਾਲੀ।"

6. ਐਸੇ ਬਸਤੀਵਾਦੀ ਗ਼ਲਬੇ ਦਾ ਖ਼ਾਤਮਾ ਹਥਿਆਰਬੰਦ ਬਗ਼ਾਵਤ ਤੋਂ ਬਿਨਾ ਨਹੀਂ ਕੀਤਾ ਜਾ ਸਕਦਾ। ਇਹ 1857 ਵਾਲੇ ਗ਼ਦਰ ਦੇ ਨਮੂਨੇ 'ਤੇ ਕਰਨੀ ਹੋਵੇਗੀ। ਇਸ ਲਈ ਸਾਰੇ ਖਿੱਤਿਆਂ, ਜ਼ਬਾਨਾਂ, ਜਾਤਾਂ ਅਤੇ ਮਜ਼੍ਹਬਾਂ ਦੇ ਕੁਲ ਹਿੰਦੁਸਤਾਨੀਆਂ ਨੂੰ ਏਕੇ ਵਿਚ ਪਰੋਣ ਲਈ ਅਵਾਮ ਨੂੰ ਸਿਆਸੀ ਤਾਲੀਮ ਦਿੱਤੀ ਜਾਣੀ ਜ਼ਰੂਰੀ ਸੀ। ਇਹ ਲਾਜ਼ਮੀ ਸੀ ਕਿ ਹਿੰਦੁਸਤਾਨੀ ਸਿਪਾਹੀਆਂ ਨੂੰ ਆਪਣੇ ਨਾਲ ਜੋੜਿਆ ਜਾਵੇ ਅਤੇ ਉਹ ਹਥਿਆਰਬੰਦ ਬਗ਼ਾਵਤ ਵਿਚ ਸ਼ਾਮਲ ਹੋਣ। ਆਜ਼ਾਦੀ ਦੇ ਪ੍ਰਵਾਨਿਆਂ ਨੂੰ ਇਸ ਕਾਜ ਲਈ ਹਰ ਤਰ੍ਹਾਂ ਦੀਆਂ ਕੁਰਬਾਨੀਆਂ ਲਈ ਤਿਆਰ ਹੋਣਾ ਪਵੇਗਾ। ਜਿਹੜੇ ਵੀ ਸਾਡੇ ਰਾਹ ਦਾ ਰੋੜਾ ਬਣਦੇ ਹਨ –ਗ਼ਦਾਰ, ਮੁਖ਼ਬਰ, ਝੋਲੀਚੁੱਕ ਵਗੈਰਾ – ਨਾਲ ਫੌਰਨ ਨਜਿੱਠਣਾ ਹੋਵੇਗਾ।

7. ਗੁਰਦੁਆਰਿਆਂ, ਮੰਦਰਾਂ ਅਤੇ ਪੁਜਾਰੀਆਂ ਦੀ ਕੋਈ ਲੋੜ ਨਹੀਂ ਹੈ। "ਗ਼ੁਲਾਮਾਂ ਦਾ ਧਰਮ ਇਕ ਹੀ ਹੈ: ਦੇਸ਼ਭਗਤੀ", ਇਹ ਜ਼ੋਰ ਦਿੱਤਾ ਗਿਆ ਸੀ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਮਜ਼੍ਹਬ, ਜਾਤ ਜਾਂ ਜ਼ਬਾਨ ਨੂੰ ਲੈਕੇ ਵੰਡੀਆਂ ਕਪਟੀ ਅੰਗਰੇਜ਼ਾਂ ਦੀਆਂ ਪੈਦਾ ਕੀਤੀਆਂ ਹੋਈਆਂ ਸਨ। "ਜੋ ਹੁਣ ਇਨ੍ਹਾਂ ਮੰਦਰਾਂ ਦੇ ਕਰਤਾ-ਧਰਤਾ ਹਨ ਜਾਂ ਸੌੜੇ ਹਿੱਤਾਂ ਦੀ ਵਕਾਲਤ ਕਰਦੇ ਹਨ, ਜਿਵੇਂ ਪੰਜਾਬ ਵਿਚ ਸਿੱਖ ਸਰਦਾਰ, ਉਹ ਅੰਗਰੇਜ਼ ਦੇ ਟੋਡੀ ਹਨ ਜੋ ਦਲਾਲਾਂ ਦਾ ਕੰਮ ਕਰਦੇ ਹਨ। ਉਹ ਪੰਥ ਅਤੇ ਵਤਨ ਦੇ ਵੈਰੀ ਹਨ।" ਦੇਸ ਪੱਟਿਆ ਤੁਸਾਂ ਦੇ ਝਗੜਿਆਂ ਨੇ। ਇਸ ਤਰ੍ਹਾਂ ਦੇ ਰੋਹ ਭਰੇ ਐਲਾਨਾਂ ਕਿ ਉਨ੍ਹਾਂ ਨੂੰ ਅਜਿਹੇ ਦੁਸ਼ਮਣਾਂ ਨੂੰ ਸੋਧਣ ਤੋਂ ਕੋਈ ਝਿਜਕ ਨਹੀਂ ਹੋਵੇਗੀ ਅਕਸਰ ਹੀ ਉਨ੍ਹਾਂ ਉਪਰ ਦਹਿਸ਼ਤਵਾਦ 'ਤੇ ਚੱਲਣ ਦਾ ਇਲਜ਼ਾਮ ਲਗਾਏ ਗਏ।

8. ਪੇਂਡੂ ਕਿਸਾਨੀ ਨਾਲ ਸਬੰਧਤ ਇਨ੍ਹਾਂ ਲੋਕਾਂ ਕੋਲ ਸਮਾਜੀ ਸਦਭਾਵਨਾ ਦੀ ਅਹਿਮੀਅਤ ਬਾਰੇ ਦੁਨਿਆਵੀ ਰਵਾਇਤੀ ਸੂਝ ਸੀ, ਜੋ ਬਦੇਸ਼ ਵਿਚ ਉਨ੍ਹਾਂ ਦੀ ਜ਼ਿੰਦਗੀ ਅਤੇ ਸੰਘਰਸ਼ ਦੌਰਾਨ ਹੋਰ ਮਜ਼ਬੂਤ ਹੋਈ। ਲਿਹਾਜ਼ਾ "ਛੂਤ ਛਾਤ ਦਾ ਕੋਈ ਖਿਆਲ ਨਾਹੀਂ, ਸਾਨੂੰ ਪਰਖ ਨਾ ਚੂਹੜੇ, ਚਮਾਰ ਵਾਲੀ" ਵਰਗੀਆਂ ਭਾਵਨਾਵਾਂ ਉਪਰ ਜ਼ੋਰ ਦਿੱਤਾ ਗਿਆ। ਨਿਸ਼ਚੇ ਹੀ ਉਹ ਆਪਣੇ ਹਮ-ਵਤਨੀਆਂ ਨੂੰ ਪਾਗਲ ਲੱਗਦੇ ਹੋਣਗੇ।

ਇਨ੍ਹਾਂ ਖ਼ਿਆਲਾਂ ਨਾਲ ਗੜੁੱਚ ਹੋਕੇ, 1913 'ਚ ਉਨ੍ਹਾਂ ਨੇ ਕੁਝ ਸਮੇਂ ਬਾਦ ਹਥਿਆਰਬੰਦ ਇਨਕਲਾਬ ਕਰਨ ਲਈ ਤਿਆਰੀ ਕਰਨ ਦਾ ਤੈਅ ਕਰ ਲਿਆ ਸੀ ਜਦੋਂ ਬਰਤਾਨਵੀ ਯੂਰਪ ਅੰਦਰ ਜਰਮਨੀ ਨਾਲ ਇਕ ਸੰਭਾਵੀ ਜੰਗ ਵਿਚ ਉਲਝੇ ਹੋਣਗੇ। ਪਰ ਜਦੋਂ ਅਗਸਤ 1914 'ਚ ਜੰਗ ਪਹਿਲਾਂ ਹੀ ਛਿੜ ਗਈ, ਫਿਰ ਇਹ ਸੋਚਿਆ ਗਿਆ ਕਿ ਤਿਆਰੀ ਨਾ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਮੌਕੇ ਦਾ ਲਾਹਾ ਲਾਜ਼ਮੀ ਲੈਣਾ ਚਾਹੀਦਾ ਹੈ। ਸ਼ਾਇਦ, ਇਕ ਹੋਰ ਕਾਰਕ ਸੀ ਉਸ ਵਕਤ ਅਮਰੀਕਾ ਵਿਚ ਇਨ੍ਹਾਂ ਪ੍ਰਵਾਸੀਆਂ ਵਿਚ ਵੱਡੇ ਪੈਮਾਨੇ 'ਤੇ ਬੇਰੋਜ਼ਗਾਰੀ ਜਿਸ ਨੇ ਕਾਜ ਲਈ ਬਹੁਤ ਸਾਰੇ ਹਮਦਰਦ ਮੁਹੱਈਆ ਕਰਵਾ ਦਿੱਤੇ। ਜੁਲਾਈ 1914 'ਚ ਸਮੁੱਚੇ ਮੁਸਾਫ਼ਰਾਂ ਸਮੇਤ, ਜਿਨ੍ਹਾਂ ਨੂੰ ਵੈਨਕੂਵਰ ਵਿਚ ਦਾਖ਼ਲ ਹੋਣ ਦੀ ਇਜਾਜ਼ਤ ਨਹੀਂ ਸੀ ਦਿੱਤੀ ਗਈ, ਕਾਮਾਗਾਟਾ ਮਾਰੂ ਨੂੰ ਵਾਪਸ ਭੇਜੇ ਜਾਣ ਨਾਲ ਜ਼ਿਆਦਾਤਰ ਹਿੰਦੁਸਤਾਨੀਆਂ ਵਿਚ ਬਰਤਾਨਵੀ ਹਕੂਮਤ ਦੇ ਖ਼ਿਲਾਫ਼ ਨਫ਼ਰਤ ਤੇ ਗੁੱਸਾ ਪੈਦਾ ਹੋ ਗਿਆ ਸੀ। ਇਹ ਅਗਲਾ ਕਾਰਕ ਸੀ ਜਿਸਨੇ ਅਗੇਤਾ ਫ਼ੈਸਲਾ ਲੈਣ ਵਿਚ ਹਿੱਸਾ ਪਾਇਆ ਕਿ ਸਾਰੇ ਹਿੰਦੁਸਤਾਨੀ ਪ੍ਰਵਾਸੀਆਂ ਨੂੰ ਵਾਪਸ ਹਿੰਦੁਸਤਾਨ ਚਲੇ ਜਾਣਾ ਚਾਹੀਦਾ ਹੈ ਅਤੇ ਹਥਿਆਰਬੰਦ ਸੰਘਰਸ਼ ਸ਼ੁਰੂ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਖ਼ੁਦ ਹੀ ਵਿਸ਼ਵਾਸ ਕਰ ਲਿਆ ਸੀ ਕਿ ਜ਼ਿਆਦਾਤਰ ਹਿੰਦੁਸਤਾਨੀ ਲੋਕ, ਖ਼ਾਸ ਕਰਕੇ ਪੰਜਾਬੀ ਲਾਜ਼ਮੀ ਉਨ੍ਹਾਂ ਜਿੰਨੇ ਗੁੱਸੇ 'ਚ ਅਤੇ ਐਸੀ ਬਰਤਾਨੀਆ ਵਿਰੋਧੀ ਬਗ਼ਾਵਤ ਲਈ ਤਿਆਰ ਹੋਣਗੇ। ਜਿਵੇਂ ਪ੍ਰਿਥਵੀ ਸਿੰਘ ਆਜ਼ਾਦ ਲਾਲਡੂ ਨੇ ਬਾਦ ਵਿਚ ਸਪਸ਼ਟ ਮੰਨਿਆ ਕਿ ਇਹ ਨਿਸ਼ਚੇ ਹੀ ਭਰਮ ਸੀ।

1915 'ਚ ਬਰਤਾਨਵੀ ਫ਼ੌਜ ਦੇ ਸਰਕਾਰ ਦੇ ਵਿਰੋਧ 'ਚ ਖੜ੍ਹੇ ਸਿਪਾਹੀਆਂ ਦੀ ਮਦਦ ਨਾਲ ਹਥਿਆਰਬੰਦ ਬਗ਼ਾਵਤ ਦੀਆਂ ਯੋਜਨਾਵਾਂ ਅਸਫ਼ਲ ਰਹੀਆਂ। ਇਕ ਤਰ੍ਹਾਂ ਨਾਲ ਇਹ ਅਸਫ਼ਲ ਹੋਣੀਆਂ ਹੀ ਸਨ। ਉਨ੍ਹਾਂ ਦੀ ਜਥੇਬੰਦੀ ਅਤੇ ਗੋਲੀ-ਸਿੱਕੇ ਦਾ ਪੰਜਾਬ ਅੰਦਰ ਬਰਤਾਨਵੀਆਂ ਦੀ ਫ਼ੌਜੀ ਤਾਕਤ ਅਤੇ ਪ੍ਰਸ਼ਾਸਨਿਕ ਕੰਟਰੋਲ ਨਾਲ ਕੋਈ ਮੁਕਾਬਲਾ ਨਹੀਂ ਸੀ। ਦਰਅਸਲ, ਉਨ੍ਹਾਂ ਕੋਲ ਸ਼ਾਇਦ ਹੀ ਕੋਈ ਹਥਿਆਰ ਸਨ। ਜੰਗ ਛਿੜਨ ਤੋਂ ਮਹਿਜ਼ ਅੱਠ ਮਹੀਨੇ ਪਹਿਲਾਂ ਹੀ ਅਮਰੀਕਾ ਵਿਚ ਲਹਿਰ ਸ਼ੁਰੂ ਕੀਤੀ ਗਈ ਸੀ। ਉਨ੍ਹਾਂ ਦੇ ਮੁੱਖ ਆਗੂ ਜੰਗ ਤੋਂ ਚਾਰ ਮਹੀਨੇ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਏ ਗਏ ਸਨ ਅਤੇ ਦ੍ਰਿਸ਼ ਤੋਂ ਲਾਂਭੇ ਕਰ ਦਿੱਤੇ ਗਏ ਸਨ। ਇਸ ਤੋਂ ਅੱਗੇ, ਉਹ ਹਕੀਕਤ ਵਿਚ ਸਿੱਧੇ-ਸਾਦੇ ਲੋਕ ਸਨ। ਉਹ ਇਹ ਨਹੀਂ ਸੀ ਜਾਣਦੇ ਕਿ ਬਰਤਾਨਵੀ ਸਰਕਾਰ ਗ਼ਦਰੀ ਜਥੇਬੰਦੀ ਅੰਦਰ ਕਈ ਸੂਹੀਏ ਵਾੜਨ ਵਿਚ ਕਾਮਯਾਬ ਹੋ ਗਈ ਸੀ। ਲਿਹਾਜ਼ਾ, ਉਨ੍ਹਾਂ ਦੀਆਂ ਯੋਜਨਾਵਾਂ ਨੂੰ ਨਾਕਾਮ ਬਣਾਉਣ ਲਈ ਸਰਕਾਰੀ ਅਧਿਕਾਰੀਆਂ ਵਲੋਂ ਬਹੁਤ ਹੀ ਕਾਰਗਰ ਕਦਮ ਚੁੱਕੇ ਗਏ ਸਨ। ਅਸਲੀਅਤ ਇਹ ਸੀ ਕਿ ਉਨ੍ਹਾਂ ਕੋਲ ਅਜੇ ਕੋਈ ਸਪਸ਼ਟ ਯੋਜਨਾ ਹੈ ਹੀ ਨਹੀਂ ਸੀ। ਜ਼ਿਆਦਾਤਰ ਅਹਿਮ ਆਗੂ ਹਿੰਦੁਸਤਾਨ ਵਿਚ ਆਉਂਦੇ ਸਾਰ ਗ੍ਰਿਫ਼ਤਾਰ ਕਰ ਲਏ ਗਏ ਸਨ। ਪੰਜਾਬ ਆਕੇ ਉਨ੍ਹਾਂ ਨੇ ਇਹ ਵੀ ਦੇਖਿਆ ਕਿ ਪੰਜਾਬ ਵਿਚ ਉਨ੍ਹਾਂ ਨੂੰ ਬਹੁਤ ਹੀ ਘੱਟ ਹਮਾਇਤ ਮਿਲ ਸਕਦੀ ਸੀ। ਪਰ ਉਹ ਤਾਂ ਇਕ ਜਜ਼ਬੇ ਨਾਲ ਲਟ-ਲਟ ਬਲ ਰਹੇ ਸਨ। ਉਨ੍ਹਾਂ ਕੋਲ ਇਕ ਮੁਤਬਾਦਲ ਸਿਆਸਤ ਸੀ; ਮੁਲਕ ਦੀ ਮੌਜੂਦ ਸਿਆਸਤ ਦੇ ਨਮੂਨੇ ਦਾ ਬਦਲ। ਜਿਵੇਂ ਉਹ ਉਤਸ਼ਾਹ ਨਾਲ ਗਾਉਂਦੇ ਸਨ: ਨਵਾਂ ਰੂਪ ਰਚਾਂ ਹਿੰਦ ਦੇ ਸਮਾਜ ਦਾ; ਤੁਖ਼ਮ ਉਡੋਣਾ ਜ਼ਾਲਮਾਂ ਦੇ ਰਾਜ ਦਾ, ਉਨ੍ਹਾਂ ਦਾ ਸੰਘਰਸ਼ ਇਕ ਨਵੀਂ ਤਰ੍ਹਾਂ ਦੇ ਸਮਾਜੀ ਤੇ ਸਿਆਸੀ ਪ੍ਰਬੰਧ ਦੀ ਦ੍ਰਿਸ਼ਟੀ ਵਾਲਾ ਸੀ।

ਉਨ੍ਹਾਂ ਦੀ ਕਲਪਨਾ ਦੀ ਹਰਮਨਪਿਆਰੀ ਹਥਿਆਰਬੰਦ ਬਗ਼ਾਵਤ ਸ਼ੁਰੂ ਨਾ ਹੋ ਸਕੀ। ਕਈ ਸਾਜ਼ਿਸ਼ ਮੁਕੱਦਮੇ ਚਲਾਕੇ, ਉਨ੍ਹਾਂ ਵਿਚੋਂ 42 ਨੂੰ "ਸ਼ਹਿਨਸ਼ਾਹ ਦੇ ਖ਼ਿਲਾਫ਼ ਜੰਗ ਛੇੜਨ" ਲਈ ਫਾਂਸੀ ਦੇ ਦਿੱਤੀ ਗਈ। 114 ਨੂੰ ਉਮਰਕੈਦ ਦੀ ਸਜ਼ਾ ਦੇ ਕੇ ਅੰਡੇਮਾਨ ਦੀ ਸੈਲੂਲਰ ਜੇਲ੍ਹ ਵਿਚ ਭੇਜ ਦਿੱਤਾ ਗਿਆ ਅਤੇ 93 ਨੂੰ ਵੱਖੋ-ਵੱਖਰੀ ਕੈਦ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ। ਉਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਕਰ ਲਈਆਂ ਗਈਆਂ ਅਤੇ ਉਨ੍ਹਾਂ ਪਿੰਡਾਂ ਨੂੰ ਸਖ਼ਤ ਜੁਰਮਾਨੇ ਕੀਤੇ ਗਏ ਜਿਨ੍ਹਾਂ ਨਾਲ ਗ਼ਦਰੀ ਸਬੰਧਤ ਸਨ। ਸੈਂਕੜੇ ਗ਼ਦਰੀਆਂ ਨੂੰ ਲੰਮੇ ਵਕਤ ਲਈ ਉਨ੍ਹਾਂ ਦੇ ਪਿੰਡਾਂ ਅੰਦਰ ਡੱਕ ਦਿੱਤਾ ਗਿਆ। ਉਨ੍ਹਾਂ ਵਿਚੋਂ 90ਫ਼ੀਸਦੀ ਸਿੱਖ ਸਨ ਪਰ ਉਨ੍ਹਾਂ ਦਾ ਅਕੀਦਾ, ਕਦਰਾਂ-ਕੀਮਤਾਂ ਅਤੇ ਰਵੱਈਏ ਪੰਜਾਬ ਦੇ ਸਿੱਖ ਭਾਈਚਾਰੇ ਦੀ ਮੁੱਖਧਾਰਾ ਲੀਡਰਸ਼ਿਪ ਦੇ ਮੁੱਖ ਤੌਰ 'ਤੇ ਸੰਕੀਰਣ ਤੇ ਸੌੜੇ ਸਰੋਕਾਰਾਂ ਤੋਂ ਵਿਲੱਖਣ ਰੂਪ 'ਚ ਵੱਖਰੇ ਸਨ। ਉਹ ਆਪਣੀ ਤੰਦਰੁਸਤੀ ਅਤੇ ਸਾਫ਼-ਸਫ਼ਾਈ ਰੱਖਣ ਅਤੇ ਸਾਰਿਆਂ ਨੂੰ ਤਾਲੀਮ ਦੇਣ ਦੀ ਜ਼ਰੂਰਤ ਨਾਲ ਬਹੁਤ ਹੀ ਡੂੰਘਾ ਸਰੋਕਾਰ ਰੱਖਦੇ ਸਨ। ਉਹ ਢੌਂਗ ਨੂੰ ਨਫ਼ਰਤ ਕਰਦੇ ਸਨ। ਇਹ ਹੈਰਾਨੀ ਦੀ ਗੱਲ ਨਹੀਂ ਜੇ ਉਨ੍ਹਾਂ ਵਿਚੋਂ ਜ਼ਿਆਦਾਤਰ ਕਮਿਊਨਿਸਟ ਲਹਿਰ ਵੱਲ ਖਿੱਚੇ ਗਏ।

ਉਨ੍ਹਾਂ ਦੇ ਸੰਘਰਸ਼ ਅਤੇ ਕੁਰਬਾਨੀਆਂ ਦਾ ਇਕ ਸਿੱਟਾ ਇਹ ਸੀ ਕਿ ਬਾਦ ਵਿਚ ਬਰਤਾਨੀਆ ਕਦੇ ਵੀ ਇਹ ਮੰਨਕੇ ਨਹੀਂ ਚਲ ਸਕਿਆ ਕਿ ਸਿੱਖ ਤਾਂ ਉਸਦੇ ਵਫ਼ਾਦਾਰ ਹੀ ਹਨ। ਰੌਲਟ ਐਕਟ ਦੇ ਖ਼ਿਲਾਫ਼ ਗਾਂਧੀ ਦੇ ਰੋਸ-ਵਿਖਾਵੇ ਨੂੰ ਪੰਜਾਬ ਤੋਂ ਜੋ ਜ਼ਬਰਦਸਤ ਹਮਾਇਤ ਹਾਸਲ ਹੋਈ ਉਹ ਮੁੱਖ ਤੌਰ 'ਤੇ ਇਨ੍ਹਾਂ ਬਾਹਰੋਂ ਆਏ ਗ਼ਦਰੀਆਂ ਦੇ ਖ਼ਿਆਲਾਂ ਅਤੇ ਕੁਰਬਾਨੀਆਂ ਨਾਲ ਪੈਦਾ ਹੋਏ ਖ਼ਾਮੋਸ਼ ਗੁੱਸੇ ਦਾ ਸਿੱਟਾ ਸੀ। ਅਕਾਲੀ ਲਹਿਰ ਉੱਪਰ ਛਾਈਆਂ ਬਰਤਾਨੀਆ ਵਿਰੋਧੀ ਭਾਵਨਾਵਾਂ ਨੇ ਗ਼ਦਰ ਨਾਇਕਾਂ ਦੇ ਜਜ਼ਬੇ ਨੂੰ ਅੱਗੇ ਤੋਰਿਆ।

1905-14 ਦੇ ਅਰਸੇ ਦੌਰਾਨ ਉੱਤਰੀ ਅਮਰੀਕਾ ਗਏ ਇਨ੍ਹਾਂ ਮੋਹਰੀ ਪ੍ਰਵਾਸੀਆਂ ਦੇ ਤਜਰਬੇ ਤੇ ਕਾਇਆਪਲਟੀ ਅਤੇ ਮੁਲਕ ਦੀ ਆਜ਼ਾਦੀ ਅਤੇ ਹਿੰਦੁਸਤਾਨ ਦੇ ਸਮਾਜੀ ਤੇ ਸਿਆਸੀ ਪ੍ਰਬੰਧ ਵਿਚ ਰੈਡੀਕਲ ਬਦਲਾਓ ਲਿਆਉਣ ਲਈ ਉਨ੍ਹਾਂ ਦੀ ਅਡੋਲ ਵਚਨਬੱਧਤਾ ਵਿਚ ਕੁਝ ਖ਼ਾਸ ਸੀ। ਜੋ 1917-1947 ਦੌਰਾਨ ਅਮਰੀਕਾ-ਕੈਨੇਡਾ ਵਿਚ ਰਹੇ ਅਤੇ ਉੱਥੇ ਕੰਮ ਕਰਦੇ ਰਹੇ ਜਾਂ ਫਿਰ ਜਿਨ੍ਹਾਂ ਨੇ ਇਸ ਪਿੱਛੋਂ ਹੋਰ ਥਾਈਂ ਪ੍ਰਵਾਸ ਕੀਤਾ ਉਨ੍ਹਾਂ ਕਿਸੇ ਵਿਚ ਵੀ ਐਸੀ ਕਾਇਆਪਲਟੀ ਜਾਂ ਵਚਨਬੱਧਤਾ ਨਹੀਂ ਮਿਲਦੀ।

-ਸਮਾਪਤ

# ਦਰਸ਼ਨ ਸਿੰਘ ਅਵਾਰਾ



ਦਰਸ਼ਨ ਸਿੰਘ ਅਵਾਰਾ (30 ਦਸੰਬਰ 1906–10 ਦਸੰਬਰ 1982) ਪੰਜਾਬੀ ਦੀ ਸਟੇਜੀ ਕਾਵਿ ਧਾਰਾ ਦੇ ਉੱਘੇ ਕਵੀ ਸਨ। ਉਹ ਪਿੰਡ ਕਾਲ ਗੁਜਰਾਂ ਜਿਲ੍ਹਾ ਜਿਹਲਮ ਵਿਖੇ ਸ੍ਰ. ਅੰਤਰ ਸਿੰਘ ਦੇ ਗ੍ਰਹਿ ਪੈਦਾ ਹੋਏ। ਉਨ੍ਹਾਂ ਨੇ ਭਾਰਤ ਦੀ ਆਜ਼ਾਦੀ ਦੇ ਅੰਦੋਲਨ ਦੇ ਪ੍ਰਭਾਵ ਹੇਠ ਲਿਖਣਾ ਸ਼ੁਰੂ ਕੀਤਾ ਸੀ। 1932 ਵਿਚ ਉਨ੍ਹਾਂ ਦਾ ਪਹਿਲਾ ਸੰਗ੍ਰਹਿ 'ਬਿਜਲੀ ਦੀ ਕੜਕ' ਪ੍ਰਕਾਸ਼ਤ ਹੋਇਆ ਜਿਸ ਨੂੰ ਅੰਗਰੇਜ਼ ਸਰਕਾਰ ਨੇ ਜ਼ਬਤ ਕਰ ਲਿਆ। ਉਨ੍ਹਾਂ ਦੀ ਕਵਿਤਾ ਆਜ਼ਾਦੀ ਲਈ ਤੜਪ, ਗੁਲਾਮੀ ਵਿਰੁੱਧ ਨਫ਼ਰਤ, ਰੱਬ ਦੇ ਨਾਂ 'ਤੇ ਹੁੰਦੀਆਂ ਠੱਗੀਆਂ, ਗਲਤ ਧਾਰਮਕ ਕਾਰਾਂ–ਵਿਹਾਰਾਂ ਵਿਰੁਧ ਵੰਗਾਰ ਹੈ। ਉਨ੍ਹਾਂ ਦੀਆਂ ਰਚਨਾਵਾਂ ਹਨ: ਮੈਂ ਬਾਗ਼ੀ ਹਾਂ (1942), ਇਨਕਲਾਬ ਦੀ ਰਾਹ (1944), ਹਲਚਲ (1952), ਬਗ਼ਾਵਤ (1952), ਗੁਸਤਾਖੀਆਂ (1952), ਬਾਗ਼ੀ (1968) ਅਤੇ ਆਵਾਰਗੀਆਂ ।

## ਦਰਸ਼ਨ ਸਿੰਘ ਅਵਾਰਾ ਦੀਆਂ ਕਵਿਤਾਵਾਂ

ਮੈਂ ਬਾਗ਼ੀ ਹਾਂ
1. ਮੈਂ ਬਾਗ਼ੀ ਹਾਂ
ਮੈਂ ਬਾਗ਼ੀ, ਮੈਂ ਬਾਗ਼ੀ ਮਜ਼੍ਹਬਾ!
ਮੰਦਰਾਂ ਅਤੇ ਮਸੀਤਾਂ ਤੋਂ।
ਜੀਵਨ-ਘਾਤਕ ਸੁਰਗ ਨਰਕ ਤੋਂ,
ਬੇਦਿਲ ਮੁਰਦਾ ਰੀਤਾਂ ਤੋਂ।
ਤੇਰੇ ਉੱਚੇ ਦਾਹਵੇ ਕੋਲੋਂ,
ਤੇਰੇ ਬੇ-ਰਸ ਗੀਤਾਂ ਤੋਂ।
ਸਭ ਕੁਝ ਸਦਕੇ ਘੋਲੀ ਕੀਤਾ,
ਇਸ ਬੰਦੇ ਦੀਆਂ ਪ੍ਰੀਤਾਂ ਤੋਂ।

(ਮੈਂ ਰੱਬ ਨੂੰ ਪਿਆਰ ਕਰਦਾ ਹਾਂ,
ਕਿਉਂਕਿ ਉਹਨੇ ਮੈਨੂੰ, ਉਸ ਨੂੰ ਨਾ ਮੰਨਣ ਤਕ ਦੀ ਵੀ ਆਜ਼ਾਦੀ ਦੇ ਰਖੀ ਹੈ।
–ਟੈਗੋਰ)

1
ਉਸ ਰਬ ਕੋਲੋਂ,
ਜਿਹੜਾ ਸਜਦੇ ਵਿਚ ਹਰ ਵੇਲੇ ਈ,
ਗੋਡੇ ਰਗੜਾਣਾ ਚਾਹੰਦਾ ਹੈ ।
ਡਰ ਪਾ ਕੇ ਨਰਕੀ ਅੱਗਾਂ ਦੇ,
ਮਿਨਤਾਂ ਕਰਵਾਨਾ ਚਾਹੰਦਾ ਹੈ ।
ਦਸ ਦਸ ਕੇ ਰੋਹਬ ਚੁਰਾਸੀ ਦੇ,
ਕੋਈ ਧੌਂਸ ਜਮਾਨਾ ਚਾਹੰਦਾ ਹੈ ।
ਮੈਂ ਉਸ ਖ਼ੁਦਾ ਤੋਂ ਬਾਗ਼ੀ ਹਾਂ।
ਮੈਂ ਆਕੀ ਹਾਂ।

2
ਉਸ 'ਬੀਤੇ' ਤੋਂ,
ਜਿਹੜਾ ਮੇਰੇ ਜੀਵਨ-ਮਾਰਗ ਤੇ,
ਇਉਂ ਪਰਬਤ ਵਾਂਗ ਖਲੋ ਜਾਵੇ।
ਆਦਰਸ਼ ਮੇਰੇ ਦੀ ਮਨਜ਼ਲ ਹੀ,
ਅਖੀਆਂ ਤੋਂ ਉਹਲੇ ਹੋ ਜਾਵੇ।
ਹਰ ਹਰਕਤ ਤੇ, ਮੇਰੇ ਸੁਪਨੇ ਨੂੰ,
ਜਿਹੜਾ ਪੈਰਾਂ ਹੇਠ ਮਲੋ ਜਾਵੇ।
ਲੂੰ ਲੂੰ ਦੀ ਜੀਭੋਂ ਕਹਿੰਦਾ ਹਾਂ,
ਮੈਂ ਉਸ ਬੀਤੇ ਤੋਂ ਬਾਗ਼ੀ ਹਾਂ।
ਮੈਂ ਆਕੀ ਹਾਂ।

3
ਉਸ ਮੰਦਰ ਤੋਂ,
ਜਿਥੇ ਪੱਥਰ ਦੇ ਇਕ ਬੁਤ ਅੱਗੇ,
ਸਾਮਿਗ੍ਰੀ ਕੁਝ ਖਿਲਾਰੀ ਹੈ।
ਇਕ ਪੋਥੀ ਹੈ, ਇਕ ਟੱਲੀ ਹੈ,
ਨਾਲ ਇਕ ਖ਼ੁਦ-ਗਰਜ਼ ਪੁਜਾਰੀ ਹੈ।
ਜਿਹੜਾ ਭਗਤਾਂ ਵਿਚ ਇਉਂ ਦਿਸਦਾ ਏ,
ਜਿਉਂ ਮਜਮੇਂ ਵਿਚ ਮਦਾਰੀ ਹੈ।
ਲੂੰ ਲੂੰ ਦੀ ਜੀਭੋਂ ਕਹਿੰਦਾ ਹਾਂ,
ਮੈਂ ਉਸ ਮੰਦਰ ਤੋਂ ਬਾਗ਼ੀ ਹਾਂ।
ਮੈਂ ਆਕੀ ਹਾਂ।

4
ਉਸ ਮਜ਼ਹਬ ਤੋਂ,
ਜਿਹੜਾ ਸੱਕੇ ਵਤਨੀ ਵੀਰਾਂ ਨੂੰ,
ਵਖ ਵਖ ਰਹਿਣਾ ਸਿਖਲਾ ਦੇਵੇ।
ਕਦੇ ਬਾਂਗਾਂ ਤੋਂ, ਕਦੇ ਵਾਜੇ ਤੋਂ,
ਡਾਂਗਾਂ ਸੋਟੇ ਖੜਕਾ ਦੇਵੇ।
ਵਿਚ ਰਬ ਨੂੰ ਜ਼ਾਮਨ ਰਖ ਕੇ ਤੇ,
ਜਿਹੜਾ ਢਿਡ ਵਿਚ ਛੁਰਾ ਖੁਭਾ ਦੇਵੇ।
ਲੂੰ ਲੂੰ ਦੀ ਜੀਭੋਂ ਕਹਿੰਦਾ ਹਾਂ,
ਮੈਂ ਉਸ ਮਜ਼੍ਹਬ ਤੋਂ ਬਾਗ਼ੀ ਹਾਂ।
ਮੈਂ ਆਕੀ ਹਾਂ।

5
ਉਸ ਪੁਸਤਕ ਤੋਂ,
ਦਸ ਦਸ ਕੇ ਰੋਹਬ ਕਿਆਮਤ ਦੇ,
ਜਿਹੜੀ ਜੀਵਨ ਨੂੰ ਸਹਿਮਾਇ ਪਈ।
ਮਾਹਸੂਮ ਜਹੀ ਦਿਲ-ਕਹਿਣੀ ਤੋਂ,
ਜਿਹੜੀ ਕੁੰਭੀ ਨਰਕ ਵਿਖਾਇ ਪਈ।
ਦਸ ਗੁਰਜ-ਮਨੂੰ ਯਮ-ਦੂਤਾਂ ਦੇ
ਮੇਰਾ ਹਰਦਮ ਖ਼ੂਨ ਸੁਕਾਇ ਪਈ।
ਲੂੰ ਲੂੰ ਦੀ ਜੀਭੋਂ ਕਹਿੰਦਾ ਹਾਂ,
ਮੈਂ ਉਸ ਪੁਸਤਕ ਤੋਂ ਬਾਗ਼ੀ ਹਾਂ।
ਮੈਂ ਆਕੀ ਹਾਂ।

6
ਉਸ ਦੌਲਤ ਤੋਂ,
ਜਿਹਨੂੰ ਵਰਤਣ, ਮਾਣਨ, ਲੈਣ ਲਈ,
ਸੌ ਸੌ ਪਾਖੰਡ ਬਣਾਣੇ ਪੈਣ।
ਕੋਹਣਾ ਪੈ ਜਾਇ ਜ਼ਮੀਰਾਂ ਨੂੰ,
ਵੀਰਾਂ ਦੇ ਗਲੇ ਕਟਾਣੇ ਪੈਣ।
ਸਵੈਮਾਨ ਵੇਚਣਾ ਪੈ ਜਾਵੇ,
ਰੀਝਾਂ, ਅਰਮਾਨ ਲੁਟਾਣੇ ਪੈਣ।
ਲੂੰ ਲੂੰ ਦੀ ਜੀਭੋਂ ਕਹਿੰਦਾ ਹਾਂ,
ਮੈਂ ਉਸ ਦੌਲਤ ਤੋਂ ਬਾਗ਼ੀ ਹਾਂ।
ਮੈਂ ਆਕੀ ਹਾਂ।

7
ਉਸ ਸਮਾਜ ਤੋਂ,
ਬਦਲੇ ਮੇਰੀਆਂ ਚੰਗਿਆਈਆਂ ਦੇ,
ਜਿਦ੍ਹੇ ਹੋਠਾਂ ਤੇ ਇਕ 'ਵਾਹ' ਵੀ ਨਹੀਂ।
ਮੇਰੇ ਦੁਖ ਵੇਲੇ ਹਮਦਰਦੀ ਨਹੀਂ,
ਦੋ ਅਥਰੂ ਜਾਂ ਇਕ ਆਹ ਵੀ ਨਹੀਂ।
ਦਿਲ ਤੋੜਨ, ਜਜ਼ਬੇ ਰੋਲਣ ਦੀ,
ਜਿਹਨੂੰ ਰਤੀ ਜਿੰਨੀ ਪਰਵਾਹ ਵੀ ਨਹੀਂ।
ਲੂੰ ਲੂੰ ਦੀ ਜੀਭੋਂ ਕਹਿੰਦਾ ਹਾਂ,
ਮੈਂ ਉਸ ਸਮਾਜੋਂ ਬਾਗ਼ੀ ਹਾਂ।
ਮੈਂ ਆਕੀ ਹਾਂ।

8
ਉਸ ਇਤਿਹਾਸ ਤੋਂ,
ਜਿਸ ਦੇ ਵਿਚ ਲੜ ਲੜ ਮਰਨ ਲਈ,
ਭਰਿਆ ਬਾਰੂਦ ਮਸਾਲਾ ਏ।
ਹਰ ਅੱਖਰ ਜਿਦ੍ਹਾ ਮਨੁੱਖਾਂ ਨੂੰ,
ਪਾੜਨ ਤੇ ਵੰਡਣ ਵਾਲਾ ਏ।
ਦੁਖ-ਦਾਈ ਕਾਲੀਆਂ ਯਾਦਾਂ ਤੋਂ,
ਜਿਦ੍ਹਾ ਇਕ ਇਕ ਵਰਕਾ ਕਾਲਾ ਏ।
ਲੂੰ ਲੂੰ ਦੀ ਜੀਭੋਂ ਕਹਿੰਦਾ ਹਾਂ,
ਮੈਂ ਉਸ ਇਤਿਹਾਸੋਂ ਤੋਂ ਬਾਗ਼ੀ ਹਾਂ।
ਮੈਂ ਆਕੀ ਹਾਂ।

9
ਉਸ ਕਿਸਮਤ ਤੋਂ,
ਜਿਹੜੀ ਹੱਥੀਂ ਕਖ ਨਾ ਕਰਨ ਦਏ,
ਤੇ ਲਕ ਹਿੰਮਤ ਦਾ ਤੋੜ ਦਏ।
ਡੋਰੇ ਪਾ ਪਾ ਤਦਬੀਰਾਂ ਨੂੰ,
ਕਰ ਬੋਟ ਦੇ ਵਾਂਗਰ ਛੋੜ ਦਏ।
ਹਰ ਚੰਗਿਆਈ ਮੰਦਿਆਈ ਨੂੰ,
ਜੂਨਾਂ ਦੇ ਨਾਲ ਚੰਬੋੜ ਦਏ।
ਲੂੰ ਲੂੰ ਦੀ ਜੀਭੋਂ ਕਹਿੰਦਾ ਹਾਂ,
ਮੈਂ ਉਸ ਕਿਸਮਤ ਤੋਂ ਬਾਗ਼ੀ ਹਾਂ।
ਮੈਂ ਆਕੀ ਹਾਂ।

10
ਉਸ ਜੀਵਨ ਤੋਂ,
ਜਿਹਨੂੰ ਜੀ ਭਰ ਕੇ ਮੈਂ ਜੀ ਨਾ ਸਕਾਂ,
ਮਰਜ਼ੀ ਅਨੁਸਾਰ ਬਿਤਾ ਨਾ ਸਕਾਂ।
ਜੀਵਨ ਦਾ ਸਾਥੀ ਚੁਣ ਨਾ ਸਕਾਂ,
ਸੱਧਰਾਂ, ਅਰਮਾਨ ਸੁਣਾ ਨਾ ਸਕਾਂ।
ਮੈਂ ਹੱਸਣਾ ਚਾਹਾਂ, ਹੱਸ ਨਾ ਸਕਾਂ,
ਜੇ ਗਾਣਾ ਚਾਹਾਂ ਤੇ ਗਾ ਨਾ ਸਕਾਂ।
ਲੂੰ ਲੂੰ ਦੀ ਜੀਭੋਂ ਕਹਿੰਦਾ ਹਾਂ,
ਮੈਂ ਉਸ ਜੀਵਨ ਤੋਂ ਬਾਗ਼ੀ ਹਾਂ।
ਮੈਂ ਆਕੀ ਹਾਂ।

2. ਰੱਬ-ਗੁਰੂ ਨਾਨਕ ਨੂੰ
ਜਿਨ੍ਹਾਂ ਦੇ ਦਿਲ ਰੌਸ਼ਨ ਕੀਤੇ,
ਨਿਰਮਲ ਨੂਰੀ ਬਾਣੀ ਨਾਲ।
ਆ ਨਾਨਕ ! ਮੈਂ ਤੈਨੂੰ ਦੱਸਾਂ,
ਉਹਨਾਂ ਹੀ ਸਿੱਖਾਂ ਦਾ ਹਾਲ।
ਉਹੀ ਵਹਿਮ, ਭੁਲੇਖੇ ਉਹੀ,
ਵਿਛਿਆ ਉਹੀ ਇੰਦਰ-ਜਾਲ।
ਬੀਤੇ ਨੂੰ ਘੁੱਟ-ਜੱਫੀਆਂ ਉਹੀ,
ਓਹੀ ਸਮਿਓਂ ਪਛੜੀ ਚਾਲ।
ਜੇ ਨਾ ਬੁਰਾ ਮਨਾਵੇਂ, ਤੈਨੂੰ
ਇਕ ਕਉੜੀ ਜਿਹੀ ਗੱਲ ਸੁਣਾਂ।
ਹੈ ਭਰਮਾਂ ਦਾ ਨਵਾਂ ਐਡੀਸ਼ਨ,
ਜਿਸ ਦਾ ਰੱਖਿਐ ਸਿੱਖੀ ਨਾਂ।

ਤੂੰ ਪੂਜਾ ਤੋਂ ਜਗ ਨੂੰ,
ਛੁਡਾਵਣ ਗਿਆ ਸੈਂ ?
ਕਿ ਆਪਣੀ ਹੀ ਪੂਜਾ
ਕਰਾਵਣ ਗਿਆ ਸੈਂ ?
ਤੂੰ ਧੌਣਾਂ ਨੂੰ ਉੱਚਿਆਂ
ਉਠਾਵਣ ਗਿਆ ਸੈਂ ?
ਕਿ ਥਾਂ ਥਾਂ ਤੇ ਮੱਥੇ
ਟਿਕਾਵਣ ਗਿਆ ਸੈਂ ?

ਇਹ ਪੱਥਰਾਂ ਨੂੰ ਪਾਣੀ ਚੜ੍ਹਾਣਾ
ਸਹੀ ਏ ?
ਜੇ ਇਹ ਬੁਤ-ਪਰੱਸਤੀ ਨਹੀਂ,
ਫੇਰ ਕੀ ਏ ?

1
ਓ ਰੋਸ਼ਨ ਮੁਨਾਰੇ ! ਮੇਰੇ ਨੂਰ ਨਾਨਕ !
ਓ, ਸੋਮੇ-ਪਿਆਰਾਂ ਦੇ ਮਸ਼ਹੂਰ ਨਾਨਕ !
ਮਨੁਖਾਂ ਦੇ ਹਿੱਤ ਨਾਲ ਭਰਪੂਰ ਨਾਨਕ !
ਮੁਹੱਬਤ ਦੀ ਮਸਤੀ 'ਚ ਮਸਰੂਰ ਨਾਨਕ !
ਤੂੰ ਕਰਦਾ ਰਿਹਾ ਏਂ ਜਿਨ੍ਹਾਂ ਦੀ ਵਕਾਲਤ।
ਆ ਤਕ ਲੈ ਜ਼ਰਾ ਉਹਨਾਂ ਹੀ ਸਿੱਖਾਂ ਦੀ ਹਾਲਤ।

2
ਜਿਨ੍ਹਾਂ ਨੂੰ ਤੂੰ ਭਰਮੋਂ ਛੁਡਾਇਐ, ਇਹੋ ਨੀ ?
ਜਿਨ੍ਹਾਂ ਨੂੰ ਤੂੰ ਚਾਨਣ ਦਿਖਾਇਐ, ਇਹੋ ਨੀ ?
ਜਿਨ੍ਹਾਂ ਨੂੰ ਤੂੰ ਨੀਂਦੋਂ ਜਗਾਇਐ, ਇਹੋ ਨੀ ?
ਜਿਨ੍ਹਾਂ ਨੂੰ ਤੂੰ ਸਚ ਦੇ ਰਾਹ ਪਾਇਐ, ਇਹੋ ਨੀ ?
ਮੈਂ ਸੱਚ ਕਹਿਣ ਲੱਗਾਂ, ਬੁਰਾ ਨਾ ਮਨਾਈਂ ।
ਤੇਰੀ ਘਾਲ ਦਿਸਦੀ ਹੈ ਜਾਂਦੀ ਅਜਾਈਂ।

3
ਤੇਰੇ ਨਾਮ-ਲੇਵਾ ਕਹਾਂਦੇ ਨੇ ਬੇ-ਸ਼ਕ।
ਤੇ ਸ਼ਰਧਾ ਬੜੀ ਹੀ ਜਿਤਾਂਦੇ ਨੇ ਬੇ-ਸ਼ਕ।
ਤੇਰੇ ਨਾਮ ਤੇ ਸਦਾ ਝੂਮ ਜਾਂਦੇ ਨੇ ਬੇ-ਸ਼ਕ।
ਤੇ ਨਿਤ ਤੇਰੀ ਬਾਣੀ ਵੀ ਗਾਂਦੇ ਨੇ ਬੇ-ਸ਼ਕ।
(ਪਰ) ਜੋ ਜੀਵਨ-ਚਿਣਗ ਮੈਂ ਤੇਰੇ ਵਿਚ ਸੀ ਪਾਈ।
ਇਨ੍ਹਾਂ ਦੇ ਅਮਲ ਵਿਚ ਉਹ ਨਜ਼ਰੀਂ ਨਹੀਂ ਆਈ।

4
ਇਹ ਮੰਗਦੇ ਨੇ ਸਿਹਤ, ਸਰੋਵਰ 'ਚ ਨ੍ਹਾ ਕੇ।
ਮੁਕੱਦਮੇ 'ਚ ਜਿਤ, ਕੁਝ ਪਤਾਸੇ ਚੜ੍ਹਾ ਕੇ।
ਇਹ ਪੁਤ ਲੋੜਦੇ ਨੇ 'ਪੰਚਮੀ ਸਾਹਬ' ਜਾ ਕੇ।
ਤੇ ਚਾਂਹਦੇ ਨੇ ਧੰਨ ਲਾਰਾ ਪਾਠਾਂ ਦਾ ਲਾ ਕੇ।
ਨਹੀਂ ਲਭਦੇ ਕੁਦਰਤ ਚੋਂ ਕੋਈ ਵਸੀਲਾ।
ਤੇ 'ਮੰਗਣ' ਹੀ ਜਾਤਾ ਨੇ 'ਲੈਣੇ' ਦਾ ਹੀਲਾ।

5
ਇਕੋ ਸਰ ਦੇ ਵਿਚ ਹਰ ਕੀ ਪੌੜੀ ਬਣੀ ਹੈ।
ਉਦ੍ਹੇ ਦੂਜੇ ਕੰਢੇ ਤੇ 'ਦੁਖ-ਭੰਜਣੀ' ਹੈ।
ਕੋਈ ਕੰਧ ਵੀ ਨਹੀਂ ਵਿਚਾਲੇ ਬਣੀ ਹੈ।
ਕੋਈ ਫ਼ਰਕ ਰੰਗੋਂ-ਸਵਾਦੋਂ ਨਹੀਂ ਹੈ।
ਉਦ੍ਹਾ ਅਸਰ ਹੋਰ ਏ, ਉਦ੍ਹਾ ਅਸਰ ਹੋਰ ਏ।
ਜੋ ਇਹ ਗੱਲ ਨਾ ਮੰਨੇ ਓਹ ਸਿੱਖੀ ਦਾ ਚੋਰ ਏ।

6
ਜਹੇ ਖੰਭ ਭਰਮਾਂ ਨੇ ਕੀਤੇ ਨੇ ਭਾਰੀ।
ਹੈ ਭੁੱਲੀ ਇਨ੍ਹਾਂ ਨੂੰ ਅਕਾਸ਼ੀ-ਉਡਾਰੀ।
ਪਰਾਧੀਨਤਾ ਐਸੀ ਕੀਤੀ ਨੇ ਪਯਾਰੀ।
ਕਿ ਠੁੱਡੇ ਬਿਗਾਨੇ ਵੀ ਜਾਂਦੇ ਸਹਾਰੀ।
ਗੁਲਾਮੀ ਦੀ ਜ਼ੰਜੀਰ ਪੋਂਹਦੀ ਨਹੀਂ ਨੇ।
ਰਤਾ ਪੀੜ ਬੀਣੀ ਨੂੰ ਹੋਂਦੀ ਨਹੀਂ ਨੇ।

7
ਦਿਲਾਂ ਵਿਚ ਨਸੀਬਾਂ ਤੇ ਕਲ-ਜੁਗ ਦੇ ਗਿਲੇ।
ਰਜ਼ਾਵਾਂ ਤੇ ਤਕਵੇ, ਤੇ ਉੱਦਮ ਦੇ ਢਿੱਲੇ।
ਇਹ ਬੱਧੇ ਹੋਇ ਕਸ ਕੇ 'ਬੀਤੇ' ਦੇ ਕਿੱਲੇ।
ਗਏ ਲੰਘ ਜ਼ਮਾਨੇ, ਇਹ ਥਾਂ ਤੋਂ ਨਾ ਹਿੱਲੇ।

8
ਇਹ ਜੀਵਨ ਨੂੰ ਸਮਝਣ ਤੋਂ ਕਤਰਾ ਰਹੇ ਨੇ।
ਸਮੇਂ ਦੀ ਹਵਾਵਾਂ ਨੂੰ ਪਿਠ ਦੇ ਕੇ ਬਹਿਣਾ।
ਤੇ ਸਦਾ ਰੌਸ਼ਨੀ ਨਾਲ ਰੁੱਠੇ ਈ ਰਹਿਣਾ।
ਹਨੇਰੇ ਵਿਰੁਧ ਕੁਝ ਕਿਸੇ ਨੇ ਜੇ ਕਹਿਣਾ।
ਉਦ੍ਹੇ ਸਿਰ ਤੇ ਔਖਾ ਹੈ ਪਗੜੀ ਦਾ ਰਹਿਣਾ।
ਮੇਰ ਤੇਰੇ ਨਾਂ ਤੇ ਇਹ ਕੀ ਹੋ ਰਿਹਾ ਏ ?
ਕਿਹਾ ਸੀ ਜੋ ਤੂੰ ਇਹ ਉਹੀ ਹੋ ਰਿਹਾ ਏ ?

9
ਜੋ ਵਹਿਮਾਂ ਦੇ ਸੰਗਲ ਤੂੰ ਟਿਲ ਲਾ ਕੇ ਤੋੜੇ।
ਇਨ੍ਹਾਂ ਫਿਰ ਉਹ ਇਕ ਘੁਰਾ ਲਭ ਕੇ ਜੋੜੇ।
ਜੋ ਸਚ ਕਹਿ ਕੇ ਇਨ੍ਹਾਂ ਨੂੰ ਵਹਿਮਾਂ ਤੋਂ ਹੋੜੇ।
ਉਹਨੂੰ 'ਨਾਸਤਕ' ਕਹਿ ਕੇ ਮਾਰਨ ਤਨੋੜੇ।
ਹੈ ਦਾਹਵਾ ਤਾਂ ਇਹ ਕਿ 'ਹਾਂ ਸਚ ਦੇ ਉਪਾਸ਼ਕ'।
ਅਸਲ ਵਿਚ ਨੇ ਪਰ ਸਵੈ-ਭੁਲੇਖੇ ਦੇ ਆਸ਼ਕ।

10
ਜੇ ਨਿਸਫਲ ਨੇ ਬਾਹਮਣ ਨੂੰ ਹੰਦੇ ਖਵਾਣੇ।
ਤਾਂ ਕਿਸ ਕੰਮ ਨੇ ਭਾਈਆਂ ਨੂੰ ਪੂੜੇ ਛਕਾਣੇ ?
ਜੇ ਉੱਦਮ ਸ਼ਰਾਧਾਂ ਦੇ ਐਵੇਂ ਨੇ ਜਾਣੇ।
ਤਾਂ ਕਾਹਨੂੰ ਨੇ ਮੋਇਆਂ ਦੇ ਨਾਂ ਭੋਗ ਪਾਣੇ।
ਜੇ ਆਪਣੇ ਹੀ ਅਮਲਾਂ ਤੇ ਹੋਣੈਂ ਨਬੇੜਾ।
ਤਾਂ ਮਗਰੋਂ-ਧਰੇ ਪਾਠ ਦਾ ਫਲ ਹੈ ਕਿਹੜਾ।

11
ਤੂੰ ਤਕ ਤਾਂ ਸਹੀ ਜਾ ਕੇ ਅਜ ਗੁਰਦਵਾਰੇ।
ਪਾਖੰਡ ਉਥੇ ਕੀ ਕੀ 'ਗ਼ਰਜ਼ਾਂ' ਖਿਲਾਰੇ।
ਵਿਆਹ, ਧਨ ਦੇ ਲਾਲਚ, ਉਲਾਦਾਂ ਦੇ ਲਾਰੇ।
ਸਵਰਗ, ਮੁਕਤੀਆਂ, ਹੋਰ ਲੱਖਾਂ ਪਸਾਰੇ।
ਫ਼ਰਕ ਸਿਰਫ਼ ਇਤਨਾ ਹੀ ਦੇਂਦੈ ਦਿਖਾਈ।
ਕਿ ਬਾਹਮਣ ਦੀ ਗੱਦੀ ਤੇ ਬੈਠਾ ਹੈ ਭਾਈ।

12
ਉਹੀ ਧੂਫ਼, ਜੋਤਾਂ, ਸ਼ਗਨ-ਸਾਰ ਉਹੀ।
ਉਹੀ ਮਸਿਆ, ਪੁਨਿਆ, ਦੇ ਤਿਉਹਾਰ ਉਹੀ।
ਉਹ ਕਿਰਿਆ, ਵਰ੍ਹੀਣੇ ਤੇ ਦਿਨ ਵਾਰ ਉਹੀ।
ਦਿਮਾਗ਼ਾਂ ਤੇ ਜੂਨਾਂ ਦਾ ਵੀ ਭਾਰ ਉਹੀ।
ਕਲੀ ਹੋ ਕੇ ਵਿਕਦੇ ਪੁਰਾਣੇ ਨੇ ਭਾਂਡੇ।
ਬਣੇ ਭਾਈ ਉਹੀ ਬਰਾਹਮਣ ਤੇ ਪਾਂਡੇ।

13
ਇਹ ਕੰਧਾਂ ਨੂੰ ਮੁਠੀਆਂ, ਇਹ ਸਿਹਰੇ ਚੜ੍ਹਾਣੇ।
ਇਹ ਰੁਮਾਲਾਂ ਨੂੰ ਗੋਟੇ ਤੇ ਸਿਲਮੇ ਲਵਾਣੇ।
ਇਹ ਜੋਤਾਂ ਬਣਾ, ਘਿਉ ਦੇ ਦੀਵੇ ਜਗਾਣੇ।
ਇਹ ਸੁਖਨਾਂ, ਇਹ ਭੇਟਾਂ, ਇਹ ਸੋਨੇ ਚੜ੍ਹਾਣੇ।
ਤੇਰੀ ਘਾਲਣਾ ਦਾ ਜੇ ਮਕਸਦ ਇਹੀ ਸੀ।
ਤਾਂ ਚਾਲ-ਪਖੰਡਾਂ ਦੇ ਵਿਚ ਮਾੜ ਕੀ ਸੀ ?

14
ਕਰਾਮਾਤ ਨੂੰ ਤੇਰੇ ਨਾਂ ਨਾਲ ਲਾ ਕੇ।
ਲਹੂ ਦੁਧ ਚੁਆ ਕੇ ਤੇ ਮੱਕਾ ਭੰਵਾ ਕੇ।
ਖੜਾਵਾਂ ਉਡਾ ਕੇ, ਪਹਾੜੀ ਰੁਕਾ ਕੇ।
ਤੇ ਕਿਕਰਾਂ ਦੇ ਉੱਤੋਂ ਮਿਠਾਈਆਂ ਸੁਟਾ ਕੇ।
ਨਹੀਂ ਸ਼ਾਨ ਤੇਰੀ ਇਨ੍ਹਾਂ ਨੇ ਵਧਾਈ।
ਸਗੋਂ ਤੇਰੇ ਉੱਤੇ ਹੈ ਦੁਨੀਆਂ ਹਸਾਈ।

15
ਜੇ ਆਦਰਸ਼ ਤੇਰਾ ਬਣਾਂਦੇ ਨਿਸ਼ਾਨਾ।
ਤਾਂ ਇਨ੍ਹਾਂ ਦੇ ਨਕਸ਼ਾਂ ਤੇ ਚਲਦਾ ਜ਼ਮਾਨਾ।
ਜੇ ਭੁਲਦੇ ਨਾ ਤੇਰਾ ਅਕਾਸ਼ੀ-ਤਰਾਨਾ।
ਨਾ ਬਣਦੇ ਗ਼ੁਲਾਮੀ ਦਾ ਸੋਗੀ-ਫ਼ਸਾਨਾ।
ਜੇ 'ਪੂਜਣ' ਦੀ ਥਾਂ ਇਹ ਤੈਨੂੰ 'ਸਮਝ ਲੈਂਦੇ'।
ਤਾਂ ਇਨ੍ਹਾਂ ਦੇ ਪੈਰਾਂ 'ਚ ਸੰਗਲ ਨਾ ਪੈਂਦੇ।

# ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ।




ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

## ਜ਼ਰਾ ਸੋਚੋ ! !

| Age ਉਮਰ | Per Month Rate / ਪ੍ਰਤੀ ਮਹੀਨਾ ਰੇਟ* | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.65 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

* Rates may change without notice

ਕੀ ਤੁਸੀਂ ਉਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

- ✦ ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ? ✦ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ✦ ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ?
- ✦ ਕੀ ਤੁਸੀਂ ਘਰ ਦੇ ਮੁਖੀ ਹੋ ?
- ✦ ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
- ✦ ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ ਜੀਵਨ ਬੀਮਾ ਇੰਕ. ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ । ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।



**Jessie Singh**
(C.A.I.B)

- ✦ Life Insurance
- ✦ Mortgage Insurance
- ✦ Disability Insurance
- ✦ Critical Illness Insurance
- ✦ Longterm Care Insurance
- ✦ Travel Insurance
- ✦ Health Plans



**Jasvir Deol**
(C.A.I.B)

*For All Insurance Needs Book Appointment Today.*

## Calgary

Bus: (403) 717 - 0666
Cell: (403) 830 - 7007

## Edmonton

Bus: (780) 465 - 6900
Cell: (780) 906 - 4497

Listen Live 24/7
Live Music
Talk Shows
In Punjabi, Hindi and English

ਪੰਜਾਬੀ, ਹਿੰਦੀ ਗੀਤ-ਸੰਗੀਤ
ਅਤੇ ਟਾਕ ਸ਼ੋਅ ਸੁਣੋ
ਫੋਨ ਉਪਰ 'ਰੇਡੀਉ ਏਸ਼ੀਆ'
ਐਪ ਡਾਊਨਲੋਡ ਕਰੋ

94.9 SCMO
RADIO ASIA

Now Hiring
Radio Host and
Marketing Specialist
Email Your Resume

Download the Radio Asia app on iOS and Android
contact: info@radioasia.ca 780-936-0073

WESTFORK
kitchen Cabinet
Specializing in Cabinets & Counter Tops



*Kitchen & Vanities,*
*Custom Cabinets,*
*Staining & Spraying Doors*

ਕੈਬਨਿਟ ਅਤੇ ਕਾਊਂਟਰ ਟੌਪ
ਬਣਾਉਣ ਦੇ ਮਾਹਰ
ਆਪਣੇ ਦਫ਼ਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ
ਵੈਸਟਫੋਰਕ ਕਿਚਨ ਕੈਬਨਿਟ

Endless Options

- On site full custom designing and manufacturing.
- Consultation for Kitchens, Bathrooms, Offices, Dens, Storage etc.
- Quality installation and dellvery.
- One Location-Multiple Considerations.
- Complete Range of Counter tops including laminate.
- Custom Cabinetry
- Execptional Quality Customised Solutions
- Premium Construction at Competitive Price.

Gurmail Matharu : 780-990-9349
Ranjit Matharu : 780-907-9889
9248 34A Ave NW Edmonton, AB T6E 5P4
Tel : 780-490-4983
Fax : 780-490-4982
westforkkc@gmail.com

Auto Shine
Interior Shampooing ✦ Power Polishing ✦ Engine Cleaning ✦ Fabric Guard ✦ Tar Ramoval
Move to New & Bigger Location for Better Service



DAVE VIRK
Ph: 780 485 1253
Cell: 780 902 3727
Fax: 780 485 1353
autoshinedetailing@gmail.com
÷0365 59 Ave NW, Edmonton AB T6H÷E7

Your One Stop Resource
for renovation, residential, condominium or commercial project



Big or small project? We do it all. Equipped with state-of-the-art production facility at the west end and south side, we are capable of meeting specific requirements for any residential, renovation, condominium or commercial project. Visit one of our showrooms at west end or south side to explore a most extensive selection of interior and exterior doors, windows, commercial windows & doors, french doors, bi-folds, mouldings, locks & hardware, bath accessories, commercial fire rated doors, and countless finishing options.

ਵਧੀਆ ਕੁਆਲਟੀ ਦੇ ਦਰਵਾਜ਼ੇ (Doors) ਅਤੇ ਓਕ ਤੇ ਮੇਪਲ ਦੀਆਂ ਹਰ ਕਿਸਮ ਦੀਆਂ ਮੋਲਡਿੰਗਜ਼ (Mouldings)
ਅਤੇ ਕੇਸਿੰਗਜ਼ (Casings) ਅਤੇ ਬੇਸ ਬੋਰਡਜ਼ (Base Boards) ਲਈ ਸਾਨੂੰ ਸੇਵਾ ਦਾ ਮੌਕਾ ਦਿਉ।

VISIT OUR SHOWROOM OR CALL TODAY FOR A CUSTOM QUOTE!

FANCY DOORS MOULDINGS
4421 Roper Road
780.432.7700 | fancydoors.com

FANCY WINDOWS
12959 156 St. NW
780-452-6000 | fancywindows.com

Aluminium WINDOWS DOORS
12959 156 St. NW
780-452-6000 | alwindows.ca

# ‘ਜੰਗ ਜਾਰੀ ਹੈ ਸਾਥੀ ਤੇ ਇਹ ਜੰਗ ਅਸੀਂ ਜਿੱਤ ਕੇ ਰਹਾਂਗੇ।’

ਬਲਦੇਵ ਸਿੰਘ (ਸੜਕਨਾਮਾ)

ਗੱਲ ਐਮਰਜੈਂਸੀ ਵੇਲੇ ਦੀ ਹੈ। ਕੋਲਕਾਤਾ ਵਿਚ ਇਸ ਦਾ ਪ੍ਰਭਾਵ ਕੁਝ ਜ਼ਿਆਦਾ ਹੀ ਸੀ। ਸ਼ਰੇਆਮ ਵਿਰੋਧ ਕਰਨ ਦੀ ਥਾਂ ਲੇਖਕ ਆਪਣੇ ਮਨਾਂ ਦੀ ਭੜਾਸ ਕੌਫ਼ੀ ਹਾਊਸ ਵਿਚ ਜਾ ਕੇ ਕੱਢ ਲੈਂਦੇ ਸਨ। ਕੋਲਕਾਤਾ ਮਹਾਂਨਗਰ ਦੇ ਸੈਂਟਰਲ ਐਵੇਨਿਊ ਦੇ ਕੌਫ਼ੀ ਹਾਊਸ ਵਿਚ ਲਗਭਗ ਰੋਜ਼ ਉੱਥੇ ਜੁੜੇ ਲੇਖਕਾਂ ਦੀ ਬਹਿਸ ਵੇਲੇ ਕੌਫ਼ੀ ਦੇ ਪਿਆਲਿਆ ਵਿਚ ਇਨਕਲਾਬ ਤੈਰਨ ਲੱਗਦਾ ਸੀ। ਉੱਥੇ ਇਕ ਕਵੀ ਸਭ ਤੋਂ ਵੱਧ ਭਾਵੁਕ ਤੇ ਉਤੇਜਿਤ ਰਹਿੰਦਾ ਸੀ। ‘ਜੰਗ ਜਾਰੀ ਹੈ ਸਾਥੀ’ ਉਸ ਦਾ ਤਕੀਆ ਕਲਾਮ ਸੀ। ਉਸ ਦੀ ਗ਼ੈਰਹਾਜ਼ਰੀ ਵਿਚ ਸਾਰੀ ਬਹਿਸ ਫਿੱਕੀ ਤੇ ਬੇਸੁਆਦੀ ਰਹਿੰਦੀ ਸੀ।

ਕੌਫ਼ੀ ਹਾਊਸ ਵਿਚ ਵਿਹਾਰਕ ਬਹਿਸਾਂ ਕਈ ਵਾਰ ਏਨੀਆਂ ਭਖ ਜਾਂਦੀਆਂ ਸਨ ਕਿ ਉੱਥੇ ਹੋਰ ਆਏ ਗਾਹਕਾਂ ਨੂੰ ਜਾਪਦਾ ਹੁੰਦਾ ਸੀ, ਇਹ ਰੋਹ ਵਿਚ ਆਏ ਲੇਖਕ ਇਕ ਦੂਸਰੇ ਦੇ ਸਿਰਾਂ ਵਿਚ ਖਾਲੀ ਪਿਆਲੇ ਮਾਰਨਗੇ ਜਾਂ ਕੁਰਸੀਆਂ ਦੀ ਭੰਨ੍ਹ-ਤੋੜ ਕਰਨਗੇ, ਪਰ ਹਰ ਵਾਰ ਅੰਤ ਵਿਚ ਵਿਛੜਨ ਵੇਲੇ ਸਾਰੇ ਇਕ ਦੂਸਰੇ ਨਾਲ ਹੱਥ ਮਿਲਾ ਕੇ ਤੇ ਅਗਲੇ ਦਿਨ ਫਿਰ ਮਿਲਣ ਦਾ ਵਾਅਦਾ ਲੈ ਕੇ ਵਿਦਾ ਹੋ ਜਾਂਦੇ ਸਨ।

ਅੱਜ ਮੈਨੂੰ ਉਹ ਦਿਨ ਹੂ-ਬ-ਹੂ ਯਾਦ ਆ ਰਹੇ ਹਨ। ਇਕ ਦਿਨ ਜਦੋਂ ਮੈਂ ਕੌਫ਼ੀ ਹਾਊਸ ਵਿਚ ਪਹੁੰਚਿਆ ਤਾਂ ਇਕ ਲੇਖਕ ਆਪਣੀ ਧੌਣ ਨੂੰ ਝਟਕੇ ਦੇ ਕੇ ਤੇ ਬਾਹਾਂ ਉਲਾਰ-ਉਲਾਰ ਕੇ ਸੰਬੋਧਨ ਕਰ ਰਿਹਾ ਸੀ:

‘ਨਵਾਂ ਲੇਖਕ ਜਦੋਂ ਨਵੇਂ ਸਿਧਾਂਤ ਲੈ ਕੇ ਆਉਂਦਾ ਹੈ ਸਾਥੀਓ, ਤਾਂ ਪੁਰਾਣੇ ਸਥਾਪਤ ਲੇਖਕ ਅਤੇ ਅਖੌਤੀ ਆਲੋਚਕ ਉਸ ਬਾਰੇ ਗੱਲ ਕਰਨੀ ਨਹੀਂ ਚਾਹੁੰਦੇ। ਉਸ ਦਾ ਜ਼ਿਕਰ ਤਕ ਨਹੀਂ ਕਰਦੇ। ਇਸ ਤਰ੍ਹਾਂ ਬੰਧੂਓ ਨਵੇਂ ਲੇਖਕ ਨਿਰਾਸ਼ ਹੋ ਕੇ ਭਟਕ ਜਾਂਦੇ ਹਨ। ਇਹੀ ਹਾਲ ਸਾਡੀ ਸਿਆਸਤ ਦਾ ਹੈ। ਇਹ ਸਭ ਗਲਤ ਹੈ, ਸਭ ਬਕਵਾਸ ਹੈ।’ ਇਨਕਲਾਬੀ ਕਵੀ ਨੇ ਜਿਵੇਂ ਇੱਟ ਚੁੱਕੀ। ‘ਨਵਾਂ ਲੇਖਕ ਸਾਧਨਾ ਹੀ ਨਹੀਂ ਕਰਦਾ। ਉਸ ਨੇ ਪ੍ਰੇਮ ਚੰਦ ਵੀ ਨਹੀਂ ਪੜ੍ਹਿਆ ਹੁੰਦਾ। ਟੈਗੋਰ ਨੂੰ ਉਹ ਜਾਣਦਾ ਨਹੀਂ। ਇਕ ਅੱਧ ਕਵਿਤਾ ਕਹਾਣੀ ਲਿਖਦੈ ਤੇ ਸਥਾਪਤੀ ਦੇ ਜੁਗਾੜਾਂ ਵਿਚ ਪੈ ਜਾਂਦੈ। ਆਪਣੀਆਂ ਰਚਨਾਵਾਂ ਦੂਸਰੀਆਂ ਭਾਸ਼ਾਵਾਂ ਵਿਚ ਪੈਸੇ ਦੇ ਕੇ ਅਨੁਵਾਦ ਕਰਵਾਉਂਦੈ। ਜੇ ਫੇਰ ਵੀ ਕਿਧਰੇ ਨਹੁੰ ਨਹੀਂ ਅੜਦਾ ਤਾਂ ਕਿਸੇ ਮਾਸਿਕ ਪੱਤ੍ਰਿਕਾ ਦਾ ਸੰਪਾਦਕ ਬਣ ਬਹਿੰਦਾ ਹੈ। ਅੱਜ ਦੇ ਯੁੱਗ ਵਿਚ ਜਿਸ ਨੂੰ ‘ਮਾਰਕਸਵਾਦ’ ਦਾ ਗਿਆਨ ਨਹੀਂ ਸਾਥੀਓ, ਉਸ ਨੂੰ ਆਪਣੇ ਆਪ ਨੂੰ ਲੇਖਕ ਨਹੀਂ ਅਖਵਾਉਣਾ ਚਾਹੀਦਾ। ਸਮਝ ਗਏ...?’ ਉਹ ਤਿੱਖੀਆਂ ਨਜ਼ਰਾਂ ਨਾਲ ਦੂਸਰਿਆਂ ਵੱਲ ਝਾਕਿਆ।



‘ਅਰੇ ਭਾਈ ਸਾਹਬ ਤੈਨੂੰ ਪਤੈ ਰੂਸ ਤੇ ਅਮਰੀਕਾ ਦੋਨੋਂ ਸਾਮਰਾਜਵਾਦੀ ਮੁਲਕ ਨੇ?’ ਇਕ ਹੋਰ ਕਵੀ ਗਾਂਗੁਲੀ ਨੇ ਗੁੱਝੀ ਸ਼ਰਾਰਤ ਕੀਤੀ।

ਇਨਕਲਾਬੀ ਕਵੀ ਦੇ ਚਿਹਰੇ ’ਤੇ ਜਿਵੇਂ ਗਾਂਗੁਲੀ ਨੇ ਅੰਗਿਆਰ ਸੁੱਟ ਦਿੱਤੇ ਹੋਣ। ਉਹ ਭੜਕਿਆ।

‘ਰੂਸ ਨੂੰ ਸਾਮਰਾਜਵਾਦੀ ਕਹਿ ਕੇ ਤੂੰ ਰੂਸ ਦੇ ਸਮਾਜਵਾਦ ਨੂੰ ਗਾਲੀ ਦੇ ਰਿਹੈਂ।’ ਨਾਲ ਹੀ ਉਸ ਨੇ ਮੇਜ਼ ਉੱਪਰ ਮੁੱਕਾ ਮਾਰਿਆ। ਕੌਫ਼ੀ ਦੇ ਖਾਲੀ ਪਿਆਲੇ ਖੜਕ ਗਏ।

‘ਤੂੰ।’ ਉਸ ਨੇ ਆਪਣੀ ਉਂਗਲੀ ਗਾਂਗੁਲੀ ਵੱਲ ਬਰਛੇ ਵਾਂਗ ਸੇਧੀ। ਅੱਖਾਂ ਵਿਚ ਘ੍ਰਿਣਾ ਦਿਸੀ। ‘ਤੂੰ, ਰੂਸੀਆਂ ਦੀਆਂ ਮਹਾਨ ਕੁਰਬਾਨੀਆਂ, ਇਨਕਲਾਬ ਲਈ ਸੰਘਰਸ਼, ਲੜਾਈਆਂ ਸਭ ਇਕ ਹੀ ਸ਼ਬਦ ਨਾਲ ਮਿੱਟੀ ਵਿਚ ਮਿਲਾ ਦਿੱਤੀਆਂ ਨੇ।’ ਉਸ ਨੇ ਫਿਰ ਮੇਜ਼ ਉੱਪਰ ਮੁੱਕਾ ਮਾਰਿਆ।

ਹਾਲਾਤ ਵਿਗੜਦੇ ਵੇਖ ਕੇ ਬਹਿਰਾ ਟੁੱਟਣ ਦੇ ਡਰੋਂ ਖਾਲੀ ਪਿਆਲੇ ਤੁਰੰਤ ਚੁੱਕ ਕੇ ਲੈ ਗਿਆ।

‘ਰੂਸ ਬਾਰੇ ਬਹੁਤ ਸੈਂਟੀਮੈਂਟਲ ਏਂ ਤੂੰ।’ ਗਾਂਗੁਲੀ ਅਜੇ ਵੀ ਸ਼ਰਾਰਤ ਦੇ ਰੌਂਅ ਵਿਚ ਸੀ।

‘ਮੈਨੂੰ ਲਗਦੈ, ਮੇਰੇ ਆਉਣ ਤੋਂ ਪਹਿਲਾਂ ਤੁਹਾਡੀ ਗੱਲ ਮਾਰਕਸਵਾਦ ਦੀ ਪੜ੍ਹਾਈ ਬਾਰੇ ਚੱਲ ਰਹੀ ਸੀ। ਹੁਣ ਕੁਰਾਹੇ ਪੈ ਗਈ...।’ ਮੈਂ ਉਨ੍ਹਾਂ ਦੀ ਬਹਿਸ ਵਿਚ ਸ਼ਾਮਲ ਹੋਣਾ ਚਾਹਿਆ।

‘ਸ਼ੇਰਦਾਰ ਜੀ, ਤੂੰ ਆਖਣਾ ਕੀ ਚਾਹੁੰਨੈ?’ ਗਾਂਗੁਲੀ ਨੂੰ ਮੇਰਾ ਵਿਚ ਬੋਲਣਾ ਸ਼ਾਇਦ ਚੰਗਾ ਨਹੀਂ ਲੱਗਿਆ।

‘ਗਾਂਗੁਲੀ ਦਾਦਾ, ਇਸ ਵਿਚ ਦੋ ਰਾਵਾਂ ਨਹੀਂ ਹਨ, ਹਰ ਸਮੱਸਿਆ ਨੂੰ ਵਿਗਿਆਨਕ ਢੰਗ ਨਾਲ ਪਰਖਣ ਲਈ ਮਾਰਕਸ ਪੜ੍ਹਨਾ ਲਾਜ਼ਮੀ ਹੈ।’ ਮੈਂ ਕਿਹਾ।

‘ਮਿਸਟਰ ਸਿੰਘ, ਹਰ ਕਿਸੇ ਨੂੰ ਧੱਕੇ ਨਾਲ ਕੁਨੀਨ ਦੀ ਗੋਲੀ ਨਹੀਂ ਖੁਆਈ ਜਾ ਸਕਦੀ, ਸਮਝਿਆ?’ ਗਾਂਗੁਲੀ ਨੂੰ ਸਿੰਗ ਫਸਾਈ ਰੱਖਣ ਦੀ ਆਦਤ ਸੀ ਤੇ ਉਹ ਜਲਦੀ ਹਾਰ ਮੰਨਣ ਵਾਲਾ ਨਹੀਂ ਸੀ।

‘ਕੁਨੀਨ ਬੇਸ਼ੱਕ ਕੌੜੀ ਹੈ, ਪਰ ਫਾਇਦਾ ਤਾਂ ਕਰਦੀ ਹੈ?’ ਮੈਂ ਪੁੱਛਿਆ।

ਮੇਰੀ ਗੱਲ ਦਾ ਜਵਾਬ ਨਾ ਦੇ ਕੇ ਗਾਂਗੁਲੀ ਸਿਆਸੀ ਨੇਤਾ ਵਾਂਗ ਭਾਸ਼ਨ ਦੇਣ ਦੀ ਸੁਰ ਵਿਚ ਬੋਲਿਆ:

‘ਜਿਹੜੀ ਦਸ਼ਾ ਪਿਛਲੇ ਕੁਝ ਸਾਲਾਂ ਤੋਂ ਸਾਡੀ ਹੋਈ ਹੈ, ਉਸ ਤੋਂ ਵੀ ਭੈੜੀ ਹਾਲਤ ਸਾਡੇ ਸਾਹਮਣੇ ਮੂੰਹ ਅੱਡੀ ਖੜ੍ਹੀ ਹੈ। ਪਹਿਲਾਂ ਕਮਿਊਨਿਸਟ ਇਕ ਸਨ, ਫੇਰ ਮਾਰਕਸਵਾਦੀ ਆਏ। ਫਿਰ ਕਦੇ ਫਾਰਵਰਡ ਬਲਾਕ, ਕਦੇ ਸੰਯੁਕਤ ਮੋਰਚਾ, ਕਦੇ ਐਮ.ਐੱਲ., ਕਦੇ ਹੋਰ, ਕਦੇ ਹੋਰ। ਸਾਡਾ ਦੁਸ਼ਮਣ ਬੇਹੱਦ ਚਾਲਾਕ ਹੈ ਤੇ ਅਸੀਂ ਗਰੁੱਪ ਬਣਾ-ਬਣਾ ਕੇ ਆਪਸ ਵਿਚ ਹੀ ਲੜ ਰਹੇ ਹਾਂ। ਸਿਰਫ਼ ਲੜ ਹੀ ਨਹੀਂ ਰਹੇ, ਕੌਫ਼ੀ ਹਾਊਸ ਵਿਚਕਾਰ ਸੰਘਰਸ਼ਾਂ ਨਾਲ ਇਨਕਲਾਬ ਲਿਆਉਣਾ ਚਾਹੁੰਦੇ ਹਾਂ। ਇਹ ਸ਼ੇਰ ਨੂੰ ਘਾਹ ਦਿਖਾ ਕੇ ਕੋਲ ਸੱਦਣ ਵਾਲੀ ਗੱਲ ਹੈ।’ ਗਾਂਗੁਲੀ ਨੇ ਆਪਣੇ ਬੁੱਲ੍ਹਾਂ ਦੇ ਬਾਹਰ ਆਇਆ ਥੁੱਕ ਪੂੰਝਿਆ।

‘ਦੇਖ ਸਾਥੀ, ਮੈਨੂੰ ਪਤੈ ਤੂੰ ਨੌਜਵਾਨ ਏਂ। ਤੇਰਾ ਲਹੂ ਗਰਮ ਹੈ। ਤੂੰ ਹਮੇਸ਼ਾਂ ਸਿਧਾਂਤ ਨਾਲੋਂ ਅਮਲ ਨੂੰ ਪਹਿਲ ਦਿੰਦਾ ਏਂ, ਪਰ ਜੇ ਸਾਡੇ ਕੋਲ ਫਿਲਾਸਫੀ ਨਹੀਂ ਤਾਂ ਤੇਰਾ ਅਮਲ ਵੀ ਫੇਲ੍ਹ ਹੋ ਜਾਏਗਾ।’ ਇਨਕਲਾਬੀ ਕਵੀ ਨੇ ਹੁਣ ਫਲਸਫੇ ਦਾ ਹਥਿਆਰ ਚੁੱਕ ਲਿਆ।

‘ਕੀ ਕਰੇਂਗਾ, ਫਲਸਫੇ ਨੂੰ? ਚਾਰ ਚੁਫੇਰੇ ਬਦਮਾਸ਼ਾਂ, ਭ੍ਰਿਸ਼ਟਾਚਾਰੀਆਂ, ਡਾਕੂਆਂ, ਗੈਂਗਸਟਰਾਂ ਤੇ ਹੁੱਲੜਬਾਜ਼ਾਂ ਦਾ ਰਾਜ ਹੈ। ਪੁਲੀਸ ਉਨ੍ਹਾਂ ਦੀ, ਕਚਹਿਰੀਆਂ ਉਨ੍ਹਾਂ ਦੀਆਂ, ਜਾਂਚ ਏਜੰਸੀਆਂ ਉਨ੍ਹਾਂ ਦੀਆਂ, ਫ਼ੈਸਲੇ ਉਨ੍ਹਾਂ ਦੇ। ਬੇਦੋਸ਼ਿਆਂ ਨੂੰ ਜਦੋਂ ਚਾਹੁਣ ਅੰਦਰ ਕਰ ਦੇਣ। ਅਪਰਾਧੀਆਂ ਨੂੰ ਜਦੋਂ ਚਾਹੁਣ ਬੇਦਾਗ ਸਾਬਤ ਕਰ ਦੇਣ। ਕੀ ਕਰੇਗੀ ਤੇਰੀ ਫਿਲਾਸਫੀ?’ ਗਾਂਗੁਲੀ ਇਕ ਚੁਣੌਤੀ ਦੇਣ ਵਾਂਗ ਸਾਡੇ ਸਾਰਿਆਂ ਵੱਲ ਝਾਕਿਆ।

ਇਨਕਲਾਬੀ ਕਵੀ ਨੇ ਆਪਣਾ ਖੱਬਾ ਹੱਥ ਧੁਰ ਉੱਪਰ ਤਕ ਚੁੱਕਿਆ। ਇਕ ਉਂਗਲੀ ਸਿੱਧੀ ਉੱਪਰ ਵੱਲ ਸੇਧੀ ਤੇ ਪੂਰੇ ਠਰ੍ਹੰਮੇ ਅਤੇ ਤਸੱਲੀ ਨਾਲ ਬੋਲਿਆ:

‘ਇੰਨਾ ਨਿਰਾਸ਼ ਹੋਣ ਦੀ ਲੋੜ ਨਹੀਂ ਹੈ, ਮੇਰੇ ਭਾਈ, ਜੰਗ ਜਾਰੀ ਹੈ ਸਾਥੀ ਤੇ ਇਹ ਜੰਗ ਅਸੀਂ ਜਿੱਤ ਕੇ ਰਹਾਂਗੇ।’ ਉਹ ਖੜ੍ਹਾ ਹੋਇਆ ਤੇ ਅਸੀਂ ਕੌਫ਼ੀ ਹਾਊਸ ਤੋਂ ਬਾਹਰ ਆ ਗਏ। ਸਾਰੇ ਗਾਹਕ ਸਾਡੇ ਵੱਲ ਹੈਰਾਨੀ ਨਾਲ ਵੇਖ ਰਹੇ ਸਨ।

ਮੋਬਾਈਲ : 9 8147-830699


# Elite Driving School

Learn to drive with experienced, caring & friendly instructor
Lessons available in English, Hindi, Punjabi & Urdu

19 ਸਾਲਾਂ ਦਾ ਤਜ਼ਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

19 Years Road Experience
15 Hours in Class Room & 10 Hours in Car Package Available

ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।





- Reasonable Rates
- Free Home Pick up and Drop off
- Weekday and weekend appointments available
- Fully insured, banded and licensed
- Class Room Service available
- Help Available in Learner.
- Professional Service with Full Respect.

Gurmail Dhaliwal (Garry)
780-265-6990



Tel : 780-265-6990
Email : elitedriving@hotmail.com

# ਸਾਜ਼ਿਸ਼ਾਨਾ ਢੰਗ ਨਾਲ ਹੋ ਰਿਹੈ ਮੂਲ ਭਾਸ਼ਾਵਾਂ ਤੇ ਸਭਿਆਚਾਰਾਂ ਦਾ ਕਤਲੇਆਮ – ਐਨ ਮਰਫ਼ੀ



## ਕਨੇਡਾ 'ਚ ਪੰਜਾਬੀ ਦਾ ਲਹਿਰਾਆਉਂਦਾ ਪਰਚਮ

ਆਪਣੀ ਮਾਤ ਭਾਸ਼ਾ, ਆਪਣੀ ਜ਼ੁਬਾਨ ਵਿਚ ਕੰਮ ਕਰਨਾ, ਅਹਿਸਾਸ ਤੇ ਮਹਿਸੂਸੀਅਤ ਰੱਖਣਾ ਬਹੁਤ ਸੌਖਾ ਹੁੰਦਾ ਹੈ, ਪਰ ਬੇਗਾਨੀ ਭਾਸ਼ਾ ਆਤਮਸਾਤ ਕਰ ਕੇ ਵੱਡੇ ਵੱਡੇ ਕਾਰਜ ਅਰੰਭਣੇ ਤੇ ਸਿਰੇ ਲਾਉਣੇ ਡਾ. ਐਨ ਮਰਫ਼ੀ ਦੇ ਹਿੱਸੇ ਆਇਆ ਹੈ। ਐਨ ਮਰਫ਼ੀ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ (ਯੂ.ਬੀ.ਸੀ.) 'ਚ ਏਸ਼ੀਅਨ ਸਟੱਡੀਜ਼ ਦੇ ਵਿਭਾਗ ਵਿਚ ਐਸੋਸੀਏਟ ਪ੍ਰੋਫੈਸਰ ਹਨ। ਉਹ 2017 ਤੋਂ 2020 ਤੱਕ ਇੰਸਟੀਚਿਊਟ ਆਫ਼ ਏਸ਼ੀਅਨ ਰਿਸਰਚ ਵਿਚ ਸੈਂਟਰ ਫਾਰ ਇੰਡੀਆ ਐਂਡ ਸਾਊਥ ਏਸ਼ੀਆ ਰਿਸਰਚ ਦੇ ਕੋ-ਡਾਇਰੈਕਟਰ ਹਨ। ਡਾ. ਮਰਫ਼ੀ ਦੀ ਖੋਜ ਦਿਲਚਸਪੀ ਨਾ ਸਿਰਫ਼ ਪੰਜਾਬ ਅਤੇ ਪਰਵਾਸੀ ਪੰਜਾਬੀਆਂ ਵਿਚ ਹੈ, ਸਗੋਂ ਉਨ੍ਹਾਂ ਦਾ ਕਾਰਜ ਖੇਤਰ ਸਾਊਥ ਏਸ਼ੀਆ ਤੱਕ ਫੈਲਿਆ ਹੋਇਆ ਹੈ। ਉਨ੍ਹਾਂ ਦਾ ਖ਼ਾਸ ਧਿਆਨ ਧਾਰਮਕ ਭਾਈਚਾਰਿਆਂ ਦੀ ਇਤਿਹਾਸਕ ਮਹੱਤਤਾ ਵੱਲ ਰਿਹਾ ਹੈ। ਸਿੱਖ ਇਤਿਹਾਸ ਦਾ ਵਿਸ਼ੇਸ਼ ਤੌਰ 'ਤੇ ਅਧਿਐਨ ਕਰਦਿਆਂ ਉਨ੍ਹਾਂ ਆਪਣੇ ਲੇਖ 'ਦੀ ਮੈਟੀਰਅਲਿਟੀ ਆਫ਼ ਦੀ ਪਾਸਟ: ਹਿਸਟਰੀ ਐਂਡ ਰਿਪਰੀਜ਼ੈਂਟੇਸ਼ਨ ਇਨ ਸਿੱਖ ਟਰਡਿਸ਼ਨ' (ਆਕਸਫੋਰਡ ਯੂਨੀਵਰਸਿਟੀ ਪ੍ਰੈੱਸ, 2012) ਵਿਚ 18ਵੀਂ ਸਦੀ ਤੋਂ ਮੌਜੂਦਾ ਸਮੇਂ ਤੱਕ ਸਿੱਖ ਇਤਿਹਾਸ ਬਾਰੇ ਆਪਣੇ ਖੋਜ ਕਾਰਜਾਂ ਦਾ ਜ਼ਿਕਰ ਕੀਤਾ।

ਡਾ. ਮਰਫ਼ੀ ਨੇ ਕੋਲੰਬੀਆ ਯੂਨੀਵਰਸਿਟੀ ਤੋਂ ਪੀ.ਐਚ.ਡੀ ਕੀਤੀ ਅਤੇ ਮਾਸਟਰ ਡਿਗਰੀ ਯੂਨੀਵਰਸਿਟੀ ਆਫ਼ ਵਾਸ਼ਿੰਗਟਨ ਤੋਂ ਲਈ। ਉਨ੍ਹਾਂ ਨਿਊ ਯਾਰਕ ਸਿਟੀ ਵਿਚ 'ਦੀ ਨਿਊ ਸਕੂਲ' ਵਿਖੇ ਧਾਰਮਕ ਅਤੇ ਇਤਿਹਾਸਕ ਸਟੱਡੀਜ਼ ਬਾਰੇ ਅਧਿਆਪਨ ਕਾਰਜ ਕੀਤਾ। ਡਾ. ਮਰਫ਼ੀ ਨੇ 'ਟਾਈਮ, ਹਿਸਟਰੀ ਐਂਡ ਦੀ ਰਲੀਜੀਅਸ ਇਮੈਜਨਰੀ ਇਨ ਸਾਊਥ ਏਸ਼ੀਆ' ਦੇ ਸੰਪਾਦਨ ਕਾਰਜ ਦੇ ਨਾਲ ਨਾਲ ਚਰਨਜੀਤ ਮਾਨ (ਸਟਰੈਥਸਲਾਈਡ ਯੂਨੀਵਰਸਿਟੀ, ਸਕਾਟਲੈਂਡ) ਨਾਲ ਮਿਲ ਕੇ ਫਅਰਟਟਿੋਨਿ ਅਨਦ ਟਹਏ ਫਰਅਚਟਚਿਏਂ ਾ ਂਇਮੋਰੇ ਨਾਂ ਦੇ ਖੋਜ ਕਾਰਜ ਦੀ ਸਹਿ-ਸੰਪਾਦਨਾ ਕੀਤੀ। ਇਹ ਖੋਜ ਕਾਰਜ 2018 ਵਿਚ ਛਪਿਆ। ਵੱਖ-ਵੱਖ ਰਸਾਲਿਆਂ ਵਿਚ ਉਨ੍ਹਾਂ ਦੇ ਇਤਿਹਾਸ ਅਤੇ ਧਰਮ ਅਧਿਐਨ ਬਾਰੇ ਲੇਖ ਛਪਦੇ ਰਹਿੰਦੇ ਹਨ। ਉਹ ਮੌਜੂਦਾ ਸਮੇਂ ਪੰਜਾਬੀ ਭਾਸ਼ਾ ਅਤੇ ਪੰਜਾਬੀ ਸਾਹਿਤ ਦੇ ਅਰੰਭਕ ਆਧੁਨਿਕ ਅਤੇ ਆਧੁਨਿਕ ਉਭਾਰ ਦੇ ਇਤਿਹਾਸ ਬਾਰੇ ਖੋਜ ਕਾਰਜ ਕਰ ਰਹੇ ਹਨ। ਪੰਜਾਬੀ ਕੈਨੇਡੀਅਨ ਕਲਚਰਲ ਪ੍ਰੋਡਕਸ਼ਨ ਵਿਚ ਵੀ ਉਨ੍ਹਾਂ ਦੀ ਖ਼ਾਸ ਦਿਲਚਸਪੀ ਹੈ।

ਡੀਨ ਆਫ਼ ਆਰਟਸ ਰਿਸਰਚ ਐਵਾਰਡ ਦੇ ਨਾਲ-ਨਾਲ ਉਨ੍ਹਾਂ ਨੂੰ ਕਈ ਐਵਾਰਡ ਮਿਲ ਚੁੱਕੇ ਹਨ। ਉਹ 2016-17 ਵਿਚ ਯੂ.ਬੀ.ਸੀ. ਵਿਖੇ ਐਡਵਾਂਸਡ ਸਟੱਡੀਜ਼ ਲਈ ਪੀਟਰ ਵਾਲ ਇੰਸਟੀਚਿਊਟ ਵਿਖੇ ਵਾਲ ਸਕਾਲਰ ਰਹੇ ਹਨ। ਉਨ੍ਹਾਂ ਦਾ ਤਾਜ਼ਾ ਖੋਜ ਕਾਰਜ ਪਾਕਿਸਤਾਨੀ ਪੰਜਾਬੀ ਲੇਖਕ ਜ਼ੁਬੇਰ ਅਹਿਮਦ ਦੀਆਂ ਲਘੂ-ਕਹਾਣੀਆਂ 'ਤੇ ਹੈ ਜੋ 20 19 ਵਿਚ ਪ੍ਰਕਾਸ਼ਤ ਹੋਣ ਜਾ ਰਿਹਾ ਹੈ। ਭਾਰਤ, ਪਾਕਿਸਤਾਨ ਅਤੇ ਪੰਜਾਬੀ ਪਰਵਾਸੀਆਂ ਦੇ ਇਤਿਹਾਸਕ ਖੋਜ ਕਾਰਜਾਂ ਲਈ ਉਨ੍ਹਾਂ ਨੂੰ ਕਨੇਡੀਅਨ ਸੋਸ਼ਲ ਸਾਇੰਸਜ਼ ਐਂਡ ਹਿਊਮੈਨੀਟੀਜ਼ ਰਿਸਰਚ ਕੌਂਸਲ (ਐਸ.ਐਸ.ਐਚ.ਆਰ.ਸੀ.) ਵਲੋਂ ਗਰਾਂਟ ਵੀ ਦਿੱਤੀ ਗਈ।

ਲੰਘੇ ਵਰ੍ਹੇ ਦੀ 22 ਦਸੰਬਰ ਨੂੰ ਐਨ.ਮਰਫ਼ੀ ਸਾਡੇ ਵਿਸ਼ੇਸ਼ ਸੱਦੇ 'ਤੇ ਮੁਹਾਲੀ 'ਸਵਾਲ' ਦੇ ਦਫ਼ਤਰ ਆਏ। ਸਬੱਬੀਂ ਐਡਮਿੰਟਨ (ਕਨੇਡਾ) ਤੋਂ ਪੰਜਾਬੀ ਅਖਬਾਰ 'ਨਵੀਂ ਦੁਨੀਆ ਦੇ ਸੰਪਾਦਕ ਨਵਤੇਜ ਬੈਂਸ ਵੀ ਆਏ ਹੋਏ ਸਨ। ਦਸੰਬਰ ਦੀ ਉਸ ਖੂਬਸੂਰਤ ਤੇ ਠੰਢੀ ਦੁਪਹਿਰ ਨੂੰ ਐਨ. ਮਰਫ਼ੀ ਨਾਲ ਹੋਈਆਂ ਨਿੱਘੀਆਂ 'ਗੱਲਾਂ' ਪਾਠਕਾਂ ਦੀ ਨਜ਼ਰ।

ਮੁਲਾਕਾਤੀ : ਸੁਸ਼ੀਲ ਦੁਸਾਂਝ

### ਦੋ ਹਿੱਸਿਆਂ ਵਿਚ ਵੰਡੀ ਜ਼ਿੰਦਗੀ

ਸਵਾਲ : ਐਨ ਮਰਫ਼ੀ ਜੀ, ਤੁਸੀਂ ਵੱਖਰੇ ਮੁਲਕ ਵੱਖਰੇ ਸਭਿਆਚਾਰ 'ਚੋਂ ਉਠ ਕੇ ਪੰਜਾਬੀ ਵੱਲ ਆਏ। ਇਹਦੇ ਬਾਰੇ ਅੱਗੇ ਜਾ ਕੇ ਗੱਲ ਕਰਾਂਗੇ, ਪਹਿਲਾਂ ਅਸੀਂ ਇਹ ਜਾਣਨਾ ਚਾਹਾਂਗੇ ਕਿ ਤੁਹਾਡਾ ਅਸਲ ਮੂਲ ਕੀ ਹੈ ?

ਮਰਫ਼ੀ : ਹਾਂ ਜੀ, ਲੋਕ ਅਕਸਰ ਮੈਨੂੰ ਪੁਛਦੇ ਹਨ ਕਿ ਮੈਂ ਪੰਜਾਬੀ ਵੱਲ ਕਿਵੇਂ ਖਿੱਚੀ ਗਈ...ਅਜਿਹਾ ਇਸ ਭਾਸ਼ਾ ਵਿਚ ਕੀ ਸੀ ਕਿ ਇਸ ਨੂੰ ਮੈਂ ਸਿੱਖਿਆ...ਮੈਂ ਇਸ ਦਾ ਜਵਾਬ ਦੇਣ ਤੋਂ ਪਹਿਲਾਂ ਆਪਣੇ ਬਾਰੇ ਦਸ ਦਿਆਂ। ਮੈਂ ਮੂਲ ਤੌਰ 'ਤੇ ਆਇਰਸ਼ ਹਾਂ। ਮੈਂ ਕੋਈ 9 ਵਰ੍ਹਿਆਂ ਦੀ ਹੋਵਾਂਗੀ ਜਦੋਂ ਮੇਰੇ ਪਿਤਾ ਜੀ ਦਾ ਦੇਹਾਂਤ ਹੋ ਗਿਆ। ਉਸ ਵੇਲੇ ਮੇਰੀ ਮਾਂ ਨੇ ਫ਼ੈਸਲਾ ਕੀਤਾ ਸੀ ਕਿ ਉਹ ਆਪਣੇ ਬੱਚਿਆਂ ਨੂੰ ਆਪਣੇ ਜੱਦੀ ਪਿੰਡ ਆਇਰਲੈਂਡ ਲੈ ਕੇ ਜਾਵੇ। ਸੋ, ਜਦੋਂ ਵੀ ਗਰਮੀਆਂ ਦੀਆਂ ਛੁੱਟੀਆਂ ਹੋਣੀਆਂ ਤਾਂ ਅਸੀਂ ਆਪਣੇ ਪਿੰਡ ਚਲੇ ਜਾਂਦੇ ਸਾਂ।

ਆਇਰਲੈਂਡ ਨੂੰ ਸੰਨ 1921 ਵਿਚ ਆਜ਼ਾਦੀ ਮਿਲੀ ਸੀ ਪਰ ਉਸ ਸਮੇਂ ਦੇਸ਼ ਦਾ ਬਟਵਾਰਾ ਹੋ ਗਿਆ: ਇਕ ਹਿੱਸੇ ਦਾ ਨਾਂ 'ਆਇਰਸ਼ ਫਰ੍ਹੀ ਸਟੇਟ' ਰੱਖਿਆ ਗਿਆ ਜੋ ਬਾਅਦ ਵਿਚ 'ਰੀਪਬਲਿਕ ਔਫ ਆਇਰਲੈਂਡ' ਬਣ ਗਿਆ। ਦੂਜਾ ਹਿੱਸਾ ਉਤਰ ਵੱਲ ਸੀ ਜੋ ਇੰਗਲੈਂਡ ਦੇ ਨਾਲ ਰਹਿ ਗਿਆ ਅਤੇ ਜਿਸਦਾ ਨਾਮ 'ਉਤਰੀ ਆਇਰਲੈਂਡ' ਪਿਆ।

.. ਤੁਸੀਂ ਜਾਣਦੇ ਹੀ ਹੋਵੋਗੇ ਕਿ ਉਸ ਵੇਲੇ ਪ੍ਰੋਟੈਸਟੈਂਟਾਂ ਤੇ ਕੈਥੋਲਿਕਾਂ ਵਿਚਾਲੇ ਸੰਘਰਸ਼ ਚੱਲ ਰਿਹਾ ਸੀ। ਵੈਸੇ ਤਾਂ ਆਇਰਲੈਂਡ ਦੇ ਸੰਘਰਸ਼ ਦਾ ਇਤਿਹਾਸ ਬਹੁਤ ਲੰਮਾ ਹੈ ਪਰ ਸੰਖੇਪ ਵਿਚ ਗੱਲ ਕਰੀਏ ਤਾਂ ਬਰਤਾਨਵੀ ਹਕੂਮਤ ਨੇ ਬਹੁਤ ਧੱਕੇਸ਼ਾਹੀਆਂ ਕੀਤੀਆਂ। ਹਜ਼ਾਰਾਂ ਲੋਕਾਂ ਨੂੰ ਕੰਮ ਕਰਨ ਲਈ ਪਰਵਾਸ ਕਰਨਾ ਪਿਆ। ਬਰਤਾਨਵੀ ਹਕੂਮਤ ਦੇ ਜਾਣ ਨਾਲ ਦੇਸ਼ ਦਾ ਬਟਵਾਰਾ ਹੋਇਆ। ਅਸੀਂ ਵੈਸੇ ਦੱਖਣੀ ਆਇਰਲੈਂਡ ਤੋਂ ਹਾਂ, ਸੋ ਇਸ ਦਾ ਅਸਰ ਸਾਡੇ 'ਤੇ ਨਹੀਂ ਸੀ ਪਿਆ। ਪਰ ਮੈਂ ਅਕਸਰ ਸੁਣਦੀ ਰਹਿੰਦੀ ਸਾਂ...ਸ਼ਾਇਦ ਇਹੀ ਕਾਰਨ ਸਨ ਕਿ ਮੈਂ ਬਸਤੀਵਾਦ ਬਾਰੇ ਜਾਣ ਸਕੀ... ਉਨ੍ਹਾਂ ਸਥਿਤੀਆਂ ਨੂੰ ਸਮਝ ਸਕੀ। ਇਸ ਤੋਂ ਪਹਿਲਾਂ ਮੇਰਾ ਭਾਰਤ ਨਾਲ ਕੋਈ ਵਾਹ-ਵਾਸਤਾ ਨਹੀਂ ਸੀ... ਅਸੀਂ ਆਇਰਲੈਂਡ ਤੋਂ ਸਾਂ...ਗ਼ਰੀਬ ਸਾਂ...ਪੜ੍ਹੇ-ਲਿਖੇ ਨਹੀਂ ਸਾਂ... ਮੈਂ ਆਪਣੀ ਮਾਂ ਦੇ ਪਰਿਵਾਰ ਵਿਚ ਇਕੱਲੀ ਹਾਂ ਜਿਸ ਨੇ ਪੀ.ਐਚ.ਡੀ. ਕੀਤੀ ਤੇ ਆਪਣੇ ਬਾਪ ਦੇ ਪਰਿਵਾਰ ਵਿਚੋਂ ਮੇਰੇ ਤੋਂ ਪਹਿਲਾਂ ਸਿਰਫ਼ ਮੇਰੇ ਚਾਚੇ ਨੇ ਹੀ ਪੀ.ਐਚ.ਡੀ. ਕੀਤੀ ਸੀ।

ਦਰਅਸਲ, ਮੇਰੀ ਜ਼ਿੰਦਗੀ ਦੋ ਹਿੱਸਿਆਂ ਵਿਚ ਵੰਡੀ ਹੈ...ਕਿਉਂਕਿ ਮੇਰਾ ਜਨਮ ਨਿਊ ਯਾਰਕ (ਬਰੁੱਕਲਨ) ਦਾ ਹੈ...ਇਕ ਹਿੱਸਾ ਮੇਰਾ ਆਇਰਲੈਂਡ ਦਾ ਤੇ ਦੂਜਾ ਨਿਊ ਯਾਰਕ ਦਾ। ਸੋ, ਮੈਂ ਕਦੇ ਨਹੀਂ ਸੋਚਿਆ ਸੀ ਕਿ ਮੈਂ ਸਿਰਫ਼ ਆਇਰਸ਼ ਬਾਰੇ ਜਾਣਾ...ਮੈਂ ਹੋਰ ਵੀ ਬਹੁਤ ਕੁਝ ਜਾਣਨਾ



ਚਾਹੁੰਦੀ ਸਾਂ...ਭਾਰਤ ਬਾਰੇ ਜਾਣਨ ਦੀ ਇੱਛਾ ਵੀ ਇਸੇ ਕਰਕੇ ਹੋਈ ਕਿਉਂਕਿ ਇਸ ਨੇ ਬਰਤਾਨਵੀ ਹਕੂਮਤ ਦਾ ਸੰਤਾਪ ਹੰਢਾਇਆ ਸੀ...ਇੱਥੇ ਵੀ ਬਰਤਾਨਵੀ ਬਸਤੀਵਾਦ ਨੇ ਧਰਮਾਂ ਦੇ ਨਾਂ 'ਤੇ ਵੰਡੀਆਂ ਪਾਈਆਂ... ਇਹ ਲੜਾਈ ਧਰਮ ਦੀ ਨਹੀਂ ਸੀ ਪਰ ਧਰਮ ਦੇ ਰੂਪ ਵਿਚ ਪੇਸ਼ ਜ਼ਰੂਰ ਕੀਤੀ ਗਈ...ਮੈਨੂੰ ਇਹ ਇਕੋ ਕਿਸਮ ਦਾ ਸੰਘਰਸ਼...ਇਕੋ ਕਿਸਮ ਦਾ ਦਰਦ ਮਹਿਸੂਸ ਹੁੰਦਾ ਸੀ...। ਸੋ, ਵਧੇਰੇ ਜਾਣਕਾਰੀ ਲੈਣ ਲਈ ਯੂਨੀਵਰਸਿਟੀ ਆਹੈਫ਼ ਵਿਸਕੋਨਸਿਨ (ਮੈਡੀਸਨ) ਵਿਖੇ ਪੜ੍ਹਾਈ ਦੌਰਾਨ ਮੈਂ ਯੂਨੀਵਰਸਿਟੀ ਦੇ ਇਕ ਪ੍ਰੋਗਰਾਮ ਤਹਿਤ ਇਕ ਸਾਲ ਲਈ ਨੇਪਾਲ ਵੀ ਰਹੀ। ਮੈਂ ਕਦੇ ਵੀ ਘੁੰਮਣ-ਫਿਰਨ ਦੇ ਇਰਾਦੇ ਨਾਲ ਕਿਤੇ ਨਹੀਂ ਗਈ...ਮੇਰਾ ਮਕਸਦ ਪੜ੍ਹਾਈ ਤੇ ਉਥੋਂ ਦੀਆਂ ਸਥਿਤੀਆਂ ਨੂੰ ਜਾਣਨਾ ਹੁੰਦਾ ਹੈ।

ਸਵਾਲ : ਕਿੰਨੀ ਕੁ ਉਮਰ ਵਿਚ ਤੁਹਾਨੂੰ ਇਹ ਸੋਝੀ ਆਈ ਕਿ ਜੋ ਕੁਝ ਆਇਰਸ਼ ਲੋਕਾਂ ਨਾਲ ਹੋਇਆ, ਉਵੇਂ ਹੀ ਭਾਰਤੀਆਂ ਨਾਲ ਤੇ ਹੋਰ ਬਹੁਤ ਸਾਰੇ ਮੁਲਕਾਂ ਨਾਲ ਵੀ ਵਾਪਰਿਆ ?

ਮਰਫ਼ੀ : ਮੈਂ ਕੋਈ 19-20 ਸਾਲ ਦੀ ਸਾਂ...ਕਾਲਜ ਵਿਚ ਇਤਿਹਾਸ ਪੜ੍ਹ ਰਹੀ ਸਾਂ...ਤੇ ਮੈਨੂੰ ਲਗਦਾ ਸੀ ਕਿ ਇਹ ਸਮਸਿਆ ਸਾਂਝੀ ਹੈ...ਮੈਂ ਸਮਝਣਾ ਚਾਹੁੰਦੀ ਸਾਂ ਕਿ ਸਾਰੀ ਦੁਨੀਆ ਵਿਚ ਹੋਰ ਕਿਹੜੇ ਮੁਲਕ ਹਨ ਜਿਨ੍ਹਾਂ ਉਪਰ ਬਸਤੀਵਾਦ ਦਾ ਅਸਰ ਰਿਹਾ ਹੈ...ਮੈਂ ਸਮਝਣਾ ਚਾਹੁੰਦੀ ਸਾਂ ਕਿਉਂ ਮੇਰੇ ਪਰਿਵਾਰ ਵਿਚ ਏਨਾ ਦੁੱਖ ਹੈ... ਇਹ ਦੁੱਖ ਇਥੋਂ ਦੇ ਲੋਕਾਂ ਨੇ ਵੀ ਹੰਢਾਇਆ ਹੈ

ਇਸ ਲਈ ਜਦੋਂ ਮੈਂ ਵੱਡੀ ਹੋ ਕੇ ਭਾਰਤ ਅਤੇ ਪੰਜਾਬ ਬਾਰੇ ਸਿਖਣਾ ਸ਼ੁਰੂ ਕੀਤਾ ਤਾਂ ਮੈਨੂੰ ਬਹੁਤ ਕੁਛ ਜਾਣਿਆ ਪਛਾਣਿਆ ਲੱਗਾ ਤੇ ਮੈਨੂੰ ਲੱਗਾ ਕਿ ਮੇਰੀ ਆਪਣੀ ਜ਼ਿੰਦਗੀ ਦਾ ਵੀ ਇਸ ਨਾਲ ਸੰਬੰਧ ਹੈ।

...ਸੋ ਮੈਂ ਹਿੰਦੀ ਸਿੱਖੀ...ਉਰਦੂ-ਸੰਸਕ੍ਰਿਤ ਦੀ ਪੜ੍ਹਾਈ ਕੀਤੀ, ਉਰਦੂ ਸ਼ਾਇਰੀ ਮੈਨੂੰ ਬਹੁਤ ਪਸੰਦ ਹੈ ਤੇ ਹੌਲੀ ਹੌਲੀ ਮੈਂ ਪੰਜਾਬ ਵੱਲ ਆਈ...ਤੇ ਪੰਜਾਬੀ ਸਿੱਖਣੀ ਸ਼ੁਰੂ ਕੀਤੀ ਕਿਉਂਕਿ ਮੈਨੂੰ ਲਗਦਾ ਸੀ ਕਿ ਇਹ ਬਹੁਤ ਮਹੱਤਵਪੂਰਨ ਭਾਸ਼ਾ ਹੈ...ਜਦੋਂ ਮੈਂ ਪੰਜਾਬੀ ਸਿੱਖਣ ਇੱਧਰ ਆਈ ਸਾਂ ਤਾਂ ਪਤਾ ਨਹੀਂ ਮੈਨੂੰ ਕਿਉਂ ਲਗਦਾ ਸੀ ਕਿ ਜਿਵੇਂ ਆਪਣੇ ਘਰ ਆਈ ਹੋਵਾਂ...ਆਪਣੇ ਪਰਿਵਾਰ ਵਿਚ ਆਈ ਹੋਵਾਂ.. ਮੈਂ ਪੰਜਾਬੀ ਨਹੀਂ ਸਾਂ ਪਰ ਫਿਰ ਵੀ ਸੰਬੰਧ ਬਣਦਾ ਰਿਹਾ। ਮੈਨੂੰ ਅੱਜ ਤੱਕ ਪੰਜਾਬ ਦੇ ਪਿੰਡ ਮੇਰੇ ਆਇਰਲੈਂਡ ਦਿਆਂ ਪਿੰਡਾਂ ਵਰਗੇ ਲਗਦੇ ਹਨ।

ਜਦੋਂ ਵੀ ਮੈਂ ਪੰਜਾਬ ਆਉਂਦੀ ਹਾਂ ਤਾਂ ਕਦੇ ਕੁਝ ਵੀ ਓਪਰਾ ਨਹੀਂ ਲਗਦਾ।

...ਸ਼ਾਇਦ ਪੰਜਾਬ ਦਾ ਲੋਕ ਸਭਿਆਚਾਰ ਕਾਫ਼ੀ ਅਸਰ ਕਰਦਾ ਹੈ...ਮੈਨੂੰ ਇਹਦੇ ਸ਼ਬਦਾਂ ਨਾਲ ਪਿਆਰ ਹੈ...ਮੈਨੂੰ ਇਹ ਆਇਰਸ਼ ਵਾਂਗ ਹੀ ਲਗਦਾ ਹੈ ਜਿੱਥੇ ਲੋਕ ਸ਼ਾਇਦ ਜ਼ਿਆਦਾ ਪੜ੍ਹੇ-ਲਿਖੇ ਨਹੀਂ ਹਨ...ਪਰ ਇਨ੍ਹਾਂ ਨੂੰ ਸ਼ਬਦਾਂ ਨਾਲ ਪਿਆਰ ਹੈ...ਸੰਗੀਤ ਨਾਲ, ਨਾਚ ਨਾਲ, ਕਲਾ ਨਾਲ ਇਨ੍ਹਾਂ ਲੋਕਾਂ ਨੂੰ ਪਿਆਰ ਹੈ...। ਇਹ ਪੰਜਾਬ ਦੀ ਧਰਤੀ ਦੀ ਖਿੱਚ ਸੀ

### ਪੰਜਾਬੀ ਨਾਲ ਮੋਹ

ਸਵਾਲ : ਤੁਸੀਂ ਸੰਜੀਦਗੀ ਨਾਲ ਪੰਜਾਬੀ ਲਿਖਣੀ/ਬੋਲਣੀ ਕਿਵੇਂ ਸਿੱਖੀ ?

ਮਰਫ਼ੀ : ਸੰਜੀਦਗੀ ਨਾਲ ਮੈਂ ਨਿਉਯਾਰਕ ਵਿਚ ਕੋਲੰਬੀਆ ਯੂਨੀਵਰਸਿਟੀ ਤੋਂ ਪੰਜਾਬੀ ਸਿੱਖਣੀ ਸ਼ੁਰੂ ਕੀਤੀ। ਇੰਝ ਹੌਲੀ ਹੌਲੀ ਆਦਤ ਬਣਦੀ ਗਈ। ਫੇਰ ਵਾਰ ਵਾਰ ਮੈਂ ਪੰਜਾਬ ਆਉਣ ਲੱਗੀ, ਲੋਕਾਂ ਨਾਲ ਮੇਲ ਜੋਲ ਵਧਿਆ। ਪੰਜਾਬੀ ਇਤਿਹਾਸ ਵਿਚ ਪੀ.ਐਚ.ਡੀ. ਕਰਨ ਵੇਲੇ ਮੇਰੀ ਪੰਜਾਬੀ ਹੋਰ ਨਿਖਰਨ ਲੱਗੀ

ਸਵਾਲ : ਨਾਲ ਨਾਲ ਕੁੱਝ ਹੋਰ ਭਾਰਤੀ ਭਾਸਾ ਸਿੱਖਣ ਦਾ ਸਿਲਸਿਲਾ ਕਿਵੇਂ ਚੱਲਦਾ ਰਿਹਾ ?

ਮਰਫ਼ੀ : ਦਰਅਸਲ ਮੈਂ ਸਾਲ 1995 ਵਿਚ ਹੀ ਯੂਨੀਵਰਸਿਟੀ ਔਫ ਵਾਸ਼ਿੰਗਟਨ ਤੋਂ ਹਿੰਦੀ ਵਿਚ ਐਮ. ਏ. ਕਰ ਲਈ ਸੀ, ਇਹਦੇ ਨਾਲ ਨਾਲ ਸੰਸਕ੍ਰਿਤ ਦਾ ਵੀ ਅਧਿਐਨ ਕੀਤਾ। ਕੋਲੰਬੀਆ ਯੂਨੀਵਰਸਿਟੀ ਵਿਚ ਪੀ.ਐਚ.ਡੀ. ਦੌਰਾਨ ਫ਼ਾਰਸੀ ਤੇ ਉਰਦੂ ਵੀ ਸਿੱਖ ਲਈ। ਸਾਲ 1988-1989 ਵਿਚ ਮੈਂ ਤਿੱਬਤੀ ਅਤੇ ਨੇਪਾਲੀ



ਭਾਸ਼ਾਵਾਂ ਵੀ ਸਿਖੀਆਂ।

ਸਵਾਲ : ਪਹਿਲੀ ਵਾਰ ਤੁਸੀਂ ਕਿਹੜੇ ਸਾਲ ਪੰਜਾਬ ਆਏ ?

ਮਰਫ਼ੀ : ਉੱਨੀ ਸੌ ਅਠਾਂਨਵੇਂ!! ਨਾਇਨਟੀ ਏਟ ? ਮੈਂ ਠੀਕ ਕਿਹਾ...ਗਿਣਤੀ ਵਿਚ ਮੈਂ ਹਾਲੇ ਵੀ ਮਾਰ ਖਾ ਜਾਂਦੀ ਹਾਂ। ਹਾ...ਹਾ..ਫੇਰ ਲਗਾਤਾਰ ਆਉਣ ਜਾਣ ਬਣ ਗਿਆ। ਅੱਜ ਫੇਰ ਤੁਹਾਡੇ ਕੋਲ ਬੈਠੀ ਹਾਂ। ਇਹ ਸ਼ਾਇਦ ਮੇਰਾ ਵੀਹਵਾਂ ਗੇੜਾ ਐ ਪੰਜਾਬ ਦਾ।

ਸਵਾਲ : ਆਪਣੀ ਪਹਿਲੀ ਫੇਰੀ ਬਾਰੇ ਦੱਸੋ, ਉਹ ਕਿਹੋ ਜਿਹਾ ਦੌਰ ਸੀ ?

ਮਰਫ਼ੀ : ਪੰਜਾਬ ਉਸ ਸਮੇਂ ਮੁਸ਼ਕਲ ਦੌਰ ਵਿਚੋਂ ਕਰੀਬ-ਕਰੀਬ ਲੰਘ ਚੁੱਕਾ ਸੀ...ਤੁਹਾਨੂੰ ਤਾਂ ਉਹ ਸਮਾਂ ਪਤਾ ਹੀ ਹੈ...ਮਾਹੌਲ ਠੀਕ ਹੋ ਰਿਹਾ ਸੀ ਇਸੇ ਲਈ ਮੈਨੂੰ ਵੀ ਆਉਣ ਦੀ ਆਗਿਆ ਮਿਲ ਸਕੀ ਸੀ...ਹਾਲਾਤ ਖ਼ਰਾਬ ਹੋਣ ਕਾਰਨ ਵਿਦੇਸ਼ੀਆਂ ਨੂੰ ਆਉਣ ਨਹੀਂ ਸਨ ਦਿੰਦੇ।

ਸਵਾਲ : ਇੱਥੇ ਆ ਕੇ ਹੀ ਤੁਸੀ ਸਾਹਿਤਕਾਰਾਂ ਦੇ ਸੰਪਰਕ ਵਿਚ ਆਏ ? ਨਾਲ ਹੀ ਦੱਸੋ ਕਿ ਕਿਹੜੇ ਲੇਖਕ ਜਾਂ ਰਚਨਾਵਾਂ ਹਨ ਜਿਨ੍ਹਾਂ ਨੂੰ ਤੁਸੀਂ ਨਿੱਠ ਕੇ ਪੜ੍ਹਿਆ।

ਮਰਫ਼ੀ : ਦਰਅਸਲ, ਮੈਂ ਸਭਿਆਚਾਰਕ ਇਤਿਹਾਸ 'ਤੇ ਕੰਮ ਕਰ ਰਹੀ ਸਾਂ ਤੇ ਮੈਂ ਸਿੱਖ ਇਤਿਹਾਸ...ਸਿੱਖ ਧਰਮ ਬਾਰੇ ਜਾਣਕਾਰੀ ਲਈ ਤੇ ਅੰਗਰੇਜ਼ੀ ਵਿਚ ਸਿੱਖ ਇਤਿਹਾਸ ਬਾਰੇ ਕਿਤਾਬ ਵੀ ਲਿਖੀ। ਮੈਂ ਕਈ ਲੇਖਕਾਂ ਨੂੰ ਮਿਲੀ ਜਿਨ੍ਹਾਂ ਨੇ ਖੁਲ੍ਹ ਦਿਲੀ ਨਾਲ ਮੇਰਾ ਸਵਾਗਤ ਕੀਤਾ। ਮੈਂ ਉਨ੍ਹਾਂ ਤੋਂ ਬਹੁਤ ਪ੍ਰਭਾਵਤ ਹੋਈ।

ਜਿਥੋਂ ਤੱਕ ਪੜ੍ਹਨ ਦੀ ਗੱਲ ਹੈ ਤਾਂ ਮੈਂ ਪੀ.ਐਚ.ਡੀ. ਕਰ ਰਹੀ ਸੀ ਤਾਂ ਸੈਨਾਪਤੀ ਦੀ ਗੁਰਸੋਭਾ, ਰਤਨ ਸਿੰਘ ਭੰਗੂ ਦੀ ਪੰਥ ਪਰਕਾਸ਼, ਵਾਰਿਸ ਸ਼ਾਹ ਦੀ ਹੀਰ, ਜਨਮ ਸਾਖੀਆਂ, ਤੇ ਗੁਰਬਾਣੀ ਪੜ੍ਹੀ ਤੇ ਹੋਰ ਵੀ ਪੁਰਾਤਨ ਰਚਨਾਵਾਂ ਪੜ੍ਹਨ ਦੀ ਜਗਿਆਸਾ ਰਹੀ ਹੈ। ਅੰਮ੍ਰਿਤਾ ਪ੍ਰੀਤਮ, ਮੋਹਨ ਸਿੰਘ, ਨਾਨਕ ਸਿੰਘ, ਕਰਤਾਰ ਸਿੰਘ ਦੁੱਗਲ, ਕੁਲਵੰਤ ਸਿੰਘ ਵਿਰਕ ਮੇਰੇ ਪਸੰਦੀਦਾ ਲੇਖਕ ਹਨ ।

ਭਾਈ ਵੀਰ ਸਿੰਘ ਤੋਂ ਲੈ ਕੇ ਅਜੀਤ ਕੌਰ, ਫੇਰ ਸੁਰਜੀਤ ਪਾਤਰ ਤੱਕ ਆਧੁਨਿਕ ਪੰਜਾਬੀ ਸਾਹਿਤ ਵੀ ਪੜ੍ਹਿਆ। ਮੈਂ ਨੌਕਰੀ ਲਈ ਵੈਨਕੂਵਰ ਗਈ...ਉਥੇ ਮੈਂ ਸਾਧੂ ਬਿਨਿੰਗ ਹੋਰਾਂ ਨੂੰ ਮਿਲੀ...ਉਹ ਉਥੇ ਯੂ.ਬੀ.ਸੀ. ਵਿਚ ਪੜ੍ਹਾਉਂਦੇ ਸਨ...ਉਹ ਬਹੁਤ ਕੰਮ ਕਰ ਰਹੇ ਸਨ... ਖ਼ੈਰ, ਸਵਾਲ ਵੀ ਕਰ ਰਹੇ ਨੇ...ਸੁਖਵੰਤ ਹੁੰਦਲ ਹੋਰਾਂ ਨਾਲ ਵੀ ਮੇਰੀ ਮੁਲਾਕਾਤ ਹੋਈ ਤੇ ਮੈਂ ਦੇਖਿਆ ਕਿ ਕਿੰਨਾ ਕੰਮ ਹੋ ਰਿਹਾ ਹੈ ਇਧਰ। ਅਜਮੇਰ ਰੋਡੇ ਤੇ ਹੋਰ ਵੀ ਬਹੁਤ ਲੇਖਕਾਂ ਨੂੰ ਮਿਲੀ ਤੇ ਮਹਿਸੂਸ ਕੀਤਾ ਕਿ ਇਹ ਕੰਮ ਕਾਫ਼ੀ ਅਹਿਮੀਅਤ ਰੱਖਦਾ ਹੈ। ਇਸੇ ਕਰਕੇ ਆਧੁਨਿਕ ਪੰਜਾਬੀ ਸਾਹਿਤ ਤੇ ਬੋਲੀ ਵੱਲ ਬਹੁਤ ਜ਼ਿਆਦਾ ਧਿਆਨ ਦੇਣ ਲੱਗ ਪਈ।

ਸਵਾਲ : ਜਿਵੇਂ ਤੁਸੀਂ ਹਿੰਦੀ, ਉਰਦੂ ਤੇ ਫਾਰਸੀ ਸਿੱਖੀ, ਉਵੇਂ ਪੰਜਾਬੀ ਵੀ ਸਿੱਖੀ ਪਰ ਪੰਜਾਬੀ ਚੇਅਰ 'ਤੇ ਕੰਮ ਕਰਨ ਲਈ ਤੁਸੀਂ ਵਿਦਿਅਕ ਯੋਗਤਾ ਵੀ ਤਾਂ ਹਾਸਲ ਕੀਤੀ ਹੋਵੇਗੀ ? ਤੁਸੀਂ ਕੀ ਪੜ੍ਹਾਈ ਕੀਤੀ ?

ਮਰਫ਼ੀ : ਦਰਅਸਲ, ਇਹਦੇ ਲਈ ਕਿਸੇ ਵਿਦਿਅਕ ਯੋਗਤਾ ਦੀ ਲੋੜ ਨਹੀਂ ਸੀ...ਸਾਡੇ ਇੱਥੇ ਸਿਸਟਮ ਕੁਝ ਵੱਖਰਾ ਹੈ...ਮੈਨੂੰ ਖ਼ਾਸ ਕਰਕੇ ਚੁਣਿਆ ਸੀ ਕਿਉਂਕਿ ਮੈਂ ਇਤਿਹਾਸਕਾਰ ਹਾਂ...ਸੋ ਮੈਂ ਇਤਿਹਾਸ ਬਾਰੇ ਪੜ੍ਹਾਉਂਦੀ ਹਾਂ...ਤੇ ਇਸ ਦੇ ਨਾਲ ਮੈਂ ਬੋਲੀ ਸਿਖਾਉਂਦੀ ਹਾਂ... ਯੂਨੀਵਰਸਿਟੀ ਚਾਹੁੰਦੀ ਹੈ ਕਿ ਮੈਂ ਕਿਤਾਬਾਂ ਲਿਖਾਂ, ਖ਼ਾਸ ਕਰਕੇ ਅੰਗਰੇਜ਼ੀ ਵਿਚ। ਪਰ ਮੇਰਾ ਪਿਆਰ ਪੰਜਾਬੀ ਨਾਲ ਹੈ, ਇਸ ਲਈ ਮੈਂ ਇਹਨੂੰ ਪ੍ਰਚਾਰਦੀ ਹਾਂ। ਮੈਂ ਵਿਦਿਆਰਥੀਆਂ ਤੱਕ ਪਹੁੰਚ ਕਰਦੀ ਹਾਂ ਕਿ ਉਹ ਪੰਜਾਬੀ ਵੱਲ ਆ ਜਾਣ...ਭਾਵੇਂ ਮੇਰਾ ਇਹ ਕੰਮ ਨਹੀਂ ਪਰ ਮੈਨੂੰ ਚੰਗਾ ਲਗਦਾ ਹੈ।

ਸਵਾਲ : ਪੰਜਾਬੀ ਭਾਸ਼ਾ ਨੂੰ ਪ੍ਰਚਾਰਨ ਤੋਂ ਇਲਾਵਾ ਇਹਦੇ 'ਤੇ ਤੁਸੀਂ ਕੋਈ ਹੋਰ ਠੋਸ ਕੰਮ ਵੀ ਕਰ ਰਹੇ ਹੋ ?

ਮਰਫ਼ੀ : ਮੇਰੀ ਪਹਿਲੀ ਕਿਤਾਬ ਸਿੱਖ ਇਤਿਹਾਸ ਬਾਰੇ ਸੀ ਪਰ ਮੈਂ ਨਾਲੋ-ਨਾਲ ਹੋਰਨਾਂ ਧਰਮਾਂ ਦਾ ਵੀ ਅਧਿਐਨ ਕੀਤਾ ..ਮੈਂ ਸਿਰਫ਼ ਸਿੱਖ ਇਤਿਹਾਸ ਤੱਕ ਸੀਮਤ ਨਾ ਹੋ ਕੇ ਪੰਜਾਬੀ ਬੋਲੀ, ਪੰਜਾਬੀ ਸਭਿਆਚਾਰ ਬਾਰੇ ਜਾਣਨਾ ਚਾਹੁੰਦੀ ਹਾਂ...ਸੋ, ਮੇਰੇ ਦੋ ਪ੍ਰੋਜੈਕਟ ਹਨ- ਪੰਜਾਬੀ ਬੋਲੀ ਕਿਵੇਂ ਪੈਦਾ ਹੋਈ...1600-1700 ਦੇ ਵਿਚ ਬਹੁਤ ਸਾਰੀਆਂ ਭਾਸ਼ਾਵਾਂ ਪੈਦਾ ਹੋਈਆਂ-ਅਵਧੀ, ਉਰਦੂ। ਸੋ, ਮੈਂ ਸਮਝਣਾ ਚਾਹੁੰਦੀ ਹਾਂ ਕਿ ਪੰਜਾਬੀ ਦਾ ਇਨ੍ਹਾਂ ਭਾਸ਼ਾਵਾਂ ਨਾਲ ਕੀ ਤੇ ਕਿੰਨਾ ਕੁ ਸਬੰਧ ਹੈ। ਦੂਜਾ ਮੈਂ ਆਧੁਨਿਕ ਸਾਹਿਤ ਤੇ ਬੋਲੀ ਬਾਰੇ ਖੋਜ ਕਰ ਰਹੀ ਹਾਂ।

ਮੇਰੇ ਨਾਇਕ

ਸਵਾਲ : ਤੁਸੀਂ ਸਿੱਖ ਇਤਿਹਾਸ 'ਤੇ ਜਿੰਨਾ ਵੀ ਕੰਮ ਕੀਤਾ, ਉਸ ਆਧਾਰ 'ਤੇ ਤੁਸੀਂ ਕਿਸ ਨੂੰ ਆਪਣੇ ਨਾਇਕ ਵਜੋਂ ਤਸੱਵਰ ਕਰਦੇ ਹੋ ? ਤੇ ਕਿਉਂ ?

ਮਰਫ਼ੀ : ਹਾ...ਹਾ...ਇਹ ਬਹੁਤ ਮੁਸ਼ਕਲ ਇਮਤਿਹਾਨ ਹੈ। ਖ਼ੈਰ, ਮੈਂ ਗੁਰੂ ਨਾਨਕ ਨੂੰ ਸਿੱਖ ਨਾਇਕ ਵਜੋਂ ਦੇਖਦੀ ਹਾਂ... ਜਿੱਥੋਂ ਤੱਕ ਕਿਉਂ ਦਾ ਸਵਾਲ ਹੈ ਤਾਂ ਮੈਂ ਮੰਨਦੀ ਹਾਂ ਕਿ ਗੁਰੂ ਨਾਨਕ ਆਲਮੀ ਫ਼ਿਲਾਸਫਰ ਨੇ...ਉਹ ਸਭ ਤੋਂ ਮਹੱਤਵਪੂਰਨ ਨਾਇਕ ਨੇ...।

ਸਵਾਲ : ਜਦੋਂ ਤੁਸੀਂ ਬਸਤੀਵਾਦ ਦੀ ਗੱਲ ਕਰਦੇ ਹੋ ਤਾਂ ਆਜ਼ਾਦੀ ਸੰਘਰਸ਼ ਬਾਰੇ ਵੀ ਤੁਸੀਂ ਪੜ੍ਹਿਆ-ਜਾਣਿਆ ਹੋਵੇਗਾ। ਆਜ਼ਾਦੀ ਸੰਘਰਸ਼ ਵਿਚ ਤੁਸੀਂ ਬੰਗਾਲੀਆਂ ਤੇ ਪੰਜਾਬੀਆਂ ਦੇ ਯੋਗਦਾਨ ਬਾਰੇ ਵੀ ਨਜ਼ਰ ਜ਼ਰੂਰ ਮਾਰੀ ਹੋਵੇਗੀ। ਪੰਜਾਬੀਆਂ ਦੇ ਇਸ ਯੋਗਦਾਨ ਨੂੰ ਸੱਮੁਚਤਾ ਵਿਚ ਲੈਣ ਦੀ ਥਾਂ ਕੁਝ ਲੋਕ ਇਸ ਨੂੰ ਸਿੱਖਾਂ ਤੱਕ ਮਹਿਦੂਦ ਕਰ ਦਿੰਦੇ ਹਨ। ਉਹ ਇਸ ਅੰਦੋਲਨ ਨੂੰ ਧਰਮ ਨਾਲ ਬੰਨ੍ਹ ਦਿੰਦੇ ਹਨ। ਇਹਦੇ ਬਾਰੇ ਤੁਹਾਡੀ ਕੀ ਰਾਏ ਹੈ ?

ਮਰਫ਼ੀ : ਜਦੋਂ ਮੈਂ ਭਾਰਤ ਦੇ ਆਜ਼ਾਦੀ ਅੰਦੋਲਨ ਬਾਰੇ ਗੱਲ ਕਰਦੀ ਹਾਂ ਤਾਂ ਮੈਂ ਹਮੇਸ਼ਾ ਕਹਿੰਦੀ ਹਾਂ ਕਿ ਸਿੱਖਾਂ ਦਾ ਤੇ ਪੰਜਾਬੀਆਂ ਦਾ ਰੋਲ ਬਹੁਤ ਹੀ ਗੁੰਝਲਦਾਰ ਹੈ...ਅਸੀਂ ਇਸ ਨੂੰ ਇਕ ਹੀ ਰੂਪ ਵਿਚ ਨਹੀਂ ਦੇਖ ਸਕਦੇ...ਜਿਸ ਤਰ੍ਹਾਂ ਕੁਝ ਲੋਕ ਮਹਾਤਮਾ ਗਾਂਧੀ ਦੀ ਅਹਿੰਸਾ ਨਾਲ ਸਹਿਮਤ ਸਨ...ਉਨ੍ਹਾਂ ਨੇ ਬਸਤੀਵਾਦ ਖ਼ਿਲਾਫ਼ ਅਹਿੰਸਾ ਦਾ ਰਸਤਾ ਅਖ਼ਤਿਆਰ ਕੀਤਾ ਪਰ ਕੁਝ ਲੋਕ ਸਨ ਜੋ ਹਿੰਸਾ ਵਿਚ ਵਿਸ਼ਵਾਸ ਰੱਖਦੇ ਸਨ, ਸੋ ਇਹਦੇ ਵਿਚ ਇਕੱਲੇ ਸਿੱਖਾਂ ਦੀ ਕੋਈ ਗੱਲ ਹੀ ਨਹੀਂ... ਸਾਰੇ ਪੰਜਾਬੀਆਂ ਦੀ, ਸਾਰੇ ਭਾਰਤੀਆਂ ਦੀ ਗੱਲ ਹੈ। ਸਾਰਿਆਂ ਨੇ ਇਕੱਠੇ ਹੋ ਕੇ ਕੰਮ ਕੀਤਾ। ਇਸੇ ਤਰ੍ਹਾਂ ਜਦੋਂ ਗ਼ਦਰ ਲਹਿਰ ਬਾਰੇ ਗੱਲ ਕਰੀਏ ਤਾਂ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹਦੇ ਵਿਚ ਸਿੱਖ ਵੱਡੀ ਗਿਣਤੀ ਵਿਚ ਸ਼ਾਮਲ ਸਨ ਪਰ ਇਹ ਸਿੱਖ ਲਹਿਰ ਨਹੀਂ ਸੀ...ਇਹ ਦੇਸ਼ ਆਜ਼ਾਦ ਕਰਾਉਣ ਦੀ ਸਮਹੂਕ ਲਹਿਰ ਸੀ...ਉਹ ਸਾਫ਼ ਕਹਿੰਦੇ ਸਨ ਕਿ ਉਨ੍ਹਾਂ ਦਾ ਸੰਘਰਸ਼ ਧਰਮ ਨਿਰਪੱਖ ਦੇਸ਼ ਵਾਸਤੇ ਹੈ। ਅਸੀਂ ਇਹ ਨਹੀਂ ਕਹਿੰਦੇ ਕਿ ਉਹ ਸਿੱਖ ਨਹੀਂ ਸਨ ਪਰ ਉਨ੍ਹਾਂ ਨੇ ਆਪਣੇ ਧਰਮ ਤੋਂ ਉਤਸ਼ਾਹ ਲੈ ਕੇ ਸੰਘਰਸ਼ ਕੀਤਾ ਤਾਂ ਜੋ ਧਰਮ ਨਿਰਪੱਖ ਭਾਰਤ ਬਣਾਇਆ ਜਾ ਸਕੇ।

ਸਵਾਲ : ਜਿਵੇਂ ਤੁਸੀਂ ਗੁਰੂ ਨਾਨਕ ਜੀ ਨੂੰ ਸਭ ਤੋਂ ਵੱਡੇ ਸਿੱਖ ਨਾਇਕ ਵਜੋਂ ਤਸੱਵਰ ਕਰਦੇ ਹੋ, ਇਸੇ ਤਰ੍ਹਾਂ ਭਾਰਤ ਦੇ ਆਜ਼ਾਦੀ ਅੰਦੋਲਨ ਵਿਚਲੀ ਕਿਹੜੀ ਹਸਤੀ ਤੁਹਾਨੂੰ ਸਭ ਤੋਂ ਜ਼ਿਆਦਾ ਪ੍ਰਭਾਵਤ ਕਰਦੀ ਹੈ ?

ਮਰਫ਼ੀ : ਹਾ...ਹਾ...ਇਹ ਵੀ ਮੁਸ਼ਕਲ ਸਵਾਲ ਹੈ... ਆਸਾਨ ਨਹੀਂ ਇਹਦਾ ਜਵਾਬ ਦੇਣਾ...ਪਰ ਜਿੰਨਾ ਕੁ ਮੈਂ ਭਗਤ ਸਿੰਘ ਬਾਰੇ ਪੜ੍ਹਿਆ, ਇਹੀ ਸਮਝ ਆਇਆ ਕਿ ਉਹ ਧਰਮ ਨਿਰਪੱਖ ਸਨ...ਉਹ ਕਿਸੇ ਵੀ ਧਰਮ ਦੀ ਵਕਾਲਤ ਨਹੀਂ ਸਨ ਕਰਦੇ। ਉਨ੍ਹਾਂ ਦੇ ਵਿਚਾਰ ਬਹੁਤ ਅਹਿਮੀਅਤ ਰੱਖਦੇ ਹਨ... ਉਹ ਬਹੁਤ ਗੰਭੀਰ ਤੇ ਸੰਜੀਦਾ ਸੋਚਦੇ ਸਨ...ਕਿ ਕਿਹੋ ਜਿਹਾ ਭਾਰਤ ਹੋਣਾ ਚਾਹੀਦਾ ਹੈ। ਭਾਰਤ ਦੇ ਆਜ਼ਾਦੀ ਅੰਦੋਲਨ ਦਾ ਹਰ ਨਾਇਕ ਹੀ ਮੇਰਾ ਨਾਇਕ ਵੀ ਹੈ ਪਰ ਭਗਤ ਸਿੰਘ ਦੇ ਤਾਂ ਕੀ ਕਹਿਣੇ! ਉਹ ਬਹੁਤ ਵੱਖਰੇ ਸਨ। ਜੋਸ਼ ਤੇ ਹੋਸ਼ ਦੀ ਅਸਲੀ ਤਸਵੀਰ। ਉਨ੍ਹਾਂ ਦੀ ਪਰਪੱਕ ਵਿਚਾਰਧਾਰਾ ਉਨ੍ਹਾਂ ਨੂੰ ਬਾਕੀਆਂ ਨਾਲੋਂ ਬਿਲਕੁਲ ਵੱਖਰੇ ਮੁਕਾਮ 'ਤੇ ਲੈ ਕੇ ਜਾਂਦੀ ਹੈ।

ਸਵਾਲ : ਸਾਡੇ ਇੱਥੇ ਹਰ ਰੰਗ ਦੇ ਸਿਆਸਤਦਾਨ ਭਗਤ ਸਿੰਘ ਨੂੰ ਵਰਤਣਾ ਚਾਹੁੰਦੇ ਹਨ ਜਿਹੜੇ ਉਨ੍ਹਾਂ ਦੀ ਵਿਚਾਰਧਾਰਾ ਦੇ ਖ਼ਿਲਾਫ਼ ਹਨ, ਉਹ ਵੀ ਤਸਵੀਰਾਂ ਚੁੱਕ ਕੇ ਭਗਤ ਸਿੰਘ ਦੇ ਨਾਅਰੇ ਲਾਉਂਦੇ ਹਨ। ਤੁਸੀਂ ਇਹਦੇ ਬਾਰੇ ਕੀ ਕਹੋਗੇ ?

ਮਰਫ਼ੀ : ਹਾਂ, ਸਹੀ ਗੱਲ ਐ...ਜਦੋਂ ਮੈਂ ਆਪਣੇ ਵਿਦਿਆਰਥੀਆਂ ਨੂੰ ਪੜ੍ਹਾਉਂਦੀ ਹਾਂ ਤਾਂ ਉਨ੍ਹਾਂ ਨੂੰ ਸਾਰੇ ਪੱਖਾਂ ਬਾਰੇ ਦੱਸਦੀ ਹਾਂ...ਕਿਵੇਂ ਉਨ੍ਹਾਂ ਦੇ ਨਾਂ ਨੂੰ ਵਰਤਿਆ ਜਾਂਦਾ ਹੈ...ਮੈਂ ਦੱਸਦੀ ਹਾਂ...ਬਿਨਾਂ ਸਾਰੇ ਪੱਖਾਂ ਨੂੰ ਪੜ੍ਹਿਆਂ ਤੁਸੀਂ ਕੋਈ ਇਕ ਰਾਏ ਨਾ ਬਣਾਓ। ਇਹ ਪੂਰੀ ਦੁਨੀਆ ਦਾ ਵਰਤਾਰਾ ਹੈ...ਜਾਣ ਬੁੱਝ ਕੇ ਗੁੰਝਲਾਂ ਪੈਦਾ ਕੀਤੀਆਂ ਜਾਂਦੀਆਂ ਹਨ...ਅਸੀਂ ਬਹੁਤ ਜਲਦੀ ਪ੍ਰਭਾਵ ਲੈਂਦੇ ਹਾਂ...ਉਤਸ਼ਾਹ ਵਿਚ ਆ ਜਾਂਦੇ ਹਨ... ਅਸੀਂ ਆਪ ਹੀ ਗੁੰਝਲਾਂ ਪੈਦਾ ਕਰਦੇ ਹਾਂ। ਨਾ ਸਿਰਫ਼ ਪੰਜਾਬੀਆਂ ਲਈ, ਬਲਕਿ ਸਾਰੀ ਦੁਨੀਆ ਲਈ ਜ਼ਰੂਰੀ ਹੈ ਕਿ ਉਹ ਇਨ੍ਹਾਂ ਗੁੰਝਲਾਂ ਵਿਚੋਂ ਬਾਹਰ ਆਉਣ। ਮੈਂ ਤਾਂ ਇਹੀ ਕੁਝ ਬੱਚਿਆਂ ਨੂੰ ਸਿਖਾਉਣ ਦੀ ਕੋਸ਼ਿਸ਼ ਕਰਦੀ ਹਾਂ...ਮੈਂ ਉਨ੍ਹਾਂ ਤੋਂ ਜਵਾਬ ਨਹੀਂ ਲੈਂਦੀ, ਬਲਕਿ ਸਵਾਲ ਦਿੰਦੀ ਹਾਂ ਕਿ ਤੁਸੀਂ ਫਲਾਣੇ ਮਸਲੇ ਨੂੰ ਕਿਸੇ ਹੋਰ ਪੱਖ ਤੋਂ ਵੀ ਦੇਖ ਸਕਦੇ ਹੋ।

ਬਸਤੀਵਾਦ ਦੇ ਅਸਰ

ਸਵਾਲ : ਤੁਸੀਂ ਗ਼ਦਰ ਲਹਿਰ ਦਾ ਜ਼ਿਕਰ ਕੀਤਾ ਹੈ। ਮੁਕੰਮਲ ਰੂਪ ਵਿਚ ਤੁਸੀਂ ਇਹਦੇ ਬਾਰੇ ਕੀ ਰਾਏ ਰੱਖਦੇ ਹੋ ?

ਮਰਫ਼ੀ : ਹਾਂ, ਮੈਂ ਕੋਈ ਗ਼ਦਰ ਲਹਿਰ ਦੀ ਸਕਾਲਰ ਨਹੀਂ ਹਾਂ ਪਰ ਥੋੜ੍ਹੇ ਬਹੁਤ ਆਪਣੇ ਪ੍ਰਭਾਵ ਜ਼ਰੂਰ ਦੇ ਸਕਦੀ ਹਾਂ ਕਿਉਂਕਿ ਅੰਗਰੇਜ਼ੀ ਵਿਚ ਵੀ ਇਸ ਬਾਰੇ ਬਹੁਤ ਕਿਤਾਬਾਂ ਆ ਚੁੱਕੀਆਂ ਨੇ...ਮੈਂ ਪੜ੍ਹਿਆ ਹੈ ਇਸ ਬਾਰੇ। ਉਨ੍ਹਾਂ ਗ਼ਦਰੀਆਂ ਨੇ ਅਮਰੀਕਾ ਵਿਚ ਰਹਿੰਦਿਆਂ ਸਮਝ ਲਿਆ ਸੀ ਕਿ ਨਸਲਵਾਦ ਤੇ ਬਸਤੀਵਾਦ ਦਾ ਆਪਸੀ ਸਬੰਧ ਹੈ। ਇਕ ਹੋਰ ਗੱਲ ਵੀ ਅਹਿਮ ਹੈ...ਜੋ ਮੈਨੂੰ ਲਗਦਾ ਹੈ ਕਿ ਕਾਫ਼ੀ ਕਿਤਾਬਾਂ ਇਹ ਸਾਂਝਾ ਨਹੀਂ ਕਰਦੀਆਂ...ਲੋਕ ਸਮਝਣ ਲੱਗੇ ਸਨ ਕਿ ਜਮਾਤ ਦੀ ਗੱਲ ਨਹੀਂ ਹੋ ਰਹੀ...'ਗ਼ਦਰ ਦੀ ਗੂੰਜ' ਅਖ਼ਬਾਰ ਵਿਚ ਇਹ ਗੱਲ ਸਾਹਮਣੇ ਆਈ ਕਿ ਇਹ ਜਮਾਤੀ ਵੰਡ ਦੀ ਗੱਲ ਹੈ...ਪੂਰੀ ਦੁਨੀਆ ਦੇ ਕਾਮਿਆਂ ਦੀ ਗੱਲ ਹੈ... ਉਨ੍ਹਾਂ ਦੇ ਦੁੱਖ-ਤਕਲੀਫਾਂ ਸਾਂਝੀਆਂ ਹਨ। ਨਸਲਵਾਦ ਬਹੁਤ ਭਾਰੂ ਸੀ। ਸੋ, ਅਸੀਂ ਜਦੋਂ ਕਾਮਾਗਾਟਾਮਾਰੂ ਨੂੰ ਦੇਖਦੇ ਹਾਂ, ਉਦੋਂ ਸੋਸ਼ਲਿਸਟ ਪਾਰਟੀ ਦੇ ਲੋਕਾਂ ਨੇ ਕਾਫ਼ੀ ਮਦਦ ਕੀਤੀ ਸੀ। ਇਹ ਲੜਾਈ ਆਮ ਗੋਰਿਆਂ ਖ਼ਿਲਾਫ ਨਹੀਂ ਗੋਰੀ ਹਕੂਮਤ ਖ਼ਿਲਾਫ਼ ਸੀ...ਖ਼ੈਰ, ਮੈਂ ਇਸ ਬਾਰੇ ਬਹੁਤ ਨਹੀਂ ਜਾਣਦੀ...ਹਾਂ, ਏਨਾ ਸਮਝਦੀ ਹਾਂ ਕਿ ਲੋਕ ਇਸ ਜ਼ੁਲਮ ਖ਼ਿਲਾਫ ਇਕਜੁਟ ਹੋਏ ਸਨ। ਮੈਂ ਸ਼ਾਇਦ ਆਪਣੀ ਗੱਲ ਪੂਰੀ ਤਰ੍ਹਾਂ ਨਾ ਸਮਝਾ ਸਕਾਂ ਪਰ ਏਨਾ ਕਹਿ ਸਕਦੀ ਹਾਂ ਕਿ ਗ਼ਦਰ ਨੇ ਸਾਨੂੰ ਇਹ ਜ਼ਰੂਰ ਸਿਖਾਇਆ ਕਿ ਅਸੀਂ ਆਪਣੇ ਉਪਰ ਹੋ ਰਹੇ ਨਸਲੀ ਜ਼ੁਲਮ ਤੇ ਜਮਾਤੀ ਵੰਡ ਖ਼ਿਲਾਫ਼ ਇਕਜੁਟ ਹੋ ਕੇ ਕਿਵੇਂ ਲੜ ਸਕਦੇ ਹਾਂ।

ਸਵਾਲ : ਤੁਸੀਂ ਆਇਰਸ਼ ਹੋ ਤੇ ਜਿਵੇਂ ਤੁਸੀਂ ਦੱਸਿਆ ਕਿ ਕਿਵੇਂ ਬਸਤੀਵਾਦ ਨੇ ਆਇਰਲੈਂਡ ਦਾ ਕਿੰਨਾ ਨੁਕਸਾਨ ਕੀਤਾ। ਭਾਸ਼ਾ ਦੇ ਮਾਮਲੇ ਵਿਚ ਵੀ ਬਹੁਤ ਨੁਕਸਾਨ ਪਹੁੰਚਿਆ ਹੈ। ਆਇਰਸ਼ ਭਾਸ਼ਾ ਦੀ ਅੱਜ ਸਥਿਤੀ ਕੀ ਹੈ ?

ਮਰਫ਼ੀ : ਆਇਰਸ਼ ਭਾਸ਼ਾ ਦੀ ਸਥਿਤੀ ਬਹੁਤ ਖ਼ਰਾਬ ਹੈ...ਉਹ ਬਹੁਤ ਘੱਟ ਬੋਲੀ ਜਾ ਰਹੀ ਹੈ। ਮੇਰੀ ਇਕ ਆਂਟੀ ਸੀ...ਜਿਹਦਾ 2010 ਵਿਚ ਦੇਹਾਂਤ ਹੋਇਆ ਹੈ... ਉਹ ਮੇਰੇ ਬਹੁਤ ਨੇੜੇ ਸੀ...ਉਹਨੂੰ ਆਇਰਸ਼ ਆਉਂਦੀ ਸੀ ਤੇ ਥੋੜ੍ਹੀ-ਬਹੁਤ ਉਹਨੇ ਮੈਨੂੰ ਵੀ ਸਿਖਾਈ। ਆਇਰਸ਼ ਏਨੀ ਬੋਲੀ ਨਹੀਂ ਜਾਂਦੀ...ਸ਼ਾਇਦ ਛੋਟੇ ਛੋਟੇ ਪਿੰਡਾਂ ਵਿਚ ਬੋਲੀ ਜਾਂਦੀ ਹੈ...ਹੌਲੀ ਹੌਲੀ ਖ਼ਤਮ ਹੋ ਰਹੀ ਹੈ। 1922 ਵਿਚ ਆਇਰਸ਼ ਲੋਕਾਂ ਨੂੰ ਆਜ਼ਾਦੀ ਮਿਲੀ। ਉਦੋਂ ਜ਼ਰੂਰ ਕੋਸ਼ਿਸ਼ਾਂ ਹੋਈਆਂ ਕਿ ਆਇਰਸ਼ ਬੋਲੀ ਨੂੰ ਬਚਾਇਆ ਜਾਵੇ। ਮੇਰੇ ਨਾਨੇ ਨੇ ਮੇਰੀ ਮਾਂ ਨੂੰ ਅਜਿਹੇ ਸਕੂਲ ਵਿਚ ਦਾਖ਼ਲ ਕਰਵਾਇਆ ਜਿੱਥੇ ਸਿਰਫ਼ ਆਇਰਸ਼ ਬੋਲੀ ਜਾਂਦੀ



ਸੀ...ਪਰ ਉਹਨੂੰ ਫੇਰ ਵੀ ਨਾ ਆਈ...ਉਹ ਕਹਿੰਦੀ ਹੁੰਦੀ ਸੀ ਕਿ ਮੈਨੂੰ ਮੈਥ ਪਸੰਦ ਨਹੀਂ ਕਿਉਂਕਿ ਸ਼ਾਇਦ ਉਸ ਨੇ ਆਇਰਸ਼ ਵਿਚ ਪੜ੍ਹਿਆ ਜੋ ਉਸ ਨੂੰ ਸਮਝ ਨਹੀਂ ਆਇਆ। ਪਰ ਮੈਂ ਸਮਝ ਸਕਦੀ ਹਾਂ ਕਿ ਬੋਲੀ ਦੀ ਕੀ ਅਹਿਮੀਅਤ ਹੈ।

ਸਵਾਲ : ਕਿੰਨੇ ਲੋਕ ਹੋਣਗੇ ਜੋ ਆਇਰਸ਼ ਬੋਲ ਲੈਂਦੇ ਨੇ?

ਮਰਫ਼ੀ : ਮੈਨੂੰ ਇਸ ਬਾਰੇ ਸਹੀ ਸਹੀ ਪਤਾ ਨਹੀਂ ਹੈ। ਲੋਕ ਜ਼ਿਆਦਾ ਅੰਗਰੇਜ਼ੀ ਬੋਲਦੇ ਨੇ।

ਸਵਾਲ : ਮੂਲ ਰੂਪ ਵਿਚ ਤੁਸੀਂ ਆਇਰਸ਼ ਹੋ ਤੇ ਸੰਕਟ ਵੀ ਤਾਂ ਸਭ ਤੋਂ ਜ਼ਿਆਦਾ ਆਇਰਸ਼ ਭਾਸ਼ਾ 'ਤੇ ਸੀ ਪਰ ਤੁਸੀਂ ਚੁਣੀ ਪੰਜਾਬੀ। ਇਹਦਾ ਕੀ ਕਾਰਨ ਹੈ?

ਮਰਫ਼ੀ : ਹਾ...ਹਾ...ਦਰਅਸਲ, ਮੈਂ ਮੇਰਾ ਮੂਲ ਤਾਂ ਆਇਰਸ਼ ਹੈ ਪਰ ਮੇਰਾ ਜਨਮ ਨਿਊ ਯਾਰਕ ਦਾ ਹੈ ਤੇ ਫੇਰ ਮੇਰਾ ਕਰਮ ਖੇਤਰ ਬਣ ਗਿਆ ਵੈਨਕੂਵਰ। ਵੈਨਕੂਵਰ ਆਉਣ ਤੋਂ ਪਹਿਲਾਂ ਹੀ ਮੈਂ ਪੰਜਾਬੀ ਪੜ੍ਹਨ ਲੱਗ ਗਈ ਸਾਂ।

ਵੈਂਨਕੂਵਰ ਉਹ ਇਲਾਕਾ ਹੈ, ਜਿੱਥੇ ਪੰਜਾਬੀ ਵੱਡੀ ਗਿਣਤੀ ਵਿਚ ਵਿਚਰਦੇ ਹਨ। ਜਦੋਂ ਮੈਂ ਵੈਂਨਕੂਵਰ ਆਈ ਤਾਂ ਇਥੋਂ ਦੇ ਪੰਜਾਬੀ ਲੋਕ ਤੇ ਲੇਖਕ ਆਪਣੇ ਆਪਣੇ ਹੀ ਲੱਗੇ। ਇਨ੍ਹਾਂ ਨਾਲ ਮੇਲ ਜੋਲ ਅਤੇ ਪੰਜਾਬੀ ਸਭਿਆਚਾਰ ਨਾਲ ਕਿਸੇ ਨਾ ਕਿਸੇ ਰੂਪ ਵਿਚ ਲਗਾਤਾਰ ਰਾਬਤਾ ਰਹਿਣ ਕਾਰਨ ਮੇਰਾ ਪੰਜਾਬੀ ਨਾਲ ਰਾਬਤਾ ਅਤੇ ਮੋਹ ਲਗਾਤਾਰ ਵੱਧਦਾ ਚਲਾ ਗਿਆ ਅਤੇ ਹੌਲੀ-ਹੌਲੀ ਪੰਜਾਬੀ ਦਾ ਸਾਹਿਤਕ ਮਾਹੌਲ ਵੀ ਮੈਨੂੰ ਰਾਸ ਆਉਂਦਾ ਚਲਾ ਗਿਆ।

ਉਂਝ ਮੈਂ ਵਾਅਦਾ ਕੀਤਾ ਹੈ ਕਿ ਆਇਰਸ਼ ਸਿੱਖਾਂਗੀ ਪਰ ਹਾਲੇ ਮੌਕਾ ਨਹੀਂ ਮਿਲਿਆ।

ਸਭਿਆਚਾਰਕ ਕਤਲੇਆਮ

ਸਵਾਲ : ਤੁਸੀਂ ਸਵਾਲ ਜਿਵੇਂ ਕੈਨੇਡਾ ਰਹਿ ਰਹੇ ਹੋ ਤਾਂ ਉਥੋਂ ਦੀਆਂ ਮੂਲ ਭਾਸ਼ਾਵਾਂ ਖ਼ਤਮ ਹੋ ਰਹੀਆਂ ਨੇ। ਸਕੂਲਾਂ ਵਿਚ ਵੀ ਕੋਈ ਨਹੀਂ ਬੋਲਦਾ। ਕੀ ਕਹੋਗੇ?

ਮਰਫ਼ੀ : ਸਹੀ ਗੱਲ ਹੈ, ਦਰਅਸਲ ਦੁਨੀਆ ਭਰ ਵਿਚ ਹੀ ਬੜੇ ਹੀ ਸਾਜ਼ਿਸ਼ਾਨਾ ਤਰੀਕੇ ਨਾਲ ਮੂਲ ਭਾਸ਼ਾਵਾਂ ਨੂੰ ਤੇ ਸਭਿਆਚਾਰਾਂ ਨੂੰ ਬਹੁਤ ਨੁਕਸਾਨ ਪਹੁੰਚਾਇਆ ਗਿਆ ਹੈ...ਦਰਅਸਲ, ਇਹ ਸਭਿਆਚਾਰਕ ਕਤਲੇਆਮ ਹੈ। ਵਪਾਰਕ ਭਾਸ਼ਾ ਦੇ ਨਾਂ 'ਤੇ ਹੌਲੀ ਹੌਲੀ ਮੂਲ ਭਾਸ਼ਾਵਾਂ ਸਾਜ਼ਿਸ਼ਾਨਾ ਢੰਗ ਨਾਲ ਖ਼ਤਮ ਕੀਤੀਆਂ ਜਾ ਰਹੀਆਂ ਨੇ। ਅਸੀਂ ਕੁੱਝ ਕੋਸ਼ਿਸ਼ਾਂ ਕਰ ਰਹੇ ਹਾਂ...ਇਸ ਵਾਸਤੇ ਅਸੀਂ ਯੂ.ਬੀ.ਸੀ. ਵਿਚ ਕੌਮਾਂਤਰੀ ਭਾਸ਼ਾਵਾਂ 'ਤੇ ਪ੍ਰੋਗਰਾਮ ਕਰਾਉਣ ਬਾਰੇ ਸੋਚਿਆ ਹੈ...ਜੋ ਹਰ ਵਰ੍ਹੇ ਕਰਵਾਇਆ ਜਾਵੇਗਾ। ਇਸ ਵਾਰ ਫਰਸਟ ਨੇਸ਼ਨ ਲੈਂਗੁਏਜ ਬਾਰੇ ਵਿਚਾਰਾਂ ਹੋਣਗੀਆਂ। ਇਸ ਨੂੰ ਅੱਗੇ ਤੋਰਨਾ ਹੀ ਸਾਡਾ ਮਕਸਦ ਹੈ ਤਾਂ ਜੋ ਅਸੀਂ ਸਾਰੇ ਆਪਣੀ-ਆਪਣੀ ਭਾਸ਼ਾ ਨੂੰ ਬਚਾਉਣ ਲਈ ਯਤਨ ਤੇਜ਼ ਕਰ ਸਕੀਏ।

ਸਵਾਲ : ਜਿਵੇਂ ਪੰਜਾਬੀ ਕਨੇਡਾ, ਅਮਰੀਕਾ ਜਾਂ ਉਹ ਜਿਹੜੇ ਜਿਹੜੇ ਮੁਲਕ ਵਿਚ ਵੀ ਗਏ, ਉਥੋਂ ਦੀ ਸਿਆਸਤ ਵਿਚ ਕਾਫ਼ੀ ਅਸਰ ਰੱਖਦੇ ਹਨ। ਇਸ ਦੇ ਬਾਵਜੂਦ ਉਹ ਯੂਨੀਵਰਸਿਟੀਆਂ, ਕਾਲਜਾਂ, ਸਕੂਲਾਂ ਵਿਚ ਪੰਜਾਬੀ ਉਸ ਪੱਧਰ 'ਤੇ ਲਾਗੂ ਨਹੀਂ ਕਰਵਾ ਸਕੇ। ਤੁਹਾਨੂੰ ਕੀ ਲਗਦਾ ਹੈ ਕਿ ਛੋਟੀਆਂ ਭਾਸ਼ਾਵਾਂ ਵਾਲੇ ਲੋਕ ਆਪਣੀਆਂ ਭਾਸ਼ਾਵਾਂ ਨੂੰ ਬਚਾ ਸਕਣਗੇ?

ਮਰਫ਼ੀ : ਨਹੀਂ, ਪੰਜਾਬੀ ਬ੍ਰਿਟਿਸ਼ ਕੋਲੰਬੀਆ ਦੇ ਕਈ ਸਕੂਲਾਂ ਤੇ ਹੋਰ ਕਈ ਯੂਨੀਵਰਸਿਟੀਆਂ ਵਿਚ ਪੜ੍ਹਾਈ ਜਾਂਦੀ ਹੈ ਪਰ ਮੈਨੂੰ ਲਗਦਾ ਹੈ ਕਿ ਪੰਜਾਬੀ ਵਾਸਤੇ ਹੋਰ ਵੀ ਬਹੁਤ ਕੁਝ ਕਰ ਸਕਦੇ ਹਾਂ। ਕੁਝ ਹਦ ਤੱਕ ਇਹ ਗੱਲ ਠੀਕ ਹੈ ਕਿ ਹਾਲੇ ਮਾਹੌਲ ਪੂਰਾ ਸਾਜ਼ਗਾਰ ਨਹੀਂ ਬਣਿਆ... ਪਰ ਬਣ ਸਕਦਾ ਹੈ। ਹਾਲੇ ਭਾਈਚਾਰਿਆਂ ਵਿਚ ਬੜੀਆਂ ਤਿੱਖੀਆਂ ਵੰਡੀਆਂ ਨੇ ਪਰ ਜੇ ਆਪੋ-ਆਪਣੀ ਹਉਮੈ ਨੂੰ ਛੱਡ ਕੇ... ਇਕੱਠੇ ਹੋ ਕੇ ਹੰਭਲਾ ਮਾਰੀਏ ਤਾਂ ਕੁਝ ਕੀਤਾ ਜਾ ਸਕਦਾ ਹੈ।

ਸਵਾਲ : ਇਹ ਤਾਂ ਉਮੀਦਾਂ ਨੇ ਤੇ ਅਸੀਂ ਸੋਚਦੇ ਹਾਂ ਕਿ ਪਹਿਲਾਂ ਸਾਰੇ ਪੰਜਾਬੀ 'ਕੱਠੇ ਹੋ ਜਾਣ...ਫੇਰ ਜਦੋਂ ਪੰਜਾਬੀ 'ਕੱਠੇ ਹੋ ਗਏ ਤਾਂ ਅਸੀਂ ਕਹਾਂਗੇ ਕਿ ਨਹੀਂ ਚੰਡੀਗੜ੍ਹ ਵਾਲੇ 'ਕੱਠੇ ਹੋ ਜਾਓ...ਲੁਧਿਆਣੇ ਦੇ... ਪਟਿਆਲੇ ਦੇ... ਤੇ ਇਹ ਵੰਡੀਆਂ ਕਦੇ ਖ਼ਤਮ ਨਹੀਂ ਹੋਣਗੀਆਂ। ਇਹ ਸਾਡੀਆਂ ਜੜ੍ਹਾਂ ਵਿਚ ਹੈ ਤੇ ਜਦੋਂ ਅਸੀਂ ਗ਼ੈਰ ਲਾਭਕਾਰੀ ਸੰਸਥਾ 'ਪਲੀ' ਦੀ ਗੱਲ ਕਰਦੇ ਹਾਂ ਤਾਂ ਉਸ ਵਿਚ ਸਾਧੂ ਬਿਨਿੰਗ ਤੇ ਬਲਵੰਤ ਸੰਘੇੜਾ ਹੋਰੀਂ ਬਹੁਤ ਵਧੀਆ ਕੰਮ ਕਰ ਰਹੇ ਨੇ। ਪਰ ਕੀ ਤੁਸੀਂ ਕੈਨੇਡਾ ਵਿਚ 'ਪਲੀ' ਵਰਗੀ ਕੋਈ ਹੋਰ ਸੰਸਥਾ ਦੇਖਦੇ ਹੋ?

ਮਰਫ਼ੀ : ਦਰਅਸਲ, ਇਹ ਸਵਾਲ ਤਾਂ ਮੇਰਾ ਬਨਦਾ ਹੈ। ਮੈਂ ਤੁਹਾਨੂੰ ਪੁਛਣਾ ਚਾਹੁੰਦੀ ਹਾਂ ਕਿ ਤੁਸੀਂ 'ਕੱਠੇ ਹੋ ਕੇ ਆਪਣੀ ਭਾਸ਼ਾ, ਆਪਣੇ ਸਭਿਆਚਾਰ ਲਈ ਕੰਮ ਕਿਉਂ ਨਹੀਂ ਕਰਦੇ?

ਸਵਾਲ : ਸਾਨੂੰ ਲਗਦਾ ਹੈ ਕਿ ਅਜਿਹੀ ਸੰਸਥਾ ਹੋਣੀ ਚਾਹੀਦੀ ਹੈ। ਤੁਹਾਡੇ ਵੈਨਕੂਵਰ ਵਿਚ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਵਿਚ ਤਾਂ ਬਾਕਾਇਦਾ ਪੰਜਾਬੀ ਦੀ ਚੇਅਰ ਹੈ। ਕਾਫੀ ਥਾਵਾਂ 'ਤੇ ਬਹੁਤ ਹਲਕੇ ਪੱਧਰ ਦੀ ਪੰਜਾਬੀ ਪੜ੍ਹਾਈ ਜਾਂਦੀ ਹੈ। ਪਰ ਚਲੋ, ਅਸੀਂ ਸ਼ਲਾਘਾ ਕਰਦੇ ਹਾਂ ਕਿ ਉਹ ਪੜ੍ਹਾਉਣ ਤਾਂ ਲੱਗੇ ਹੋਏ ਨੇ। ਇਸ ਤਰ੍ਹਾਂ ਦੀ ਲਗਾਤਾਰਤਾ ਨੂੰ ਕਾਇਮ ਰੱਖਣਾ ਬਹੁਤ ਔਖਾ ਹੈ। ਤੁਹਾਨੂੰ ਆਪਣੇ ਤਜਰਬੇ ਤੋਂ ਕਿਵੇਂ ਲਗਦਾ ਹੈ ਕਿ ਬਾਕੀ ਭਾਸ਼ਾਵਾਂ ਵਾਲੇ ਵੀ ਜੇਕਰ 'ਕੱਠੇ ਹੋ ਜਾਣ, ਕਿਉਂਕਿ ਲਗਪਗ ਸਾਰੀਆਂ ਹੀ ਲੋਕ ਜ਼ਬਾਨਾਂ ਨੂੰ ਖ਼ਤਰੇ ਆ ਪਏ ਹਨ?

ਮਰਫ਼ੀ : ਮੈਂ ਸਮਝਦੀ ਆਂ ਕਿ ਇਹ ਵਿਸ਼ਵ ਪੱਧਰ 'ਤੇ ਸੋਚਣ ਵਾਲੀ ਗੱਲ ਐ...ਮੈਂ ਥੋੜ੍ਹਾ ਜਿਹਾ ਇਸ ਤੋਂ ਅਲੱਗ ਹੋ ਕੇ ਸੋਚਦੀ ਹਾਂ...ਮੈਂ ਆਸ਼ਾਵਾਦੀ ਹਾਂ...ਮੈਨੂੰ ਲਗਦਾ ਹੈ ਕਿ ਜੇ ਲੋਕਾਂ ਨੂੰ ਪੰਜਾਬੀ ਭਾਸ਼ਾ, ਪੰਜਾਬੀ ਸਭਿਆਚਾਰ ਬਾਰੇ ਦੱਸਿਆ ਜਾਵੇ, ਤਾਂ ਥੋੜ੍ਹਾ ਹੋਰ ਵਧੇਰੇ ਕੰਮ ਹੋ ਸਕਦਾ ਹੈ।

ਸਵਾਲ : ਤੁਸੀਂ ਸਕਾਲਰ ਹੋ... ਇਹਦੇ 'ਤੇ ਬਹੁਤ ਕੰਮ ਕਰ ਰਹੇ ਹੋ... ਅਸੀਂ ਆਪਣੇ ਤਜਰਬੇ ਤੋਂ ਦੱਸ ਸਕਦੇ ਹਾਂ ਕਿ ਜਿਹੜੇ ਵਿਦੇਸ਼ਾਂ ਵਿਚ ਜੰਮਣ-ਪਲਣ ਵਾਲੇ ਪੰਜਾਬੀ ਘਰਾਂ ਦੇ ਨਿਆਣੇ ਨੇ, ਉਹ ਪੰਜਾਬੀ ਕਿਉਂ ਬੋਲਦੇ ਨੇ...ਪੰਜਾਬੀ ਕਿਉਂ ਸਿਖਦੇ ਨੇ...ਪੰਜਾਬੀ ਤੀਜੀ ਪੀੜ੍ਹੀ ਨਾਲ ਜੋੜਨ ਵਾਲੀ ਭਾਸ਼ਾ ਹੈ......ਦੂਜਾ ਉਹ ਇਸ ਕਰਕੇ ਸਿਖਦੇ ਨੇ ਕਿ ਉਨ੍ਹਾਂ ਨੂੰ ਮਿਊਜ਼ਕ ਪਸੰਦ ਹੈ, ਤੀਜੀ ਗੱਲ ਐ ਕਿ ਉਨ੍ਹਾਂ ਨੂੰ ਸਾਡਾ ਰੰਗਬਰੰਗਾ ਪਹਿਰਾਵਾ ਚੰਗਾ ਲਗਦਾ ਹੈ। ਜਿਸ ਵਿਸ਼ੇ 'ਤੇ ਤੁਸੀਂ ਕੰਮ ਕਰ ਰਹੇ ਹੋ, ਉਹ ਬੜਾ ਗੁੰਝਲਦਾਰ ਹੈ, ਖ਼ਾਸ ਤੌਰ 'ਤੇ ਪੰਜਾਬੀਆਂ ਤੇ ਸਿੱਖਾਂ ਲਈ। ਕੋਈ ਕਹਿੰਦਾ ਹੈ ਕਿ ਸਾਡਾ ਸਭਿਆਚਾਰ ਇਹ ਹੈ...ਕੋਈ ਕਹਿੰਦਾ ਸਾਡਾ ਸਭਿਆਚਾਰ ਇਹ ਹੈ...ਪਰ ਪੰਜਾਬੀਆਂ ਦਾ ਪਿਛੋਕੜ ਤਾਂ ਗ਼ਦਰੀਆਂ ਦਾ ਸੰਘਰਸ਼ ਹੈ। ਸਵਾਲ ਜਿਹੜੀ ਆਧੁਨਿਕ ਪੀੜ੍ਹੀ ਹੈ...ਤੁਹਾਨੂੰ ਲਗਦਾ ਹੈ ਕਿ ਉਹ ਸ਼ੋਰ-ਸ਼ਰਾਬੇ ਵਾਲੇ ਗਾਉਣ-ਵਜਾਉਣ ਤੋਂ ਅੱਗੇ ਨਿਕਲ ਕੇ ਸਾਹਿਤ ਪੜ੍ਹਨਗੇ? ਏਨਾ ਅਮੀਰ ਜਿਹੜਾ ਸਾਡਾ ਵਿਰਸਾ ਹੈ, ਉਹਦੇ ਤੋਂ ਕੋਈ ਪ੍ਰੇਰਨਾ ਲੈਣਗੇ?

ਮਰਫ਼ੀ : ਮੈਨੂੰ ਲਗਦਾ ਹੈ ਜ਼ਰੂਰ ਲੈਣਗੇ...ਮੈਂ ਤਾਂ ਚੰਗੀ ਉਮੀਦ ਹੀ ਕਰ ਸਕਦੀ ਹੈ।

ਕਨੇਡਾ ਵਿਚ ਪੰਜਾਬੀ

ਸਵਾਲ : ਚੱਲੋ, ਇਹਦੇ ਨਾਲ ਹੀ ਇਕ ਗੱਲ ਹੋਰ ਜੋੜੀਏ। ਇਹ ਜਿਹੜਾ ਕਰਿਸ-ਕਰਾਸ ਹੈ ਵਿਆਹਾਂ ਦਾ, ਕੀ ਇਹ ਵੀ ਕੁਝ ਅਸਰ ਕਰ ਰਿਹਾ ਹੈ? ਜਿਵੇਂ ਤੁਹਾਡੇ ਉਥੇ ਸਾਡੇ ਇਕ ਦੋਸਤ ਰਹਿੰਦੇ ਨੇ...ਅਸੀਂ ਉਨ੍ਹਾਂ ਨੂੰ ਗਲੋਬਲ ਸਿਟੀਜ਼ਨ ਕਹਿੰਦੇ ਹਾਂ...ਉਨ੍ਹਾਂ ਦੇ ਪਰਿਵਾਰ ਦਾ ਇਕ ਮੈਂਬਰ ਇੰਗਲਿਸ਼ ਔਰਤ ਨਾਲ ਵਿਆਹਿਆ ਹੋਇਆ ਹੈ...ਉਨ੍ਹਾਂ ਦੀ ਇਕ ਨੂੰਹ ਕਿਸੇ ਹੋਰ ਦੇਸ਼ ਤੋਂ ਹੈ... ਇਸ ਤਰ੍ਹਾਂ ਦੀ ਜੋ ਸਭਿਆਚਾਰਕ ਸਾਂਝ ਬਣ ਰਹੀ ਹੈ...ਉਹ ਭਾਸ਼ਾਵਾਂ/ਸਭਿਆਚਾਰ ਨੂੰ ਅੱਗੇ ਲਿਜਾ ਰਹੀ ਹੈ ਜਾਂ ਰੋਕ ਰਹੀ ਹੈ?

ਮਰਫ਼ੀ : ਹਾ...ਹਾ...ਦੇਖੋ, ਮੈਂ ਪੰਜਾਬੀ ਨਹੀਂ ਹਾਂ ਪਰ ਮੈਨੂੰ ਪੰਜਾਬੀ ਆਉਂਦੀ ਹੈ ...ਸੋ, ਮੈਨੂੰ ਲਗਦਾ ਹੈ ਕਿ ਇਸ ਵਰਤਾਰੇ ਨੂੰ ਰੋਕਣ ਦੀ ਲੋੜ ਨਹੀਂ। ਜ਼ਰੂਰੀ ਹੈ ਕਿ ਉਹ ਬੋਲੀ ਦਾ ਆਦਰ ਕਰਨ। ਮੈਂ ਫੇਰ ਦੂਜੀ ਗੱਲ 'ਤੇ ਵਾਪਸ ਆਉਣਾ ਚਾਹੁੰਦੀ ਹਾਂ...ਜਿਵੇਂ ਯੂ.ਬੀ.ਸੀ. ਵਿਚ ਕੰਮ ਕਰ ਰਹੀ ਹਾਂ...ਸਿੱਖ ਇਤਿਹਾਸ ਪੜ੍ਹਾ ਰਹੀ ਹਾਂ...ਪਹਿਲੀ ਵਾਰ ਮੇਰੇ ਕੋਲ 15 ਬੱਚੇ ਆਏ ਸਨ...ਸਵਾਲ 80 ਦੇ ਕਰੀਬ ਹਨ...ਪੰਜਾਬੀ ਪਿਛੋਕੜ ਵਾਲੇ ਬੱਚਿਆਂ ਵਿਚ ਇਹਦੇ ਲਈ ਕਾਫ਼ੀ ਦਿਲਚਸਪੀ ਹੈ। ਮੈਂ ਚਾਹੁੰਦੀ ਹਾਂ ਕਿ ਭਵਿੱਖ ਵਿਚ ਦੂਜੇ ਭਾਈਚਾਰਿਆਂ ਦੇ ਬੱਚੇ ਵੀ ਇਸ ਵਿਚ ਸ਼ਾਮਲ ਹੋਣ... ਮੇਰੀ ਕੋਸ਼ਿਸ਼ ਜਾਰੀ ਹੈ। ਉਂਜ ਜਿਹੜੇ ਵੀ ਪੰਜਾਬੀ ਬੱਚੇ ਯੂ.ਬੀ.ਸੀ. ਆਉਂਦੇ ਹਨ ਉਹ ਇਸ ਕਲਾਸ ਵਿਚ ਜ਼ਰੂਰ ਆਉਣਾ ਚਾਹੁੰਦੇ ਨੇ।



ਸਵਾਲ : ਉਨ੍ਹਾਂ ਨੇ ਸਿਰਫ ਆਪਣਾ ਵਿਦਿਅਕ ਕਰੈਡਿਟ ਹੀ ਲੈਣਾ ਹੁੰਦਾ ਹੈ ਜਾਂ ਕੋਈ ਹੋਰ ਕਾਰਨ ਹੈ?

ਮਰਫ਼ੀ : ਨਹੀਂ...ਨਹੀਂ...ਉਹ ਸਿਰਫ਼ ਆਰਟਸ ਦੇ ਹੀ ਵਿਦਿਆਰਥੀ ਨਹੀਂ ਹੁੰਦੇ...ਉਹ ਸਾਇੰਸ ਜਾਂ ਹੋਰ ਵਿਸ਼ਿਆਂ ਦੇ ਬੱਚੇ ਵੀ ਹੁੰਦੇ ਨੇ...ਕੁਝ ਬੱਚਿਆਂ ਲਈ ਇਹ ਮੇਜਰ ਸਬਜੈਕਟ ਹੁੰਦਾ ਹੈ ਪਰ ਬਾਕੀ ਮਾਈਨਰ ਸਬਜੈਕਟ ਵਜੋਂ ਪੰਜਾਬੀ ਪੜ੍ਹਦੇ ਨੇ। ਉਹ ਕਲਾਸ ਵਿਚ ਆਉਂਦੇ ਹਨ...ਪੰਜਾਬੀ ਫ਼ਿਲਮਾਂ ਵੀ ਦੇਖਦੇ ਨੇ...ਮੈਂ ਪਿਛਲੇ ਸਮੈਸਟਰ ਵਿਚ ਉਨ੍ਹਾਂ ਨੂੰ ਵਾਰਿਸ ਸ਼ਾਹ ਪੜ੍ਹਾਇਆ। ਮੈਨੂੰ ਲਗਦਾ ਹੈ ਜੇ ਤੁਸੀਂ ਆਪਣੇ ਐਡਮਿੰਟਨ, ਅਲਬਰਟਾ ਵਿਚ ਵੀ ਇਹ ਕੋਸ਼ਿਸ਼ ਕਰੋ, ਤਾਂ ਹੋ ਸਕਦਾ ਹੈ। ਜਦੋਂ ਤੁਸੀਂ ਇਕ ਕਦਮ ਵਧਾਉਂਦੇ ਹੋ ਤਾਂ ਇਕ-ਇਕ ਕਦਮ ਨਾਲ ਜੁੜਦਾ ਜਾਂਦਾ ਹੈ। ਮੈਂ ਖ਼ੁਦ ਹੈਰਾਨ ਸਾਂ ਕਿ ਇਹ ਕਿਵੇਂ ਹੋ ਗਿਆ...ਜਦੋਂ ਮੈਂ ਵੈਨਕੂਵਰ ਵਿਚ ਇਹ ਕੰਮ ਸ਼ੁਰੂ ਕੀਤਾ ਤਾਂ ਸੋਚਿਆ ਨਹੀਂ ਸੀ ਕਿ ਏਨਾ ਹੁੰਗਾਰਾ ਮਿਲੇਗਾ। ਮੇਰੇ ਕੋਲ ਪੰਜਾਬੀ ਪਿਛੋਕੜ ਦੇ ਜੋ ਬੱਚੇ ਆਉਂਦੇ ਹਨ...ਉਹ ਆਪਣੇ ਇਤਿਹਾਸ ਬਾਰੇ ਜਾਨਣਾ ਚਾਹੁੰਦੇ ਨੇ...ਸੋ, ਤੁਸੀਂ ਵੀ ਹੰਭਲਾ ਮਾਰੋ, ਕਾਮਯਾਬੀ ਜ਼ਰੂਰ ਮਿਲੇਗੀ।

ਸਵਾਲ : ਜਿਵੇਂ ਨਵਤੇਜ ਹੋਰਾਂ ਨੇ ਬੱਚਿਆਂ ਬਾਰੇ ਤੁਹਾਨੂੰ ਸਵਾਲ ਕੀਤਾ ਸੀ...ਦਰਅਸਲ ਤੁਸੀਂ ਨਵੀਂ ਪੀੜ੍ਹੀ ਦੇ ਬਹੁਤ ਛੋਟੇ ਹਿੱਸੇ ਨਾਲ ਜੁੜੇ ਹੋ। 70-80 ਵਿਦਿਆਰਥੀ ਤੁਹਾਡੇ ਕੋਲ ਆਉਂਦੇ ਹਨ। ਪਰ ਵੱਡੀ ਗਿਣਤੀ ਬੱਚੇ ਸੰਗੀਤ...ਜੋ ਸਿਰਫ਼ ਨਾਂ ਦਾ ਹੀ ਸੰਗੀਤ ਰਹਿ ਗਿਆ ਹੈ...ਉਹਦੇ 'ਚੋਂ ਬਾਹਰ ਹੀ ਨਹੀਂ ਆ ਰਹੇ। ਫੇਰ ਤੁਸੀਂ ਉਥੇ ਪੰਜਾਬੀ ਦਾ ਭਵਿੱਖ ਕਿਵੇਂ ਦਾ ਦੇਖਦੇ ਹੋ?

ਮਰਫ਼ੀ : ਹਾਂ, ਮੈਂ ਸੀਮਤ ਗਰੁੱਪ ਨਾਲ ਕੰਮ ਕਰ ਰਹੀ ਹਾਂ...ਦਰਅਸਲ, ਚਿੰਤਾ ਵਾਲੀ ਗੱਲ ਇਹ ਹੈ ਕਿ ਜਿਹੜੀਆਂ ਫ਼ਿਲਮਾਂ ਬਣਾਈਆਂ ਜਾ ਰਹੀਆਂ ਨੇ...ਉਹ ਸਾਰੀਆਂ ਚੰਗੀਆਂ ਨਹੀਂ ਹਨ...ਉਨ੍ਹਾਂ ਵਿਚ ਹਿੰਸਾ... ਰੌਲੇ-ਰੱਪੇ ਵਾਲਾ ਸੰਗੀਤ ਹੈ...। ਮੈਂ ਸੋਚਦੀ ਹਾਂ ਕਿ ਫ਼ਿਲਮਾਂ ਬਹੁਤ ਅਹਿਮੀਅਤ ਰੱਖਦੀਆਂ ਨੇ...ਇਸ ਲਈ ਇਨ੍ਹਾਂ ਦਾ ਪੱਧਰ ਉੱਚਾ ਹੋਣਾ ਚਾਹੀਦਾ ਹੈ।

ਬਾਕੀ ਪੰਜਾਬੀ ਦੇ ਰੌਸ਼ਨ ਭਵਿੱਖ ਲਈ ਤਾਂ ਸਮੂਹਕ ਯਤਨਾਂ ਦੀ ਜ਼ਰੂਰਤ ਹੈ, ਕਲੇ ਕਾਰੇ ਬੰਦੇ ਦਾ ਕੰਮ ਨਹੀਂ ਇਹ। ਚਿਰਾਗਾਂ ਦੀ ਡਾਰ ਲੋੜੀਂਦੀ ਹੈ।

ਭਾਸ਼ਾ ਵਿਚ ਰਲਾ

ਸਵਾਲ : ਤੁਸੀਂ ਬੜੀਆਂ ਖ਼ੂਬਸੂਰਤ ਕਵਿਤਾ ਵੀ ਲਿਖਦੇ ਹੋ। ਭਾਸ਼ਾ ਦੇ ਨਾਲ ਸਾਹਿਤ ਦੇ ਖੇਤਰ ਵਿਚ ਕਿਵੇਂ ਆਉਣ ਹੋਇਆ?

ਮਰਫ਼ੀ : ਮੈਂ ਬਚਪਨ ਵਿਚ ਹੀ ਸਾਹਿਤ ਦੇ ਨਾਲ ਨਾਲ ਰਹੀ ਹਾਂ। ਮੈਂ ਬਚਪਨ ਵਿਚ ਹੀ ਕਵਿਤਾ ਲਿਖਣੀ ਸ਼ੁਰੂ ਕਰ ਦਿਤੀ ਸੀ ਮੈਂ ਅਮਰੀਕਨ ਸਾਹਿਤ ਪੜ੍ਹਿਆ, ਅਮਰੀਕਨ ਸਭਿਆਚਾਰ ਦਾ ਅਧਿਅਨ ਕੀਤਾ, ਇਹਦੇ ਕਰਕੇ ਅੰਤਰ ਰਾਸ਼ਟਰੀ ਸਾਹਿਤ ਵਿਚ ਵੀ ਦਿਲਚਸਪੀ ਵਧਦੀ ਗਈ। ਕਵਿਤਾ ਨਾਲ ਗੂੜ੍ਹੀ ਸਾਂਝ ਹੈ ਮੇਰੀ ਪਰ ਮੇਰਾ ਬਹੁਤਾ ਧਿਆਨ ਅਤੇ ਅਧਿਐਨ ਇਤਿਹਾਸ ਤੇ ਭਾਸ਼ਾ ਵੱਲ ਹੀ ਹੈ।

ਸਵਾਲ : ਤੁਸੀਂ ਇੱਥੇ ਪੰਜਾਬ ਵਿਚ ਵੀ ਵਿਚਰਦੇ ਹੋ...ਤੇ ਲਹਿੰਦੇ ਪੰਜਾਬ ਭਾਵ ਪਾਕਿਸਤਾਨ ਵੀ ਜਾਂਦੇ ਰਹਿੰਦੇ ਹੋ...। ਕੁੱਝ ਲੋਕ ਇਹ ਕਹਿੰਦੇ ਨੇ ਕਿ ਉਧਰਲੀ ਪੰਜਾਬੀ, ਇਧਰ ਨਾਲੋਂ ਬਿਹਤਰ ਹੈ...ਵਧੀਆ ਬੋਲੀ ਜਾਂਦੀ ਹੈ...ਇਧਰਲੀ ਬੋਲੀ ਵਿਚ ਰਲਾ ਆ ਗਿਆ ਹੈ... ਇਹ ਵਰਤਾਰਾ ਵਿਕਾਸ ਨਾਲ ਵੀ ਜਾ ਜੁੜਦਾ ਹੈ... ਉਧਰ ਫਾਰਸੀ ਦਾ ਦਖ਼ਲ ਹੈ ਤੇ ਇਧਰ ਸੰਸਕ੍ਰਿਤ ਦਾ। ਵੱਡੇ ਵੱਡੇ ਆਲੋਚਕ ਵੀ ਪੰਜਾਬੀ ਦੀ ਥਾਂ ਸੰਸਕ੍ਰਿਤ ਦੇ ਸ਼ਬਦਾਂ ਦੀ ਵਰਤੋਂ ਕਰਦੇ ਹਨ। ਤੁਹਾਡੀ ਇਹਦੇ ਬਾਰੇ ਕੀ ਰਾਏ ਹੈ?

ਮਰਫ਼ੀ : ਹਾਂ ਜੀ...ਤੁਹਾਡੇ ਇਧਰ ਇਹ ਸਮੱਸਿਆ ਹੈ...ਸੰਸਕ੍ਰਿਤ ਦਾ ਜਲੌਅ ਧੁੰਦਲਾ ਪੈ ਚੁੱਕਾ ਹੈ ਪਰ ਇਹਦੇ ਸ਼ਬਦ ਹਿੰਦੀ ਸਣੇ ਪੰਜਾਬੀ ਵਿਚ ਵੀ ਲਗਾਤਾਰ ਸ਼ਾਮਲ ਕੀਤੇ ਜਾ ਰਹੇ ਹਨ...ਖ਼ਾਸ ਤੌਰ 'ਤੇ ਜਿਹੜੇ ਆਪਣੇ-ਆਪ ਨੂੰ ਵਿਦਵਤਾ ਦੇ ਮੋਹਰੀ ਸਮਝਦੇ ਹਨ, ਉਹ ਇਹ ਰਲਾ ਪੈਦਾ ਕਰ ਰਹੇ ਹਨ...ਆਮ ਭਾਸ਼ਾ ਵਿਚ ਇਵੇਂ ਨਹੀਂ ਹੈ...। ਸਵਾਲ ਮੈਂ ਹਿੰਦੀ ਬੋਲ ਲੈਂਦੀ ਹਾਂ ਪਰ ਜ਼ਿਆਦਾ ਗੂੜ੍ਹੀ ਹਿੰਦੀ ਜਾਂ ਕਹਿ ਲਓ ਸੰਸਕ੍ਰਿਤ ਦੇ ਸ਼ਬਦ ਮੈਂ ਸਮਝ ਨਹੀਂ ਪਾਉਂਦੀ। ਇਹ ਬਹੁਤ ਖ਼ਤਰਨਾਕ ਰੁਝਾਨ ਹੈ...ਜੇ ਇਵੇਂ ਹੀ ਚਲਦਾ ਰਿਹਾ ਤਾਂ ਲੋਕ ਹੋਰ ਆਪਣੀ ਭਾਸ਼ਾ ਕੋਲੋਂ ਦੂਰ ਹੋਣਗੇ। ਇਸ ਖ਼ਤਰਨਾਕ ਰੁਝਾਨ ਖ਼ਿਲਾਫ਼ ਲੇਖਕਾਂ ਅਤੇ ਬੁੱਧੀਜੀਵੀਆਂ ਦਾ ਵਿਰੋਧ ਤਾਂ ਲਾਜ਼ਮੀ ਹੈ ਹੀ, ਇਹਨੂੰ ਜਨਤਕ ਲੜਾਈ ਵਿਚ ਤਬਦੀਲ ਕਰਨ ਦੀ ਜ਼ਰੂਰਤ ਹੈ।

ਮੈਂ ਪੰਜਾਬੀ ਬੋਲਦੀ ਹਾਂ... ਗ਼ਲਤੀਆਂ ਵੀ ਕਰਦੀ ਹਾਂ...ਆਸ ਕਰਦੀ ਹਾਂ ਇਹ ਵੀ ਠੀਕ ਹੋ ਜਾਣਗੀਆਂ। ...ਭਾਵੇਂ ਮੈਂ ਗ਼ਲਤ ਬੋਲਾਂ...ਪਰ ਜੇ ਨਹੀਂ ਬੋਲਾਂਗੀ ਤਾਂ ਸਿੱਖਾਂਗੀ ਕਿਵੇਂ? ਸੋ, ਲੋਕਾਂ ਨੂੰ ਕਹਿਣਾ ਚਾਹੁੰਦੀ ਹਾਂ ਕਿ ਤੁਸੀਂ ਬੋਲੋ ਤਾਂ ਸਹੀ...ਆਪਣੇ ਨਿਆਣਿਆਂ ਨਾਲ

*ਜਦੋਂ ਮੈਂ ਭਾਰਤ ਦੇ ਆਜ਼ਾਦੀ ਅੰਦੋਲਨ ਬਾਰੇ ਗੱਲ ਕਰਦੀ ਹਾਂ ਤਾਂ ਮੈਂ ਹਮੇਸ਼ਾ ਕਹਿੰਦੀ ਹਾਂ ਕਿ ਸਿੱਖਾਂ ਦਾ ਤੇ ਪੰਜਾਬੀਆਂ ਦਾ ਰੋਲ ਬਹੁਤ ਹੀ ਗੁੰਝਲਦਾਰ ਹੈ...ਅਸੀਂ ਇਸ ਨੂੰ ਇਕ ਹੀ ਰੂਪ ਵਿਚ ਨਹੀਂ ਦੇਖ ਸਕਦੇ...ਜਿਸ ਤਰ੍ਹਾਂ ਕੁਝ ਲੋਕ ਮਹਾਤਮਾ ਗਾਂਧੀ ਦੀ ਅਹਿੰਸਾ ਨਾਲ ਸਹਿਮਤ ਸਨ...ਉਨ੍ਹਾਂ ਨੇ ਬਸਤੀਵਾਦ ਖ਼ਿਲਾਫ਼ ਅਹਿੰਸਾ ਦਾ ਰਸਤਾ ਅਖ਼ਤਿਆਰ ਕੀਤਾ ਪਰ ਕੁਝ ਲੋਕ ਸਨ ਜੋ ਹਿੰਸਾ ਵਿਚ ਵਿਸ਼ਵਾਸ ਰੱਖਦੇ ਸਨ, ਸੋ ਇਹਦੇ ਵਿਚ ਇਕੱਲੇ ਸਿੱਖਾਂ ਦੀ ਕੋਈ ਗੱਲ ਹੀ ਨਹੀਂ...ਸਾਰੇ ਪੰਜਾਬੀਆਂ ਦੀ, ਸਾਰੇ ਭਾਰਤੀਆਂ ਦੀ ਗੱਲ ਹੈ। ਸਾਰਿਆਂ ਨੇ ਇਕੱਠੇ ਹੋ ਕੇ ਕੰਮ ਕੀਤਾ। ਇਸੇ ਤਰ੍ਹਾਂ ਜਦੋਂ ਗ਼ਦਰ ਲਹਿਰ ਬਾਰੇ ਗੱਲ ਕਰੀਏ ਤਾਂ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹਦੇ ਵਿਚ ਸਿੱਖ ਵੱਡੀ ਗਿਣਤੀ ਵਿਚ ਸ਼ਾਮਲ ਸਨ ਪਰ ਇਹ ਸਿੱਖ ਲਹਿਰ ਨਹੀਂ ਸੀ...ਇਹ ਦੇਸ਼ ਆਜ਼ਾਦ ਕਰਾਉਣ ਦੀ ਸਮਹੂਕ ਲਹਿਰ ਸੀ...ਉਹ ਸਾਫ਼ ਕਹਿੰਦੇ ਸਨ ਕਿ ਉਨ੍ਹਾਂ ਦਾ ਸੰਘਰਸ਼ ਧਰਮ ਨਿਰਪੱਖ ਦੇਸ਼ ਵਾਸਤੇ ਹੈ।*



ਸਾਊਥ ਏਸ਼ੀਅਨ ਕੈਨੇਡੀਅਨ ਹਿਸਟਰੀਜ਼ ਐਸੋਸੀਏਸ਼ਨ ਦੁਆਰਾ 'ਟਰਾਮਾ, ਮੈਮੋਰੀ ਐਂਡ ਦ ਸਟੋਰੀ ਆਫ਼ ਕੈਨੇਡਾ' ਦੀ ਸ਼ੁਰੂਆਤ ਸਮੇਂ ਦੀ ਤਸਵੀਰ ਵਿਚ (ਖੱਬੇ ਤੋਂ) ਪਨੀਤ ਸਿੰਘ, ਐਨ ਮਰਫ਼ੀ, ਰਾਘਵੇਂਦਰ ਰਾਓ ਕੇ.ਵੀ., ਮੈਂਬਰ ਪਾਰਲੀਮੈਂਟ ਜੋਇਸ ਮਰੇ, ਨਵੀਨ ਗਿਰਨ ਅਤੇ ਮਿਲਨ ਸਿੰਘ।

ਪੰਜਾਬੀ ਬੋਲੋ...ਆਪੋ-ਵਿਚੀਂ ਪੰਜਾਬੀ ਵਿਚ ਗੱਲ ਕਰੋ... ਜੇ ਤੁਹਾਡੇ ਬੱਚੇ ਪੰਜਾਬੀ ਬੋਲਦਿਆਂ ਕੁਝ ਗਲਤੀਆਂ ਵੀ ਕਰਦੇ ਹਨ ਤਾਂ ਉਨ੍ਹਾਂ ਦਾ ਮਖੌਲ ਉਡਾਉਣ ਦੀ ਥਾਂ ਉਨ੍ਹਾਂ ਨੂੰ ਪੰਜਾਬੀ ਬੋਲਣ ਲਈ ਉਤਸ਼ਾਹਤ ਕਰੋ। ਹੌਲੀ-ਹੌਲੀ ਗਲਤੀਆਂ ਠੀਕ ਹੋ ਜਾਣਗੀਆਂ।

ਮੈਂ ਪੰਜਾਬੀ ਇਸ ਕਰਕੇ ਬੋਲ ਲੈਂਦੀ ਹਾਂ ਕਿ ਮੇਰੀਆਂ ਦੋ ਸਹੇਲੀਆਂ ਲੁਧਿਆਣੇ ਦੇ ਕੋਲ ਰਹਿੰਦੀਆਂ ਨੇ... ਦਰਸ਼ਨ ਤਾਤਲਾ ਰਾਹੀਂ ਮੈਂ ਉਨ੍ਹਾਂ ਨੂੰ ਮਿਲੀ ਸੀ...ਉਨ੍ਹਾਂ ਨੇ ਮੈਨੂੰ ਹੌਲੀ ਹੌਲੀ ਪੰਜਾਬੀ ਬੋਲਣੀ ਸਿਖਾਈ...ਬਹੁਤ ਮੁਸ਼ਕਲ ਸੀ ਪਰ ਮੈਂ ਸਾਲਾਂ ਤੋਂ ਸਿੱਖ ਰਹੀ ਹਾਂ...ਵੈਨਕੂਵਰ ਵਾਲੇ ਪਾਸੇ ਨਵੀਂ ਪੀੜ੍ਹੀ ਹੋਰ ਤਰ੍ਹਾਂ ਦੀ ਪੰਜਾਬੀ ਬੋਲਦੀ ਹੈ...ਵੱਖਰਾ ਹੀ ਲਹਿਜ਼ਾ ਹੈ ਉਨ੍ਹਾਂ ਦਾ...ਉਹ ਹੋਰ ਹੀ ਕਿਸਮ ਦੀ ਪੰਜਾਬੀ ਬਣ ਗਈ ਹੈ...ਵੈਨਕੂਵਰੀ ਪੰਜਾਬੀ...ਖ਼ੈਰ, ਬੋਲੀ ਤਾਂ ਜਾ ਰਹੀ ਹੈ ਨਾ...ਇਹ ਪੰਜਾਬੀ ਦਾ ਵਿਸਥਾਰ ਹੋ ਰਿਹਾ ਹੈ ਪਰ ਉਨ੍ਹਾਂ ਨੂੰ ਨਾਲੋ-ਨਾਲ ਦਰੁਸਤ ਕਰਨਾ ਚਾਹੀਦਾ ਹੈ।

ਸਵਾਲ : ਕਨੇਡੀਅਨ ਬੱਚਿਆਂ ਨੂੰ ਪੰਜਾਬੀ ਘੱਟ ਆਉਣ ਜਾਂ ਨਾ ਆਉਣ ਦਾ ਇਕ ਕਾਰਨ ਇਹ ਨਹੀਂ ਕਿ ਇਹਦੀ ਪੰਜਾਬ/ਭਾਰਤ ਤੋਂ ਭੂਗੋਲਿਕ ਦੂਰੀ ਜ਼ਿਆਦਾ ਹੈ ਜਦ ਕਿ ਇੰਗਲੈਂਡ ਦੀ ਦੂਰੀ ਬਹੁਤ ਘੱਟ ਹੈ ਤੇ ਉਥੇ ਕਾਫ਼ੀ ਪੰਜਾਬੀ ਬੋਲੀ ਜਾਂਦੀ ਹੈ ?

ਮਰਫ਼ੀ : ਅਸਲ ਵਿਚ ਮੈਂ ਯਕੀਨ ਨਾਲ ਨਹੀਂ ਕਹਿ ਸਕਦੀ ਪਰ ਮੈਂ ਸੁਣਿਆ ਹੈ ਕਿ ਉਥੋਂ ਦੀ ਵੀ ਨਵੀਂ ਪੀੜ੍ਹੀ ਪੰਜਾਬੀ ਨਹੀਂ ਬੋਲਦੀ। ਮੈਂ ਹਾਲੇ ਇਹਦੇ ਬਾਰੇ ਖੋਜ ਕਰਨੀ ਹੈ ਕਿ ਉਥੇ ਕਿਹੋ ਜਿਹੀ ਸਥਿਤੀ ਹੈ। ਲੋਕ ਵੈਨਕੂਵਰ ਤੇ ਮਿਡਲੈਂਡ ਦੀ ਬਹੁਤ ਤੁਲਨਾ ਕਰਦੇ ਨੇ... ਵੈਨਕੂਵਰ ਹਾਲੇ ਵੀ ਲੋਕ ਆ ਰਹੇ ਨੇ...ਯੂ.ਕੇ. ਵਿਚ ਘੱਟ ਜਾ ਰਹੇ ਨੇ...ਇਹ ਖੋਜ ਦਾ ਵਿਸ਼ਾ ਹੈ।

ਸਾਹਿਤਕ ਮਾਹੌਲ

ਸਵਾਲ : ਕੈਨੇਡਾ ਵਿਚ ਪੰਜਾਬੀ ਸਾਹਿਤ ਦੀ ਸਥਿਤੀ ਬਾਰੇ ਤੁਸੀਂ ਕਿੰਨਾ ਕੁ ਜਾਣਦੇ ਹੋ ?

ਮਰਫ਼ੀ : ਮੈਂ ਇਹਦੇ ਬਾਰੇ ਬਹੁਤ ਤਾਂ ਨਹੀਂ ਕਹਿ ਸਕਦੀ ਪਰ ਜਿੰਨਾ ਕੁ ਪੜ੍ਹਿਆ ਹੈ ਤਾਂ ਉਨ੍ਹਾਂ ਲਿਖਤਾਂ ਵਿਚ ਕੈਨੇਡੀਅਨ ਮਾਹੌਲ ਬਾਰੇ ਜ਼ਿਕਰ ਹੈ। ਜਿਵੇਂ ਸੁਖਵੰਤ ਹੁੰਦਲ, ...ਜਰਨੈਲ ਸਿੰਘ, ਮੈਨੂੰ ਬਹੁਤ ਪਸੰਦ ਹੈ...ਮੈਨੂੰ ਲਗਦਾ ਹੈ ਕਿ ਕੈਨੇਡਾ ਵਿਚ ਪੰਜਾਬੀ ਸਾਹਿਤ 'ਤੇ ਬਹੁਤ ਕੰਮ ਹੋ ਰਿਹਾ ਹੈ ਤੇ ਇਸ ਵਿਚ ਕੈਨੇਡਾ ਬਾਰੇ ਲਿਖਤਾਂ ਹੁੰਦੀਆਂ ਨੇ...ਜੋ ਕੁਝ ਉਹ ਇਸ ਮੁਲਕ ਵਿਚ ਹੰਢਾ ਰਹੇ ਨੇ, ਉਹ ਉਨ੍ਹਾਂ ਦੀਆਂ ਲਿਖਤਾਂ ਵਿਚ ਹੁੰਦਾ ਹੈ।

*ਦਰਅਸਲ ਦੁਨੀਆ ਭਰ ਵਿਚ ਹੀ ਬੜੇ ਹੀ ਸਾਜ਼ਿਸ਼ਾਨਾ ਤਰੀਕੇ ਨਾਲ ਮੂਲ ਭਾਸ਼ਾਵਾਂ ਨੂੰ ਤੇ ਸਭਿਆਚਾਰਾਂ ਨੂੰ ਬਹੁਤ ਨੁਕਸਾਨ ਪਹੁੰਚਾਇਆ ਗਿਆ ਹੈ...ਦਰਅਸਲ, ਇਹ ਸਭਿਆਚਾਰਕ ਕਤਲੇਆਮ ਹੈ। ਵਪਾਰਕ ਭਾਸ਼ਾ ਦੇ ਨਾਂ 'ਤੇ ਹੌਲੀ ਹੌਲੀ ਮੂਲ ਭਾਸ਼ਾਵਾਂ ਸਾਜ਼ਿਸ਼ਾਨਾ ਢੰਗ ਨਾਲ ਖ਼ਤਮ ਕੀਤੀਆਂ ਜਾ ਰਹੀਆਂ ਨੇ।*

ਸਵਾਲ : ਕੈਨੇਡਾ ਵਿਚ ਜਿਹੜੀਆਂ ਸਾਹਿਤ ਸਭਾਵਾਂ ਕੰਮ ਕਰ ਰਹੀਆਂ ਨੇ, ਉਨ੍ਹਾਂ ਬਾਰੇ ਤੁਸੀਂ ਕੀ ਸੋਚਦੇ ਹੋ ?

ਮਰਫ਼ੀ : ਉਥੇ ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ ਹੈ...ਜਦੋਂ ਵੀ ਮੇਰੇ ਕੋਲ ਵਕਤ ਹੋਵੇ ਮੈਂ ਇਸ ਦੀਆਂ ਮੀਟਿੰਗਾਂ ਵਿਚ ਜਾਂਦੀ ਹਾਂ...ਮੈਨੂੰ ਇੱਥੇ ਜਾਣਾ ਬਹੁਤ ਚੰਗਾ ਲਗਦਾ ਹੈ...ਮੈਨੂੰ ਆਪਣਾ ਛੋਟਾ ਜਿਹਾ ਪਰਿਵਾਰ ਲਗਦਾ ਹੈ...। ਪੰਜਾਬੀ ਲੇਖਕ ਮੰਚ ਵੀ ਹੈ... ਉਹ ਵੀ ਬਹੁਤ ਵਧੀਆ ਕੰਮ ਕਰ ਰਹੇ ਨੇ...। ਇਹ ਸਭ ਬਹੁਤ ਅਹਿਮ ਹੈ ਤੇ ਇਸੇ ਵਾਸਤੇ ਮੈਂ ਇਸ ਰਸਤੇ 'ਤੇ ਚੱਲਣ ਲੱਗ ਪਈ ਹਾਂ।

ਸਵਾਲ : ਕੈਨੇਡਾ ਵਿਚ ਪੰਜਾਬੀ ਭਾਸ਼ਾ/ ਸਾਹਿਤ 'ਤੇ ਸਾਂਝੇ ਰੂਪ ਵਿਚ ਕੰਮ ਕਰਨ ਦੀਆਂ ਸੰਭਵਾਨਾਵਾਂ ਬਾਰੇ ਕੀ ਸੋਚਦੇ ਹੋ ? ਚਾਹੇ ਉਹ ਕਵਿਤਾ ਹੈ... ਕਹਾਣੀ ਹੈ...ਭਾਵੇਂ ਲੇਖਕਾਂ ਦੇ ਨਾਲ ਵਰਕਸ਼ਾਪ ਹੀ ਕਿਉਂ ਨਾ ਲਾਈ ਜਾਵੇ...ਤੁਹਾਨੂੰ ਲਗਦਾ ਹੈ ਕਿ ਇਹ ਸੰਭਵ ਹੋ ਸਕਦਾ ਹੈ ਕਿਉਂਕਿ ਬਹੁਤੇ ਲੇਖਕ ਤਾਂ ਆਪਣੇ ਆਪਣੇ ਘੁਰਨਿਆਂ ਵਿਚ ਬੈਠੇ ਨੇ ?

ਮਰਫ਼ੀ : ਮੈਨੂੰ ਲਗਦਾ ਹੈ ਇਹ ਸੰਭਵ ਹੈ...ਸਾਨੂੰ ਸਾਰਿਆਂ ਨੂੰ 'ਕੱਠੇ ਕਰਨ ਲਈ ਕੋਈ ਅਜਿਹਾ ਪ੍ਰੋਗਰਾਮ ਕਰਨਾ ਚਾਹੀਦਾ ਹੈ। ਵੱਖਰੇ-ਵੱਖਰੇ ਧੜਿਆਂ ਵਿਚ ਵੰਡ ਹੋ ਕੇ ਉਹ ਪਤਾ ਨਹੀਂ ਕਿਹੋ ਜਿਹੀ ਦੌੜ ਵਿਚ ਸ਼ਾਮਲ ਹਨ। ਇਸ ਸ਼ੁਰੂਆਤ ਲਈ ਤੁਸੀਂ ਵੀ ਆਪਣਾ ਸੁਝਾਅ ਦੇ ਸਕਦੇ ਹੋ।

ਆਰ-ਪਰਿਵਾਰ

ਸਵਾਲ : ਹਾ...ਹਾ...ਤੁਸੀਂ ਵਿਦਿਆਰਥੀਆਂ ਨੂੰ ਇਹ ਪ੍ਰੋਜੈਕਟ ਦੇ ਸਕਦੇ ਹੋ।

ਚੱਲੋ, ਸਵਾਲ ਥੋੜ੍ਹਾ ਜਿਹਾ ਤੁਹਾਡੇ ਪਰਿਵਾਰ ਬਾਰੇ ਵੀ ਗੱਲਾਂ ਕਰ ਲੈਂਦੇ ਹਾਂ। ਤੁਸੀਂ ਆਪਣੇ ਮਾਪਿਆਂ ਬਾਰੇ ਕੁਝ ਦੱਸੋ ?

ਮਰਫ਼ੀ : ਜਦੋਂ ਮੈਂ 9 ਵਰ੍ਹਿਆਂ ਦੀ ਸਾਂ ਤਾਂ ਮੇਰੇ ਬਾਪ ਡੇਵਿਡ ਮਰਫ਼ੀ ਦਾ ਦੇਹਾਂਤ ਹੋ ਗਿਆ ਸੀ...ਇਸ ਲਈ ਉਨ੍ਹਾਂ ਬਾਰੇ ਤਾਂ ਮੈਨੂੰ ਕੁਝ ਯਾਦ ਨਹੀਂ...ਉਹ ਆਇਰਸ਼-ਅਮਰੀਕਨ ਸਨ...ਕੁਈਨਸ, ਨਿਊ ਯਾਰਕ ਸਿਟੀ ਵਿਚ ਉਨ੍ਹਾਂ ਦਾ ਜਨਮ ਹੋਇਆ ਸੀ...ਮੇਰੀ ਮਾਂ ਐਨਾ ਮਰਫ਼ੀ ਆਇਰਲੈਂਡ ਤੋਂ ਸੀ...ਦਰਅਸਲ, ਮੇਰੀ ਮਾਂ ਨਿਊ ਯੌਰਕ ਵਿਚ ਪੈਦਾ ਹੋਈ ਸੀ...ਪਰ ਉਸ ਸਮੇਂ ਤਣਾਅ ਵਾਲਾ ਮਾਹੌਲ ਸੀ ਤੇ ਉਹ ਵਾਪਸ ਚਲੇ ਗਏ ਸੀ...ਉਹਦਾ ਬਚਪਨ ਆਇਰਲੈਂਡ ਵਿਚ ਬੀਤਿਆ...ਕਿਉਂਕਿ ਉਹ ਅਮਰੀਕਾ ਦੀ ਸਿਟੀਜ਼ਨ ਸੀ, ਇਸ ਲਈ ਉਹ ਵਾਪਸ ਅਮਰੀਕਾ ਆ ਗਈ।

ਅਸੀਂ ਤਿੰਨ ਭੈਣਾਂ ਸਾਂ ਤੇ ਇਹ ਗੱਲ ਮੇਰੀ ਮਾਂ ਵਾਸਤੇ ਬਹੁਤ ਅਫ਼ਸੋਸ ਵਾਲੀ ਸੀ...ਉਹ ਇਕ ਪੁੱਤ ਚਾਹੁੰਦੀ ਸੀ...ਉਂਜ ਉਹ ਅਧਿਆਪਕ ਸੀ...ਸਾਡੇ ਕੋਲ ਬਹੁਤਾ ਪੈਸਾ ਨਹੀਂ ਸੀ...ਤੇ ਮੇਰੀ ਮਾਂ ਨੇ ਸਾਨੂੰ ਪਾਲਣ ਵਾਸਤੇ ਬਹੁਤ ਮਿਹਨਤ ਕੀਤੀ...ਆਇਰਲੈਂਡ ਵਿਚ ਉਸ ਦਾ ਪਰਿਵਾਰ ਵੀ ਬਹੁਤ ਗ਼ਰੀਬ ਸੀ...ਮੈਨੂੰ ਹੈਰਾਨੀ ਹੁੰਦੀ ਹੈ ਕਿ ਅਸੀਂ ਏਨਾ ਪੜ੍ਹ-ਲਿਖ ਗਏ ਹਾਂ...।

ਸਵਾਲ : ਆਪਣੇ ਵਿਆਹੁਤਾ ਜੀਵਨ ਬਾਰੇ ਕੁਝ ਦੱਸੋ ?

ਮਰਫ਼ੀ : ਦਰਅਸਲ ਮੇਰਾ ਪਹਿਲਾਂ ਵਿਆਹ ਹੋਇਆ ਸੀ...ਜੋ ਚੱਲਿਆ ਨਹੀਂ...ਫੇਰ ਮੈਂ ਰਾਘਵਿੰਦਰ ਰਾਓ ਨੂੰ ਮਿਲੀ ਤੇ ਇਕੱਠਿਆਂ ਜੀਵਨ ਬਿਤਾਉਣ ਦਾ ਫ਼ੈਸਲਾ ਕੀਤਾ...ਉਹ ਕਰਨਾਟਕਾ ਤੋਂ ਨੇ...ਕੰਨੜਾ ਬੋਲਦੇ ਨੇ... ਮੈਂ ਉਨ੍ਹਾਂ ਨੂੰ ਪੰਜਾਬੀ ਸਿਖਾਉਂਦੀ ਆਂ...।

ਸਵਾਲ : ਇਹ ਮੇਲ ਕਿਵੇਂ ਹੋਇਆ ?

ਮਰਫ਼ੀ : ਅਸਲ ਵਿਚ ਅਸੀਂ ਇਕ ਵਾਰ ਯੂ.ਬੀ. ਸੀ. ਵਿਚ ਰਾਜਸਥਾਨ ਦੇ ਕਬੀਰ ਗਰੁੱਪ ਨੂੰ ਪ੍ਰੋਗਰਾਮ ਕਰਨ ਲਈ ਸੱਦਿਆ ਸੀ...ਉਨ੍ਹਾਂ ਨੂੰ ਇਕ ਐਸਾ ਬੰਦਾ ਚਾਹੀਦਾ ਸੀ ਜੋ ਉਨ੍ਹਾਂ ਨਾਲ ਆ ਕੇ ਅੰਗਰੇਜ਼ੀ ਬੋਲ ਸਕੇ...ਤੇ ਰਾਘਵਿੰਦਰ ਉਸ ਵੇਲੇ ਬੰਗਲੌਰ ਸਨ...ਸੋ, ਉਹ ਇਸ ਗਰੁੱਪ ਨਾਲ ਇੱਥੇ ਆਏ ਸਨ...ਤੇ ਮੁਲਾਕਾਤਾਂ ਹੋਈਆਂ...ਫ਼ੇਰ ਪਿਆਰ ਹੋ ਗਿਆ ਤੇ ਅਸੀਂ ਵਿਆਹ ਕਰ ਲਿਆ। ਰਘੂ ਕਲਾਕਾਰ ਨੇ...।

ਸਵਾਲ : ਉਨ੍ਹਾਂ ਨੇ ਵੀ ਗ਼ਦਰ ਲਹਿਰ 'ਤੇ ਕੰਮ ਕੀਤਾ ਹੈ...ਉਨ੍ਹਾਂ ਦੀ ਕਿਵੇਂ ਇਧਰ ਰੁਚੀ ਹੋਈ ?

ਮਰਫ਼ੀ : ਜਦੋਂ ਉਹ ਵੈਨਕੂਵਰ ਆ ਕੇ ਰਹਿਣ ਲੱਗੇ ਤਾਂ 'ਕੱਠਿਆਂ ਕੰਮ ਕਰਦਿਆਂ ਕਰਦਿਆਂ ਉਨ੍ਹਾਂ ਦੀ ਵੀ ਰੁਚੀ ਬਣ ਗਈ। ਮੈਂ ਤੇ ਰਘੂ ਨੇ 2014 ਵਿਚ ਕਾਮਾਗਾਟਾ ਮਾਰੂ ਪ੍ਰੋਜੈਕਟ 'ਤੇ ਕੰਮ ਕੀਤਾ। ਸੁਖਵੰਤ ਹੁੰਦਲ, ਸਾਧੂ ਬਿਨਿੰਗ ਤੇ ਇਕ ਅੰਗਰੇਜ਼ੀ ਦੇ ਸ਼ੈਰਨ ਪੋਲਿਕ ਦੇ ਨਾਟਕਾਂ ਤੋਂ ਕੁੱਝ ਹਿੱਸੇ ਲੈ ਕੇ ਅਸੀਂ ਇਕ ਨਾਟਕ ਤਿਆਰ ਕੀਤਾ ਸੀ। ਇਹਦੇ 'ਚ ਪੰਜਾਬੀ ਤੇ ਅੰਗਰੇਜ਼ੀ ਦੇ ਨਾਟਕ ਗਰੁੱਪ ਸਨ... ਇਹਦੇ ਤਿੰਨ ਸੂਤਰਧਾਰ ਸਨ ...ਜਿਨ੍ਹਾਂ ਨੇ ਇਨ੍ਹਾਂ ਨੂੰ ਬੰਨ੍ਹੀ ਰੱਖਿਆ...ਚੰਗਾ ਤਜਰਬਾ ਰਿਹਾ ਇਹ...। ਕੈਨੇਡਾ ਦੀ 150ਵੀਂ ਵਰ੍ਹੇਗੰਢ 'ਤੇ ਵੀ ਅਸੀਂ ਇਹ ਪ੍ਰੋਜੈਕਟ ਤਿਆਰ ਕੀਤਾ ਤੇ ਰਘੂ ਜੀ ਦੀ ਅਗਵਾਈ ਚ ਸਾਊਥ ਏਸ਼ੀਅਨ ਕੈਨੇਡੀਅਨ ਹਿਸਟਰੀਜ਼ ਐਸੋਸੀਏਸ਼ਨ ਵਲੋਂ ਤਿਆਰ 'ਟਰਾਮਾ, ਮੈਮੋਰੀ ਐਂਡ ਦ ਸਟੋਰੀ ਆਫ਼ ਕੈਨੇਡਾ ਦੀ ਪ੍ਰਦਰਸ਼ਨੀ ਲਾਈ।

ਸਵਾਲ : ਆਪਣੇ ਬੱਚਿਆਂ ਬਾਰੇ ਦੱਸੋ ?

ਮਰਫ਼ੀ : ਹਾਂ ਜੀ, ਦੋ ਬੱਚੇ ਨੇ...ਇਕ ਬੱਚਾ ਪਹਿਲੇ ਵਿਆਹ ਤੋਂ ਹੈ...ਜੋ 14 ਸਾਲ ਦਾ ਹੈ...ਦੂਸਰਾ ਬੱਚਾ 6 ਸਾਲ ਦਾ ਹੈ...ਦੋਵੇਂ ਵੈਨਕੂਵਰ ਵਿਚ ਪੜ੍ਹ ਰਹੇ ਨੇ।

ਸਵਾਲ : ਤੁਹਾਡੀ ਭਵਿੱਖ ਦੀ ਕੀ ਯੋਜਨਾ ਹੈ ?

ਮਰਫ਼ੀ : ਸਵਾਲ ਜਿਹੜਾ ਪ੍ਰੋਜੈਕਟ ਅਸੀਂ ਬਣਾ ਰਹੇ ਹਾਂ...ਉਹ ਪ੍ਰੀਤ ਨਗਰ, ਅੰਮ੍ਰਿਤਸਰ ਵਿਚ ਹੋਏਗਾ। ਵਿਸਥਾਰ ਵਿਚ ਇਹਦੇ ਬਾਰੇ ਫੇਰ ਗੱਲ ਕਰਾਂਗੇ।

ਸਵਾਲ : ਮਰਫ਼ੀ ਜੀ, ਬਹੁਤ ਜ਼ਿਆਦਾ ਰੁੱਝੇ ਹੋਣ ਦੇ ਬਾਵਜੂਦ ਤੁਸੀਂ ਸਾਡੀ ਬੇਨਤੀ 'ਤੇ ਆਏ ਤੇ ਬੇਹਦ ਸੀਮਤ ਸਮੇਂ 'ਚ 'ਸਵਾਲ ਦੇ ਪਾਠਕਾਂ ਲਈ ਬਹੁਤ ਹੀ ਮਹੱਤਵਪੂਰਨ ਗੱਲਾਂ ਕੀਤੀਆਂ। ਆਪਣੀਆਂ 'ਗੱਲਾਂ ਹਾਲੇ ਮੁੱਕੀਆਂ ਨਹੀਂ, ਤੁਹਾਡੀ ਅਗਲੀ ਪੰਜਾਬ ਫੇਰੀ 'ਤੇ ਤੁਹਾਡੇ ਤੋਂ ਫੇਰ ਸਮਾਂ ਚਾਹਾਂਗੇ। ਧੰਨਵਾਦ ਲਫ਼ਜ਼ ਬਹੁਤ ਛੋਟਾ ਹੈ ਤੁਹਾਡੀ ਆਮਦ ਲਈ। ਫੇਰ ਵੀ ਸ਼ੁਕਰੀਆ।

ਮਰਫ਼ੀ : ਤੁਹਾਡਾ ਵੀ ਬਹੁਤ ਬਹੁਤ ਧੰਨਵਾਦ। ਮੈਨੂੰ ਵੀ ਬਹੁਤ ਚੰਗਾ ਲੱਗਾ ਤੁਹਾਨੂੰ ਮਿਲ ਕੇ। 'ਸਵਾਲ ਦੇ ਪਾਠਕਾਂ ਨੂੰ ਪਿਆਰ ਸਤਕਾਰ। ਜਲਦੀ ਹੀ ਫੇਰ ਮਿਲਾਂਗੇ।

ਸਵਾਲ : ਆਓ ਜੀ, ਫੇਰ ਭੋਜਨ ਛਕੀਏ।

ਮਰਫ਼ੀ : ਉੱਠੋ ਜੀ ਉੱਠੋ ਫੇਰ, ਪੰਜਾਬੀ ਖਾਣੇ ਦਾ ਲੁਤਫ਼ ਉਠਾਈਏ।





"ਮੋਦੀ ਦਾ ਰਿਕਾਰਡ ਚੋਣ ਜਿੱਤਣ ਦਾ ਰਿਹਾ, ਹੁਣ ਵਿਰੋਧੀ ਧਿਰ ਨੂੰ ਉਨ੍ਹਾਂ ਨੂੰ ਹਰਾਉਣ ਦੀ ਚੁਣੌਤੀ ਲੈਣੀ ਹੋਵੇਗੀ।"

"ਵਿਆਪਕ ਮੰਚ, ਵਿਸ਼ਾਲ ਰੈਲੀਆਂ, ਹੈਲੀਕਾਪਟਰ ਅਤੇ ਪੰਡਾਲ ਦੀ ਸਜਾਵਟ ਦਸ ਦੇਣਗੇ ਕਿ ਭਾਰਤ ਵਿਚ ਭ੍ਰਿਸ਼ਟਾਚਾਰ ਹਾਲੇ ਹੈ।"

# ਇਸਾਈ ਮੱਤ ਦੇ ਉੱਭਰੇ ਡੇਰੇਦਾਰਾਂ ਦੀਆਂ ਵਧੀਆਂ ਪੰਜਾਬ 'ਚ ਸਰਗਰਮੀਆਂ

ਮੇਜਰ ਸਿੰਘ

- ਸਾਦਗੀ ਦੀ ਥਾਂ ਚਮਕ-ਦਮਕ ਦੇ ਮਾਲਕ ਨੇ ਨੌਜਵਾਨ ਡੇਰੇਦਾਰ
- ਸੋਸ਼ਲ ਮੀਡੀਆ ਬਣਿਆ ਪ੍ਰਚਾਰਕਾਂ ਲਈ ਵਰਦਾਨ

ਜਲੰਧਰ ਦੇ ਬਾਹਰਵਾਰ ਪੈਂਦਾ ਹੈ ਪਿੰਡ ਖਾਂਬਰਾ। ਇਥੇ 6 ਕੁ ਸਾਲ ਪਹਿਲਾਂ ਨਸ਼ਿਆਂ ਦੇ ਐਬ ਵਿਚ ਪਏ ਇੰਜੀਨੀਅਰਿੰਗ ਦੇ ਦਰਮਿਆਨੇ ਪਰਿਵਾਰ ਦੇ ਨੌਜਵਾਨ ਅੰਕੁਰ ਨਰੂਲਾ ਨੇ ਪ੍ਰਾਰਥਨਾ ਰਾਹੀਂ ਪੀੜਤ ਲੋਕਾਂ ਦੀਆਂ ਮੁਸ਼ਕਲਾਂ ਤੇ ਬਿਮਾਰੀਆਂ ਦੂਰ ਕਰਨ ਦਾ ਅਜਿਹਾ ਅਡੰਬਰ ਰਚਿਆ ਕਿ ਉਸ ਨੇ ਥੋੜ੍ਹੇ ਹੀ ਸਮੇਂ ਵਿਚ ਸਵਾਲ ਆਪਣੇ ਘਰ ਵਾਲੀ ਜਗਾ ਛੱਡ ਕੇ ਪਿੰਡ ਦੇ ਨਾਲ ਲਗਦੀ ਮਹਿੰਗੇ ਭਾਅ ਦੀ 30 ਏਕੜ ਦੇ ਕਰੀਬ ਜ਼ਮੀਨ ਖ਼ਰੀਦ ਲਈ ਹੈ ਤੇ ਚਾਰ ਏਕੜ ਵਿਚ ਇਕ ਵੱਡਾ ਆਲੀਸ਼ਾਨ ਗਿਰਜਾ ਘਰ ਉਸਾਰਿਆ ਜਾ ਰਿਹਾ ਹੈ ਤੇ ਬਾਕੀ ਥਾਂ 'ਚ ਤੰਬੂ ਲਗਾ ਕੇ ਹਫ਼ਤੇ 'ਚ ਦੋ ਵਾਰ ਪ੍ਰਾਰਥਨਾ ਸਭਾ (ਸਤਿਸੰਗ) ਕੀਤੀ ਜਾਂਦੀ ਹੈ। ਇਸ ਸਤਿਸੰਗ ਵਿਚ ਹਰ ਹਫ਼ਤੇ ਐਤਵਾਰ ਨੂੰ 25-30 ਹਜ਼ਾਰ ਦੇ ਕਰੀਬ ਸੰਗਤ ਹਾਜ਼ਰੀ ਭਰਦੀ ਦੱਸੀ ਜਾਂਦੀ ਹੈ। ਇਸ ਤੋਂ ਡੇਢ-ਦੋ ਕਿਲੋਮੀਟਰ ਦੂਰ ਪਿੰਡ ਤਾਜਪੁਰ ਹੈ, ਜਿਥੇ ਪਿੰਡ ਦੇ ਬਾਹਰ ਇਕ ਹਰਿਆਣਵੀ ਜਾਟ ਬਜਿੰਦਰ ਸਿੰਘ ਇਹੋ ਜਿਹਾ ਹੀ ਅਡੰਬਰ ਚਲਾ ਰਿਹਾ ਹੈ। ਇਸ ਹਰਿਆਣਵੀ ਜਾਟ ਨੇ ਨਿਊ ਚੰਡੀਗੜ੍ਹ ਵਿਚ ਵੀ ਅਜਿਹਾ ਹੀ ਇਕ ਕੇਂਦਰ ਖੋਲਿਆ ਹੈ। ਦੋਵੇਂ ਥਾਂ ਉਹ ਬੁੱਧਵਾਰ ਤੇ ਐਤਵਾਰ ਸਮਾਗਮ ਕਰਦਾ ਹੈ। ਪਿਛਲੇ ਵਰ੍ਹੇ ਬਜਿੰਦਰ ਸਿੰਘ ਨੂੰ ਜਬਰ ਜਨਾਹ ਤੇ ਠੱਗੀ ਮਾਰਨ ਦੇ ਦੋਸ਼ ਵਿਚ ਦਿੱਲੀ ਹਵਾਈ ਅੱਡੇ ਤੋਂ ਪੁਲੀਸ ਨੇ ਗ੍ਰਿਫ਼ਤਾਰ ਕੀਤਾ ਸੀ ਤੇ ਕੁਝ ਸਮਾਂ ਜੇਲ੍ਹ 'ਚ ਰਹਿਣ ਬਾਅਦ ਸਵਾਲ ਜ਼ਮਾਨਤ 'ਤੇ ਹੈ। ਉਸ ਵਲੋਂ ਤੰਬੂ ਲਗਾ ਕੇ ਕੀਤੇ ਜਾ ਰਹੇ ਸਤਿਸੰਗ ਵਿਚ ਡੇਢ ਕੁ ਸਾਲ ਵਿਚ ਹੀ ਹਰ ਐਤਵਾਰ 10 ਹਜ਼ਾਰ ਤੋਂ ਵਧੇਰੇ ਲੋਕ ਹਾਜ਼ਰੀ ਭਰਨ ਆਉਂਦੇ ਦੱਸੇ ਜਾਂਦੇ ਹਨ, ਤੀਜਾ ਅਜਿਹਾ ਕੇਂਦਰ ਜਲੰਧਰ-ਕਪੂਰਥਲਾ ਸੜਕ 'ਤੇ ਪੈਂਦੇ ਪਿੰਡ ਖੋਜੇਵਾਲ ਵਿਚ ਹੈ। ਵਧੇਰੇ ਜੱਟ ਸਿੱਖ ਵਸੋਂ ਵਾਲੇ ਇਸ ਪਿੰਡ ਵਿਚ ਪਿਛਲੇ 7-8 ਸਾਲ ਤੋਂ ਨੌਜਵਾਨ ਹਰਪ੍ਰੀਤ ਸਿੰਘ ਦਿਓਲ ਨੇ ਜਦੋਂ ਤੋਂ ਇਸ ਕੇਂਦਰ ਦੀ ਕਮਾਨ ਸੰਭਾਲੀ ਹੈ ਤਾਂ ਇਸ ਦੇ ਆਕਾਰ ਤੇ ਵਕਾਰ 'ਚ ਵੱਡਾ ਵਾਧਾ ਹੋਇਆ ਹੈ। ਸਵਾਲ ਇਥੇ ਪਿੰਡ ਵਿਚ ਹੀ ਇਕ ਛੋਟੀ ਜਿਹੀ ਇਮਾਰਤ ਵਿਚ ਚੱਲ ਰਹੇ ਪ੍ਰਚਾਰ ਕੇਂਦਰ ਦੇ ਨਾਲ ਬੇਸਮੈਂਟ ਵਾਲਾ ਇਕ ਵੱਡ ਆਕਾਰੀ ਓਪਨ ਡੋਰ ਚਰਚ ਉਸਰ ਰਿਹਾ ਹੈ ਤੇ ਹਫ਼ਤੇ 'ਚ ਦੋ ਵਾਰ ਹੋਣ ਵਾਲੇ ਸਤਿਸੰਗ ਲਈ ਪਿੰਡ ਦੇ ਨਾਲ ਲਗਦੀ ਢਾਈ ਏਕੜ ਜ਼ਮੀਨ ਖ਼ਰੀਦ ਕੇ ਉਥੇ ਸ਼ੈੱਡ ਉਸਾਰਿਆ ਗਿਆ ਹੈ।

## ਇਸਾਈ ਮੱਤ ਦੇ ਡੇਰਿਆਂ ਦਾ ਉਭਾਰ

ਨਵੇਂ ਉੱਭਰ ਰਹੇ ਇਹ ਤਿੰਨੋਂ ਨੌਜਵਾਨ ਪ੍ਰਚਾਰਕ 35-40 ਸਾਲ ਦੀ ਉਮਰ ਦੇ ਹਨ ਤੇ ਇਹ ਯਿਸੂ ਮਸੀਹ ਦੇ ਪੈਰੋਕਾਰ ਬਣ ਕੇ ਪ੍ਰਚਾਰ ਕਰਦੇ ਹਨ। ਪਹਿਲੀ ਵਾਰ ਹੈ ਕਿ ਪੰਜਾਬ ਵਿਚ ਯਿਸੂ ਮਸੀਹ ਦੇ ਮੁੱਖ ਪ੍ਰਚਾਰਕ ਕੋਈ ਪੰਜਾਬੀ ਜਾਂ ਹਰਿਆਣਵੀ ਜਾਟ ਬਣੇ ਹਨ। ਇਹ ਤਿੰਨੇ ਮੁੱਖ ਪ੍ਰਚਾਰਕ ਗ਼ੈਰ-ਇਸਾਈ ਧਰਮਾਂ ਵਿਚੋਂ ਆਏ ਹਨ। ਹਰਪ੍ਰੀਤ ਸਿੰਘ ਦਿਓਲ ਜੱਟ ਸਿੱਖ ਪਰਿਵਾਰਕ ਪਿਛੋਕੜ ਵਾਲਾ ਹੈ, ਜਦਕਿ ਅੰਕੁਰ ਨਰੂਲਾ ਖੱਤਰੀ ਪਰਿਵਾਰ ਨਾਲ ਸਬੰਧਤ ਹੈ ਤੇ ਬਜਿੰਦਰ ਸਿੰਘ ਹਰਿਆਣਵੀ ਜਾਟ ਹੈ। ਉਕਤ ਪਿੰਡਾਂ ਦੇ ਲੋਕ ਕੁਝ ਹੀ ਸਾਲਾਂ ਵਿਚ ਇਨ੍ਹਾਂ ਡੇਰਿਆਂ ਦੀ ਧਨ ਦੌਲਤ 'ਚ ਹੋਏ ਵਾਧੇ ਤੋਂ ਹੈਰਾਨ ਹਨ। ਇਸ ਤੋਂ ਪਹਿਲਾਂ ਇਸਾਈ ਧਰਮ ਦੇ ਪ੍ਰਚਾਰਕ ਪਾਦਰੀ ਆਮ ਕਰਕੇ ਕੇਰਲ ਵਾਸੀ ਹੀ ਰਹੇ ਹਨ ਤੇ ਸੰਗਤ ਪੰਜਾਬੀ ਹੁੰਦੀ ਹੈ। ਇਸਾਈ ਧਰਮ ਦੇ ਉਸਰ ਰਹੇ ਇਨ੍ਹਾਂ ਡੇਰਿਆਂ ਦੇ ਮੁਖੀ ਬਾਈਬਲ 'ਚੋਂ ਆਇਤਾਂ ਪੜ੍ਹਦੇ ਹਨ ਤੇ ਯਿਸੂ ਮਸੀਹ ਦੇ ਨਾਂਅ 'ਤੇ ਪ੍ਰਾਰਥਨਾ ਕਰਦੇ ਹਨ। ਰਵਾਇਤੀ ਪਾਦਰੀ ਜਿਥੇ ਵਿਆਹੁਤਾ ਜੀਵਨ ਤੋਂ ਦੂਰ ਰਹਿੰਦੇ ਹਨ, ਉਥੇ ਨਰੂਲਾ ਅਤੇ ਦਿਓਲ ਸ਼ਾਦੀਸ਼ੁਦਾ ਤੇ ਉਨ੍ਹਾਂ ਦੀਆਂ ਪਤਨੀਆਂ ਵੀ ਪ੍ਰਚਾਰਕਾਂ ਵਜੋਂ ਸਰਗਰਮ ਹਨ ਤੇ ਉਹ ਬਾਲ-ਬੱਚੇਦਾਰ ਹਨ ਪਰ ਇਨ੍ਹਾਂ ਡੇਰਿਆਂ ਦਾ ਇਥੇ ਚੱਲ ਰਹੇ ਰਵਾਇਤੀ ਕੈਥੋਲਿਕ ਜਾਂ ਹੋਰ ਚਰਚਾਂ ਨਾਲ ਕੋਈ

## ਸ਼ਾਹੀ ਠਾਠ-ਬਾਠ ਤੇ ਚਮਕ-ਦਮਕ ਵਾਲੇ ਪ੍ਰਚਾਰਕ

ਇਸਾਈ ਡੇਰਿਆਂ ਦੇ ਇਹ ਨਵੇਂ ਪ੍ਰਚਾਰਕ ਸ਼ਾਹੀ ਠਾਠ-ਬਾਠ ਤੇ ਚਮਕ-ਦਮਕ ਵਾਲੀ ਜ਼ਿੰਦਗੀ ਜਿਊਣ ਵਾਲੇ ਹਨ। ਰਵਾਇਤੀ ਪਾਦਰੀਆਂ ਵਾਂਗ ਚੋਲੇ ਪਾ ਕੇ ਸਾਦਗੀ ਭਰੀ ਜ਼ਿੰਦਗੀ ਦੀ ਥਾਂ ਇਹ ਨਵੇਂ ਪ੍ਰਚਾਰਕ ਮਹਿੰਗੀਆਂ ਕਾਰਾਂ ਝੂਟਦੇ ਹਨ, ਆਲੀਸ਼ਾਨ ਬੰਗਲੇ ਬਣਾ ਕੇ ਰਹਿੰਦੇ ਹਨ ਅਤੇ ਮਹਿੰਗੀਆਂ ਘੜੀਆਂ ਤੇ ਪੁਸ਼ਾਕਾਂ ਪਾਉਣ ਦੇ ਸ਼ੌਕੀਨ ਹਨ। ਰੂਹਾਨੀਅਤ ਤੇ ਸਾਦਗੀ ਦੀ ਮੂਰਤ ਦੀ ਥਾਂ ਤੜਕ-ਭੜਕ (ਗਲੈਮਰਜ਼) ਜੀਵਨ ਸ਼ੈਲੀ ਦੇ ਧਾਰਨੀ ਹਨ। ਆਲੀਸ਼ਾਨ ਘਰਾਂ 'ਚੋਂ ਨਿਕਲ ਕੇ ਜਦ ਇਹ ਪ੍ਰਚਾਰਕ ਸਤਿਸੰਗ ਵਾਲੀ ਜਗ੍ਹਾ ਪੁੱਜਦੇ ਹਨ ਤਾਂ ਉਨ੍ਹਾਂ ਨੂੰ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਰੱਖਣ ਲਈ ਬਾਸਰ (ਨਿੱਜੀ ਅੰਗ ਰੱਖਿਅਕ) ਪ੍ਰਛਾਵੇਂ ਵਾਂਗ ਉਨ੍ਹਾਂ ਦੇ ਦੁਆਲੇ ਘੇਰਾ ਘੱਤੀ ਰੱਖਦੇ ਹਨ। ਇਹ ਪ੍ਰਚਾਰਕ ਆਮ ਲੋਕਾਂ 'ਚ ਜਾਣ ਤੇ ਉਨ੍ਹਾਂ ਨਾਲ ਘੁਲਣ-ਮਿਲਣ ਤੋਂ ਗੁਰੇਜ਼ ਹੀ ਕਰਦੇ ਹਨ। ਖੋਜੇਵਾਲਾ ਦੇ ਲੋਕ ਕਹਿ ਰਹੇ ਸਨ ਕਿ ਹਰਪ੍ਰੀਤ ਸਿੰਘ ਦਿਓਲ ਪਿੰਡ ਵਿਚ ਰਹਿੰਦੇ ਤਾਂ ਹਨ, ਪਰ ਮਿਲਦੇ-ਜੁਲਦੇ ਕਿਸੇ ਨੂੰ ਨਹੀਂ ਤੇ ਨਾ ਹੀ ਕਿਸੇ ਦੇ ਸਮਾਜਕ ਸਮਾਗਮ ਵਿਚ ਹੀ ਸ਼ਾਮਲ ਹੁੰਦੇ ਹਨ। ਇਕ ਦੁਕਾਨਦਾਰ ਨੇ ਦੱਸਿਆ ਕਿ ਦਿਓਲ ਘਰ ਵਿਚੋਂ ਹੀ ਗੱਡੀ ਵਿਚ ਬੈਠ ਜਾਂਦੇ ਹਨ ਤੇ ਰਸਤੇ ਵਿਚ ਦੁਆ-ਸਲਾਮ ਦਾ ਸਵਾਗਤ ਵੀ ਸ਼ੀਸ਼ਾ ਬੰਦ ਗੱਡੀ ਵਿਚੋਂ ਹੀ ਕਰਦੇ ਹਨ। ਅੰਕੁਰ ਨਰੂਲਾ ਵੀ ਆਮ ਮਿਲਣ ਤੋਂ ਗੁਰੇਜ਼ ਕਰਦੇ ਹਨ ਤੇ ਜਦ ਉਹ ਚਰਚ ਆਉਂਦਾ ਹੈ ਤਾਂ ਸਭ ਭਗਤਾਂ ਨੂੰ ਵਲੰਟੀਅਰਾਂ ਵਲੋਂ ਆਸੇ-ਪਾਸੇ ਕਰ ਦਿੱਤਾ ਜਾਂਦਾ ਹੈ। ਇਹ ਪ੍ਰਚਾਰਕ ਸਿਰਫ ਪ੍ਰਾਰਥਨਾ ਸਮੇਂ ਹੀ ਸਟੇਜ ਤੋਂ ਸੰਗਤਾਂ ਨੂੰ ਸੰਬੋਧਨ ਕਰਦੇ ਹਨ, ਉਹ ਰਵਾਇਤੀ ਪ੍ਰਚਾਰਕਾਂ ਵਾਂਗ ਬੈਠ ਕੇ ਕਥਾ ਕੀਰਤਨ ਜਾਂ ਪ੍ਰਾਰਥਨਾ ਕਰਨ ਦੀ ਥਾਂ





ਸਬੰਧ ਨਹੀਂ ਤੇ ਨਾ ਹੀ ਇਨ੍ਹਾਂ ਤਿੰਨਾਂ ਦਾ ਆਪਸ ਵਿਚ ਕੋਈ ਸਰੋਕਾਰ ਹੈ। ਸਗੋਂ ਰਵਾਇਤੀ ਚਰਚ ਵਾਲੇ ਇਨ੍ਹਾਂ ਨਵੇਂ ਜੰਮੇ ਈਸਾਈਅਤ ਦੇ ਪੈਰੋਕਾਰ ਬਣ ਰਹੇ ਡੇਰੇਦਾਰਾਂ ਨਾਲ ਖਾਰ ਵੀ ਖਾਂਦੇ ਹਨ ਤੇ ਉਨ੍ਹਾਂ ਤੋਂ ਚੁਣੌਤੀ ਦਾ ਭੈਅ ਵੀ ਮੰਨ ਰਹੇ ਹਨ। ਇਹ ਸਮਝਿਆ ਜਾ ਰਿਹਾ ਹੈ ਕਿ ਸਿੱਖ ਧਰਮ ਵਾਂਗ ਹੀ ਇਸਾਈ ਮੱਤ 'ਚ ਡੇਰਿਆਂ ਦਾ ਉਭਾਰ ਦਾ ਇਹ ਨਵਾਂ ਰੁਝਾਨ ਹੈ।

ਬੜੇ ਦਿਲਖਿੱਚਵੇਂ ਅੰਦਾਜ਼ ਵਿਚ ਵੱਡੀ ਉੱਚੀ ਲੰਮੀ ਸਟੇਜ ਤੋਂ ਹੱਥ ਵਿਚ ਮਾਈਕ ਫੜੀ ਵੱਡੇ ਗਾਇਕਾਂ ਜਾਂ ਐਕਟਰਾਂ ਵਾਂਗ ਤੁਰਦੇ-ਫਿਰਦੇ ਸੰਗਤ ਨੂੰ ਉਪਦੇਸ਼ ਦਿੰਦੇ ਹਨ। ਤਿੰਨਾਂ ਹੀ ਪ੍ਰਚਾਰਕਾਂ ਦੇ ਚਿਹਰੇ ਮੋਹਰੇ ਧਾਰਮਕ ਆਗੂਆਂ ਦੀ ਥਾਂ ਫ਼ਿਲਮੀ ਕਲਾਕਾਰਾਂ ਨਾਲ ਵਧੇਰੇ ਮਿਲਦੇ-ਜੁਲਦੇ ਹਨ। ਪ੍ਰਚਾਰਕਾਂ ਦਾ ਗਲੈਮਰਜ਼ ਭਰਿਆ ਅੰਦਾਜ਼ ਅੱਜਕਲ ਦੀ ਨਵੀਂ ਪੀੜ੍ਹੀ ਨੂੰ ਵਧੇਰੇ ਭਾਉਂਦਾ ਹੈ ਤੇ ਇਹ ਡੇਰੇ ਨਵੀਂ ਪੀੜ੍ਹੀ ਨੂੰ ਵਧੇਰੇ ਆਕਰਸ਼ਤ ਕਰ ਰਹੇ ਹਨ। ਖ਼ਾਂਬਰਾ ਵਿਖੇ ਅੰਕੁਰ ਨਰੂਲਾ ਦੇ ਸਤਿਸੰਗ ਵਿਚ ਤਾਂ ਨੌਜਵਾਨ ਮੁੰਡੇ-ਕੁੜੀਆਂ ਸਾਜ਼ਾਂ ਦੀ ਤਾਲ 'ਤੇ ਪ੍ਰਭੂ ਯਿਸੂ ਦੇ ਗੁਣਗਾਣ 'ਚ ਮਦਹੋਸ਼ ਹੋਏ ਖ਼ੂਬ ਨੱਚਦੇ, ਟੱਪਦੇ ਤੇ ਤਾੜੀਆਂ ਵਜਾਉਂਦੇ ਵੀ ਨਜ਼ਰ ਆਉਂਦੇ ਹਨ। ਅੰਕੁਰ ਨਰੂਲਾ ਦੇ ਕੰਪਲੈਕਸ 'ਚ 24 ਘੰਟੇ ਸੀ. ਸੀ. ਟੀ. ਵੀ. ਕੈਮਰੇ ਨਿਗਰਾਨੀ ਕਰਦੇ ਹਨ ਤੇ ਸਭ ਰਸਤਿਆਂ 'ਤੇ ਸੁਰੱਖਿਆ ਕਰਮੀ ਖੜ੍ਹੇ ਰਹਿੰਦੇ ਹਨ।

### ਸੋਸ਼ਲ ਮੀਡੀਆ ਬਣਿਆ ਵਰਦਾਨ

ਸੋਸ਼ਲ ਮੀਡੀਆ ਉਕਤ ਡੇਰੇਦਾਰਾਂ ਦੇ ਪ੍ਰਚਾਰ ਤੇ ਫੈਲਾਅ ਦਾ ਵੱਡਾ ਜ਼ਰੀਆ ਬਣਿਆ ਹੋਇਆ ਹੈ। ਤਿੰਨੇ ਹੀ ਪ੍ਰਚਾਰਕ ਸੋਸ਼ਲ ਮੀਡੀਆ ਦੀ ਖ਼ੂਬ ਵਰਤੋਂ ਕਰਦੇ ਹਨ। ਉਨ੍ਹਾਂ ਦਾ ਹਰ ਸਤਿਸੰਗ ਆਨਲਾਈਨ ਹੁੰਦਾ ਹੈ। ਯੂ. ਟਿਊਬ 'ਤੇ ਇਹ ਵੀਡੀਓ ਫ਼ਿਲਮਾਂ ਆਮ ਚਲਦੀਆਂ ਹਨ, ਫੇਸਬੁੱਕ, ਵੈੱਬ ਟੀ. ਵੀ. ਆਦਿ ਰਾਹੀਂ ਉਨ੍ਹਾਂ ਦੇ ਪ੍ਰੋਗਰਾਮ ਦੁਨੀਆ ਭਰ 'ਚ ਵੇਖੇ ਜਾ ਸਕਦੇ ਹਨ। ਨਰੂਲਾ ਤੇ ਦਿਓਲ ਦੇ ਪ੍ਰੋਗਰਾਮ ਦੂਰਦਰਸ਼ਨ 'ਤੇ ਵੀ ਚਲਦੇ ਹਨ। ਖਾਂਬਰਾ ਵਿਖੇ ਉਸਰ ਰਹੇ ਚਰਚ 'ਚ ਆਪਣੀ ਮਾਂ ਨਾਲ ਆਈ ਹੋਈ ਨੌਜਵਾਨ ਔਰਤ ਨੇ ਦੱਸਿਆ ਕਿ ਉਹ ਮਹਾਰਾਸ਼ਟਰ ਦੇ ਜ਼ਿਲ੍ਹਾ ਸਿਤਾਰਾ ਦੇ ਇਕ ਪਿੰਡ ਤੋਂ ਆਈ ਹੈ ਤੇ ਉਹ ਅੰਕੁਰ ਨਰੂਲਾ ਦੇ ਆਨਲਾਈਨ ਪ੍ਰੋਗਰਾਮ ਤੋਂ ਪ੍ਰਭਾਵਤ ਹੋ ਕੇ ਇਥੇ ਪੁੱਜੀ ਹੈ। ਇਸੇ ਤਰ੍ਹਾਂ ਮੁੰਬਈ ਦੇ ਉੱਚ ਮੱਧ ਵਰਗ ਦਾ 60 ਦੇ ਨੇੜੇ ਢੁਕਿਆ ਅਡਵਾਨੀ ਜੋੜਾ ਦੱਸ ਰਿਹਾ ਸੀ ਕਿ ਆਨ-ਲਾਈਨ ਪ੍ਰੋਗਰਾਮ ਤੋਂ ਪ੍ਰਭਾਵਤ ਹੋ ਕੇ ਉਹ ਡੇਢ ਸਾਲ ਤੋਂ ਲਗਾਤਾਰ ਇਥੇ ਹਵਾਈ ਜਹਾਜ਼ ਰਾਹੀਂ ਪਹਿਲਾਂ ਅੰਮ੍ਰਿਤਸਰ ਪੁੱਜਦੇ ਹਨ ਤੇ ਫਿਰ ਹਾਜ਼ਰੀ ਭਰਨ ਇਥੇ ਆਉਂਦੇ ਹਨ। ਹੈਰਾਨੀ ਵਾਲੀ ਗੱਲ ਇਹ ਹੈ ਕਿ ਨਰੂਲਾ ਜਦ ਆਪਣੇ ਚਰਚ 'ਚ ਆਇਆ ਤਾਂ ਇਹ ਜੋੜਾ ਵੀ ਉਸ ਦੇ ਨੇੜੇ ਨਹੀਂ ਢੁਕ ਸਕਿਆ, ਸਗੋਂ ਦੂਰੋਂ ਦਰਸ਼ਨ ਕਰਕੇ ਹੀ ਫੁੱਲਿਆ ਨਹੀਂ ਸੀ ਸਮਾ ਰਿਹਾ। ਅੰਕੁਰ ਨਰੂਲਾ ਦੀ ਪਤਨੀ ਸੋਨੀਆ ਨਰੂਲਾ ਵੀ ਪੂਰੀ ਤਰ੍ਹਾਂ ਸਜ-ਧਜ ਕੇ ਜਦ ਕੰਪਲੈਕਸ 'ਚ ਪੁੱਜੀ ਤਾਂ ਉਸ ਦੇ ਦੁਆਲੇ ਚੱਲ ਰਹੀਆਂ ਚਾਰ ਅੰਗ ਰੱਖਿਅਕਾਂ ਨੇੜੇ ਆ ਰਹੀਆਂ ਔਰਤਾਂ ਨੂੰ ਦੂਰ ਕਰ ਰਹੀਆਂ ਸਨ ਤੇ ਸ਼ਰਧਾਲੂ ਉਸ ਨੂੰ 'ਮੱਮਾ ਜੀ' ਸੱਦ ਕੇ ਸਲਾਮਾਂ ਕਰ ਰਹੇ ਸਨ, ਜਦਕਿ ਅੰਕੁਰ ਨਰੂਲਾ ਨੂੰ 'ਪਾਪਾ ਜੀ' ਦੇ ਨਾਲ ਸੱਦਦੇ ਹਨ।

# ਹਰ ਮਰਜ਼ ਦਾ ਇਲਾਜ ਪ੍ਰਾਰਥਨਾ ਰਾਹੀਂ ਕਰਨ ਦੇ ਕੀਤੇ ਜਾਂਦੇ ਨੇ ਕੌਤਕ

1960ਵਿਆਂ ਦੇ ਪੰਜਾਬ ਅੰਦਰ ਹਰੇ ਇਨਕਲਾਬ ਦੀ ਸ਼ੁਰੂਆਤ ਨਾਲ ਆਈ ਹਰਿਆਲੀ ਤੇ ਖੁਸ਼ਹਾਲੀ ਨੇ ਲੋਕਾਂ ਅੰਦਰ ਪੈਦਾ ਹੋਈਆਂ ਨਵੀਆਂ ਖਾਹਿਸ਼ਾਂ ਤੇ ਉਮੰਗਾਂ ਨਾਲ ਪੈਦਾ ਹੋਈ ਰੂਹਾਨੀ ਭੁੱਖ ਜਦ ਪੂਰੀ ਨਾ ਕੀਤੀ ਤਾਂ ਇਸ ਲੋੜ ਨੂੰ ਪੂਰਾ ਕਰਨ ਲਈ ਧਾਰਮਕ ਖੇਤਰ ਵਿਚ ਡੇਰੇਦਾਰਾਂ ਦਾ ਇਕ ਵੱਡਾ ਪੂਰ ਖੜ੍ਹਾ ਹੋਇਆ ਸੀ। ਨਿਰੰਕਾਰੀ ਮਿਸ਼ਨ, ਰਾਧਾ ਸੁਆਮੀ ਤੇ ਬਾਅਦ 'ਚ ਡੇਰਾ ਸਿਰਸਾ, ਨੂਰਮਹਿਲੀਏ ਆਸ਼ੂਤੋਸ਼ ਤੇ ਭਨਿਆਰੇ ਵਾਲੇ ਬਾਬੇ ਵਰਗੇ ਅਨੇਕ ਡੇਰੇ ਹਰ ਧਰਮ ਦੇ ਲੋਕਾਂ ਖ਼ਾਸ ਕਰ ਪੰਜਾਬ ਦੇ ਗ਼ਰੀਬ ਤੇ ਪਛੜੇ ਵਰਗ ਦੇ ਲੋਕਾਂ ਲਈ ਖਿੱਚ ਦਾ ਕੇਂਦਰ ਬਣੇ। ਸਵਾਲ ਜਦ ਡੇਢ-ਦੋ ਦਹਾਕੇ ਤੋਂ ਹਰੇ ਇਨਕਲਾਬ ਦੀ ਹਰਿਆਲੀ ਕਿਸਾਨੀ ਸੰਕਟ ਚੱਟ ਗਿਆ ਹੈ ਤਾਂ ਪੁਰਾਣੇ ਚਲੇ ਆ ਰਹੇ ਡੇਰੇ ਲੋਕਾਂ, ਖ਼ਾਸਕਰ ਨੌਜਵਾਨ ਪੀੜ੍ਹੀ ਲਈ ਖਿੱਚ ਦਾ ਕੇਂਦਰ ਨਹੀਂ ਰਹੇ। ਸੰਸਾਰੀਕਰਨ ਤੇ ਉਦਾਰੀਕਰਨ ਦਾ ਨਵਾਂ ਚੱਲਿਆ ਹਥਿਆਰ ਵੀ ਸਵਾਲ ਖੁੰਢਾ ਹੋ ਗਿਆ ਹੈ ਤੇ ਇਸ ਵਰਤਾਰੇ ਨਾਲ ਪੈਦਾ ਹੋਇਆ ਸਮਾਜਿਕ, ਆਰਥਿਕ ਅਤੇ ਮਾਨਸਿਕ ਸੰਕਟ ਮੁੜ ਮੂੰਹ ਅੱਡੀ ਖੜਾ ਹੈ। ਲੋਕ ਮਾਨਸਿਕ ਤੌਰ 'ਤੇ ਖੋਖਲੇਪਨ ਦਾ ਸ਼ਿਕਾਰ ਹੋਏ ਨਜ਼ਰ ਆ ਰਹੇ ਹਨ। ਇਸ ਮਾਨਸਿਕ ਅਵਸਥਾ ਨੂੰ ਦੂਰ ਕਰਨ ਲਈ ਹੁਕਮਰਾਨ ਜਦ ਕੋਈ ਠੋਸ ਅਤੇ ਲੋਕ ਹਿਤੈਸ਼ੀ ਵਿਕਾਸਮੁਖੀ ਏਜੰਡਾ ਵਿਕਸਤ ਨਹੀਂ ਕਰ ਸਕੇ ਤਾਂ ਮੁੜ ਫਿਰ ਉਹੀ ਪੁਰਾਣੇ ਘਸੇ-ਪਿਟੇ ਕੌਤਕਾਂ ਨੂੰ ਅੱਜ ਨਵੀਂ ਚਮਕ-ਦਮਕ (ਗਲੈਮਰ) ਦੇ ਲਬਾਦੇ ਵਿਚ ਲਪੇਟ ਕੇ ਅਜਿਹੇ ਨਵੇਂ ਧਾਰਮਕ ਅਲੰਬਰਦਾਰ ਲੋਕਾਂ ਨੂੰ ਪਰੋਸਣ ਲੱਗੇ ਹਨ। ਅੱਜ ਹਰ ਪਾਸੇ ਚਮਕ-ਦਮਕ (ਗਲੈਮਰ) ਵਾਲਾ ਅੰਦਾਜ਼ ਭਾਰੂ ਹੋਇਆ ਨਜ਼ਰ ਆ ਰਿਹਾ ਹੈ। ਰੂਹਾਨੀਅਤ ਦਾ ਖੇਤਰ ਵੀ ਸਵਾਲ ਇਸੇ ਤੜਕ-ਭੜਕ ਨੇ ਆਪਣੇ ਕਲਾਵੇ 'ਚ ਲੈ ਲਿਆ ਹੈ ਤੇ ਲੋਕ ਖ਼ਾਸ ਕਰਕੇ ਨੌਜਵਾਨ ਪੀੜ੍ਹੀ ਗਲੈਮਰ ਦੀ ਹੀ ਮੁਰੀਦ ਬਣ ਕੇ ਰਹਿ ਗਈ ਹੈ। ਇਸਾਈ ਮੱਤ ਦੇ ਇਹ ਨਵੇਂ ਉਭਰੇ ਡੇਰੇ ਸਿਰਫ਼ ਤੇ ਸਿਰਫ਼ ਗਲੈਮਰ ਦੇ ਜ਼ੋਰ ਵੇਲਾ-ਵਿਹਾਅ ਚੁੱਕੇ ਪੁਰਾਣੇ ਅਡੰਬਰਾਂ ਨੂੰ ਮੁੜ ਪ੍ਰਚਲਤ ਕਰਨ ਦਾ ਜ਼ਰੀਆ ਬਣ ਰਹੇ ਹਨ। ਜਲੰਧਰ ਦੇ ਆਸ-ਪਾਸ ਚੱਲ ਰਹੇ ਇਸਾਈ ਮੱਤ ਦੇ ਇਨ੍ਹਾਂ ਡੇਰਿਆਂ ਦਾ ਆਪਸ ਵਿਚ ਭਾਵੇਂ ਕੋਈ ਤੁਅੱਲਕ ਜਾਂ ਤਾਲਮੇਲ ਤਾਂ ਨਹੀਂ ਪਰ ਕੰਮ ਕਰਨ ਦੀ ਸ਼ੈਲੀ ਤੇ ਤਰਜ਼ ਇਕੋ ਜਿਹੀ ਹੈ।

ਅਨੇਕ ਤਰਾਂ ਦੀਆਂ ਬਿਮਾਰੀਆਂ ਦੇ ਗੰਭੀਰ ਮਰੀਜ਼ ਇੱਥੇ ਆਉਂਦੇ ਹਨ। ਮਾਨਸਿਕ ਤੌਰ 'ਤੇ ਪ੍ਰੇਸ਼ਾਨ ਮਜਬੂਰ ਲੋਕ ਇਨ੍ਹਾਂ ਦੇ ਬੋਲਾਂ ਉਪਰ ਨੱਚਦੇ ਹਨ। ਇੱਥੋਂ ਤੱਕ ਕਿ ਬਾਹਰਲੇ ਦੇਸ਼ਾਂ ਦੇ ਵੀਜ਼ੇ ਲਗਾਉਣ, ਵਿਆਹ ਤੇ ਔਲਾਦ ਦਾ ਸੁਖ ਪ੍ਰਾਪਤ ਕਰਨ ਵਰਗੀਆਂ ਮੁਰਾਦਾਂ ਪੂਰੀਆਂ ਕਰਵਾਉਣ ਲਈ ਵੀ ਲੋਕ ਇੱਥੇ ਆ ਕੇ ਝੋਲੀਆਂ ਅੱਡਦੇ ਦੇਖੇ ਜਾਂਦੇ ਹਨ। ਸੰਤਾਨ ਸੁੱਖ ਪਾਉਣ ਤੇ ਵਿੱਦਿਆ ਦਾਨ ਹਾਸਲ ਕਰਨ ਲਈ ਕਈ ਲੋਕ ਪ੍ਰਾਰਥਨਾ ਕਰਦੇ ਦੇਖੇ ਜਾਂਦੇ ਹਨ। ਇਨ੍ਹਾਂ ਡੇਰਿਆਂ ਦੇ ਮੁੱਖ ਪ੍ਰਚਾਰਕ ਗੰਭੀਰ ਤੋਂ ਗੰਭੀਰ ਬਿਮਾਰੀਆਂ ਦੇ ਫੋਕੇ ਮੰਤਰਾਂ ਨਾਲ ਇਲਾਜ ਕਰਨ ਤੇ ਵੀਜ਼ੇ ਲਗਵਾਉਣ ਤੋਂ ਲੈ ਕੇ ਔਲਾਦ ਦੀ ਮੁਰਾਦ ਪੂਰੀ ਕਰਨ ਦੇ ਖੁੱਲ੍ਹੇਆਮ ਐਲਾਨ ਕਰਦੇ ਹਨ। ਅਜਿਹੇ ਦਾਅਵਿਆਂ ਦੀ ਅਨੇਕਾਂ ਪੋਸਟਾਂ ਯੂ-ਟਿਊਬ ਤੇ ਹੋਰ ਸੋਸ਼ਲ ਮੀਡੀਆ ਉੱਪਰ ਘੁੰਮਦੀਆਂ ਦੇਖੀਆਂ ਜਾ ਰਹੀਆਂ ਹਨ। ਮੁੱਖ ਪ੍ਰਚਾਰਕ ਸਟੇਜ਼ਾ ਉਪਰੋਂ 'ਸ਼ੈਤਾਨ' ਤੋਂ ਰੂਹਾਂ ਮੁਕਤ ਕਰਵਾਉਣ ਲਈ ਹੱਥਾਂ 'ਚ ਮਾਈਕ ਫੜ ਕੇ 'ਹਲੇਲੂਈਆ' ਦੇ ਲਲਕਾਰੇ ਮਾਰਦੇ ਸਟੇਜਾਂ ਉੱਪਰ ਘੁੰਮਦੇ ਹਨ ਅਤੇ ਸਟੇਜ ਉੱਪਰ ਢੋਲ ਤੇ ਸਾਜ਼ ਵਜਾਉਣ ਵਾਲੀਆਂ ਨੌਜਵਾਨ ਕੁੜੀਆਂ-ਮੁੰਡਿਆਂ ਦੀਆਂ ਟੋਲੀਆਂ ਉਨ੍ਹਾਂ ਨਾਲ ਤਾਲ ਮਿਲਾ ਕੇ ਚਲਦੀਆਂ ਹਨ। ਹਜ਼ਾਰਾਂ ਦੀ ਗਿਣਤੀ ਵਾਲੇ ਪੰਡਾਲ 'ਚ ਸ਼ਾਮਲ ਲੋਕ ਖ਼ੁਦ ਵੀ ਹੱਥ ਖੜ੍ਹੇ ਕਰਕੇ ਸਿਰ ਮਾਰਦੇ ਹੋਏ ਨੱਚਣ-ਟੱਪਣ ਲਗਦੇ ਹਨ। ਇਕ ਵੇਲਾ ਅਜਿਹਾ ਆਉਂਦਾ ਹੈ ਕਿ ਬਹੁਤ ਸਾਰੀਆਂ ਔਰਤਾਂ ਮੰਤਰ ਮੁਗਧ ਹੋਈਆਂ ਸਟੇਜ ਅੱਗੇ ਛੱਡੀ ਖ਼ਾਲੀ ਥਾਂ ਆ ਜਾਂਦੀਆਂ ਹਨ ਤੇ ਮੂਰਛਤ ਅਵਸਥਾ 'ਚ ਧਰਤੀ ਉੱਪਰ ਡਿੱਗਣ ਲਗਦੀਆਂ ਹਨ। ਸਟੇਜ ਉਪਰੋਂ ਮੁੱਖ ਪ੍ਰਚਾਰਕ ਵਲੋਂ ਇਸ ਅਵਸਥਾ ਨੂੰ ਸ਼ੈਤਾਨ ਵਲੋਂ 'ਰੂਹਾਂ ਛੱਡਣ' ਦਾ ਨਾਂਅ ਦਿੱਤਾ ਜਾਂਦਾ ਹੈ। ਅੰਕੁਰ ਨਰੂਲਾ ਦੇ ਸਤਿਸੰਗ ਵਿਚ ਪ੍ਰਾਰਥਨਾ ਨਾਲ ਤਿਆਰ ਕੀਤਾ ਤੇਲ, ਮਠਿਆਈ ਵੀ ਦਿੱਤੀ ਜਾਂਦੀ ਹੈ ਜਿਸ ਦੇ ਲਗਾਉਣ ਤੇ ਖਾਣ ਨਾਲ ਲੋਕਾਂ ਦੇ ਤੰਦਰੁਸਤ ਹੋਣ ਦਾ ਦਾਅਵਾ ਕੀਤਾ ਜਾਂਦਾ ਹੈ ਪਰ ਤਾਜਪੁਰ ਪਿੰਡ ਦੇ ਲੋਕ ਅਜਿਹੇ ਦਾਅਵਿਆਂ ਨੂੰ ਰੱਦ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਤਾਜਪੁਰ ਵਾਲੇ ਡੇਰੇ 'ਚ ਪਿਛਲੇ ਕਰੀਬ ਇਕ ਸਾਲ ਤੋਂ ਦਿਮਾਗ ਖ਼ਰਾਬੀ ਵਾਲੀ ਇਕ ਔਰਤ ਰਹਿ ਰਹੀ ਹੈ ਜਿਸ ਦੀ ਲੱਤ ਨੂੰ ਸੰਗਲ ਪਾਇਆ ਹੋਇਆ ਹੈ। ਪੱਤਰਕਾਰ ਨੇ ਵੀ ਡੇਰੇ 'ਚ ਘੁੰਮ ਰਹੀ ਲੱਤ ਨੂੰ ਸੰਗਲ ਪਾਈ ਇਹ ਔਰਤ ਦੇਖੀ ਪਰ ਉਸ ਦਾ ਹਾਲੇ ਤੱਕ ਕੋਈ ਇਲਾਜ ਨਹੀਂ ਹੋਇਆ। ਡੇਰਾ ਖਾਂਬਰਾ ਤੇ ਤਾਜਪੁਰ ਵਲੋਂ ਲਗਾਏ ਜਾਂਦੇ ਸਤਿਸੰਗਾਂ ਵਿਚ ਮਨੋਕਾਮਨਾਵਾਂ ਪੂਰੀਆਂ ਹੋਣ ਦੀ ਗੱਲ ਸੁਣ ਕੇ ਨੱਚਦੇ ਦੇਖੇ ਜਾਂਦੇ ਹਨ। ਇਨ੍ਹਾਂ ਡੇਰਿਆਂ 'ਚ ਮੁਰਦਿਆਂ ਨੂੰ ਜਿਊਂਦੇ ਕਰਨ ਦੇ ਦਾਅਵੇ ਹੀ ਨਹੀਂ ਸਗੋਂ ਸਟੇਜਾਂ ਤੋਂ ਛਲਾਵੇ ਵੀ ਕੀਤੇ ਜਾਂਦੇ ਹਨ। ਬਜਿੰਦਰ ਸਿੰਘ ਵਲੋਂ ਡੀ.ਐੱਮ.ਸੀ. ਲੁਧਿਆਣਾ 'ਚ ਬੁਖਾਰ ਕਾਰਨ ਕਈ ਦਿਨਾਂ ਤੱਕ ਦਾਖ਼ਲ ਰਹਿਣ ਪਿੱਛੋਂ ਮੌਤ ਦੇ ਮੂੰਹ ਜਾ ਪਏ ਇਕ ਦਸ ਕੁ ਸਾਲਾਂ ਬੱਚੇ ਨੂੰ ਸਟੇਜ ਉੱਪਰ ਜਿਊਂਦਾ ਹੁੰਦਾ ਦਿਖਾਇਆ ਗਿਆ। ਇਸ ਕਰਾਮਾਤ ਦੀ ਵੀਡੀਓ ਸ਼ਰੇਆਮ ਵਾਇਰਲ ਹੋ ਰਹੀ ਹੈ। ਤਾਜਪੁਰ ਦੇ ਲੋਕ ਡੇਰੇ ਦੀਆਂ ਸਰਗਰਮੀਆਂ ਤੋਂ ਖੁਸ਼ ਨਹੀਂ ਸਗੋਂ ਉਹ ਇਸ ਗੱਲੋਂ ਔਖੇ ਹਨ ਕਿ ਡੇਰੇ ਵਾਲਿਆਂ ਨੇ ਪਿੰਡ ਦੇ ਸ਼ਮਸ਼ਾਨਘਾਟ ਨੂੰ ਜਾਂਦੇ ਰਸਤੇ 'ਤੇ ਧੱਕੇ ਨਾਲ ਕਬਜ਼ਾ ਕਰ ਰੱਖਿਆ ਹੈ।

ਤਰਨਤਾਰਨ ਖੇਤਰ ਦੇ ਪਿੰਡ ਪਰੋਵਾਲ ਦੀ ਜੰਮਪਲ ਰੇਨੂੰ ਪਿਛਲੇ ਕਾਫ਼ੀ ਸਮੇਂ ਤੋਂ ਖਾਂਬਰਾ ਵਾਲੇ ਚਰਚ ਕੰਪਲੈਕਸ 'ਚ ਰਹਿ ਰਹੀ ਹੈ। ਉਹ ਏਨੀ ਉਤਸ਼ਾਹਿਤ ਹੈ ਕਿ ਉੱਚੀ-ਉੱਚੀ ਬੋਲ ਕੇ ਦੱਸ ਰਹੀ ਸੀ ਕਿ ਮੇਰਾ ਪਹਿਲਾ ਵਿਆਹ ਟੁੱਟ ਗਿਆ ਸੀ ਤੇ ਨਵਾਂ ਵਿਆਹ ਵੀ ਰਾਸ ਨਹੀਂ ਸੀ ਆ ਰਿਹਾ, ਪਰ ਜਦ ਤੋਂ ਇੱਥੇ ਆਈ ਹਾਂ ਤਾਂ ਜ਼ਿੰਦਗੀ ਹੀ ਬਦਲ ਗਈ ਹੈ। ਮੁੰਬਈ ਤੋਂ ਦੋ ਔਰਤਾਂ ਨਾਲ ਆਏ ਹੋਏ ਚੜ੍ਹਦੀ ਉਮਰ ਦੇ ਦੋ ਨੌਜਵਾਨ ਕਹਿ ਰਹੇ ਸਨ ਕਿ ਉਹ ਆਨ-ਲਾਈਨ ਜਾਣਕਾਰੀ ਹਾਸਲ ਕਰਕੇ ਇੱਥੇ ਪੁੱਜੇ ਹਨ ਤੇ ਬਿਮਾਰ ਮਾਤਾ ਦੀ ਸਿਹਤਯਾਬੀ ਲਈ ਪ੍ਰਾਰਥਨਾ ਕਰ ਰਹੇ ਹਨ। ਇਸੇ ਤਰਾਂ ਖੋਜੇਵਾਲ ਦੇ ਚਰਚ 'ਚ ਇਕ ਪ੍ਰਬੰਧਕ ਆਖ ਰਿਹਾ ਸੀ ਕਿ 'ਬੁਰੀਆਂ ਆਤਮਾਵਾਂ' ਤੋਂ ਮੁਕਤੀ ਹੀ ਉਨ੍ਹਾਂ ਦਾ ਮੁੱਖ ਮਨੋਰਥ ਹੈ। ਉਨ੍ਹਾਂ ਵਲੋਂ ਛਾਪੇ ਕਿਤਾਬਚਿਆਂ ਵਿਚ ਵੀ ਯਿਸੂ ਮਸੀਹ ਦੀ ਪ੍ਰਾਰਥਨਾ ਨਾਲ ਬਿਮਾਰਾਂ ਦੇ ਦੁੱਖ ਟੁੱਟਦੇ ਤੇ ਪ੍ਰੇਤ ਛਾਇਆ ਤੋਂ ਛੁਟਕਾਰੇ ਦੇ ਕੌਤਕ ਦਰਜ ਕੀਤੇ ਹੋਏ ਹਨ। ਹੈਰਾਨੀ ਵਾਲੀ ਗੱਲ ਇਹ ਹੈ ਕਿ ਤਿੰਨਾਂ ਹੀ ਪਿੰਡਾਂ ਦੇ ਲੋਕ ਡੇਰੇਦਾਰਾਂ ਦੀਆਂ ਸਰਗਰਮੀਆਂ ਤੋਂ ਬਹੁਤੇ ਨਾ ਤਾਂ ਪ੍ਰਭਾਵਤ ਹਨ ਤੇ ਨਾ ਹੀ ਮਾਣ ਕਰਦੇ ਹਨ।

### ਚੌਂਕੀਆਂ ਭਰਨ 'ਚ ਸਿੱਖ ਵੀ ਪਿੱਛੇ ਨਹੀਂ

ਆਮ ਕਰਕੇ ਰਵਾਇਤੀ ਇਸਾਈ ਚਰਚ 'ਚ ਪਗੜੀਧਾਰੀ ਸਾਬਤ ਸੂਰਤ ਸਿੱਖ ਕਦੇ ਨਹੀਂ ਦੇਖੇ ਜਾਂਦੇ। ਚਰਚ ਦੇ ਸ਼ਰਧਾਲੂਆਂ 'ਚ ਸਿੱਖਾਂ ਦੀ ਗਿਣਤੀ ਕਦੇ ਵੀ ਨਹੀਂ ਦੇਖੀ ਗਈ, ਪਰ ਨਵੇਂ ਉਭਰੇ ਇਸਾਈ ਪ੍ਰਚਾਰ ਵਾਲੇ ਡੇਰਿਆਂ ਵਿਚ ਨਾ ਸਿਰਫ਼ ਪਗੜੀਧਾਰੀ ਸਗੋਂ ਅੰਮ੍ਰਿਤਧਾਰੀ ਸਿੱਖ ਵੀ ਪਰਿਵਾਰਾਂ ਸਮੇਤ ਸਤਿਸੰਗ ਤੇ ਮੀਟਿੰਗਾਂ 'ਚ ਸ਼ਾਮਲ ਹੁੰਦੇ ਦੇਖੇ ਜਾਂਦੇ ਹਨ। ਅਸੀਂ ਜਦ ਤਾਜਪੁਰ ਵਾਲੇ ਡੇਰੇ ਉਪਰ ਗਏ ਤਾਂ ਉੱਥੇ ਸਾਡੇ ਹੁੰਦਿਆਂ ਹੀ ਮੋਗੇ ਵੱਲ ਦੇ ਪਿੰਡ ਤੋਂ ਇਕ ਅੰਮ੍ਰਿਤਧਾਰੀ ਸਿੱਖ ਕਾਰ ਵਿਚ ਸਵਾਰ ਹੋ ਕੇ ਪਰਿਵਾਰ ਸਮੇਤ ਉੱਥੇ ਪੁੱਜਿਆ।

ਤਾਜਪੁਰ ਦੇ ਸਤਿਸੰਗ 'ਚ ਹੀ ਇਕ ਖੁੱਲ੍ਹੀ ਦਾੜ੍ਹੀ ਵਾਲੇ ਪਗੜੀਧਾਰੀ 60 ਕੁ ਨੂੰ ਢੁੱਕੇ ਪਰਿਵਾਰ ਸਮੇਤ ਪੁੱਜੇ ਸਿੱਖ ਨੂੰ ਜਦ ਕਨੇਡਾ ਜਾਣ ਦਾ ਦਾਅਵਾ ਕੀਤਾ ਤਾਂ ਉਹ ਪਤੀ-ਪਤਨੀ ਖੁਸ਼ੀ 'ਚ ਬੇਪ੍ਰਵਾਹ ਹੋਏ ਨੱਚਦੇ ਦਿਖਾਈ ਦਿੱਤੇ। ਇਸੇ ਤਰਾਂ ਖਾਬਰਾਂ ਵਾਲੇ ਡੇਰੇ 'ਚ 5-6 ਸਾਲਾਂ ਤੋਂ ਪ੍ਰੇਮੀ ਚਲਿਆ ਆ ਰਿਹਾ, ਜਲੰਧਰ ਬਸਤੀਆਂ ਦਾ ਇਕ ਪ੍ਰੇਮੀ ਬਣਿਆ ਸਿੱਖ ਕਹਿ ਰਿਹਾ ਸੀ ਕਿ ਜਦ ਉਸ ਨੇ ਇੱਥੇ ਆਉਣਾ ਸ਼ੁਰੂ ਕੀਤਾ ਤਾਂ ਸਾਰੇ ਰਿਸ਼ਤੇਦਾਰ ਮਿਲਣਾ ਗਿਲਣਾ ਹੀ ਛੱਡ ਗਏ। ਇਕ ਹੋਰ ਬਜ਼ੁਰਗ ਸਿੱਖ ਦੋ ਬਜ਼ੁਰਗ ਔਰਤਾਂ ਨਾਲ ਉੱਥੇ ਆਪ ਤੋਂ ਅੱਧੀ ਉਮਰ ਦੇ 'ਪਾਪਾ ਜੀ' ਨੂੰ ਹੱਥ ਜੋੜਦੇ ਦਿਖਾਈ ਦਿੱਤੇ। ਪੰਜਾਬੀ ਸਮਾਜ ਵਿਚ ਪ੍ਰੇਤ ਛਾਇਆ ਜਾਂ ਬੇਗਾਨੀਆਂ ਰੂਹਾਂ ਦੇ ਕਰਾਮਾਤ ਨਾਲ ਇਲਾਜ ਦੇ ਪਹਿਲਾਂ ਅਨੇਕਾਂ ਡੇਰੇ ਚਲਦੇ ਆਏ ਹਨ। ਪਰ ਜਿੰਨੇ ਵਿਆਪਕ ਪੱਧਰ 'ਤੇ ਖੁੱਲ੍ਹੇਆਮ ਇਨ੍ਹਾਂ ਡੇਰਿਆਂ 'ਚ ਇਹ ਅਡੰਬਰ ਪ੍ਰਚੱਲਤ ਹੈ, ਸ਼ਾਇਦ ਹੀ ਇਸ ਤਰ੍ਹਾਂ ਕਦੇ ਹੋਇਆ ਹੋਵੇ।



'ਰੋਜ਼ਾਨਾ ਅਜੀਤ' ਤੋਂ ਧੰਨਵਾਦ ਸਹਿਤ

# ਹਿੰਸਾ, ਤਸ਼ੱਦਦ ਤੇ ਬੇਭਰੋਸਗੀ ਦੀ ਦਾਸਤਾਨ ਹੈ ‘ਰੈੱਡ ਮੇਜ਼’

ਦਾਨੇਸ਼ ਰਾਣਾ ਭਾਰਤੀ ਪੁਲੀਸ ਸੇਵਾ ਦੇ ਜੰਮੂ ਕਸ਼ਮੀਰ ਕਾਡਰ ਦੇ 1996 ਬੈਚ ਦੇ ਅਧਿਕਾਰੀ ਹਨ। ‘ਰੈੱਡ ਮੇਜ਼’ ਉਨ੍ਹਾਂ ਦੁਆਰਾ ਕਸ਼ਮੀਰ ਸਮੱਸਿਆ ਨੂੰ ਲਾਗਿਓਂ ਦੇਖਦਿਆਂ-ਪਰਖਦਿਆਂ ਯਥਰਾਥਕ ਤੇ ਪ੍ਰਮਾਣਕ ਅਨੁਭਵਾਂ ਨੂੰ ਆਧਾਰ ਬਣਾ ਕੇ ਲਿਖਿਆ ਪਲੇਠਾ ਨਾਵਲ ਹੈ। ਇਸ ਨੂੰ 2015 ’ਚ ਹਾਰਪਰ ਕੋਲਿਨਜ਼ ਨੇ ਛਾਪਿਆ।

ਕਸ਼ਮੀਰ ਲਈ ਕਦੇ ਜੰਨਤ/ਫ਼ਿਰਦੌਸ ਦੇ ਰੂਪਕ ਵਰਤੇ ਜਾਂਦੇ ਸਨ, ਪਰ ਅੱਜ ਗਰਮਖ਼ਿਆਲੀ, ਦਹਿਸ਼ਤ, ਖਾੜਕੂਵਾਦ ਤੇ ਮੂਲਵਾਦ ਕਾਰਨ ਵਹਿ ਰਹੇ ਲਹੂ ਨਾਲ ਜੋੜ ਕੇ ਦੇਖਿਆ ਜਾਂਦਾ ਹੈ ਤਾਂ ਕਸ਼ਮੀਰ ’ਚ ਹਰ ਸਾਲ ਉੱਗਦੀ ਮੱਕੀ ਦੀ ਫ਼ਸਲ ਹਰ ਰੁੱਤ ਨਾਲ ਹੋਰ ਵਧੇਰੇ ਲਹੂ ਰੰਗੀ ਤੇ ਗੂੜ੍ਹੀ ਲਾਲ ਦਿਖਾਈ ਦੇਣ ਲੱਗਦੀ ਹੈ।

‘ਰੈੱਡ ਮੇਜ਼’ ਦਾ ਬਿਰਤਾਂਤ ਤਿੰਨ ਕਸ਼ਮੀਰੀ ਮੁਸਲਿਮ ਭਾਰਵਾਂ ਸ਼ਕੀਲ, ਖਾਲਿਦ ਤੇ ਫਿਰਦੌਸ ਅਤੇ ਉਨ੍ਹਾਂ ਦੀ ਜ਼ਿੰਦਾਦਿਲ ਤੇ ਬਹਾਦਰ ਮਾਂ ਕੌਸਰ ਜਾਨ ਦੇ ਜੰਮੂ ਕਸ਼ਮੀਰ ਦੇ ਪਹਾੜਾਂ ’ਚ ਜੀਵੇ ਜਾ ਰਹੇ ਧੀਮੀ ਰਫ਼ਤਾਰ ਦੇ ਜੀਵਨ ਨਾਲ ਸ਼ੁਰੂ ਹੁੰਦਾ ਹੈ। ਇਸ ਦੌਰਾਨ ਵਿਚਕਾਰਲਾ ਭਰਾ ਹਾਲਾਤ ਦੀ ਸਿਤਮਜ਼ਰੀਫ਼ੀ ਤੇ ਹੋਰ ਮਜਬੂਰੀਆਂ ਕਾਰਨ ਸਰਹੱਦ ਪਾਰ ਕਰਕੇ ਕਸ਼ਮੀਰੀ ਖਾੜਕੂਆਂ ਨਾਲ ਜਹਾਦ ’ਚ ਸ਼ਾਮਲ ਹੋ ਜਾਂਦਾ ਹੈ। ਇਉਂ ਇਹ ਨਾਵਲ ਉਨ੍ਹਾਂ ਸਥਿਤੀਆਂ ਤੇ ਸਮਿਆਂ ਦੀਆਂ ਘਟਨਾਵਾਂ ਦਾ ਮਾਰਮਿਕ ਬਿਰਤਾਂਤ ਹੈ ਜਿਨ੍ਹਾਂ ’ਚ ਹਥਿਆਰਬੰਦ ਜਹਾਦੀਆਂ ਤੇ ਫ਼ੌਜੀ ਦਸਤਿਆਂ ਦੀ ਆਪਸੀ ਗੋਲੀਬਾਰੀ ਤੇ ਫ਼ਸਾਦ ’ਚ ਆਮ ਮਾਸੂਮ ਲੋਕ ਵੱਡੇ ਪੱਧਰ ’ਤੇ ਸ਼ਿਕਾਰ ਹੁੰਦੇ ਹਨ।

ਇਸ ਨਾਵਲ ਦੇ ਨਾਮ ਪਿੱਛੇ ਇਹ ਤਿੱਖੀ ਤੇ ਡੂੰਘੀ ਸਮਝ ਪਈ ਹੈ ਕਿ ਜੰਮੂ ਕਸ਼ਮੀਰ ’ਚ ਬੜੇ ਸ਼ਾਂਤ ਸਮੇਂ ਦੇਖਣ ਵਾਲੇ ਪੁਰਾਣੇ ਬਜ਼ੁਰਗਾਂ ਨੇ ਸਹੀ ਭਵਿੱਖਬਾਣੀ ਕੀਤੀ ਸੀ ਕਿ ‘ਸਾਡੀਆਂ ਜ਼ਮੀਨਾਂ ਏਨਾਂ ਕੁ ਲਹੂ ਜੀਰ ਲੈਣਗੀਆਂ ਕਿ ਇਕ ਦਿਨ ਪੀਲੀ ਮੱਕੀ ਦੀ ਥਾਂ ਲਾਲ ਮੱਕੀ ਪੈਦਾ ਹੋਵੇਗੀ। ਉਹ ਦਿਨ ਦੂਰ ਨਹੀਂ ਜਦੋਂ ਪਹਾੜ ਮੌਸਮ ਦਰ ਮੌਸਮ ਲਾਲ ਮੱਕੀ ਉਗਾਉਣਗੇ।’ ਇਸ ਤਰ੍ਹਾਂ ਲਾਲ ਮੱਕੀ ਦਾ ਬਿੰਬ ਕਈ ਪ੍ਰਸੰਗਾਂ ’ਚ ਸਾਰੇ ਬਿਰਤਾਂਤ ’ਚ ਥਾਂ ਪੁਰ ਥਾਂ ਫੈਲਿਆ ਦਿਖਾਈ ਦਿੰਦਾ ਹੈ। ਇਹ ਸਿਰਫ਼ ਕਸ਼ਮੀਰੀਆਂ ਦੇ ਖਾਣ ਦਾ ਆਟਾ ਹੀ ਨਹੀਂ ਸਗੋਂ ਉਨ੍ਹਾਂ ਦੇ ਜੀਵਨ, ਸੋਚ, ਸੰਘਰਸ਼ ਤੇ ਸਹਿਜ ਦੀ ਟੇਕ ਵੀ ਹੈ ਤੇ ਜੀਵਨ ਦਾ ਧੁਰਾ ਵੀ।

ਇਸ ਬਿਰਤਾਂਤ ਦੇ ਸ਼ੁਰੂ ’ਚ ਹੀ ਮੱਕੀ ਦੀ ਫ਼ਸਲ ਦਾ ਰੂਪਕ ਆਪਣੇ ਅੰਦਰ ਸਮਾਈ ਅਰਥਪੂਰਨ ਚਿਹਨਾਤਮਕਤਾ ਨਾਲ ਪੇਸ਼ ਹੁੰਦਾ ਹੈ: ਅਨਾਰਾਂ ਦੇ ਬੂਟਿਆਂ ਦੀਆਂ ਤਿੰਨ ਕਤਾਰਾਂ ਵਾਲਾ ਢਲਾਣ ’ਤੇ ਬਣਿਆ ਖੇਤ ਕੌਸਰ ਜਾਨ ਦੀ ਜ਼ਿੰਦਗੀ ਦਾ ਸਹਾਰਾ ਬਣ ਗਿਆ ਹੈ। ਸਾਲ ਦਰ ਸਾਲ ਉਹ ਮੱਕੀ ਦੀ ਫ਼ਸਲ ਇਸ ਤਰ੍ਹਾਂ ਪਾਲਦੀ ਜਿਵੇਂ ਉਹ ਇਕ ਹੋਰ ਬੱਚੇ ਨੂੰ ਪਾਲ ਰਹੀ ਹੋਵੇ। ਜਦੋਂ ਗਰਮੀਆਂ ਦੀ ਬਰਸਾਤ ਨਾਲ ਮੱਕੀ ਦਾ ਮੌਸਮ ਸ਼ੁਰੂ ਹੁੰਦਾ, ਉਹ ਗਿੱਲੀ ਜ਼ਮੀਨ ਨੂੰ ਬੜੀ ਸਾਵਧਾਨੀ ਨਾਲ ਵਾਹੁੰਦੀ। ਬੀਜ ਬੀਜਣ ਤੋਂ ਬਾਅਦ ਉਹ ਬੜੀ ਬੇਸਬਰੀ ਨਾਲ ਪੌਦਿਆਂ ਨੂੰ ਧਰਤੀ ‘ਚੋਂ ਬਾਹਰ ਆਉਂਦਿਆਂ ਦੇਖਦੀ। ਜਿਉਂ ਹੀ ਦਿਨ ਲੰਘਦੇ ਤੇ ਪਹਿਲੇ ਹਰੇ ਪੌਦੇ ਦਿਸਣ ਲੱਗਦੇ, ਇਹ ਉਸ ਲਈ ਬੜਾ ਔਖਾ ਸਮਾਂ ਹੁੰਦਾ। ਉਹ ਆਪਣੇ ਪੁੱਤਰਾਂ ਨੂੰ ਚਿੱਟੇ ਫੁੱਲ ਤੋੜਨੋਂ ਰੋਕਣ ਲਈ ਉਨ੍ਹਾਂ ਦੇ ਮਗਰ ਭੱਜਦੀ। ਉਹ ਉਨ੍ਹਾਂ ਨੂੰ ਝਿੜਕਦੀ, “ਮੱਕੀ ਹੀ ਸਾਡਾ ਸਭ ਕੁਝ ਏ।”

ਇਉਂ ਹੀ ਮੱਕੀ ਦੀ ਫ਼ਸਲ ਨੂੰ ਇਸ ਬਿਰਤਾਂਤ ਦੇ ਅੰਤਲੇ ਪੜਾਅ ’ਚ ਸੂਖ਼ਮ ਅਰਥਾਂ ਨਾਲ ਸ਼ਕਤੀਸ਼ਾਲੀ ਭਾਸ਼ਾ ਰਾਹੀਂ ਪ੍ਰਗਟ ਕੀਤਾ ਗਿਆ ਹੈ ਜੋ ਕਸ਼ਮੀਰ ਦੇ ਭਵਿੱਖੀ ਹਾਲਾਤ ਦਾ ਸੰਕੇਤਕ ਵੀ ਹੈ: ਮੇਜਰ ਰਾਠੌੜ ਵਿਸ਼ੇਸ਼ ਕਮਾਂਡੋਜ਼ ਵਿਚ ਘਿਰਿਆ ਹੋਇਆ ਹੈ। ਉਸ ਦਾ ਸਾਮਾਨ ਭਾੜੇ ਦੀਆਂ ਖੱਚਰਾਂ ’ਤੇ ਲੱਦਿਆ ਜਾ ਰਿਹਾ ਹੈ। ਉਹ ਸਵਾਲ ਮੱਕੀ ਦੀਆਂ ਫ਼ਸਲਾਂ ਵਿਚਦੀ ਆਖ਼ਰੀ ਵਾਰ ਮੋਹਰਾ ਮਦਾਨਾ ਦੀਆਂ ਪਹਾੜੀਆਂ ਉਤੋਂ ਦੀ ਤੁਰ ਕੇ ਜਾਏਗਾ... ਪਹਾੜਾਂ ’ਚ ਲੋਕ ਮੱਕੀ ਦੀ ਫ਼ਸਲ ਲਈ ਦੁਆਵਾਂ ਕਰਦੇ ਰਹਿਣਗੇ। ਮੀਂਹ ਤੋਂ ਬਾਅਦ ਮੱਕੀ ਬੀਜਣਗੇ ਤੇ ਫੇਰ ਬੜੀ ਬੇਸਬਰੀ ਨਾਲ ਦਾਣਿਆਂ ਨਾਲ ਭਰੀਆਂ ਛੱਲੀਆਂ ਦੀ ਉਡੀਕ ਕਰਨਗੇ। ਮੁਜਾਹਿਦ ਮੱਕੀ ਦੀਆਂ ਫ਼ਸਲਾਂ ਵਿਚ ਲੁਕ ਕੇ ਫ਼ੌਜੀਆਂ ’ਤੇ ਘਾਤ ਲਾ ਕੇ ਹਮਲਾ ਜਾਰੀ ਰੱਖਣਗੇ।

‘ਰੈੱਡ ਮੇਜ਼’ ਦੀ ਕਥਾ ਹੌਲੀ ਹੌਲੀ ਉਦੋਂ ਹੋਰ ਖੁੱਲ੍ਹਣ ਲੱਗਦੀ ਹੈ ਜਦੋਂ ਤਨਜ਼ੀਮ ਦੇ ਹਥਿਆਰਬੰਦ ਖਾੜਕੂ ਚਨਾਬ ਦਰਿਆ ਕੰਢੇ ਵਸੇ ਪਿੰਡ ਮੋਹਰਾ ਮਦਾਨਾ ਦੀਆਂ ਪਹਾੜੀਆਂ ’ਤੇ ਆਣ ਪਹੁੰਚਦੇ ਨੇ ਤਾਂ ਆਲਸੀ ਪਿੰਡ ਵਿਚ ਵਾਢੀ ਦੀ ਰੁੱਤ ਦੇ ਸਾਰੇ ਚਾਅ ਮਲਾਰ ਤੇ ਸਾਰੇ ਰੰਗ ਭੈਅ ਨਾਲ ਚੂਸੇ ਜਾਂਦੇ ਹਨ। ਦਹਿਸ਼ਤਗਰਦਾਂ ਦਾ ਆਜ਼ਾਦੀ ਦੇ ਨਾਮ ’ਤੇ ਪਿੰਡਾਂ ਵਾਲਿਆਂ ਵਿਚ ਜਿੰਨਾ ਖ਼ੌਫ਼ ਹੈ ਓਨੀਂ ਹੀ ਉਨ੍ਹਾਂ ਦੀ ਇੱਜ਼ਤ ਵੀ ਹੈ। ਇਨ੍ਹਾਂ ਵਿਚ ਜਹਾਦ ਦੇ ਨਾਅਰੇ ਦਾ ਖਿੱਚਿਆ ਇਸੇ ਪਿੰਡ ਦੀ ਕੌਸਰ ਜਾਨ ਦੇ ਤਿੰਨ ਮੁੰਡਿਆਂ ਵਿਚੋਂ ਦੂਜਾ ਮੁੰਡਾ ਸ਼ਕੀਲ ਪਹਿਲਾਂ ਮੁਜਾਹਿਦ ਬਣਦਾ ਹੈ ਤੇ ਫਿਰ ਹੌਲੀ ਹੌਲੀ ਤਨਜ਼ੀਮ ਦਾ ਏਰੀਆ ਕਮਾਂਡਰ। ਦੂਜੇ ਪਾਸੇ ਓਸੇ ਪਿੰਡ ਵਿਚ ਭਾਰਤੀ ਫ਼ੌਜ ਦੇ ਕੈਂਪ ਦਾ ਮੇਜਰ ਰਾਠੌੜ, ਸ਼ਕੀਲ ਤੇ ਉਸ ਦੀ ਕਮਾਂਡਰੀ ਨੂੰ ਖ਼ਤਮ ਕਰ ਦੇਣ ਵਿਚ ਆਪਣੀ ਕਿਸੇ ਪੀਸ ਸਟੇਸ਼ਨ ’ਤੇ ਵਾਪਸੀ ਦੀ ਟਿਕਟ ਤੇ ਨਾਲ ਹੀ ਜੈਪੁਰ ਵਿਖੇ ਲੰਬਿਤ ਪਏ ਆਪਣੇ ਵਿਆਹ ਦੀਆਂ ਸੰਭਾਵਨਾਵਾਂ ਦੇਖ ਰਿਹਾ ਹੁੰਦਾ ਹੈ। ਸਾਰੇ ਬਿਰਤਾਂਤ ਵਿਚ ਕੌਸਰ ਜਾਨ ਦੀ ਹੋਂਦ ਐਨ ਕਸ਼ਮੀਰ ਵਰਗੀ ਹੈ ਜੋ ਆਪਣੇ ਆਪ ਨੂੰ ਫ਼ੌਜ ਤੇ ਖਾੜਕੂਆਂ ਦੀ ਆਪਸੀ ਗੋਲੀਬਾਰੀ ਵਿਚ ਫਾਥੀ ਮਹਿਸੂਸ ਕਰਦੀ ਹੈ। ਇੱਥੋਂ ਤੱਕ ਕਿ ਉਸ ਦੇ ਘਰ ਦੇ ਪਿਛਲੇ ਵਿਹੜੇ ਵਿਚ ਉੱਗੀ ਮੱਕੀ ’ਤੇ ਵੀ ਉਸ ਨੂੰ ਆਪਣੇ ਪੁੱਤਰਾਂ ਦੇ ਲਹੂ ਦੇ ਨਿਸ਼ਾਨ ਦਿਸਦੇ ਹਨ। ਇਸ ਤਰ੍ਹਾਂ ‘ਲਾਲ ਮੱਕੀ’ ਦੀ ਕਹਾਣੀ ਕਸ਼ਮੀਰ ਸੰਕਟ ਕਾਰਨ ਅਜਾਈਂ ਗਵਾਏ ਜਾ ਰਹੇ ਬੇਸ਼ਕੀਮਤੀ ਮਨੁੱਖਾਂ, ਹੌਲੀ ਹੌਲੀ ਖ਼ਤਮ ਹੋ ਰਹੇ ਕਸ਼ਮੀਰ ਦੇ ਜੀਵਨ ਤੇ ਰਹਿਤਲ ਅਤੇ ਕਸ਼ਮੀਰ ਦੀ ਅਮੁੱਕ ਸਮੱਸਿਆ ਦਾ ਦੁਖਦਾਈ ਤੇ ਝੁਲਸਿਆ ਦਸਤਾਵੇਜ਼ ਹੋ ਨਿਬੜਦੀ ਹੈ।

ਇਹ ਬਿਰਤਾਂਤ ਸ਼ੁਰੂਆਤ ਤੋਂ ਹੀ ਪਾਠਕ ਨੂੰ ਆਪਣੇ ਨਾਲ ਨਾਲ ਲੈ ਤੁਰਦਾ ਹੈ। ਚਨਾਬ ਨਦੀ ਕਿਨਾਰੇ ਵਸੇ ਤੇ ਚਾਰੇ ਪਾਸੇ ਪਹਾੜਾਂ ਨਾਲ ਘਿਰੇ ਪਿੰਡ ਮੋਹਰਾ ਮਦਾਨਾ ਵਿਚ ‘ਕੱਲੀ-ਕਾਰੀ ਵਿਧਵਾ ਔਰਤ ਕੌਸਰ ਜਾਨ ਆਪਣੇ ਤਿੰਨ ਪੁੱਤਰਾਂ ਨੂੰ ਬੜੀ ਬਹਾਦਰੀ, ਮਿਹਨਤ ਤੇ ਮੁਹੱਬਤ ਨਾਲ ਪਾਲ ਰਹੀ ਹੈ। ਬਦਕਿਸਮਤੀ ਨਾਲ ‘ਆਜ਼ਾਦੀ’ ਲਈ ਸ਼ੁਰੂ ਹੋਏ ਜਹਾਦ ਵਿਚ ਉਸ ਦਾ ਵਿਚਕਾਰਲਾ ਪੁੱਤਰ ਸ਼ਕੀਲ ਸ਼ਾਮਲ ਹੋ ਕੇ ਸਮੇਂ ਨਾਲ ਏਰੀਆ ਕਮਾਂਡਰ ਤੱਕ ਤਰੱਕੀ ਕਰ ਜਾਂਦਾ ਹੈ। ਉਸ ਦੇ ਨਾਂ ਦੀ ਪੂਰੇ ਇਲਾਕੇ ਵਿਚ ਦਹਿਸ਼ਤ ਹੀ ਨਹੀਂ ਸਗੋਂ ਸਵੀਕਾਰਤਾ ਹੈ ਅਤੇ ਪੁਲੀਸ ਤੇ ਫ਼ੌਜ ਨਾਲ ਉਸ ਦੀ ਸਿੱਧੀ ਲੜਾਈ ਹੈ। ਦੂਜੇ ਪਾਸੇ ਕੌਸਰ ਜਾਨ ਕੋਲ ਆਪਣੇ ਵਿਚਕਾਰਲੇ ਮੁੰਡੇ ਦੀ ਕਿਸਮਤ ਨੂੰ ਸਵੀਕਾਰ ਲੈਣ ਤੋਂ ਇਲਾਵਾ ਕੋਈ ਚਾਰਾ ਨਹੀਂ। ਇਉਂ ਉਹ ਸਹਿਵਨ ਵੀ ‘ਜਹਾਦ ਦੀ ਮਾਂ’ ਬਣ ਜਾਂਦੀ ਹੈ ਜਿਸ ਦਾ ਦੀਨ ਵਿਚ ਬਹੁਤ ਪਵਿੱਤਰ ਸਥਾਨ ਹੈ। ਇਧਰ ਭਾਰਤੀ ਫ਼ੌਜ ਦਾ ਉਸ ਖੇਤਰ ਦਾ ਕਮਾਂਡਰ ਮੇਜਰ ਰਾਠੌੜ ਹੈ ਜਿਸ ਦਾ ਇਕੋ ਇਕ ਉਦੇਸ਼ ਇਲਾਕੇ ਦੇ ਅਤਿ ਲੋੜੀਂਦੇ ਅਤਿਵਾਦੀ ਨੂੰ ਗ੍ਰਿਫ਼ਤਾਰ ਕਰਨਾ ਜਾਂ ਮਾਰਨਾ ਹੈ ਜੋ ਕੌਸਰ ਜਾਨ ਦਾ ਪੁੱਤਰ ਹੈ। ਭਾਵੇਂ ਵੱਡੇ ਮੁੰਡੇ ਖਾਲਿਦ ਨੂੰ ਆਜ਼ਾਦੀ ਤੇ ਜਹਾਦ ਆਦਿ ਜਿਹੇ ਵਰਤਾਰਿਆਂ ‘ਚ ਕੋਈ ਰੁਚੀ ਨਹੀਂ, ਪਰ ਉਹ ਆਪਣੀ ਮਾਂ ਨੂੰ ਸੁਖੀ ਜੀਵਨ ਦੇਣਾ, ਛੋਟੇ ਭਰਾ ਨੂੰ ਪੜ੍ਹਾਈ ਕਰਵਾਉਣਾ ਤੇ ਉਸ ਦੀ ਚੰਗੀ ਤਰ੍ਹਾਂ ਦੇਖਭਾਲ ਕਰਨਾ ਚਾਹੁੰਦਾ ਹੈ। ਮੇਜਰ ਰਾਠੌੜ ਕੌਸਰ ਜਾਨ ਦੇ ਛੋਟੇ ਮੁੰਡੇ ਨੂੰ ਮੋਹਰਾ ਬਣਾ ਕੇ ਆਪਣਾ ਸ਼ਿਕਾਰ ਫੜਨਾ ਚਾਹੁੰਦਾ ਹੈ, ਪਰ ਕੌਣ ਜਾਣਦਾ ਸੀ ਕਿ ਕੌਸਰ ਜਾਨ ਨੂੰ ਦੀਨ, ਆਜ਼ਾਦੀ ਤੇ ਜਹਾਦ ਅਤੇ ਅਤਿਵਾਦ ਵਿਰੁੱਧ ਲੜਾਈ ‘ਚ ਇਕ ਇਕ ਕਰਕੇ ਆਪਣੇ ਤਿੰਨਾਂ ਪੁੱਤਰਾਂ ਦੀ ਬਲੀ ਦੇਣੀ ਪਵੇਗੀ। ਇਹੋ ‘ਰੈੱਡ ਮੇਜ਼’ ਦੇ ਬਿਰਤਾਂਤ ਦਾ ਕੇਂਦਰੀ ਸੱਚ ਹੈ।

ਕੌਸਰ ਜਾਨ ਵਰਗੀਆਂ ਹੀ ਕਈ ਕਸ਼ਮੀਰੀ ਔਰਤਾਂ ਚਾਹੇ ਉਹ ਮਾਵਾਂ ਹੋਣ ਜਾਂ ਪਤਨੀਆਂ ਅੱਜ ਵੀ ਆਪਣੇ ਪੁੱਤਰਾਂ ਜਾਂ ਪਤੀਆਂ ਦੀ ਮੌਤ ਹੋਣ ਕਾਰਨ ਜਾਂ ਉਨ੍ਹਾਂ ਦੇ ਲਾਪਤਾ ਹੋਣ ਕਾਰਨ ‘ਅੱਧੀ ਵਿਧਵਾ’ ਜਾਂ ‘ਅੱਧੀ ਮਾਂ’ ਦਾ ਜੀਵਨ ਜਿਉਣ ਲਈ ਮਜਬੂਰ ਹਨ। ਇਸ ਪ੍ਰਸੰਗ ਵਿਚ ਕਸ਼ਮੀਰ ਆਧਾਰਤ ਦੋ ਹੋਰ ਨਾਵਲਾਂ ਦਾ ਜ਼ਿਕਰ ਕਰਨਾ ਲਾਜ਼ਮੀ ਹੈ। ਪਹਿਲਾ ਨਾਵਲ ਹੈ ਨਈਮ ਅਹਿਮਦ ਮਜਬੂਰ ਦਾ ‘ਦਹਿਸ਼ਤਜ਼ਾਦੀ’ ਅਤੇ ਦੂਜਾ ਨਾਵਲ ਸ਼ਫ਼ੀ ਅਹਿਮਦ ਦਾ ‘ਅੱਧੀ ਵਿਧਵਾ’। ਇਹ ਦੋਵੇਂ ਨਾਵਲ ਵੀ ਕਸ਼ਮੀਰ ਸਮੱਸਿਆ ਵਿਚ ਔਰਤ ਦੀ ਤਰਸਯੋਗ ਸਥਿਤੀ ਨੂੰ ਸਮਝਣ ਹਿੱਤ ਅਹਿਮ ਰਚਨਾਵਾਂ ਹਨ। ਇਸ ਤੋਂ ਇਲਾਵਾ ਕਸ਼ਮੀਰ ਦੀ ਦਹਿਸ਼ਤ ਬਾਰੇ ਪੰਜਾਬੀ ‘ਚ ਸੁਰਿੰਦਰ ਨੀਰ ਦਾ ਨਾਵਲ ‘ਸ਼ਿਕਾਰਗਾਹ’ ਵੀ ਵਿਸ਼ੇਸ਼ ਮਹੱਤਵ ਦਾ ਧਾਰਨੀ ਹੈ।

ਜੰਮੂ ਕਸ਼ਮੀਰ ਦੇ ਸੁੰਦਰ ਮਨਮੋਹਕ ਭੂ-ਦ੍ਰਿਸ਼, ਇਤਿਹਾਸ, ਧਰਮ ਅਤੇ ਇਸ ਦੇ ਆਜ਼ਾਦੀ ਲਈ ਜਹਾਦ ਨੂੰ ਸਮਝਣ ਲਈ ਕਸ਼ਮੀਰ ਨਾਲ ਸਬੰਧਿਤ ਹੋਰ ਹਵਾਲੇ ਵੀ ਦੇਖਣੇ ਜ਼ਰੂਰੀ ਬਣਦੇ ਹਨ। ਇਸ ਪ੍ਰਸੰਗ ਵਿਚ ਏ.ਐੱਸ. ਦੁੱਲਤ ਦੀ ਕਿਤਾਬ ‘ਕਸ਼ਮੀਰ ਦੀ ਦਾਸਤਾਨ’ ਅਹਿਮ ਹੈ ਜਿਸ ਵਿਚ ਉਹ ਕਸ਼ਮੀਰ ਸਮੱਸਿਆ, ਕਸ਼ਮੀਰੀ ਚਰਿੱਤਰ ਤੇ ਸੁਭਾਅ ਬਾਰੇ ਬੜੀ ਸਟੀਕ ਟਿੱਪਣੀ ਕਰਦਾ ਹੈ: ‘ਕਸ਼ਮੀਰ ਸਮੱਸਿਆ ਦੇ ਹੱਲ ਲਈ ਕਸ਼ਮੀਰੀਆਂ ਦੀ ਜ਼ਹਿਨੀਅਤ ਤੇ ਕਸ਼ਮੀਰੀਅਤ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਕਿਹਾ ਜਾਂਦਾ ਹੈ ਕਿ ਇਹ ਨਾਗਿਆਂ ਦੇ ਵੰਸ਼ਜ ਹਨ, ਪਰ ਬੁਨਿਆਦੀ ਤੌਰ ’ਤੇ ਇਹ ਸਾਰਸਵਤ ਬ੍ਰਾਹਮਣ ਹਨ ਜਿਨ੍ਹਾਂ ਨੇ ਆਪਣਾ ਧਰਮ ਬਦਲ ਲਿਆ ਸੀੜ ਅਤੇ ਮੁਗ਼ਲਾਂ, ਪਠਾਣਾਂ, ਅਫ਼ਗਾਨਾਂ, ਸਿੱਖਾਂ ਤੇ ਡੋਗਰਿਆਂ ਅਤੇ ਮੌਜੂਦਾ ਸਮੇਂ ਵਿਚ ਭਾਰਤ ਹੱਥੋਂ ਸੰਤਾਪ ਝੱਲਦਿਆਂ, ਉਹ ਹਮੇਸ਼ਾ ਆਪਣੀ ਜੰਗ ਦਿਮਾਗ਼ ਨਾਲ ਲੜਦੇ ਰਹੇ ਹਨ। ਉਨ੍ਹਾਂ ਕੋਲ ਜੋ ਨਹੀਂ ਹੈ ਉਨ੍ਹਾਂ ਦਾ ਦਿਮਾਗ਼ ਉਸ ਦੀ ਪੂਰਤੀ ਕਰਦਾ ਹੈ। ੜਕਸ਼ਮੀਰੀ ਕਦੇ ਵੀ ਛੇਤੀ ਕੀਤੇ ਆਪਣੀ ਹਾਰ ਨਹੀਂ ਮੰਨਦੇ। ... ਪਰ ਜ਼ਿੰਦਗੀ ਵਿਚ ਕਦੇ ਵੀ ਕੁਝ ਸਥਾਈ ਨਹੀਂ ਹੁੰਦਾ, ਕਸ਼ਮੀਰ ਬਾਰੇ ਵੀ ਇਹੋ ਹੀ ਸੱਚ ਹੈ। ਇਹ ਸਥਿਤੀ ਕਦੇ ਵੀ ਬਦਲ ਸਕਦੀ ਹੈ। ਕਸ਼ਮੀਰੀ ਪਿਛਲੇ ਪੰਝੀ ਸਾਲਾਂ ਤੋਂ ਵੀ ਵੱਧ ਸਮੇਂ ਤੋਂ ਸੰਤਾਪ ਭੋਗ ਰਹੇ ਹਨ ਹਾਲਾਂਕਿ ਇਸ ਸੰਤਾਪ ਲਈ ਉਹ ਖ਼ੁਦ ਨੂੰ ਹੀ ਜ਼ਿੰਮੇਵਾਰ ਮੰਨਦੇ ਹਨ। ਉਹ ਕਸ਼ਮੀਰ ਵਿਚ ਕਾਇਮ ‘ਜਿਉਂ ਦੀ ਤਿਉਂ ਸਥਿਤੀ’ ਕਾਰਨ ਅੰਦਰੋਂ-ਅੰਦਰ ਅਸ਼ਾਂਤ ਹਨ। ਸਨਮਾਨ ਨਾਲ ਅਮਨ ਅਤੇ ਸ਼ਾਂਤੀ ਅਜੇ ਵੀ ਉਨ੍ਹਾਂ ਨੂੰ ਦੂਰ ਦੀ ਗੱਲ ਜਾਪਦੀ ਹੈ।’

‘ਰੈੱਡ ਮੇਜ਼’ ਦਾ ਬਿਰਤਾਂਤ ਸਾਨੂੰ ਇਹ ਵੀ ਸੋਚਣ ਲਈ ਮਜਬੂਰ ਕਰਦਾ ਹੈ ਕਿ ਕਸ਼ਮੀਰ ਸਮੱਸਿਆ ਦੇ ਇਤਿਹਾਸਕ, ਭੂਗੋਲਿਕ, ਰਾਜਨੀਤਕ, ਸਮਾਜਕ ਤੇ ਆਰਥਿਕ ਕਾਰਨਾਂ ਦੇ ਨਾਲ ਨਾਲ ਮਨੋਵਿਗਿਆਨਕ ਕਾਰਨ ਸਮਝਣੇ ਵੀ ਜ਼ਰੂਰੀ ਹਨ। ਇਸ ਬਾਰੇ ਅਭਿਜੀਤ ਨਸਕਰ ਦਾ ਕਹਿਣਾ ਹੈ ਕਿ ਅਤਿਵਾਦ ਦਾ ਧਰਮ ਨਾਲ ਕੋਈ ਲੈਣਾ ਦੇਣਾ ਨਹੀਂ। ਇਹ ਗਰਮ-ਖ਼ਿਆਲੀ ਤੇ ਮੂਲਵਾਦ ਵਿਚੋਂ ਪੈਦਾ ਹੁੰਦਾ ਹੈ ਨਾ ਕਿ ਧਰਮ ’ਚੋਂ।

ਅਮਰੀਕਾ ਦੀ ਪੈਨਸਿਲਵੇਨੀਆ ਯੂਨੀਵਰਸਿਟੀ ਦੇ ਚਿੰਤਕ ਰੋਏ.ਜੇ. ਈਡਲਸਨ ਤੇ ਜੂਡੀ ਆਈ. ਈਡਲਸਨ ਆਪਣੇ ਲੇਖ ‘ਡੇਂਜਰਸ ਆਈਡੀਆਜ਼: ਫਾਈਵ ਬਿਲੀਫ਼ਜ਼ ਦੈਟ ਪ੍ਰੋਪੈਲ ਗਰੁੱਪਸ ਟੂਵਰਡਜ਼ ਕੌਨਫਲਿਕਟਸ’ ਵਿਚ ਕਸ਼ਮੀਰ ਜਿਹੇ ਸੰਕਟਾਂ ਦੇ ਮਨੋਵਿਗਿਆਨਕ ਕਾਰਨਾਂ ਬਾਰੇ ਲਿਖਦੇ ਹਨ ਕਿ ਇਹੋ ਜਿਹੀਆਂ ਸਮੱਸਿਆਵਾਂ ਅਜਿਹੇ ਵਿਸ਼ਵਾਸਾਂ ਤੇ ਵਿਚਾਰਾਂ ਦੀਆਂ ਪੈਦਾਵਾਰ ਹੁੰਦੀਆਂ ਹਨ ਜੋ ਜਦੋਂ ਕਦੇ ਇਕੱਠੇ/ਇਕਜੁੱਟ ਮਿਲਦੇ ਹਨ ਤਾਂ ਬੜੇ ਖ਼ਤਰਨਾਕ, ਮਾਰੂ ਤੇ ਹਿੰਸਕ ਬਿਰਤਾਂਤ ਵੱਲ ਲੈ ਤੁਰਦੇ ਹਨ। ਇਹ ਵਿਸ਼ਵਾਸ ਤੇ ਵਿਚਾਰ ਹਨ: ਸਵੈਉਤਮਤਾ, ਅਨਿਆਂ ਤੇ ਬੇਇਨਸਾਫ਼ੀ ਦਾ ਵਿਸ਼ਵਾਸ, ਨਿਰੰਤਰ ਨੁਕਸਾਨੇ ਜਾਣ, ਅਵਿਸ਼ਵਾਸ ਦੀ ਭਾਵਨਾ ਅਤੇ ਬੇਵੱਸੀ। ਇਨ੍ਹਾਂ ਸਾਰੇ ਕਾਰਨਾਂ ਦੀ ਵਿਸਤ੍ਰਿਤ ਸੂਝ ਦੇ ਨਾਲ ਨਾਲ ਕਸ਼ਮੀਰੀ ਮਾਨਸਿਕਤਾ ਤੇ ਸੰਸਕ੍ਰਿਤੀ ਤੇ ਸਭਿਆਚਾਰ ਦੀ ਡੂੰਘੀ ਸਮਝ ਹੀ ਕਸ਼ਮੀਰ ਸਮੱਸਿਆ ਦੇ ਹੱਲ ‘ਚ ਵੱਡੀ ਭੂਮਿਕਾ ਨਿਭਾਅ ਸਕਦੀ ਹੈ।

ਬੇਸ਼ੱਕ ‘ਰੈੱਡ ਮੇਜ਼’ ਦੇ ਬਿਰਤਾਂਤਕਾਰ ਦਾਨੇਸ਼ ਰਾਣਾ ਕੋਲ ਕਥਾ ਕਹਿਣ ਦਾ ਕਮਾਲ ਦਾ ਸ਼ਿਲਪ ਹੈ, ਪਰ ਇਸ ਦੇ ਨਾਲ ਨਾਲ ਉਸ ਕੋਲ ਆਪਣੇ ਕੱਥ/ਵਸਤੂ ਦੀ ਬੜੀ ਡੂੰਘੀ ਸਮਝ ਵੀ ਹੈ ਜੋ ਕਸ਼ਮੀਰ ਸੰਕਟ ਨੂੰ ਉਸ ਦੇ ਅੱਖੀਂ ਦੇਖੇ ਤੇ ਹੱਡੀਂ ਜੀਵੇ ਯਥਾਰਥ ਦੇ ਪ੍ਰਮਾਣਕ ਅਨੁਭਵ ਵਿਚੋਂ ਪੈਦਾ ਹੋਈ ਹੈ। ਇਸ ਬਿਰਤਾਂਤ ਦੇ ਪ੍ਰਭਾਵੀ ਹੋਣ ਦਾ ਕਾਰਨ ਸਿਰਫ਼ ਪ੍ਰਮਾਣਕ ਅਨੁਭਵ ਹੀ ਨਹੀਂ ਸਗੋਂ ਯਥਾਰਥ ਤੇ ਕਲਪਨਾ ਦਾ ਸੁਮੇਲ ਵੀ ਹੈ। ਇਸ ਪ੍ਰਸੰਗ ਵਿਚ ਇਹ ਕਥਨ ਬੜਾ ਸਟੀਕ ਦਿਖਾਈ ਦਿੰਦਾ ਹੈ ਕਿ ਕਲਾ ਸੱਚ ਨਹੀਂ ਗਲਪ ਹੁੰਦੀ ਹੈ ਜੋ ਸੱਚ ਨੂੰ ਪਛਾਣਨ ਦੇ ਕਾਬਿਲ ਬਣਾਉਂਦੀ ਹੈ। ਲੇਖਕ ਨੂੰ ਜ਼ਰੂਰ ਹੀ ਉਨ੍ਹਾਂ ਜੁਗਤਾਂ ਦਾ ਪਤਾ ਹੋਣਾ ਚਾਹੀਦਾ ਹੈ ਜੋ ਗਲਪ ਦੀ ਸੱਚਾਈ ਨੂੰ ਦੂਜਿਆਂ ਨੂੰ ਕਾਇਲ ਕਰਨ ਯੋਗ ਬਣਾਉਣ। ਦਾਨੇਸ਼ ਰਾਣਾ ਕਸ਼ਮੀਰ ਸੰਕਟ ਦੇ ਯਥਾਰਥ ਨੂੰ ਆਪਣੀ ਕਲਪਨਾ ਨਾਲ ਗੁੰਨ ਕੇ ਆਪਣੇ ਕਾਰਜ ਵਿਚ ਸਫਲ ਹੋਇਆ ਹੈ। ਨਾਲ ਹੀ ‘ਲਾਲ ਮੱਕੀ’ ਵਿਚ ਉਸ ਦੀ ਗਲਪ ਭਾਸ਼ਾ ਤੇ ਗਾਲਪਨਿਕ ਜੁਗਤਾਂ ਦਾ ਪ੍ਰਯੋਗ ਵੀ ਅਹਿਮ ਹੈ ਜੋ ਸ਼ਾਇਦ ਉਸ ਦੇ ਪ੍ਰਮਾਣਕ ਅਨੁਭਵ ਕਾਰਨ ਹੀ ਇਸ ਲਿਖਤ ਦਾ ਸਮੂਰਤ ਨਿਭਾਓ ਬਣੀਆਂ ਹਨ।




ਦਾਨੇਸ਼ ਰਾਣਾ ਨੇ ਜੰਮੂ ਕਸ਼ਮੀਰ ਵਿਚ ਦਹਿਸ਼ਤ ਦੇ ਵਿਭਿੰਨ ਪਾਸਾਰਾਂ ਦੇ ਨਾਲ ਨਾਲ ਸੁਰੱਖਿਆਂ ਬਲਾਂ ਦੇ ਸਮਰਪਣ ਤੇ ਬਹਾਦਰੀ ਦਾ ਵੀ ਓਨੀ ਹੀ ਸੰਵੇਦਨਾ ਨਾਲ ਚਿਤਰਣ ਕੀਤਾ ਹੈ। ਇਸ ਦੀ ਗਵਾਹੀ ਉਸ ਵੱਲੋਂ ਕੀਤੇ ਧੰਨਵਾਦ ਵਿਚੋਂ ਸਹਿਜੇ ਹੀ ਮਿਲ ਜਾਂਦੀ ਹੈ ਜਿੱਥੇ ਉਹ ਲਿਖਦਾ ਹੈ ਕਿ ਇਹ ਨਾਵਲ ਇਸ ਫਸਾਦ ਵਿਚ ਚੁੱਪ-ਚੁਪੀਤੇ ਸਹਿਣ ਕਰਨ ਵਾਲਿਆਂ ਦੇ ਦ੍ਰਿੜ੍ਹ ਇਰਾਦੇ ਤੇ ਉਨ੍ਹਾਂ ਦੀ ਬਹਾਦਰੀ ਦੀ ਕਹਾਣੀ ਹੈ ਜਿਹੜੇ ਇਸ ਭੈਅ ਤੇ ਬੰਦੂਕਾਂ ਸਾਹਮਣੇ ਡਟੇ ਰਹੇ।

ਸ਼ਾਇਦ ਇਸੇ ਕਾਰਨ ਅੰਗਰੇਜ਼ੀ ਦੇ ਕਵੀ ਤੇ ਭਾਰਤੀ ਪੁਲੀਸ ਸੇਵਾ ਤੋਂ ਸੇਵਾਮੁਕਤ ਕੇਕੀ ਦਾਰੂਵਾਲਾ ਦਾ ‘ਰੈੱਡ ਮੇਜ਼’ ਬਾਰੇ ਵਿਚਾਰ ਹੈ ਕਿ ਇਹ ਨਾਵਲ ਖਾੜਕੂਵਾਦ ਦੇ ਕਾਲੇ ਦਿਨਾਂ ਬਾਰੇ ਬੜੀ ਪਕੜ ਵਾਲਾ ਬਿਰਤਾਂਤ ਹੈ ਜਿਸ ਵਿਚ ਲਹੂ ਅਤੇ ਕਾਲਾ ਧੂੰਆ, ਬਾਰੂਦ ਵਿਚੋਂ ਪੈਦਾ ਹੋਈ ਸਿਆਹ ਗਰਦ ਤੇ ਦਹਿਸ਼ਤ ਦੇ ਨਿਰੰਤਰ ਖ਼ਤਰੇ ਅਤੇ ਮਾਵਾਂ ਦੇ ਡੂੰਘੇ ਦੁੱਖ ਦਰਦ ਸ਼ਾਮਲ ਹਨ। ਉਰਦੂ ਅਦੀਬ ਰਖ਼ਸ਼ੰਦਾ ਜਲੀਲ ਇਸ ਬਾਰੇ ਲਿਖਦੀ ਹੈ ਕਿ ਬੰਦੂਕਾਂ ਦੇ ਸਾਏ ਹੇਠ ਪੱਕੀ ਹੋਈ ਮੱਕੀ ਦੇ ਖੇਤਾਂ ਅਤੇ ਕਲਕਲ ਕਰਦੀਆਂ ਪਹਾੜੀ ਕੂਲਾਂ ਦੇ ਆਸੇ ਪਾਸੇ ਕਮਾਲ ਦੀ ਖ਼ੂਬਸੂਰਤੀ ਪੈਦਾ ਹੋਈ ਹੈ। ਇੰਝ ‘ਰੈੱਡ ਮੇਜ਼’ ਦਾ ਬਿਰਤਾਂਤ ਕਸ਼ਮੀਰ ਸੰਕਟ ਵਿਚ ਮਾਨਵੀ ਤ੍ਰਾਸਦੀ ਦਾ ਪ੍ਰਮਾਣਕ ਤੇ ਪ੍ਰੌਢ ਦਸਤਾਵੇਜ਼ ਹੈ।

‘ਰੈੱਡ ਮੇਜ਼’ ਦਾ ਪੰਜਾਬੀ ‘ਚ ਅਨੁਵਾਦ ਮੰਗਤ ਰਾਮ ‘ਲਾਲ ਮੱਕੀ’ ਦੇ ਨਾਂ ਹੇਠ ਕਰ ਰਿਹਾ ਹੈ ਜਿਸ ਨੂੰ ਚੇਤਨਾ ਪ੍ਰਕਾਸ਼ਨ, ਲੁਧਿਆਣਾ ਪ੍ਰਕਾਸ਼ਤ ਕਰੇਗਾ। ਉਮੀਦ ਹੈ ਕਿ ਪੰਜਾਬੀ ਪਾਠਕ ਵੀ ਇਸ ਨੂੰ ਉਸੇ ਸੰਵੇਦਨਾ ਤੇ ਸੁਹਿਰਦਤਾ ਨਾਲ ਪੜ੍ਹਨਗੇ ਜਿਵੇਂ ਅੰਗਰੇਜ਼ੀ ਵਿਚ ਪੜ੍ਹਿਆ ਗਿਆ ਹੈ।

ਮਨਮੋਹਨ
ਸੰਪਰਕ: 82839-48811

# ਦਿਮਾਗ ਦੀਆਂ ਨਸਾਂ 'ਚ ਲੁੱਕਿਆ ਹੈ ਅਲਜ਼ਾਇਮਰ ਦਾ ਰਾਜ : ਅਧਿਐਨ



ਇਕ ਹਾਲ ਹੀ ਦੇ ਅਧਿਐਨ ਮੁਤਾਬਕ ਦਿਮਾਗ ਵਿਚ ਲੀਕ ਹੋਣ ਵਾਲੀਆਂ ਖੂਨ ਦੀਆਂ ਨਾੜੀਆਂ ਡਿਮੈਨਸ਼ੀਆ ਦਾ ਸੰਕੇਤ ਹੋ ਸਕਦਾ ਹੈ। ਹਾਲਾਂਕਿ ਇਸ ਤੋਂ ਪਹਿਲਾਂ ਹੋਏ ਅਧਿਐਨ ਵਿਚ। ਇਕ ਹਾਲ ਹੀ ਦੇ ਅਧਿਐਨ ਮੁਤਾਬਕ ਦਿਮਾਗ ਵਿਚ ਲੀਕ ਹੋਣ ਵਾਲੀਆਂ ਖੂਨ ਦੀਆਂ ਨਾੜੀਆਂ ਡਿਮੈਨਸ਼ੀਆ ਦਾ ਸੰਕੇਤ ਹੋ ਸਕਦਾ ਹੈ। ਹਾਲਾਂਕਿ ਇਸ ਤੋਂ ਪਹਿਲਾਂ ਹੋਏ ਅਧਿਐਨ ਵਿਚ ਘੁਲਣ ਵਾਲੀ ਖੂਨ ਦੀਆਂ ਨਾੜੀਆਂ ਦੀ ਥਾਂ ਦਿਮਾਗ ਵਿਚ ਮੌਜੂਦ ਉਨ੍ਹਾਂ ਥਾਵਾਂ 'ਤੇ ਫੋਕਸ ਕੀਤਾ ਗਿਆ ਸੀ, ਜੋ ਥੱਕੇ ਬਣਾਉਣ ਲਗਦੇ ਹਨ। ਇਸ ਤੋਂ ਨਿਊਰਾਨ ਚੀਕਨੇ ਹੋ ਜਾਂਦੇ ਹਨ ਅਤੇ ਨਸ਼ਟ ਹੋਣ ਲਗਦੇ ਹਨ।

ਸਵਾਲ ਨਵੇਂ ਅਧਿਐਨ ਵਿਚ ਯੂਨੀਵਰਸਿਟੀ ਆਫ਼ ਸਾਊਦਰਨ ਕੈਲੀਫੋਰਨੀਆ ਦੇ ਖੋਜਕਾਰਾਂ ਦਾ ਕਹਿਣਾ ਹੈ ਕਿ ਸਰੀਰ ਦੀ ਸੱਭ ਤੋਂ ਪਤਲੀ ਖੂਨ - ਵੈਸਲ ਸੈੱਲ, ਜੋ ਕਿ ਛੋਟੀ ਧਮਨੀਆਂ ਅਤੇ ਨਸਾਂ ਨਾਲ ਜੁੜੀ ਹੁੰਦੀਆਂ ਹਨ, ਜ਼ਹਿਰੀਲੇ ਟਾਕਸਿਕ ਪ੍ਰੋਟੀਨ ਦੀ ਹਾਜ਼ਰੀ ਦੇ ਕਾਰਨ ਘੁਲਣਾ ਸ਼ੁਰੂ ਕਰ ਦਿੰਦੀਆਂ ਹਨ। ਖੋਜਕਾਰਾਂ ਦੇ ਮੁਤਾਬਕ, ਇਨ੍ਹਾਂ ਦੀ ਮਰੰਮਤ ਡਿਮੈਨਸ਼ੀਆ ਨੂੰ ਅਲਜ਼ਾਇਮਰ ਵਿਚ ਤਬਦੀਲ ਹੋਣ ਤੋਂ ਰੋਕ ਸਕਦੀ ਹੈ।

**ਜਮ੍ਹਾਂ ਹੋ ਜਾਂਦਾ ਹੈ ਜ਼ਹਰੀਲਾ ਪ੍ਰੋਟੀਨ :** ਤੰਦਰੁਸਤ ਬਾਲਗਾਂ ਦੇ ਦਿਮਾਗ ਵਿਚ ਖੂਨ ਦੀਆਂ ਨਾੜੀਆਂ ਦੀ ਕੰਧ ਬੇਹੱਦ ਸਖਤ ਹੁੰਦੀ ਹੈ। ਇਸ ਦੇ ਚਲਦੇ ਕੋਈ ਬਾਹਰੀ ਹਿੱਸੇ ਦਿਮਾਗ ਦੇ ਹਿਸਿਆਂ ਵਿਚ ਨਹੀਂ ਜਾ ਪਾਂਦੇ। ਇਹ 'ਬਲਡ - ਬਰੇਨ ਬੈਰਿਅਰ' ਦੇ ਤੌਰ 'ਤੇ ਜਾਣੀ ਜਾਂਦੀਆਂ ਹਨ ਪਰ ਵੱਧਦੀ ਉਮਰ ਦੇ ਨਾਲ ਇਹ ਖੂਨ ਦੀਆਂ ਨਾੜੀਆਂ ਸਖ਼ਤ ਨਹੀਂ ਰਹਿੰਦੀ ਅਤੇ ਢਿੱਲੀ ਪੈਣ ਲਗਦੀਆਂ ਹਨ। ਇਸ ਦੇ ਚਲਦੇ ਅਮਾਇਲਾਈਡ ਬੀਟਾ ਅਤੇ ਟਾ ਪ੍ਰੋਟੀਨ ਦਾ ਦਾਖਲ ਹੋਣਾ ਦਿਮਾਗ ਵਿਚ ਹੋਣ ਲਗਦਾ ਹੈ। ਇਹ ਪ੍ਰੋਟੀਨ ਨਾੜੀ ਸੈੱਲ ਨੂੰ ਚਿਕਨਾ ਅਤੇ ਕਮਜ਼ੋਰ ਕਰ ਦਿੰਦੇ ਹਨ, ਜੋ ਯਾਦਦਾਸ਼ਤ ਵਿਚ ਕਮੀ ਅਤੇ ਉਲਝਣ ਵਰਗੀ ਸਮੱਸਿਆਵਾਂ ਦਾ ਕਾਰਨ ਬਣ ਸਕਦਾ ਹੈ। ਮਾਹਿਰਾਂ ਦੇ ਮੁਤਾਬਕ, ਜੇਕਰ 'ਬਲਡ - ਬਰੇਨ ਬੈਰੀਅਰ' ਠੀਕ ਤਰ੍ਹਾਂ ਨਾਲ ਕੰਮ ਨਹੀਂ ਕਰਦੇ ਤਾਂ ਨਾੜੀ ਸੈੱਲ ਦੇ ਨਸ਼ਟ ਹੋਣ ਦੀ ਸੰਭਾਵਨਾ ਜ਼ਿਆਦਾ ਰਹਿੰਦੀ ਹੈ। ਅਧਿਐਨ ਦੇ ਮੁਤਾਬਕ, ਨਾੜੀ ਸੈੱਲ ਵਿਚ ਨਿਕਾਸੀ ਦੱਸਦਾ ਹੈ ਕਿ ਇਹ ਨਾੜੀ ਸੈੱਲ ਨੂੰ ਜ਼ਰੂਰਤ ਦੇ ਮੁਤਾਬਕ ਪੋਸ਼ਣ ਅਤੇ ਖੂਨ ਦਾ ਵਹਾਅ ਨਹੀਂ ਦੇ ਪਾ ਰਹੇ। ਅਜਿਹੇ ਵਿਚ ਸੰਭਾਵਨਾ ਹੈ ਕਿ ਦਿਮਾਗ ਵਿਚ ਦੂਸ਼ਿਤ ਤਰ੍ਹਾਂ ਦੇ ਪ੍ਰੋਟੀਨ ਦਾ ਦਾਖਲ ਹੋ ਰਿਹਾ ਹੋ।

# ਸ਼ੂਗਰ ਦੇ ਮਰੀਜ਼ਾਂ ਲਈ ਹਰੀ ਮਿਰਚ ਦੇ ਫਾਇਦੇ

ਹਰੀ ਮਿਰਚ ਸਾਡੀਆਂ ਸਬਜ਼ੀਆਂ ਵਿਚ ਮਸਾਲੇ ਦੇ ਤੌਰ ਤੇ ਵਰਤੀ ਜਾਂਦੀ ਹੈ। ਖਾਣੇ ਦਾ ਸਵਾਦ ਤਿੱਖਾ ਕਰਨ ਲਈ ਅਸੀਂ ਹਰੀ ਮਿਰਚ ਦਾ ਇਸਤੇਮਾਲ ਕਰਦੇ ਹਾਂ। ਤੁਸੀਂ ਜਾਣਦੇ ਹੋ ...

ਹਰੀ ਮਿਰਚ ਸਾਡੀਆਂ ਸਬਜ਼ੀਆਂ ਵਿਚ ਮਸਾਲੇ ਦੇ ਤੌਰ 'ਤੇ ਵਰਤੀ ਜਾਂਦੀ ਹੈ। ਖਾਣੇ ਦਾ ਸਵਾਦ ਤਿੱਖਾ ਕਰਨ ਲਈ ਅਸੀਂ ਹਰੀ ਮਿਰਚ ਦਾ ਇਸਤੇਮਾਲ ਕਰਦੇ ਹਾਂ। ਤੁਸੀਂ ਜਾਣਦੇ ਹੋ ਕਿ ਹਰੀ ਮਿਰਚ ਗੁਣਾਂ ਦਾ ਖਜ਼ਾਨਾ ਹੈ। ਹਰੀ ਮਿਰਚ 'ਚ ਬਹੁਤ ਸਾਰੇ ਪੋਸ਼ਕ ਤੱਤ ਹੁੰਦੇ ਹਨ ਜੋ ਕਿ ਸਾਡੀ ਸਿਹਤ ਨੂੰ ਬਿਹਤਰ ਖੂਬਸੂਰਤ ਬਣਾਈ ਰੱਖਣ 'ਚ ਅਤੇ ਰੋਗਾਂ ਨੂੰ ਜੜ੍ਹ ਤੋਂ ਖਤਮ ਕਰਨ 'ਚ ਮਦਦ ਕਰਦੇ ਹਨ। ਹਰੀ ਮਿਰਚ ਵਿਟਾਮਿਨ ਏ, ਬੀ 6, ਸੀ, ਆਰਿਨ, ਕਾਪਰ ਆਦਿ ਨਾਲ ਭਰਪੂਰ ਹੁੰਦੀ ਹੈ। ਹਰੀ ਮਿਰਚ ਖਾਣ ਨਾਲ ਖੂਨ ਸਾਫ ਹੁੰਦਾ ਹੈ। ਸ਼ੂਗਰ ਹੋਣ ਦੀ ਸਥਿਤੀ 'ਚ ਵੀ ਹਰੀ ਮਿਰਚ 'ਚ ਬਲੱਡ ਪ੍ਰੈਸ਼ਰ ਦਾ ਪੱਧਰ ਕੰਟਰੋਲ ਰੱਖਣ ਦੇ ਗੁਣ ਮੌਜੂਦ ਹੁੰਦੇ ਹਨ। ਹਰੀ ਮਿਰਚ 'ਚ ਐਂਟੀ ਬੈਕਟੀਰੀਅਲ ਗੁਣ ਹੁੰਦੇ ਹਨ, ਜੋ ਕਿਸੇ ਵੀ ਤਰ੍ਹਾਂ ਦੇ ਇਨਫੈਕਸ਼ਨ ਨਾਲ ਸਰੀਰ ਅਤੇ ਚਮੜੀ ਦੀ ਰੱਖਿਆ ਕਰਦੇ ਹਨ। ਹਰੀ ਮਿਰਚ 'ਚ ਭਰਪੂਰ ਮਾਤਰਾ 'ਚ ਵਿਟਾਮਿਨ-ਸੀ ਹੁੰਦਾ ਹੈ, ਜੋ ਰੋਗਾਂ ਦੇ ਲੜਣ ਦੀ ਸਮਰੱਥਾ 'ਚ ਵਾਧਾ ਕਰ ਕੇ ਸਾਡੀ ਵਿਰੋਧੀ ਸਮਰੱਥਾ ਨੂੰ ਮਜ਼ਬੂਤ ਬਣਾਉਂਦਾ ਹੈ। ਕੈਂਸਰ ਨਾਲ ਲੜਨ ਅਤੇ ਸਰੀਰ ਨੂੰ ਸੁਰੱਖਿਅਤ ਰੱਖਣ ਲਈ ਵੀ ਹਰੀ ਮਿਰਚ ਫਾਇਦੇਮੰਦ ਹੁੰਦੀ ਹੈ। ਹਰੀ ਮਿਰਚ ਦੀ ਵਰਤੋਂ ਨਾਲ ਫੇਫੜਿਆਂ ਦੇ ਕੈਂਸਰ ਦਾ ਖਤਰਾ ਵੀ ਘੱਟ ਹੁੰਦਾ ਹੈ। ਹਰੀ ਮਿਰਚ ਦਿਮਾਗ ਸੰਚਾਰ ਨੂੰ ਵੀ ਠੀਕ ਕਰਦੀ ਹੈ, ਜਿਸ ਨਾਲ ਸਾਡਾ ਮੂਡ ਕਾਫੀ ਹੱਦ ਤੱਕ ਖੁਸ਼ਨੁਮਾ ਰਹਿਣ 'ਚ ਮਦਦ ਮਿਲਦੀ ਹੈ। ਹਰੀ ਮਿਰਚ ਭਾਰ ਘਟਾਉਣ 'ਚ ਫਾਇਦੇਮੰਦ ਹੋ ਸਕਦੀ ਹੈ। ਹਰੀ ਮਿਰਚ 'ਚ ਕੈਲੋਰੀ ਬਿਲਕੁੱਲ ਨਹੀਂ ਹੁੰਦੀ। ਇਸ ਲਈ ਇਹ ਭਾਰ ਘਟਾਉਣ 'ਚ ਕਾਫੀ ਸਹਾਈ ਹੁੰਦੀ ਹੈ। ਵਿਟਾਮਿਨ-ਈ ਨਾਲ ਭਰਪੂਰ ਹਰੀ ਮਿਰਚ ਤੁਹਾਡੀ ਚਮੜੀ ਲਈ ਵੀ ਫਾਇਦੇਮੰਦ ਹੁੰਦੀ ਹੈ। ਇਸ ਦੀ ਵਰਤੋਂ ਨਾਲ ਤੁਹਾਡੀ ਚਮੜੀ ਜਵਾਨ ਅਤੇ ਖੂਬਸੂਰਤ ਦਿਖਾਈ ਦਿੰਦੀ ਹੈ। ਹਰੀ ਮਿਰਚ ਨਾਲ ਦਿਲ ਨਾਲ ਸੰਬੰਧਤ ਸਾਰੀਆਂ ਬਿਮਾਰੀਆਂ ਠੀਕ ਹੋ ਜਾਂਦੀਆਂ ਹਨ। ਇਸ ਨਾਲ ਹਾਰਟ ਅਟੈਕ ਦਾ ਖਤਰਾ ਵੀ ਘੱਟ ਹੋ ਜਾਂਦਾ ਹੈ। ਹਰੀ ਮਿਰਚ ਦੀ ਵਰਤੋਂ ਨਾਲ ਪਾਚਨ ਕਿਰਿਆ ਦਰੁਸਤ ਰਹਿੰਦੀ ਹੈ। ਇਸ ਦੀ ਵਰਤੋਂ ਨਾਲ ਖਾਣਾ ਚੰਗੇ ਤਰੀਕੇ ਨਾਲ ਡਾਇਜੇਸਟ ਹੋ ਜਾਂਦਾ ਹੈ। ਹਰੀ ਮਿਰਚ 'ਚ ਵਿਟਾਮਿਨ-ਸੀ ਮੌਜੂਦ ਹੁੰਦਾ ਹੈ ਜੋ ਹੱਡੀਆਂ, ਦੰਦਾਂ ਅਤੇ ਅੱਖਾਂ ਲਈ ਵੀ ਫਾਇਦੇਮੰਦ ਹੁੰਦਾ ਹੈ। ਹਰੀ ਮਿਰਚ ਸਰੀਰ ਦੇ ਅੰਗਾਂ ਵਿਚ ਹੋਣ ਵਾਲੇ ਦਰਦ ਨੂੰ ਵੀ ਘੱਟ ਕਰਨ ਵਿਚ ਸਹਾਈ ਹੁੰਦੀ ਹੈ। ਹਰੀ ਮਿਰਚ ਕਈ ਤਰ੍ਹਾਂ ਦੇ ਪੋਸ਼ਕ ਤੱਤਾਂ ਨਾਲ ਭਰਪੂਰ ਹੁੰਦੀ ਹੈ।



ਇਸ ਵਿਚ ਵਿਟਾਮਿਨ ਏ, ਬੀ 6, ਸੀ, ਆਇਰਨ, ਕਾਪਰ, ਪੋਟਾਸ਼ੀਅਮ, ਪ੍ਰੋਟੀਨ ਅਤੇ ਕਾਰਬੋਹਾਈਡ੍ਰੇਟ ਦੀ ਕਾਫੀ ਮਾਤਰਾ ਹੁੰਦੀ ਹੈ। ਇਨ੍ਹਾਂ ਹੀ ਨਹੀਂ ਬੀਟਾ ਕੈਰੋਟੀਨ ਆਦਿ ਸਿਹਤਮੰਦ ਚੀਜ਼ਾਂ ਵੀ ਇਸ ਵਿਚ ਮੌਜੂਦ ਹਨ। ਉਂਝ ਤਾਂ ਆਮ ਤੌਰ 'ਤੇ ਇਸ ਦੀ ਵਰਤੋਂ ਖਾਣੇ ਦਾ ਸੁਆਦ ਵਧਾਉਣ ਲਈ ਹੀ ਕੀਤੀ ਜਾਂਦਾ ਹੈ। ਹਾਲ ਹੀ ਵਿਚ ਕੀਤੇ ਗਏ ਇਕ ਸੋਧ ਵਿਚ ਦਾਵਾ ਕੀਤਾ ਗਿਆ ਹੈ ਕਿ ਹਰੀ ਮਿਰਚ ਖਾਣ ਨਾਲ ਸਿਹਤ ਸੰਬੰਧੀ ਕਈ ਸਮੱਸਿਆਵਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

ਬਹੁਤ ਸਾਰੇ ਲੋਕਾਂ ਨੂੰ ਤਾਂ ਇਹ ਪਤਾ ਵੀ ਨਹੀਂ ਹੈ ਕਿ ਹਰੀ ਮਿਰਚ ਡਾਈਟਰੀ ਫਾਈਬਰਸ ਨਾਲ ਭਰਪੂਰ ਹੁੰਦੀ ਹੈ, ਜੋ ਕਿ ਹੈਲਦੀ ਪਾਚਨ ਲਈ ਮਹੱਤਵਪੂਰਨ ਹੈ। ਹਰੀ ਮਿਰਚ ਖਾਣ ਨਾਲ ਤੁਹਾਨੂੰ ਕਈ ਲਾਭ ਹੋ ਸਕਦੇ ਹਨ। ਡਾਈਬੀਟੀਜ਼ ਨਾਲ ਪੀੜਤ ਲੋਕਾਂ ਨੂੰ ਆਪਣੇ ਖਾਣੇ ਦੇ ਨਾਲ ਹਰੀ ਮਿਰਚ ਜ਼ਰੂਰ ਖਾਣੀ ਚਾਹੀਦੀ ਹੈ ਕਿਉਂਕਿ ਇਸ ਵਧੇ ਹੋਏ ਸ਼ੂਗਰ ਲੇਵਲ ਨੂੰ ਘੱਟ ਕਰਨ ਦਾ ਕੰਮ ਕਰਨ ਵਿਚ ਅਤੇ ਸਰੀਰ ਵਿਚ ਸੰਤੁਲਨ ਬਣਾਉਣ ਵਿਚ ਮਦਦ ਕਰ ਸਕਦੀ ਹੈ।

ਹਰੀ ਮਿਰਚ ਦੀ ਵਰਤੋਂ ਨਾਲ ਪਾਚਨ ਪ੍ਰਕਿਰਿਆ ਵਿਚ ਮਦਦ ਮਿਲਦੀ ਹੈ ਕਿਉਂਕਿ ਇਸ ਵਿਚ ਵਿਟਾਮਿਨ ਸੀ ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ ਅਤੇ ਜਿਸ ਚੀਜ਼ ਨੂੰ ਖਾਂਦੇ ਸਮੇਂ ਸਲਾਈਵਾ ਰਿਲੀਜ਼ ਹੁੰਦਾ ਹੈ। ਇਹ ਪਦਾਰਥ ਪਾਚਨ ਕਿਰਿਆ ਵਿਚ ਮਦਦ ਕਰਦੇ ਹਨ।

ਹਰੀ ਮਿਰਚ ਸਰੀਰ ਦੇ ਫੈਟ ਨੂੰ ਘੱਟ ਕਰਨ ਵਿਚ ਮਦਦ ਕਰਦੀ ਹੈ ਅਤੇ ਇਸ ਨਾਲ ਤੁਹਾਡਾ ਮੈਟਾਬੋਲੀਜ਼ਮ ਵਧਦਾ ਹੈ। ਹਰੀ ਮਿਰਚ ਵਿਟਾਮਿਨ ਸੀ ਨਾਲ ਭਰਪੂਰ ਹੁੰਦੀ ਹੈ ਅਤੇ ਇਹ ਚਮੜੀ ਨੂੰ ਸਿਹਤਮੰਦ ਬਣਾਉਣ ਅਤੇ ਉਸ ਦੀ ਚਮਕ ਬਰਕਰਾਰ ਰੱਖਣ ਵਿਚ ਮਦਦ ਕਰਦੀ ਹੈ। ਤੁਸੀਂ ਹਰੀ ਮਿਰਚ ਨੂੰ ਕੱਚਾ ਤਲ ਕੇ, ਭੁੰਨ ਕੇ ਜਾਂ ਸਲਾਦ ਦੇ ਨਾਲ ਵੀ ਆਪਣੇ ਖਾਣੇ ਦਾ ਇਕ ਸਾਈਡ ਡਿਸ਼ ਦੇ ਰੂਪ ਵਿਚ ਖਾ ਸਕਦੇ ਹੋ।

# ਕਿਉਂ ਹੁੰਦਾ ਹੈ ਡਿਪ੍ਰੈਸ਼ਨ ?



ਵਿਸ਼ਵ ਸਿਹਤ ਸੰਗਠਨ ਦੇ ਮੁਤਾਬਕ ਦੁਨਿਆਂਭਰ ਵਿਚ 30 ਕਰੋੜ ਤੋਂ ਜ਼ਿਆਦਾ ਲੋਕ ਅਵਸਾਦ ਯਾਨੀ ਡਿਪ੍ਰੈਸ਼ਨ ਨਾਲ ਗ੍ਰਸਤ ਹਨ। ਅਵਸਾਦ ਨਾਲ ਗ੍ਰਸਤ ਲੋਕਾਂ ਦੀ ਗਿਣਤੀ 2005 ਤੋਂ ...

ਵਿਸ਼ਵ ਸਿਹਤ ਸੰਗਠਨ ਦੇ ਮੁਤਾਬਿਕ ਦੁਨਿਆਂਭਰ ਵਿਚ 30 ਕਰੋੜ ਤੋਂ ਜ਼ਿਆਦਾ ਲੋਕ ਅਵਸਾਦ ਯਾਨੀ ਡਿਪ੍ਰੈਸ਼ਨ ਨਾਲ ਗ੍ਰਸਤ ਹਨ। ਅਵਸਾਦ ਨਾਲ ਗ੍ਰਸਤ ਲੋਕਾਂ ਦੀ ਗਿਣਤੀ 2005 ਤੋਂ 2015 ਦੇ ਦੌਰਾਨ 18 ਫ਼ੀ ਸਦੀ ਤੋਂ ਵੀ ਜ਼ਿਆਦਾ ਵਧੀ ਹੈ। ਤਨਾਅ ਆਤਮਹੱਤਿਆ ਲਈ ਮਜਬੂਰ ਕਰ ਦੇਣ ਦਾ ਇਕ ਮਹੱਤਵਪੂਰਨ ਕਾਰਕ ਹੈ ਜਿਸ ਨਾਲ ਹਰ ਸਾਲ ਹਜ਼ਾਰਾਂ ਦੀ ਗਿਣਤੀ ਵਿਚ ਲੋਕਾਂ ਦੀ ਮੌਤ ਹੁੰਦੀ ਹੈ। ਦੁਨੀਆ ਭਰ ਵਿਚ ਹੋਣ ਵਾਲੀਆਂ ਆਤਮ ਹਤਿਆਵਾਂ ਵਿਚੋਂ 21% ਭਾਰਤ ਵਿਚ ਹੁੰਦੀ ਹੈ।

'ਵਿਸ਼ਵ ਸਿਹਤ ਸੰਗਠਨ' ਅਤੇ 'ਮੈਂਟਲ ਹੈਲਥ ਕਮੀਸ਼ਨ ਔਫ ਕਨੇਡਾ' ਦੀ ਰਿਪੋਰਟ ਦੇ ਮੁਤਾਬਕ ਦੁਨੀਆ ਵਿਚ ਹਰ ਘੰਟੇ 92 ਲੋਕ ਖੁਦਕੁਸ਼ੀ ਕਰਦੇ ਹਨ। 2016 ਵਿਚ ਹੋਈ ਖੁਦਕੁਸ਼ੀ ਦੇ ਅੰਕੜਿਆਂ ਦੇ ਮੁਤਾਬਕ 15 ਤੋਂ 29 ਸਾਲ ਦੇ ਨੌਜਵਾਨਾਂ ਨੇ ਸੱਭ ਤੋਂ ਜ਼ਿਆਦਾ ਖੁਦਕੁਸ਼ੀ ਕੀਤੀ। ਖੁਦਕੁਸ਼ੀ ਕਰਨ ਵਾਲਿਆਂ ਵਿਚ ਸਭ ਤੋਂ ਜ਼ਿਆਦਾ ਲੋਕ ਜ਼ਹਿਰ ਖਾ ਕੇ ਜਾਨ ਦੇਣ ਵਾਲੇ ਹਨ। ਆਮ ਤੌਰ 'ਤੇ ਲੋਕ ਸਮਝਦੇ ਹਨ ਕਿ ਡਿਪ੍ਰੈਸ਼ਨ ਮਾਨਸਿਕ ਰੋਗਾਂ ਦਾ ਕਾਰਨ ਹੁੰਦਾ ਹੈ ਪਰ ਅਜਿਹਾ ਸਮਝਣਾ ਗਲਤ ਹੈ।

ਡਿਪ੍ਰੈਸ਼ਨ ਦਾ ਬੁਰਾ ਪ੍ਰਭਾਵ ਕੇਵਲ ਦਿਮਾਗ 'ਤੇ ਹੀ ਨਹੀਂ ਬਲਕਿ ਪੂਰੇ ਸਰੀਰ 'ਤੇ ਹੁੰਦਾ ਹੈ। ਇਕ ਨਵੇਂ ਸ਼ੋਧ ਵਿਚ ਵਿਗਿਆਨੀਆਂ ਨੇ ਸਾਬਿਤ ਕੀਤਾ ਹੈ ਕਿ ਡਿਪ੍ਰੈਸ਼ਨ ਨਾਲ ਹੋਣ ਵਾਲੇ ਬਦਲਾਅ ਪੂਰੇ ਸਰੀਰ ਨੂੰ ਪ੍ਰਭਾਵਿਤ ਕਰਦੇ ਹਨ। ਸਪੇਨ ਦੀ ਯੂਨੀਵਰਸਿਟੀ ਆਫ ਗ੍ਰੇਨੇਡਾ (ਯੂ.ਜੀ.ਆਰ) ਦੇ ਵਿਗਿਆਨੀਆਂ ਨੇ ਇਕ ਖੋਜ ਦੇ ਜ਼ਰੀਏ ਦੱਸਿਆ ਕਿ ਡਿਪ੍ਰੈਸ਼ਨ ਨੂੰ ਇਕ ਪ੍ਰਣਾਲੀਗਤ ਰੋਗ ਮੰਨਿਆ ਜਾਣਾ ਚਾਹੀਦਾ ਹੈ, ਕਿਉਂਕਿ ਇਹ ਸਰੀਰ ਦੇ ਕਈ ਅੰਗਾਂ ਅਤੇ ਮਾਸਪੇਸ਼ੀਆਂ ਨੂੰ ਪ੍ਰਭਾਵਤ ਕਰਦਾ ਹੈ। ਖੋਜ ਵਿਚ ਪਤਾ ਚੱਲਿਆ ਹੈ ਕਿ ਡਿਪ੍ਰੈਸ਼ਨ ਨਾਲ ਦਿਲ ਦੇ ਰੋਗ ਅਤੇ ਕੈਂਸਰ ਵਰਗੀਆਂ ਖ਼ਤਰਨਾਕ ਬਿਮਾਰੀਆਂ ਵੀ ਹੋ ਜਾਂਦੀਆਂ ਹਨ, ਨਾਲ ਹੀ ਡਿਪ੍ਰੈਸ਼ਨ ਪੀੜਤ ਲੋਕਾਂ ਦੀ ਮੌਤ ਵੀ ਜਲਦੀ ਹੋ ਜਾਂਦੀ ਹੈ। ਇਸ ਖੋਜ ਦੇ ਵਿਸ਼ਲੇਸ਼ਨ ਨੇ ਵਿਭਿੰਨ ਔਕਸੀਡੈਟਿਵ ਤਨਾਅ ਮਾਪਦੰਡਾਂ ਦੀ ਸਥਿਤੀ ਅਤੇ ਐਂਟੀਔਕਸੀਡੈਂਟ ਪਦਾਰਥਾਂ ਦੀ ਘਾਟ ਦੇ ਵਿਚਕਾਰ ਅਸੰਤੁਲਨ ਦਾ ਖੁਲਾਸਾ ਕੀਤਾ ਹੈ।

ਅਜਿਹੇ ਵਿਚ ਡਿਪ੍ਰੈਸ਼ਨ ਨਾਲ ਗ੍ਰਸਤ ਵਿਅਕਤੀ ਦੇ ਕੋਲ ਬੈਠ ਕੇ ਉਸ ਨੂੰ ਅਪਣੇ ਵਿਸ਼ਵਾਸ ਵਿਚ ਲਓ, ਸਥਾਨਿਕ ਭਾਸ਼ਾ ਵਿਚ ਗੱਲ ਕਰੋ। ਇਸ ਤਰ੍ਹਾਂ ਡਿਪ੍ਰੈਸਡ ਵਿਅਕਤੀ ਹਰ ਗੱਲ ਖੁੱਲ ਕੇ ਕਰਦਾ ਹੈ। ਦੋ - ਚਾਰ ਮੁਲਾਕਾਤਾਂ ਵਿਚ ਹੀ ਉਸ ਦੇ ਅੰਦਰ ਸਮਾਇਆ ਡਿਪ੍ਰੈਸ਼ਨ, ਹਤਾਸ਼ਾ ਘੱਟ ਹੋਣ ਲੱਗਦੀ ਹੈ ਅਤੇ ਇਸ ਨਾਲ ਆਤਮ ਹੱਤਿਆ ਦੀ ਪ੍ਰਵਿਰਤੀ ਘਟਣ ਲੱਗਦੀ ਹੈ। ਇਸ ਤਰ੍ਹਾਂ ਦੇ ਵਿਅਕਤੀ ਨੂੰ ਪਰਵਾਰ ਨਾਲ ਜ਼ਿਆਦਾ ਸਮਾਂ ਬਿਤਾਉਂਣਾ ਚਾਹੀਦਾ ਹੈ।

# ਖੜ੍ਹੇ ਹੋ ਕੇ ਖਾਣ ਨਾਲ ਹੋ ਰਿਹੈ ਕੈਂਸਰ



ਸਾਡੇ ਬਜ਼ੁਰਗ ਹਮੇਸ਼ਾ ਇਹੀ ਗੱਲ ਕਹਿੰਦੇ ਸਨ ਕਿ ਖਾਣਾ ਜ਼ਮੀਨ 'ਤੇ ਬੈਠ ਕੇ ਚੌਕੜੀ ਲਗਾ ਕੇ ਖਾਣਾ ਚਾਹੀਦਾ ਹੈ। ਸਵਾਲ ਬਦਲਦੇ ਲਾਇਫਸਟਾਈਲ ਵਿਚ ਇਹੀ ਸਲਾਹ ਸਟੀਕ ਮੰਨੀ।

ਸਾਡੇ ਬਜ਼ੁਰਗ ਹਮੇਸ਼ਾ ਇਹੀ ਗੱਲ ਕਹਿੰਦੇ ਸਨ ਕਿ ਖਾਣਾ ਜ਼ਮੀਨ 'ਤੇ ਬੈਠ ਕੇ ਚੌਕੜੀ ਲਗਾ ਕੇ ਖਾਣਾ ਚਾਹੀਦਾ ਹੈ। ਸਵਾਲ ਬਦਲਦੇ ਲਾਇਫਸਟਾਈਲ ਵਿਚ ਇਹੀ ਸਲਾਹ ਸਟੀਕ ਮੰਨੀ ਜਾ ਰਹੀ ਹੈ। ਡਾਕਟਰਸ ਦਾ ਮੰਨਣਾ ਹੈ ਕਿ ਖੜ੍ਹੇ ਹੋ ਕੇ ਖਾਣਾ ਖਾਣ ਨਾਲ ਕੋਲਨ ਕੈਂਸਰ ਤੇਜ਼ੀ ਨਾਲ ਵੱਧ ਰਿਹਾ ਹੈ। ਕੋਲਨ ਕੈਂਸਰ ਢਿੱਡ ਦੀ ਵੱਡੀ ਅੰਤੜੀ ਦਾ ਕੈਂਸਰ ਹੁੰਦਾ ਹੈ। ਇਸ ਲਈ ਜ਼ਮੀਨ 'ਤੇ ਬੈਠ ਕੇ ਚੌਂਕੜੀ ਲਗਾ ਕੇ ਖਾਣ ਨਾਲ ਤੰਦਰੁਸਤ ਰਿਹਾ ਜਾ ਸਕਦਾ ਹੈ।

ਡਾਕਟਰ ਦਾ ਕਹਿਣਾ ਹੈ ਕਿ ਕੋਲਨ ਕੈਂਸਰ ਪਹਿਲਾਂ ਵੈਸਟਰਨ ਕੰਟਰੀ ਦੇ ਲੋਕਾਂ ਨੂੰ ਹੁੰਦਾ ਸੀ ਪਰ ਅਸੀਂ ਵੈਸਟਰਨ ਈਟਰੀ ਹੈਬਿਟਸ ਨੂੰ ਅਪਨਾ ਕੇ ਕਈ ਗੰਭੀਰ ਬੀਮਾਰੀਆਂ ਦੇ ਸ਼ਿਕਾਰ ਹੋ ਰਹੇ ਹਾਂ। ਇਨ੍ਹਾਂ ਵਿਚ ਇਕ ਕੋਲਨ ਕੈਂਸਰ ਵੀ ਹੈ। ਲੋਕ ਖੜ੍ਹੇ ਹੋ ਕੇ ਖਾਣਾ ਖਾਂਦੇ ਹਨ। ਇਸ ਨਾਲ ਜੋ ਅਸੀਂ ਖਾਣਾ ਖਾ ਰਹੇ ਹਾਂ, ਉਸ ਦੇ ਪੌਸ਼ਟਿਕ ਤੱਤ ਸਾਡੇ ਸਰੀਰ ਨੂੰ ਮਿਲ ਨਹੀਂ ਪਾਉਂਦੇ। ਖੜ੍ਹੇ ਹੋ ਕੇ ਖਾਣਾ ਅਸੀਂ 10-15 ਮਿੰਟ ਵਿਚ ਖਾ ਲੈਂਦੇ ਹਾਂ ਪਰ ਜ਼ਮੀਨ 'ਤੇ ਬੈਠ ਕੇ ਖਾਣਾ ਖਾਂਦੇ ਹਨ ਤਾਂ ਘੱਟ ਤੋਂ ਘੱਟ 30 ਮਿੰਟ ਲੱਗਦੇ ਹਨ।

ਖਾਣਾ ਸਭ ਤੋਂ ਪਹਿਲਾਂ ਢਿੱਡ ਵਿਚ ਰੁਕਦਾ ਹੈ ਫਿਰ ਅੰਤੜਾਂ ਵਿਚ ਜਾ ਕੇ ਵੱਡੀ ਅੰਤੜੀ ਵਿਚ ਜਾਂਦਾ ਹੈ। ਢਿੱਡ ਵਿਚ ਖਾਣਾ ਜਾਣ ਤੋਂ ਬਾਅਦ ਉਸ ਨੂੰ ਪਚਣ ਵਿਚ ਘੱਟ ਤੋਂ ਘਟ ਚਾਰ ਘੰਟੇ ਦਾ ਸਮਾਂ ਲਗਦਾ ਹੈ ਪਰ ਜਦੋਂ ਖੜ੍ਹੇ ਹੋ ਕੇ ਖਾਣਾ ਖਾਂਦੇ ਹਾਂ ਤਾਂ ਖਾਣਾ ਸਿੱਧਾ ਵੱਡੀ ਅੰਤੜੀ ਵਿਚ ਜਾਂਦਾ ਹੈ। ਪਾਚਣ ਤੰਤਰ ਨੂੰ ਖਾਣਾ ਪਚਾਉਣ ਲਈ ਸਮਰੱਥ ਸਮਾਂ ਨਹੀਂ ਮਿਲ ਪਾਉਂਦਾ। ਇਸ ਵਜ੍ਹਾ ਨਾਲ ਸਰੀਰ ਦੇ ਅੰਗਾਂ ਨੂੰ ਪੌਸ਼ਟਿਕ ਖਾਣਾ ਨਹੀਂ ਮਿਲ ਪਾਉਂਦਾ। ਮਰੀਜ਼ ਨੂੰ ਕਬਜ ਦੀ ਮੁਸ਼ਕਲ ਰਹਿੰਦੀ ਹੈ। ਮੋਸ਼ਨ ਬਲੈਕ ਕਲਰ ਦਾ ਜਾਂ ਉਸ ਵਿਚ ਬਲਡ ਆਉਣ ਲੱਗਦਾ ਹੈ। ਭੁੱਖ ਘੱਟ ਹੋ ਜਾਂਦੀ ਹੈ। ਢਿੱਡ ਵਿਚ ਤੇਜ਼ ਦਰਦ ਹੋਣ ਲਗਦਾ ਹੈ।

# ਕਿਲ੍ਹਾ ਰਾਏਪੁਰ ਖੇਡ ਮੇਲੇ 'ਚ ਫਿਰ ਤੋਂ ਹੋਣਗੀਆਂ ਬੈਲਗੱਡੀਆਂ ਦੀਆਂ ਦੌੜਾਂ



ਲੁਧਿਆਣਾ, (ਨਦਬ) : ਬਲਦਾਂ ਦੀਆਂ ਦੌੜਾਂ ਪੇਂਡੂ ਓਲੰਪਿਕ ਦੇ ਨਾਂਅ ਤੋਂ ਮਸ਼ਹੂਰ ਕਿਲਾ ਰਾਏਪੁਰ ਖੇਡ ਮੇਲੇ ਵਿਚ ਚਾਰ ਸਾਲਾਂ ਬਾਅਦ ਮੁੜ ਤੋਂ ਲੋਕਾਂ ਦੀ ਖਿੱਚ ਦਾ ਕੇਂਦਰ ਹੋਣਗੀਆਂ। ਪੰਜਾਬ ਕੈਬਨਿਟ ਨੇ ਬਲਦਾਂ ਦੀਆਂ ਦੌੜਾਂ ਨੂੰ ਹਰੀ ਝੰਡੀ ਦੇ ਦਿੱਤੀ ਹੈ। ਕੈਬਨਿਟ ਦੀ ਮਨਜ਼ੂਰੀ ਮਿਲਣ ਤੋਂ ਬਾਅਦ ਗਰੇਵਾਲ ਸਪੋਰਟਸ ਅਕਾਦਮੀ ਦੇ ਮੈਂਬਰਾਂ ਤੇ ਬਲਦ ਦੌੜਾਉਣ ਵਾਲੇ ਲੋਕਾਂ ਵਿਚ ਖੁਸ਼ੀ ਦਾ ਮਾਹੌਲ ਹੈ। ਉਨ੍ਹਾਂ ਨੇ ਕੈਬਨਿਟ ਦੇ ਇਸ ਫੈਸਲੇ ਦਾ ਸਵਾਗਤ ਕੀਤਾ ਹੈ। ਬਲਦਾਂ ਦੌੜਾਂ ਦੇ ਸ਼ੌਕੀਨ ਬਜ਼ੁਰਗ ਤੇ ਨੌਜਵਾਨਾਂ ਨੇ ਪਹਿਲੇ ਦਿਨ ਤੋਂ ਹੀ ਦੌੜਾਂ ਲਈ ਤਿਆਰੀ ਵੀ ਖਿੱਚ ਦਿੱਤੀ ਹੈ। ਦੇਸ਼ ਵਿਦੇਸ਼ ਤੋਂ ਆਉਣ ਵਾਲੇ ਖੇਡ ਪ੍ਰੇਮੀਆਂ ਵਿਚ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ, ਸੋਸ਼ਲ ਮੀਡੀਆ 'ਤੇ ਇਸ ਫੈਸਲੇ ਦਾ ਸਵਾਗਤ ਕੀਤਾ ਜਾ ਰਿਹਾ ਹੈ। ਦਰਅਸਲ, ਕਿਲਾ ਰਾਏਪੁਰ ਦੀਆਂ ਖੇਡਾਂ ਦੀ ਧੜਕਨ ਬਲਦ ਗੱਡੀਆਂ ਦੀਆਂ ਦੌੜਾਂ ਪਿਛਲੇ ਕਰੀਬ ਚਾਰ ਸਾਲਾਂ ਤੋਂ ਨਹੀਂ ਹੋਈਆਂ ਹਨ, ਜਿਸ ਦਾ ਕਾਰਨ ਜਾਨਵਰਾਂ ਦੀਆਂ ਖੇਡਾਂ 'ਤੇ ਪਾਬੰਦੀ ਲੱਗਣਾ ਸੀ। ਅਕਾਲੀ ਸਰਕਾਰ ਦੇ ਸਮੇਂ 2014 ਵਿਚ ਬਲਦ ਦੌੜਾਂ 'ਤੇ ਪਾਬੰਦੀ ਲੱਗੀ ਸੀ ਪਰ ਰਾਜਸੀ ਆਗੂਆਂ ਦੇ ਸਹਿਯੋਗ ਤੋਂ ਬਾਅਦ ਹੁਣ ਦੁਬਾਰਾ ਬਲਦ ਦੌੜਾਂ ਨੂੰ ਮਨਜ਼ੂਰੀ ਮਿਲ ਗਈ ਹੈ। ਗਰੇਵਾਲ ਸਪੋਰਟ ਐਸੋਸੀਏਸ਼ਿਨ ਦੇ ਸਕੱਤਰ ਬਲਵਿੰਦਰ ਸਿੰਘ ਜੱਗਾ ਦਾ ਕਹਿਣਾ ਹੈ ਕਿ ਇਸ ਮਨਜ਼ੂਰੀ ਤੋਂ ਬਾਅਦ ਹਰ ਪਾਸੇ ਖੁਸ਼ੀ ਹੈ। ਦੌੜਾਕ ਆਪਣੇ ਬੱਚਿਆਂ ਦੀ ਤਰ੍ਹਾਂ ਬਲਦਾਂ ਨੂੰ ਪਾਲ ਰਹੇ ਬਲਦਾਂ ਨੂੰ ਹੁਣ ਦੁਬਾਰਾ ਤੋਂ ਉਹ ਖੇਡ ਮੈਦਾਨ ਵਿਚ ਭਜਾਉਣਗੇ। ਉਨ੍ਹਾਂ ਕਿਹਾ ਕਿ ਮਨਜ਼ੂਰੀ ਦਾ ਪੱਤਰ ਜਿਵੇਂ ਹੀ ਉਨ੍ਹਾਂ ਕੋਲ ਪੁੱਜ ਜਾਏਗਾ ਤਾਂ ਉਹ ਬਲਦ ਦੌੜਾਂ ਵਾਲਾ ਸੱਦਾ ਪੱਤਰ ਜਾਰੀ ਕਰਨਗੇ।

ਇਸ ਸਬੰਧੀ ਗੱਲਬਾਤ ਕਰਦਿਆਂ ਗਰੇਵਾਲ ਸਪੋਰਟਸ ਅਕਾਦਮੀ ਦੇ ਪ੍ਰਧਾਨ ਗਿਆਨ ਸਿੰਘ ਨੇ ਦੱਸਿਆ ਕਿ ਪਿਛਲੇ ਲੰਬੇ ਸਮੇਂ ਤੋਂ ਕਿਲਾ ਰਾਏਪੁਰ ਖੇਡ ਮੇਲੇ ਦੀ ਰੌਣਕ ਬਲਦ ਦੌੜਾਂ 'ਤੇ ਪਾਬੰਦੀ ਲਗੀ ਹੋਈ ਸੀ। ਮੌਜੂਦਾ ਸਰਕਾਰ ਦੇ ਸਹਿਯੋਗ ਨਾਲ ਮੰਨਜ਼ੂਰੀ ਮਿਲੀ ਹੈ। ਇਸ ਸਫ਼ਲਤਾਂ ਤੋਂ ਬਾਅਦ ਉਹ ਸਰਕਾਰ ਦਾ ਧੰਨਵਾਦ ਕਰਦੇ ਹਨ। ਉਨ੍ਹਾਂ ਦੱਸਿਆ ਕਿ ਕਿਲਾ ਰਾਏਪੁਰ ਖੇਡ ਮੇਲੇ ਵਿਚ ਬਲਦ ਗੱਡੀਆਂ ਦੌੜਾਂ ਲਈ ਉਹ ਕਈ ਸਾਲਾਂ ਤੋਂ ਕੋਸ਼ਿਸ਼ਾਂ ਕਰ ਰਹੇ ਹਨ। ਫਰਵਰੀ ਮਹੀਨੇ ਦੀ ਸ਼ੁਰੂਆਤ ਵਿਚ ਹਰ ਸਾਲ ਇਹ ਮੇਲਾ ਹੁੰਦਾ ਹੈ, ਪਰ ਸਰਕਾਰ ਦੇ ਭਰੋਸੇ ਤੋਂ ਬਾਅਦ ਇਸ ਵਾਰ ਮੇਲੇ ਦੀ ਤਾਰੀਕ ਅੱਗੇ ਕਰ ਦਿੱਤੀ ਗਈ ਸੀ।

# ਮੋਹਾਲੀ ਸਟੇਡੀਅਮ 'ਚੋਂ ਇਮਰਾਨ ਖਾਨ ਸਮੇਤ ਪਾਕਿ ਖਿਡਾਰੀਆਂ ਦੀਆਂ ਤਸਵੀਰਾਂ ਹਟਾਈਆਂ




ਐਸ.ਏ.ਐਸ. ਨਗਰ (ਨਦਬ) : ਪੰਜਾਬ ਕ੍ਰਿਕਟ ਐਸੋਸੀਏਸ਼ਨ ਨੇ ਪੁਲਵਾਮਾ ਵਿਚ ਸੀ.ਆਰ.ਪੀ.ਐਫ. ਦੇ ਕਾਫਲੇ ਉੱਤੇ ਹੋਏ ਅਤਿਵਾਦੀ ਹਮਲੇ ਖਿਲਾਫ਼ ਵਿਰੋਧ ਜ਼ਾਹਰ ਕਰਦਿਆਂ ਮੁਹਾਲੀ ਦੇ ਪੀ.ਸੀ.ਏ.ਆਈ. ਐੱਸ. ਬਿੰਦਰਾ ਸਟੇਡੀਅਮ ਦੀ ਗੈਲਰੀ ਵਿਚੋਂ ਸਾਰੇ ਪਾਕਿਸਤਾਨੀ ਕ੍ਰਿਕਟ ਖਿਡਾਰੀਆਂ ਦੀਆਂ ਤਸਵੀਰਾਂ ਹਟਾ ਦਿੱਤੀਆਂ ਹਨ। ਸਟੇਡੀਅਮ ਵਿਚੋਂ ਪਾਕਿਸਤਾਨੀ ਖਿਡਾਰੀਆਂ ਦੀਆਂ ਹਟਾਈਆਂ ਗਈਆਂ ਤਸਵੀਰਾਂ ਵਿਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਤੇ ਸਾਬਕਾ ਕ੍ਰਿਕਟਰ ਇਮਰਾਨ ਖਾਨ ਦੀ ਤਸਵੀਰ ਵੀ ਸ਼ਾਮਲ ਹੈ।

ਪੀ.ਸੀ.ਏ. ਦੇ ਬੁਲਾਰੇ ਅਜੈ ਤਿਆਗੀ ਨੇ ਸੰਪਰਕ ਕਰਨ 'ਤੇ ਤਸਵੀਰਾਂ ਉਤਾਰੇ ਜਾਣ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਖੇਡਾਂ ਅਤੇ ਭਾਰਤੀ ਸੈਨਿਕਾਂ ਉੱਤੇ ਅਤਿਵਾਦੀ ਹਮਲੇ ਇਕੱਠੇ ਨਹੀ ਚੱਲ ਸਕਦੇ। ਉਨ੍ਹਾਂ ਕਿਹਾ ਕਿ ਪੰਜਾਬ ਕ੍ਰਿਕਟ ਐਸੋਸੀਏਸ਼ਨ ਵਲੋਂ ਪੁਲਵਾਮਾ ਹਮਲੇ ਨੂੰ ਲੈ ਕੇ ਪਾਕਿਸਤਾਨ ਦੇ ਰਵੱਈਏ ਪ੍ਰਤੀ ਸਖਤ ਰੋਸ ਪ੍ਰਗਟ ਕਰਦਿਆ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਅਤੇ 1992 ਦੇ ਵਿਸ਼ਵ ਕੱਪ ਜੇਤੂ ਪਾਕਿਸਤਾਨ ਦੀ ਕ੍ਰਿਕਟ ਟੀਮ ਦੇ ਕਪਤਾਨ ਇਮਰਾਨ ਖ਼ਾਨ ਸਮੇਤ ਸਾਰੇ ਪਾਕਿਸਤਾਨੀ ਕ੍ਰਿਕਟ ਖਿਡਾਰੀਆਂ ਦੀਆਂ ਤਸਵੀਰਾਂ ਨੂੰ ਗੈਲਰੀ ਵਿਚੋਂ ਹਟਵਾ ਕੇ ਇੱਕ ਕਮਰੇ ਵਿਚ ਰੱਖਵਾ ਦਿੱਤੀਆਂ ਹਨ।

# ਹਾਕੀ: ਕੌਮੀ ਕੈਂਪ ਲਈ 34 ਖਿਡਾਰੀਆਂ ਦੀ ਚੋਣ

ਨਵੀਂ ਦਿੱਲੀ, (ਨਦਬ) : ਸੁਲਤਾਨ ਅਜਲਾਨ ਸ਼ਾਹ ਹਾਕੀ ਕੱਪ ਦੀਆਂ ਤਿਆਰੀਆਂ ਲਈ ਹਾਕੀ ਇੰਡੀਆ ਨੇ ਸੀਨੀਅਰ ਪੁਰਸ਼ ਟੀਮ ਦੇ ਕੈਂਪ ਲਈ 34 ਖਿਡਾਰੀਆਂ ਦੇ ਨਾਵਾਂ ਦਾ ਐਲਾਨ ਕੀਤਾ ਹੈ। ਹਾਕੀ ਇੰਡੀਆ ਨੇ ਪਿਛਲੇ ਸਾਲ ਦਸੰਬਰ ਵਿਚ ਖੇਡੇ ਵਿਸ਼ਵ ਹਾਕੀ ਟੀਮ ਦੇ ਸਾਰੇ ਖਿਡਾਰੀਆਂ ਨੂੰ ਇਸ ਕੈਂਪ ਲਈ ਚੁਣਿਆ ਹੈ। ਖਿਡਾਰੀਆਂ ਦੀ ਇਸ ਸੂਚੀ ਵਿਚ ਸੁਲਤਾਨ ਜੋਹਰ ਕੱਪ ਵਿਚ ਚਾਂਦੀ ਦਾ ਤਗ਼ਮਾ ਜਿੱਤਣ ਵਾਲੀ ਭਾਰਤੀ ਟੀਮ ਦੇ ਉਭਰਦੇ ਖਿਡਾਰੀ ਸ਼ਿਲਾਨੰਦ ਲਾਕੜਾ, ਸੁਮਨ ਬੇਕ, ਮਨਦੀਪ ਮੋਰ, ਯਸ਼ਦੀਪ ਸਵਾਚ, ਵਿਸ਼ਾਲ ਅੰਟਿਲ ਅਤੇ ਗੁਰਸਾਹਿਬਜੀਤ ਸਿੰਘ ਵੀ ਸ਼ਾਮਲ ਹਨ। ਇਹ ਸਾਰੇ ਖਿਡਾਰੀ ਵਿਸ਼ਵ ਕੱਪ ਲਈ ਲਾਏ ਕੈਂਪ ਵਿਚ ਵੀ ਸ਼ਾਮਲ ਸਨ। ਇਨ੍ਹਾਂ ਨੌਜਵਾਨ ਖਿਡਾਰੀਆਂ ਨੂੰ ਨਿਰੰਤਰ ਸੁਧਾਰ ਅਤੇ ਸੀਨੀਅਰ ਪੱਧਰ ਉੱਤੇ ਆਪਣੀ ਦਮਦਾਰ ਸਮਰੱਥਾ ਦਿਖਾਉਣ ਸਦਕਾ ਚੁਣਿਆ ਗਿਆ ਹੈ। ਹਾਕੀ ਇੰਡੀਆ ਦੇ ਹਾਈ ਪਰਫਾਰਮੈਂਸ ਨਿਰਦੇਸ਼ਕ ਡੇਵਿਡ ਜਾਨ ਨੇ ਦੱਸਿਆ, ਫਰਵਰੀ ਦੇ ਆਖ਼ਰੀ ਹਫ਼ਤੇ ਬੰਗਲੌਰ ਵਿਚ ਚੋਣ ਟਰਾਇਲਾਂ ਬਾਅਦ ਟੀਮ ਦੀ ਚੋਣ ਹੋਵੇਗੀ। ਮੈਨੂੰ ਇਸ ਗੱਲ ਦੀ ਖ਼ੁਸ਼ੀ ਹੈ ਕਿ ਹਾਲ ਹੀ ਦੌਰਾਨ ਸੀਨੀਅਰ ਕੈਂਪ ਵਿਚ ਸ਼ਾਮਲ ਹੋਣ ਵਾਲੇ ਜੂਨੀਅਰ ਖਿਡਾਰੀਆਂ ਨੇ ਸ਼ਾਨਦਾਰ ਸੁਧਾਰ ਦਿਖਾਇਆ ਹੈ। ਅਤੇ ਟੀਮ ਦੀ ਬੈਂਚ ਸਟਰੈਂਥ ਕਾਫੀ ਮਜ਼ਬੂਤ ਹੈ।' ਕੈਂਪ ਲਈ ਚੁਣੇ ਗਏ ਖਿਡਾਰੀ ਇਸ ਪ੍ਰਕਾਰ ਹਨ: ਗੋਲਕੀਪਰ: ਪੀਆਰ ਸ੍ਰੀਜੇਸ਼, ਸੂਰਜ ਕਰਕਰਾ, ਕ੍ਰਿਸ਼ਨ ਬਹਾਦਰ। ਡਿਫੈਂਡਰ: ਹਰਮਨਪ੍ਰੀਤ ਸਿੰਘ, ਗੁਰਿੰਦਰ ਸਿੰਘ, ਵਰੁਣ ਕੁਮਾਰ, ਕੋਠਾਜੀਤ ਸਿੰਘ, ਸੁਰੇਂਦਰ ਕੁਮਾਰ, ਅਮਿਤ ਰੋਹੀਦਾਸ, ਜਰਮਨਪ੍ਰੀਤ ਸਿੰਘ, ਪ੍ਰਦੀਪ ਸਿੰਘ, ਸੁਮਨ ਬੇਕ, ਮਨਦੀਪ ਮੋਰ, ਬੀਰੇਂਦਰ ਲਾਕੜਾ, ਰੁਪਿੰਦਰਪਾਲ ਸਿੰਘ। ਮਿਡਫੀਲਡਰ: ਮਨਪ੍ਰੀਤ ਸਿੰਘ, ਚਿੰਗਲੇਨਸਾਨਾ ਸਿੰਹ ਕੰਗੁਜਮ, ਸੁਮਿਤ, ਸਿਮਰਨਜੀਤ ਸਿੰਘ, ਨੀਲਕਾਂਤ ਸ਼ਰਮਾ, ਹਾਰਦਿਕ ਸਿੰਘ, ਲਲਿਤ ਕੁਮਾਰ ਉਪਾਧਿਆਏ, ਵਿਵੇਕ ਸਾਗਰ ਪ੍ਰਸਾਦ, ਜਸਦੀਪ ਸਿਵਾਚ, ਵਿਸ਼ਾਲ ਅੰਟਿਲ। ਫਾਰਵਰਡ: ਆਕਾਸ਼ਦੀਪ ਸਿੰਘ, ਰਮਨਦੀਪ ਸਿੰਘ, ਗੁਰਜੰਟ ਸਿੰਘ, ਮਨਦੀਪ ਸਿੰਘ, ਦਿਲਪ੍ਰੀਤ ਸਿੰਘ, ਸੁਮਿਤ ਕੁਮਾਰ, ਗੁਰਸਾਹਿਬਜੀਤ ਸਿੰਘ, ਸ਼ਿਲਾਨੰਦ ਲਾਕੜਾ ਅਤੇ ਐੱਸਵੀ ਸੁਨੀਲ।

# ਸਿੰਧੂ ਅਤੇ ਸਾਇਨਾ ਆਲ ਇੰਗਲੈਂਡ ਟਰਾਫੀ ਜਿੱਤਣ ਲਈ ਆਰੰਭਣਗੀਆਂ ਮੁਹਿੰਮ



ਗੁਹਾਟੀ, (ਨਦਬ) : ਪੀਵੀ ਸਿੰਧੂ ਅਤੇ ਸਾਇਨਾ ਨੇਹਵਾਲ ਇੱਕ ਵਾਰ ਫਿਰ ਤੋਂ ਆਲ ਇੰਗਲੈਂਡ ਖਿਤਾਬ ਜਿੱਤਣ ਲਈ ਚੁਣੌਤੀ ਪੇਸ਼ ਕਰਨਗੀਆਂ। ਬੈਡਮਿੰਟਨ ਦਾ ਇਹ ਵਕਾਰੀ ਟੂਰਨਾਮੈਂਟ 6 ਮਾਰਚ ਤੋਂ ਆਰੰਭ ਹੋ ਰਿਹਾ ਹੈ। ਦੋਵੇਂ ਖਿਡਾਰਨਾਂ ਤੋਂ ਦੇਸ਼ ਵਾਸੀਆਂ ਨੂੰ ਭਾਰੀ ਆਸਾਂ ਹਨ ਤੇ ਕੌਮੀ ਕੋਚ ਗੋਪੀਚੰਦ ਪੁਲੇਲਾ ਦੀਆਂ ਇਨ੍ਹਾਂ ਸ਼ਗਿਰਦਾਂ ਤੋਂ ਦੇਸ਼ ਵਾਸੀਆਂ ਨੂੰ ਭਾਰੀ ਆਸਾਂ ਹਨ। ਇਸ ਤੋਂ ਇਲਾਵਾ ਡੈਨਮਾਰਕ ਦੇ ਮਹਾਨ ਬੈਡਮਿੰਟਨ ਖਿਡਾਰੀ ਮੋਰਟਨ ਫਰੋਸਟ ਇਸ ਵਾਰ ਟੂਰਨਾਮੈਂਟ ਵਿਚ ਖਿਤਾਬੀ ਜਿੱਤ ਲਈ ਜਪਾਨ ਦੀ ਅਕਾਨੇ ਯਾਮਾਗੁਚੀ ਉੱਤੇ ਦਾਅ ਲਾਉਣਾ ਚਾਹੁੰਦੇ ਹਨ। ਸਾਇਨਾ ਅਤੇ ਸਿੰਧੂ ਅਗਲੇ ਮਹੀਨੇ ਜਦੋਂ ਆਲ ਇੰਗਲੈਂਡ ਵਿਚ ਆਪਣੀ ਮੁਹਿੰਮ ਸ਼ੁਰੂ ਕਰਨਗੀਆਂ ਤਾਂ ਭਾਰਤ ਨੂੰ ਇਨ੍ਹਾਂ ਤੋਂ 18 ਸਾਲ ਦੇ ਸੋਕੇ ਨੂੰ ਦੂਰ ਕਰਨ ਦੀ ਉਮੀਦ ਹੋਵੇਗੀ। ਫਰਾਸਟ ਦਾ ਮੰਨਣਾ ਹੈ ਕਿ ਕੋਈ ਵੀ ਸਪਸ਼ਟ ਰੂਪ ਵਿਚ ਦਾਅਵੇਦਾਰ ਨਹੀਂ ਹੈ ਪਰ ਉਹ ਟੂਰਨਾਮੈਂਟ ਜਿੱਤਣ ਦੇ ਲਈ ਜਪਾਨ ਦੀ ਇਸ ਉਭਰਦੀ ਖਿਡਾਰਨ ਤੋਂ ਆਸ ਕਰਦੇ ਹਨ। ਭਾਰਤ ਦੇ ਪਿਛਲੇ ਆਲ ਇੰਗਲੈਂਡ ਚੈਂਪੀਅਨ ਪੁਲੇਲਾ ਗੋਪੀ ਚੰਦ ਸਨ, ਜੋ ਇਸ ਸਮੇਂ ਭਾਰਤ ਵਿਚ ਬੈਡਮਿੰਟਨ ਦੇ ਮੁੱਖ ਕੋਚ ਹਨ। ਉਨ੍ਹਾਂ ਨੇ 2011 ਵਿਚ ਖਿਤਾਬ ਜਿੱਤਿਆ ਸੀ। ਇਸ ਤੋਂ ਪਹਿਲਾਂ ਭਾਰਤ ਦੇ ਪ੍ਰਕਾਸ਼ ਪਾਦੂਕੋਨ ਨੇ 1980 ਵਿਚ ਇਹ ਖਿਤਾਬ ਜਿੱਤਿਆ ਸੀ ਅਤੇ ਉਹ ਖਿਤਾਬ ਜਿੱਤਣ ਵਾਲੇ ਪਹਿਲੇ ਭਾਰਤੀ ਬਣੇ ਸਨ। ਫਰਾਸਟ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ,' ਮਹਿਲਾ ਸਿੰਗਲਜ਼ ਵਿਚ ਭਵਿੱਖਬਾਣੀ ਕਰਨੀ ਸੰਭਵ ਨਹੀਂ ਹੈ। ਕੁੱਝ ਵੀ ਹੋ ਸਕਦਾ ਹੈ। ਪੂਰੀ ਇਮਾਨਦਾਰੀ ਨਾਲ ਇਹ ਮੰਨਣਾ ਪਵੇਗਾ ਕਿ ਤਾਈ ਜੂ ਯਿੰਗ ਜ਼ਰੂਰਤ ਅਤੇ ਉਮੀਦਾਂ ਅਨੁਸਾਰ ਪ੍ਰਦਰਸ਼ਨ ਨਹੀਂ ਕਰ ਸਕੀ। ਉਨ੍ਹਾਂ ਕਿਹਾ,' ਮੈਂ ਉਸਦੀ ਖੇਡ ਦਾ ਪ੍ਰਸ਼ੰਸਕ ਹਾਂ। ਜਦੋਂ ਉਹ ਬੇਹੱਦ ਖੂਬਸੂਰਤ ਖੇਡ ਦਿਖਾਉਂਦੀ ਹੈ ਤਾਂ ਤੁਹਾਡੀਆਂ ਅੱਖਾਂ ਵਿਚੋਂ ਅੱਥਰੂ ਵਹਿ ਤੁਰਦੇ ਹਨ ਪਰ ਉਸ ਨੇ ਕੋਈ ਵੱਡਾ ਖਿਤਾਬ ਨਹੀਂ ਜਿੱਤਿਆ।'

ਆਲ ਇੰਗਲੈਂਡ ਫਾਈਨਲ ਵਿਚ ਪੁੱਜ ਕੇ ਚਾਰ ਖਿਤਾਬ ਜਿੱਤਣ ਵਾਲੇ ਫਰਾਸਟ ਨੇ ਕਿਹਾ ਕਿ ਆਖ਼ਿਰ ਉਹ ਕਿਉਂ ਚਾਈਨੀ ਤਾਇਪੈ ਦੀ ਤਾਈ ਜੂ ਨੂੰ ਦਾਅਵੇਦਾਰ ਨਹੀਂ ਮੰਨਦੇ ਅਤੇ ਯਾਮਾਗੁਚੀ ਉੱਤੇ ਦਾਅ ਲਾਉਣ ਨੂੰ ਤਿਆਰ ਹਨ ਤਾਂ ਉਨ੍ਹਾਂ ਕਿਹਾ ਕਿ ਤੁਹਾਡੇ ਕੋਲ ਯਾਮਾਗੁਚੀ ਵਰਗੀ ਖਿਡਾਰਨ ਹੈ ਅਤੇ ਉਹ ਆਪਣੇ ਦਿਨ ਕਿਸੇ ਵੀ ਖਿਡਾਰੀ ਨੂੰ ਹਰਾ ਸਕਦੀ ਹੈ। ਜੇ ਤੁਸੀਂ ਆਲ ਇੰਗਲੈਂਡ ਨੂੰ ਦੇਖੋਂ ਤਾਂ ਉੱਥੋਂ ਦੀਆਂ ਸਥਿਤੀਆਂ ਕਾਫੀ ਧੀਮੀਆਂ ਹਨ। ਖਿਡਾਰੀਆਂ ਨੂੰ ਕਾਫੀ ਮਿਹਨਤ ਕਰਨੀ ਹੁੰਦੀ ਹੈ।

ਪੁਰਸ਼ਾਂ ਦੇ ਸਿੰਗਲਜ਼ ਵਰਗ ਵਿਚ ਫਰਾਸਟ ਕੇਂਟੋ ਮੋਮੋਟਾ ਅਤੇ ਚੇਨ ਲੌਂਗ ਨੂੰ ਅੰਤਿਮ ਚਾਰ ਵਿਚ ਥਾਂ ਬਣਾਉਣ ਦਾ ਦਾਅਵੇਦਾਰ ਮੰਨਦੇ ਹਨ। ਡੈਨਮਾਰਕ ਦੇ 60 ਸਾਲ ਦੇ ਇਸ ਸਾਬਕਾ ਚੈਂਪੀਅਨ ਅਨੁਸਾਰ ਕੁੱਝ ਖਿਡਾਰੀ ਹੋਰਨਾਂ ਦੀ ਤੁਲਨਾ ਵਿਚ ਮਜ਼ਬੂਤ ਦਾਅਵੇਦਾਰ ਹੁੰਦੇ ਹਨ। ਕੇਂਟੋ ਮੋਮੋਟਾ ਇਨ੍ਹਾਂ ਵਿਚੋਂ ਇੱਕ ਹੈ। ਉਨ੍ਹਾਂ ਉਮੀਦ ਪ੍ਰਗਟਾਈ ਕਿ ਚੇਨ ਲੌਂਗ ਸੈਮੀ ਫਾਈਨਲ ਵਿਚ ਪੁੱਜ ਸਕਦਾ ਹੈ। ਵਿਕਟਰ ਐਕਸੇਲਸਨ ਆਪਣੀ ਖੇਡ ਨੂੰ ਨਿਖ਼ਾਰ ਸਕੇਗਾ ਜਾਂ ਨਹੀਂ, ਇਸ ਬਾਰੇ ਕੁੱਝ ਵੀ ਨਹੀਂ ਕਿਹਾ ਜਾ ਸਕਦਾ। ਫਰਾਸਟ ਦਾ ਮੰਨਣਾ ਹੈ ਕਿ ਭਾਰਤ ਨੂੰ ਸਾਇਨਾ, ਸਿੰਧੂ ਅਤੇ ਪੀ ਕਸ਼ਯਪ, ਕਿਦਾਂਬੀ ਅਤੇ ਸ੍ਰੀਕਾਂਤ ਵਰਗੇ ਖਿਡਾਰੀ ਪੈਦਾ ਕਰਨ ਉੱਤੇ ਮਾਣ ਹੋਣਾ ਚਾਹੀਦਾ ਹੈ।



DASHMESH TIRE & LUBE
All Brands of Tires
MRF Or JK (Indian)
B.F. Goodrich. Michelin. Dunlop
Tire Repairs, Brakes, Oil Change & Lubrication
Do Service on Remote Locations Including weighing scales
vehicle inspection by certified machines
ਲੌਂਗਹਾਲ, ਗਰੈਵਲ ਆਦਿ ਹਰ ਤਰ੍ਹਾਂ ਦੇ ਟਰੱਕਾਂ ਦੀ ਫਾਇਨਾਇੰਗ ਕੀਤੀ ਜਾਂਦੀ ਹੈ।
ਕਿਸੇ ਵੀ ਸਮੇਂ, ਕਿਸੇ ਵੀ ਤਰ੍ਹਾਂ ਦੇ ਟਰੱਕਾਂ ਦੇ ਲੋਨ ਲੈਣ ਲਈ ਸੰਪਰਕ ਕਰੋ।
Enough Parking Space
Call : Manjit S. Khosa. Garry Dhaliwal
Ph: 780-298-1114, 780-993-4441
6609 34 St. Edmonton. Alberta.

ਮੁਲਾਕਾਤ Productions
ਟੀ.ਵੀ ਪ੍ਰੋਗਰਾਮ ਮੁਲਾਕਾਤ
Aired on VISION TV
6:00 pm to 6:30pm
(Alberta Time / Every Saturday)
Charanjit Brar
Producer & Host
Ph: 647 300 8436
cbrar@rogers.com

Residential | Commercial | Investment Properties
Home Life/United Realty Inc. Brokerage
Independently Owned & Operated.
Higher Standards Agents... Higher Results™
Cell: 647 818 6880
Bus: 905 672 1234
FAX: 905 672 0672
hpshundal@gmail.com
ਟੋਰਾਂਟੋ ਦੇ ਇਲਾਕੇ 'ਚ ਜਾਇਦਾਦ ਖਰੀਦਣ ਜਾਂ ਵੇਚਣ ਲਈ ਇੱਕ ਭਰੋਸੇਮੰਦ ਨਾਂ
Sales Representative
Harinder Hundal
M.Sc. Eco, M.B.A
MLS REALTOR
50 SunnyVale Gate, Unit # 7,
Brampton, ON L6S 0C4

WILDROSE MASONARY & STONE WORKS
Commertial & Residential
ਘਰਾਂ ਦੇ ਬਾਹਰ ਜਾਂ ਅੰਦਰ ਕਲਚਰ ਸਟੋਨ, ਇੱਟਾਂ, ਹਰ ਤਰ੍ਹਾਂ ਦੇ ਬਲਾਕ ਲਗਵਾਉਣਾ ਚਾਹੁੰਦੇ ਹੋ, ਇੱਕ ਵਾਰ ਸਾਡੇ ਤੋਂ ਜ਼ਰੂਰ ਐਸਟੀਮੇਟ ਲਗਵਾਓ
Ph: 780 340 1400
Off: 780 450 1413
Fax: 780 490 4888
Dave Johal
Culture Stone Bricks
Blocks Glass Blocks
email:wildrosemasonary@live.ca ✦ 1404-69th St. SW Edmonton, AB T6L 1L4

STP ELECTRIC LTD.
stpelectric@hotmail.com
Offering Full Range of Electrical Services of
C. 780.984 2356
F. 780.463 6276
• Residential
• Commercial
• Industrial Installations
ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ
Sushil Singh
Certified Master Electrician
ਸਰਟੀਫਾਈਡ ਮਾਸਟਰ ਇਲੈਕਟ੍ਰੀਸ਼ਨ

A & K INSULATION & DRYWALL LTD.
Best Quailty at Reasonable Rates
ਹੋਟਲ, ਮੋਟਲ, ਬਿਜ਼ਨਿਸ, ਰਿਹਾਇਸ਼ੀ ਜਾਂ ਕਿਸੇ ਵੀ ਤਰ੍ਹਾਂ ਦੀ ਬਿੱਲਡਿੰਗ ਲਈ ਡਰਾਈਵਾਲ, ਇੰਸੂਲੇਸ਼ਨ, ਟੇਪਿੰਗ ਜਾਂ ਟੈਕਸਚਰ ਦੇ ਕੰਮ ਲਈ ਸੰਪਰਕ ਕਰੋ
Rana : 780-245-5191 Joga : 780-245-5192

HARRY`S EXCAVATING
PH: 780-918-2252
Specialist in :
Digging Basements & All Kind Of Services
ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ,
ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਵੀ ਕੰਮ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ।

Moga Painting Company
Serving Since 1985
Experts in Interior & Exterior Paint
Residential & Commercial
> Excellent Colour Matching
> Guaranteed Work
> Reasonable Rates
Office Painting, Spray Painting, Staircase Railing, Stain & Varnish
ਆਪਣੇ ਘਰ ਜਾ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ
ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।
For Free ESTIMATES Call SURJIT
Edmonton (780) 934-3535 Winnipeg (204) 979-7070

NEW WAY Stucco Ltd.
Quality work at reasonable rates.
We do Splash Dash Stucco and Acrylic. For free estimates call
(BALJIT) Ph. : (780)-708-1436, Fax : (780)-462-0691
All Kind of Stucco Acrylic & Rain Screen Residential & Commercial
ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਉ

Super Visa Insurance
Life, Critical Illness, Accident
& Sickness and Health product
Serving community for 18 years
ਪਿਛਲੇ 18 ਸਾਲ ਤੋਂ ਇੰਸ਼ੋਰੈਂਸ ਦੀ
ਦੁਨੀਆ ਵਿਚ ਇਕ ਭਰੋਸੇਯੋਗ ਨਾਮ
ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਲਈ
ਸੰਪਰਕ ਕਰੋ
JASVIR DEOL
Ph: 780-906-4497 jdeol@deolinsurance.com

# ਅਸੀਂ ਚੁੱਪ ਕਿਉਂ ਹਾਂ ? ਮੈਂ ਚੁੱਪ ਨਹੀਂ ਰਹਾਂਗਾ : ਅਮੋਲ ਪਾਲੇਕਰ

ਮੁੰਬਈ ਵਿਚ ਨੈਸ਼ਨਲ ਗੈਲਰੀ ਆਫ ਮਾਡਰਨ ਆਰਟਸ (ਐੱਨਜੀਐੱਮਏ) ਵਿਚ ਮਰਹੂਮ ਮਹਾਰਾਸ਼ਟਰੀ ਚਿੱਤਰਕਾਰ ਪ੍ਰਭਾਕਰ ਬਾਰਵੇ ਦੀ ਯਾਦ ਵਿਚ ਉਨ੍ਹਾਂ ਦੇ ਚਿੱਤਰਾਂ ਦੀ ਨੁਮਾਇਸ਼ 'ਇਨਸਾਈਡ ਦਿ ਐਂਪਟੀ ਬਾਕਸ' ਦੇ ਉਦਘਾਟਨੀ ਸਮਾਰੋਹ ਵਿਚ ਬੋਲ ਰਹੇ ਮਸ਼ਹੂਰ ਫ਼ਿਲਮੀ ਅਦਾਕਾਰ ਤੇ ਨਾਟਕਰਮੀ ਅਮੋਲ ਪਾਲੇਕਰ ਨੂੰ ਉਨ੍ਹਾਂ ਦੇ ਭਾਸ਼ਨ ਦੌਰਾਨ ਵਾਰ ਵਾਰ ਟੋਕਿਆ ਗਿਆ। 1936 ਵਿਚ ਜਨਮੇ ਪ੍ਰਭਾਕਰ ਬਾਰਵੇ ਨੂੰ ਹਿੰਦੋਸਤਾਨ ਵਿਚ ਆਧੁਨਿਕ ਚਿੱਤਰਕਾਰੀ ਦੇ ਮੋਢੀਆਂ ਵਿਚੋਂ ਮੰਨਿਆ ਜਾਂਦਾ ਹੈ। ਉਸ ਦੇ ਚਿੱਤਰਾਂ ਵਿਚ ਹਿੰਦੋਸਤਾਨ ਦੀ ਪੁਰਾਣੀ ਤਾਂਤਰਿਕ ਪਰੰਪਰਾ ਤੇ ਆਧੁਨਿਕਤਾ ਦਾ ਸੁਮੇਲ ਵੇਖਣ ਨੂੰ ਮਿਲਦਾ ਹੈ। ਉਸ ਦੀ ਯਾਦ ਵਿਚ ਰੱਖੇ ਗਏ ਸਮਾਰੋਹ ਵਿਚ ਬੋਲਦਿਆਂ ਅਮੋਲ ਪਾਲੇਕਰ ਨੇ ਨੈਸ਼ਨਲ ਗੈਲਰੀ ਆਫ ਮਾਡਰਨ ਆਰਟਸ ਦੇ ਖੇਤਰੀ ਕੇਂਦਰਾਂ ਮੁੰਬਈ ਤੇ ਬੰਗਲੌਰ ਦੀਆਂ ਸਲਾਹਕਾਰ ਕਮੇਟੀਆਂ ਨੂੰ ਕੇਂਦਰ ਸਰਕਾਰ ਵੱਲੋਂ ਖ਼ਤਮ ਕਰਨ ਸਬੰਧੀ ਜ਼ਿਕਰ ਕੀਤਾ। ਉਸ ਨੇ ਕਿਹਾ ਕਿ ਇਸ ਸਮਾਰੋਹ ਵਿਚ ਸ਼ਾਮਲ ਬਹੁਤੇ ਲੋਕਾਂ ਨੂੰ ਸ਼ਾਇਦ ਇਹ ਪਤਾ ਨਹੀਂ ਹੈ ਕਿ ਪ੍ਰਭਾਕਰ ਬਾਰਵੇ ਵਾਲਾ ਸਮਾਗਮ ਉਹ ਆਖ਼ਰੀ ਸਮਾਗਮ ਹੈ ਜੋ ਸਥਾਨਕ ਕਲਾਕਾਰਾਂ ਦੀ ਸਲਾਹਕਾਰ ਕਮੇਟੀ ਦੀ ਸਿਫ਼ਾਰਸ਼ 'ਤੇ ਕੀਤਾ ਜਾ ਰਿਹਾ ਸੀ। ਉਸ ਦੇ ਇਹ ਕਹਿਣ 'ਤੇ ਐੱਨਜੀਐੱਮਏ ਦੀ ਮੁੰਬਈ ਕੇਂਦਰ ਦੀ ਡਾਇਰੈਕਟਰ ਅਨੀਤਾ ਰੂਪਾਵਰਤਮ ਨੇ ਅਮੋਲ ਪਾਲੇਕਰ ਨੂੰ ਟੋਕਿਆ ਤੇ ਕਿਹਾ ਕਿ ਉਹ ਆਪਣਾ ਭਾਸ਼ਨ ਬਾਰਵੇ ਤੇ ਸਮਾਰੋਹ ਬਾਰੇ ਹੀ ਸੀਮਤ ਰੱਖੇ। ਇਸ ਦੇ ਜਵਾਬ ਵਿਚ ਪਾਲੇਕਰ ਨੇ ਕਿਹਾ ਕਿ ਉਹ ਸਮਾਗਮ ਬਾਰੇ ਹੀ ਗੱਲਬਾਤ ਕਰਨ ਜਾ ਰਹੇ ਹਨ ਅਤੇ ਕੀ ਡਾਇਰੈਕਟਰ ਉਸ 'ਤੇ ਸੈਂਸਰਸ਼ਿਪ ਲਾਗੂ ਕਰ ਰਹੀ ਹੈ ?

ਜਦ ਪਾਲੇਕਰ ਨੇ ਸਲਹਾਕਾਰ ਕਮੇਟੀਆਂ ਭੰਗ ਕਰਨ ਦੀ ਗੱਲ ਕੀਤੀ ਤਾਂ ਇਕ ਹੋਰ ਮਹਿਲਾ ਮੈਂਬਰ ਨੇ ਉਸ ਨੂੰ ਟੋਕਿਆ। ਪਾਲੇਕਰ ਨੇ ਬੋਲਣਾ ਜਾਰੀ ਰੱਖਿਆ ਤੇ ਕਿਹਾ ਕਿ ਐੱਨਜੀਐੱਮਏ ਕਲਾ ਦੇ ਪ੍ਰਦਰਸ਼ਨ ਕਰਨ ਦਾ ਪਵਿੱਤਰ ਸਥਾਨ ਹੈ, ਪਰ ਜਿਸ ਤਰ੍ਹਾਂ ਦਾ ਜ਼ਾਬਤਾ ਲਾਗੂ ਕਰਨ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ, ਉਹ ਸਾਡਾ ਸਭ ਤੋਂ ਵੱਡਾ ਦੁਖਾਂਤ ਹੈ। ਪਾਲੇਕਰ ਨੇ ਆਪਣੀ ਚਿੰਤਾ ਇਸ ਤਰ੍ਹਾਂ ਦੱਸੀ "ਮੈਂ ਇਸ ਤੋਂ ਬਹੁਤ ਪ੍ਰੇਸ਼ਾਨ ਹਾਂ ਅਤੇ ਹੁਣ ਹੋਰ ਜ਼ਿਆਦਾ ਪ੍ਰੇਸ਼ਾਨ ਹੋਇਆ ਹਾਂ। ਇਹ ਸਭ ਕੁਝ ਕਦੋਂ ਰੁਕੇਗਾ ? ਆਜ਼ਾਦੀ ਦਾ ਸਾਗਰ ਸਿਮਟ ਰਿਹਾ ਹੈ, ਹੌਲੀ ਹੌਲੀ ਲੇਕਿਨ ਲਗਾਤਾਰਤ ਅਸੀਂ ਚੁੱਪ ਕਿਉਂ ਹਾਂ ?" ਪਾਲੇਕਰ ਨੂੰ ਵਾਰ ਵਾਰ ਟੋਕਿਆ ਗਿਆ ਪਰ ਉਸ ਨੇ ਬੋਲਣਾ ਜਾਰੀ ਰੱਖਿਆ ਤੇ ਨਾਲ ਹੀ ਇਹ ਵੀ ਜ਼ਿਕਰ ਕੀਤਾ ਕਿ ਪਿਛਲੇ ਦਿਨੀਂ ਮਰਾਠੀ ਸਾਹਿਤ ਸੰਮੇਲਨ ਵਿਚ ਮਸ਼ਹੂਰ ਅੰਗਰੇਜ਼ੀ ਸਾਹਿਤਕਾਰ ਨਯਨਤਾਰਾ ਸਹਿਗਲ ਨੂੰ ਆਉਣ ਤੋਂ ਮਨ੍ਹਾਂ ਕਰ ਦਿੱਤਾ ਗਿਆ। ਇੱਥੇ ਯਾਦ ਰੱਖਣ ਵਾਲੀ ਗੱਲ ਹੈ ਕਿ ਘੱਟ ਗਿਣਤੀ ਦੇ ਲੋਕਾਂ ਨੂੰ ਨਿਸ਼ਾਨਾ ਬਣਾਏ ਜਾਣ ਦੇ ਵਿਰੋਧ ਵਿਚ ਛੇੜੀ ਗਈ ਮੁਹਿੰਮ ਵਿਚ ਨਯਨਤਾਰਾ ਸਹਿਗਲ ਉਹ



ਪਹਿਲੀ ਸਾਹਿਤਕਾਰ ਸੀ ਜਿਸ ਨੇ ਆਪਣਾ ਸਾਹਿਤ ਅਕਾਦਮੀ ਦਾ ਇਨਾਮ ਵਾਪਸ ਕੀਤਾ ਸੀ ਅਤੇ ਉਸ ਤੋਂ ਬਾਅਦ ਬਹੁਤ ਸਾਰੇ ਸਾਹਿਤਕਾਰਾਂ ਨੇ ਆਪਣੇ ਇਨਾਮ ਵਾਪਸ ਕੀਤੇ ਸਨ। ਕੇਂਦਰ ਸਰਕਾਰ ਦੇ ਪ੍ਰਮੁੱਖ ਮੰਤਰੀ ਨੇ ਉਸ ਮੁਹਿੰਮ ਨੂੰ 'ਮਸਨੂਈ ਵਿਰੋਧ' ਕਿਹਾ ਸੀ ਤੇ ਸੱਤਾਧਾਰੀ ਪਾਰਟੀ ਦੇ ਕਈ ਨੇਤਾਵਾਂ ਨੇ ਉਨ੍ਹਾਂ ਲੇਖਕਾਂ ਤੇ ਕਲਾਕਾਰਾਂ ਦੀ ਨਿਖੇਧੀ ਕੀਤੀ ਸੀ ਜਿਨ੍ਹਾਂ ਨੇ ਆਪਣੇ ਇਨਾਮ ਵਾਪਸ ਕੀਤੇ ਸਨ। ਬਾਅਦ ਵਿਚ ਪੱਤਰਕਾਰਾਂ ਸਾਹਮਣੇ ਬੋਲਦਿਆਂ ਅਮੋਲ ਪਾਲੇਕਰ ਨੇ ਕਿਹਾ ਕਿ ਉਸ ਨੂੰ ਸੈਂਸਰਸ਼ਿਪ ਦਾ ਸਾਹਮਣਾ ਕਰਨਾ ਪਿਆ ਸੀ ਅਤੇ ਸਾਡੇ ਦੇਸ਼ ਵਿਚ ਇਹ ਯਤਨ ਕੀਤੇ ਜਾ ਰਹੇ ਹਨ ਕਿ ਸਾਰੇ ਲੋਕ ਇਕ ਹੀ ਤਰੀਕੇ ਨਾਲ ਬੋਲਣ ਤੇ ਸੋਚਣ।

76 ਸਾਲਾਂ ਦਾ ਅਮੋਲ ਪਾਲੇਕਰ ਖ਼ੁਦ ਇਕ ਚਿੱਤਰਕਾਰ ਬਣਨਾ ਚਾਹੁੰਦਾ ਸੀ ਤੇ ਉਸ ਨੇ ਮੁੰਬਈ ਦੇ ਮਸ਼ਹੂਰ ਜੇਜੇ ਸਕੂਲ ਆਫ ਆਰਟਸ ਵਿਚ ਤਾਲੀਮ ਹਾਸਲ ਕੀਤੀ। ਉਸ ਨੇ ਚਿੱਤਰ ਬਣਾਏ ਅਤੇ ਕਈ ਪ੍ਰਦਰਸ਼ਨੀਆਂ ਲਾਈਆਂ। ਇਸ ਤੋਂ ਬਾਅਦ ਉਸ ਨੇ ਮਰਾਠੀ ਤੇ ਹਿੰਦੀ ਨਾਟਕਾਂ ਵਿਚ ਕੰਮ ਕਰਨਾ ਸ਼ੁਰੂ ਕੀਤਾ ਤੇ 1972 ਵਿਚ ਸੱਤਿਆ ਦੇਵ ਦੂਬੇ ਨਾਲ ਮਿਲ ਕੇ ਇਕ ਮਰਾਠੀ ਥੀਏਟਰ ਗਰੁੱਪ 'ਅਨੀਕੇਤ' ਬਣਾਇਆ। ਉਸ ਦਾ ਫ਼ਿਲਮੀ ਕਰੀਅਰ ਵੀ ਵਿਜੇ ਤੇਂਦੁਲਕਰ ਦੇ ਮਸ਼ਹੂਰ ਨਾਟਕ 'ਸ਼ਂਨਤਤਾ! ਕੋਟ ਚਾਲੇ ਆਹੇ' (ਖ਼ਾਮੋਸ਼! ਅਦਾਲਤ ਜਾਰੀ ਹੈ) ਨਾਲ ਸ਼ੁਰੂ ਹੋਇਆ। ਹਿੰਦੀ ਫ਼ਿਲਮਾਂ 'ਰਜਨੀਗੰਧਾ', 'ਛੋਟੀ ਸੀ ਬਾਤ', 'ਗੋਲਮਾਲ', 'ਨਰਮ ਗਰਮ' ਅਤੇ ਘਰੌਂਦਾ ਆਦਿ ਵਿਚ ਉਸ ਨੇ ਯਾਦਗਾਰੀ ਰੋਲ ਨਿਭਾਏ ਅਤੇ ਉਸ ਦਾ ਅਕਸ ਦਰਸ਼ਕਾਂ ਦੇ ਮਨ ਵਿਚ ਇਕ ਇਹੋ ਜਿਹੇ ਕਿਰਦਾਰ ਵਜੋਂ ਹੋਇਆ ਜੋ ਸਾਡਾ ਆਂਢੀ-ਗੁਆਂਢੀ ਹੋਵੇ ਤੇ ਸੜਕ, ਬਾਜ਼ਾਰਾਂ ਤੇ ਗਲੀਆਂ ਵਿਚ ਸਾਨੂੰ ਰੋਜ਼ ਮਿਲਦਾ ਹੋਵੇ। ਉਸ ਨੇ ਕਈ ਫ਼ਿਲਮਾਂ ਦਾ ਨਿਰਦੇਸ਼ਨ ਵੀ ਕੀਤਾ ਜਿਨ੍ਹਾਂ ਵਿਚ 'ਥੋੜ੍ਹਾ ਸਾ ਰੁਮਾਨੀ ਹੋ ਜਾਏਂ" ਜ਼ਿਕਰਯੋਗ ਹੈ ਕਿਉਂਕਿ ਇਹ ਇਕ ਬਿਹਤਰੀਨ ਫ਼ਿਲਮ ਹੀ ਨਹੀਂ ਸੀ ਸਗੋਂ ਕਈ ਐੱਮਬੀਏ ਦੇ ਕੋਰਸਾਂ ਵਿਚ ਇਸ ਨੂੰ ਮਨੁੱਖੀ ਵਿਹਾਰ ਨੂੰ ਸਮਝਣ ਵਾਸਤੇ ਵਿਖਾਇਆ ਜਾ ਰਿਹਾ ਹੈ। ਹਿੰਦੋਸਤਾਨ ਨੇ



ਉਸ ਦੀ ਫ਼ਿਲਮ 'ਪਹੇਲੀ' ਨੂੰ ਆਸਕਰ ਐਵਾਰਡ ਵਾਸਤੇ ਨਾਮਜ਼ਦ ਕੀਤਾ।

ਸਮਾਗਮ ਦੇ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਉਹ ਅਮੋਲ ਪਾਲੇਕਰ ਦੇ ਬੋਲਣ ਦੀ ਆਜ਼ਾਦੀ 'ਤੇ ਰੋਕ ਨਹੀਂ ਸੀ ਲਾਉਣੀ ਚਾਹੁੰਦੇ, ਉਨ੍ਹਾਂ ਦੀ ਮਨਸ਼ਾ ਸਿਰਫ਼ ਇਹੀ ਸੀ ਕਿ ਇਹ ਸ਼ਾਮ ਪ੍ਰਭਾਕਰ ਬਾਰਵੇ ਦੇ ਨਾਮ ਹੈ ਤੇ ਉਸ ਬਾਰੇ ਹੀ ਗੱਲਬਾਤ ਹੋਣੀ ਚਾਹੀਦੀ ਹੈ। ਇੱਥੇ ਇਹ ਸਵਾਲ ਉੱਠਦਾ ਹੈ ਕਿ ਕੀ ਸਾਰੇ ਸਮਾਰੋਹਾਂ ਵਿਚ ਏਦਾਂ ਹੀ ਹੁੰਦਾ ਹੈ ? ਜਦੋਂ ਅਸੀਂ ਕਿਸੇ ਕਲਾਕਾਰ, ਲੇਖਕ ਜਾਂ ਚਿੰਤਕ ਨੂੰ ਯਾਦ ਕਰਨ ਲਈ ਜੁੜ ਬੈਠਦੇ ਹਾਂ ਤਾਂ ਕੀ ਸਿਰਫ਼ ਉਸ ਬਾਰੇ ਹੀ ਗੱਲ ਕਰਦੇ ਹਾਂ ? ਕੋਈ ਵੀ ਸਾਹਿਤਕਾਰ, ਦਾਨਿਸ਼ਵਰ ਜਾਂ ਚਿੱਤਰਕਾਰ ਆਪਣੇ ਤਕ ਸੀਮਤ ਨਹੀਂ ਹੁੰਦਾ। ਉਹ ਸਮਾਜ ਨਾਲ ਜੁੜਿਆ ਹੁੰਦਾ ਹੈ ਤੇ ਜਦੋਂ ਉਸ ਬਾਰੇ ਗੱਲ ਕਰਾਂਗੇ ਤਾਂ ਨਿਸ਼ਚੇ ਹੀ ਅਸੀਂ ਵੇਲੇ ਦੇ ਸਮਾਜਕ ਤੇ ਸਿਆਸੀ ਹਾਲਾਤ ਬਾਰੇ ਵੀ ਗੱਲ ਕਰਾਂਗੇ।

ਇਹ ਕੋਈ ਪਹਿਲੀ ਘਟਨਾ ਨਹੀਂ ਹੈ। ਕਾਫ਼ੀ ਦੇਰ ਤੋਂ ਹਿੰਦੋਸਤਾਨ ਵਿਚ ਇਸ ਤਰ੍ਹਾਂ ਦੀ ਸੋਚ-ਸਮਝ ਦਾ ਸੰਚਾਰ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ ਕਿ ਕਿਸੇ ਨੂੰ ਵੀ ਸੱਤਾਧਾਰੀ ਪਾਰਟੀ ਤੇ ਉਸ ਦੀ ਵਿਚਾਰਧਾਰਾ ਨਾਲ ਅਸਹਿਮਤੀ ਜ਼ਾਹਰ ਨਹੀਂ ਕਰਨੀ ਚਾਹੀਦੀ। ਅਸਹਿਮਤੀ ਜ਼ਾਹਿਰ ਕਰਨ ਵਾਲਿਆਂ ਨੂੰ ਦੇਸ਼-ਧ੍ਰੋਹੀ, ਅਰਬਨ ਨਕਸਲਾਈਟ ਤੇ ਕਈ ਇਹੋ ਜਿਹੇ ਹੋਰ ਮੰਦੇ ਸ਼ਬਦਾਂ ਨਾਲ ਸੰਬੋਧਿਤ ਕੀਤਾ ਜਾਂਦਾ ਹੈ ਅਤੇ ਕਈਆਂ ਨੂੰ ਇਹ ਕਿਹਾ ਜਾਂਦਾ ਹੈ ਕਿ ਜੇ ਉਹ ਇਸ ਦੇਸ਼ ਵਿਚ ਖੁਸ਼ ਨਹੀਂ ਤਾਂ ਗੁਆਂਢੀ ਦੇਸ਼ ਚਲੇ ਜਾਣ। ਜਮਹੂਰੀ ਅਧਿਕਾਰਾਂ ਤੇ ਵਿਦਿਆਰਥੀ ਕਾਰਕੁਨਾਂ 'ਤੇ ਦੇਸ਼-ਧ੍ਰੋਹ ਦੇ ਮੁਕੱਦਮੇ ਦਰਜ ਕੀਤੇ ਗਏ ਹਨ। ਜਿਸ ਦੇਸ਼ ਵਿਚ ਬੋਲਣ ਦੀ ਆਜ਼ਾਦੀ 'ਤੇ ਪਾਬੰਦੀ ਲਗਾਈ ਜਾਏ ਜਾਂ ਪਾਬੰਦੀ ਲਾਉਣ ਦੇ ਯਤਨ ਕੀਤੇ ਜਾਣ ਜਾਂ ਇਹੋ ਜਿਹਾ ਮਾਹੌਲ ਪੈਦਾ ਕੀਤਾ ਜਾਏ ਜਿਸ ਵਿਚ ਸੱਤਾਧਾਰੀਆਂ ਨਾਲ ਅਸਹਿਮਤੀ ਰੱਖਣੀ ਮੁਸ਼ਕਲ ਬਣ ਜਾਏ, ਉਸ ਦੇਸ਼ ਦਾ ਬੌਧਿਕ ਵਿਕਾਸ ਹੋਣਾ ਬਹੁਤ ਮੁਸ਼ਕਲ ਹੈ। ਉਸ ਦਾ ਭਵਿੱਖ ਧੁੰਦਲਾ ਹੋਵੇਗਾ। ਬਹੁਤ ਸਾਰੇ ਦੇਸ਼ਾਂ ਨੇ ਇਹੋ ਜਿਹੇ ਹਾਲਾਤ ਵੇਖੇ ਹਨ ਅਤੇ ਉੱਥੋਂ ਦੇ ਚਿੰਤਕ, ਸਾਹਿਤਕਾਰ, ਵਿਗਿਆਨੀ, ਚਿੱਤਰਕਾਰ, ਸੰਗੀਤਕਾਰ, ਦਾਨਿਸ਼ਵਰ ਤੇ ਲੋਕ-ਹਿੱਤਾਂ ਲਈ ਲੜਨ ਵਾਲੇ ਲੋਕ ਬੋਲਣ 'ਤੇ ਲਾਈਆਂ ਜਾਣ ਵਾਲੀਆਂ ਬੰਦਸ਼ਾਂ ਵਿਰੁੱਧ ਲੜੇ ਹਨ। ਗਵਾਂਢੀ ਦੇਸ਼ ਵਿਚ ਇਹੋ ਜਿਹੇ ਹਾਲਾਤ ਦੌਰਾਨ ਹੀ ਫੈਜ਼ ਅਹਿਮਦ ਫੈਜ਼ ਨੇ ਕਿਹਾ ਸੀ:

ਬੋਲ ਕੇ ਲਬ ਆਜ਼ਾਦ ਹੈਂ ਤੇਰੇ
ਬੋਲ ਜ਼ਬਾਂ ਅਬ ਏਕ ਤੇਰੀ ਹੈ
ਤੇਰਾ ਸੁਤਵਾਂ ਜਿਸਮ ਹੈ ਤੇਰਾ
ਬੋਲ ਕੇ: ਜਾਂ ਅਬ ਤਕ ਤੇਰੀ ਹੈ।

ਅਮੋਲ ਪਾਲੇਕਰ ਨੇ ਜਦੋਂ ਪੰਜਾਬ ਦੀ ਨਾਟ ਮੰਡਲੀ ਦੀ ਸਹਾਇਤਾ ਕੀਤੀ

ਅਮੋਲ ਪਾਲੇਕਰ ਸਮਾਜਿਕ ਤੌਰ 'ਤੇ ਵੀ ਸਜੱਗ ਕਲਾਕਾਰ ਹੈ। ਉਹ ਬਾਕੀ ਪ੍ਰਦੇਸ਼ਾਂ ਦੀਆਂ ਨਾਟ-ਮੰਡਲੀਆਂ ਨਾਲ ਸੰਪਰਕ ਰੱਖਦਾ ਹੈ। ਇੱਥੇ ਪੰਜਾਬੀ ਨਾਟ-ਸੰਸਾਰ ਨਾਲ ਸਬੰਧਤ ਇਕ ਘਟਨਾ ਨੂੰ ਯਾਦ ਕਰਨਾ ਬਣਦਾ ਹੈ। ਇਹ ਗੱਲ ਸੰਨ '84 ਦੀ ਹੈ ਜਦ ਤਤਕਾਲੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦੇਸ਼ ਵਿਚ ਸਿੱਖਾਂ ਵਿਰੁੱਧ ਹਿੰਸਾ ਦਾ ਦੌਰ ਚੱਲ ਰਿਹਾ ਸੀ। ਉਸ ਵੇਲੇ ਭਾਅ ਜੀ ਗੁਰਸ਼ਰਨ ਸਿੰਘ ਦੀ ਨਾਟ-ਮੰਡਲੀ ਮੁੰਬਈ ਵਿਚ ਨਾਟਕ ਕਰ ਰਹੀ ਸੀ। ਜਦ ਉਹ ਸਟੂਡੀਓ ਵਿਚ ਇਨਕਲਾਬੀ ਗੀਤ ਰਿਕਾਰਡ ਕਰ ਰਹੇ ਸਨ ਤਾਂ ਕਿਸੇ ਨੇ ਉੱਥੇ 'ਅਤਿਵਾਦੀ'/'ਸ਼ੱਕੀ ਬੰਦੇ' ਹੋਣ ਦੀ ਖ਼ਬਰ ਦਿੱਤੀ ਤੇ ਪੁਲੀਸ ਭਾਅ ਜੀ ਗੁਰਸ਼ਰਨ ਸਿੰਘ, ਕੇਵਲ ਧਾਲੀਵਾਲ, ਸੁਖਦੇਵ ਪ੍ਰੀਤ, ਨਰਿੰਦਰ ਸਾਂਘੀ, ਇੰਦਰਜੀਤ ਗੋਗੋਆਣੀ, ਗੁਲਸ਼ਨ ਸ਼ਰਮਾ, ਪਰਮਜੀਤ ਸਿੰਘ, ਰੇਣੂ ਸਿੰਘ ਅਤੇ ਜਸਵੰਤ ਜੱਸ ਨੂੰ ਫੜ ਕੇ ਥਾਣੇ ਲੈ ਗਈ, ਪੁੱਛਗਿੱਛ ਸ਼ੁਰੂ ਕੀਤੀ ਗਈ। ਖ਼ਬਰ ਮਿਲਣ 'ਤੇ ਅਮੋਲ ਪਾਲੇਕਰ, ਸਾਗਰ ਸਰਹੱਦੀ, ਸ਼ਬਾਨਾ ਆਜ਼ਮੀ, ਰੋਹਿਨੀ ਹਤੰਗੜੀ ਤੇ ਹੋਰ ਫ਼ਿਲਮੀ ਤੇ ਰੰਗਮੰਚ ਦੇ ਕਲਾਕਾਰ ਪੁਲੀਸ ਸਟੇਸ਼ਨ ਆਏ ਤੇ ਪੁਲੀਸ ਨੂੰ ਭਾਅ ਜੀ ਗੁਰਸ਼ਰਨ ਸਿੰਘ ਤੇ ਉਨ੍ਹਾਂ ਦੀ ਨਾਟ-ਮੰਡਲੀ ਬਾਰੇ ਦੱਸਿਆ ਤੇ ਰਿਹਾਅ ਕਰਾਇਆ।

ਹੋ ਗਈ ਹੈ ਪੀਰ ਪਰਬਤ ਸੀ ਪਿਘਲਨੀ ਚਾਹੀਏ,
ਇਸ ਹਿਮਾਲਿਆ ਸੇ ਕੋਈ ਗੰਗਾ ਨਿਕਲਨੀ ਚਾਹੀਏ।
ਆਜ ਯੇਹ ਦੀਵਾਰ, ਪਰਦੋਂ ਕੀ ਤਰਹ ਹਿਲਨੇ ਲਗੀ,
ਸ਼ਰਤ ਲੇਕਿਨ ਥੀ ਕਿ ਯੇਹ ਬੁਨਿਆਦ ਹਿਲਨੀ ਚਾਹੀਏ।
ਸਿਰਫ਼ ਹੰਗਾਮਾ ਖੜ੍ਹਾ ਕਰਨਾ ਮੇਰਾ ਮਕਸਦ ਨਹੀਂ,
ਮੇਰੀ ਕੋਸ਼ਿਸ਼ ਹੈ ਕਿ ਯੇ ਸੂਰਤ ਬਦਲਨੀ ਚਾਹੀਏ।
ਮੇਰੇ ਸੀਨੇ ਮੇਂ ਨਹੀਂ ਤੋ ਤੇਰੇ ਸੀਨੇ ਮੇਂ ਸਹੀ,
ਹੋ ਕਹੀਂ ਭੀ ਆਗ, ਲੇਕਿਨ ਆਗ ਜਲਨੀ ਚਾਹੀਏ।
-ਦੁਸ਼ਯੰਤ ਕੁਮਾਰ

ਉਹ ਇਹ ਨਹੀਂ ਕਹਿਣਗੇ ਕਿ
ਉਸ ਸਮੇਂ ਹਨੇਰਾ ਸੀ।
ਉਹ ਪੁੱਛਣਗੇ
ਕਿ ਉਸ ਸਮੇਂ ਦੇ ਕਵੀ ਚੁੱਪ ਕਿਉਂ ਸਨ
-ਬ੍ਰਤੋਲਤ

# ਨਾਟਕ ਵੇਖ ਰਹੇ ਹੋ ? ਰੁਮਾਲ ਨੇੜੇ ਰੱਖਣਾ

## ਚੁਰਾਸੀ ਵੀ ਸੰਤਾਲੀ ਏ, ਸੰਤਾਲੀ ਵੀ ਚੁਰਾਸੀ ਏ।

ਐੱਸ ਪੀ ਸਿੰਘ

ਭਵਨ ਕਲਾ ਦੇ ਨਮੂਨੇ ਚੰਡੀਗੜ੍ਹ ਸ਼ਹਿਰ ਦੇ ਕਲਾ ਭਵਨ ਵਿਚ ਨ੍ਹਾਂਮੋ ਚੀਕ-ਚੀਕ ਕੇ ਕਹਿ ਰਹੀ ਸੀ। ਅੰਦਰ ਵਿੰਨ੍ਹਿਆ ਪਿਆ ਸੀ। ਸਾਹਮਣੇ ਕੇਵਲ ਧਾਲੀਵਾਲ ਦੁਆਰਾ ਨਿਰਦੇਸ਼ਤ ਨਾਟਕ 'ਪੁਲ-ਸਿਰਾਤ' ਖੇਡਿਆ ਜਾ ਰਿਹਾ ਸੀ। ਧੁਰ ਪਿਛਲੀਆਂ ਕੁਰਸੀਆਂ ਵਿਚ ਮੇਰੇ ਖੱਬੇ ਬੈਠਾ ਸ਼ਖ਼ਸ ਡੁਸਕ ਰਿਹਾ ਸੀ। ਕੁਝ ਪਲਾਂ ਬਾਅਦ ਮੈਂ ਉਹਦੀ ਪਿੱਠ 'ਤੇ ਹੱਥ ਧਰਿਆ ਤਾਂ ਉਸ ਮੇਰੇ ਵੱਲ ਵੇਖਿਆ, ਫਿਰ ਮੇਰਾ ਹੱਥ ਘੁੱਟ ਦਿੱਤਾ। ਹੁਣ ਕੁਝ ਸੰਭਲ ਗਿਆ ਸੀ। ਨਾਟਕ ਚੱਲ ਰਿਹਾ ਸੀ। ਦੋਜ਼ਖ਼ 'ਤੇ ਪਾਏ ਵਾਲੋਂ ਬਰੀਕ ਤੇ ਖੰਡਿਓਂ ਤਿੱਖੇ ਪੁਲ-ਸਿਰਾਤ 'ਤੇ ਉਹ ਔਰਤ ਤੁਰੀ ਜਾ ਰਹੀ ਸੀ। ਕੋਈ ਮੇਰੇ ਪਿੱਛੇ ਬੈਠਾ ਫਿਸ ਪਿਆ ਸੀ। ਮੈਂ ਮੁੜ ਕੇ ਵੇਖਿਆ ਤਾਂ ਉਹਦੇ ਨਾਲ ਬੈਠੀ ਨੇ ਉਹਨੂੰ ਕਲਾਵੇ ਵਿਚ ਲੈ ਕੇ ਸੰਭਲਣ ਲਈ ਕਿਹਾ। ਮੈਂ ਸ਼ੁਕਰ ਕੀਤਾ ਕਿ ਅੱਜ ਮੇਰੀ ਜੇਬ ਵਿਚ ਰੁਮਾਲ ਸੀ। ਅਕਸਰ ਹੀ ਰੁਮਾਲ ਘਰ ਭੁੱਲ ਜਾਂਦਾ ਹਾਂ ਪਰ ਅੱਜ ਬੜੀ ਵਾਰੀ ਕੰਮ ਆਇਆ।

ਇਹ ਸ਼ਨੀਵਾਰ ਦੀ ਭਿੱਜੀ ਸ਼ਾਮ ਦੀ ਗੱਲ ਹੈ। ਉਦੋਂ ਤੋਂ ਨਾਟਕ ਲਗਾਤਾਰਤਾ ਵਿਚ ਚੱਲ ਰਿਹਾ ਹੈ। ਸੰਤਾਲੀ ਦੇ ਪੰਜਾਬ ਦੇ ਪਿੰਡਾਂ ਦੇ ਦ੍ਰਿਸ਼, ਚੁਰਾਸੀ ਦੀ ਪਿੱਠ-ਭੂਮੀ, ਇਹ ਸਭ ਨਿਰਦੇਸ਼ਕ ਦੀ ਜ਼ਹੀਨ ਸਮਝ ਨੇ ਕਲਾ ਭਵਨ ਦੀ ਸੁੰਗੜਵੀਂ ਜਿਹੀ ਸਟੇਜ 'ਤੇ ਬਾਖ਼ੂਬੀ ਰਚ ਲਿਆ ਸੀ। ਬਾਕੀ ਦੇ ਨਾਟਕ ਲਈ ਮੰਚ ਅਤਿ-ਵਸੀਹ ਹੋ ਚੁੱਕਾ ਹੈ, ਸ਼ਹਿਰ-ਸ਼ਹਿਰ ਫੈਲ ਚੁੱਕਿਆ ਹੈ।

ਵੇਲੇ ਦੀਆਂ ਗਰਦਿਸ਼ਾਂ ਨੇ ਸਵਰਾਜਬੀਰ ਦੇ ਇਸ ਨਾਟਕ ਦਾ ਹਕੀਕੀ ਮੰਚਨ ਜਾਰੀ ਰੱਖਿਆ ਹੈ। ਨਾਟਕ ਹੁਣ ਨਾਟਸ਼ਾਲਾਵਾਂ, ਕਲਾ ਭਵਨਾਂ ਤੋਂ ਬਾਹਰ ਆ ਚੁੱਕਾ ਹੈ। 1947 ਵਾਲਾ 'ਪਾਕਿਸਤਾਨ ਮੁਰਦਾਬਾਦ' ਦਾ ਨਾਅਰਾ ਬਹੁਤ ਸਾਰੇ ਸ਼ਹਿਰਾਂ, ਕਸਬਿਆਂ ਵਿਚ ਗੂੰਜ ਰਿਹਾ ਹੈ। ਸੱਤ ਦਹਾਕੇ ਪਹਿਲਾਂ ਵਾਂਗ ਹੀ ਹੁਣ ਵੀ ਹਿਜਰਤ ਦੀ ਚਿਤਾਵਨੀ ਥੋੜ੍ਹ-ਚਿਰੀ ਹੀ ਹੈ। ਚੌਵੀ ਘੰਟਿਆਂ ਵਿਚ ਨਿਕਲ ਜਾਓ, ਹਜੂਮ ਕਹਿ ਰਿਹਾ ਹੈ। ਇਹ ਹਜੂਮ ਦੇਸ਼-ਪ੍ਰੇਮ ਵਿਚ ਓਤ-ਪ੍ਰੋਤ ਹੈ। ਕੁਝ ਵੀ ਕਰ ਗੁਜ਼ਰਨ ਲਈ ਤਿਆਰ, ਸਹਿਣ ਲਈ ਨਹੀਂ। ਬਹੁਤ ਜੋ ਸਹਿ ਲਿਆ ਹੈ। 40 ਤਾਂ ਹੁਣੇ ਮਰਵਾਏ ਹਨ, ਹੁਣ ਤਾਂ 400 ਨੂੰ ਮਾਰਨ ਨਿਕਲਿਆ ਹੈ। ਬਹੁਤ ਹੋ ਚੁੱਕਾ ਬਲਿਦਾਨ, ਹੁਣ ਬਲੀ ਲੈਣ ਦੀ ਜ਼ਿੰਮੇਵਾਰੀ ਸਿਰ 'ਤੇ ਚੁੱਕੀ ਫਿਰਦਾ ਹੈ।

ਜਿਸ ਵੇਲੇ ਚੰਡੀਗੜ੍ਹ ਵਿਚਲੇ ਕਲਾ ਭਵਨ ਵਿਚ ਪੁਲ-ਸਿਰਾਤ ਖੇਡਿਆ ਜਾ ਰਿਹਾ ਸੀ,

ਉਸੇ ਵੇਲੇ ਇਹਦਾ ਦਰਪਣੀ ਦਰਸ਼ਨੀ ਦ੍ਰਿਸ਼ ਦੇਹਰਾਦੂਨ ਵਿਚ ਕੁੜੀਆਂ ਦੇ ਹੋਸਟਲ ਵਿਚ ਮੰਚਿਤ ਹੋ ਰਿਹਾ ਸੀ। ਪਾਕਿਸਤਾਨ ਦੇ ਮੁਰਦਾਬਾਦ ਹੋਣ ਦਾ ਐਲਾਨ ਕਰਦੀ ਭੀੜ ਬਾਹਰ ਲਲਕਾਰੇ ਮਾਰ ਰਹੀ ਸੀ। ਅੰਦਰ 20 ਕੁੜੀਆਂ ਨੇ ਆਪਣੇ ਆਪ ਨੂੰ ਕਮਰਿਆਂ ਵਿਚ ਬੰਦ ਕਰ ਲਿਆ ਸੀ। ਬੱਤੀਆਂ ਬੁਝਾ ਦਿੱਤੀਆਂ ਸਨ। ਘਿਰੇ ਦਾ ਹਨੇਰਾ ਸਾਥੀ ਵੀ ਹੁੰਦਾ ਹੈ, ਦੁਸ਼ਮਣ ਵੀ।

ਸ਼ਹਿਰ ਵਿਚ ਕਸ਼ਮੀਰ ਤੋਂ ਆਏ 3,000 ਤੋਂ ਜ਼ਿਆਦਾ ਵਿਦਿਆਰਥੀ ਹਨ। ਇੱਕ ਸੰਸਥਾਨ ਤਾਂ ਬਾਬਾ ਫ਼ਰੀਦ ਦੇ ਨਾਮ ’ਤੇ ਹੀ ਹੈ। ਉਹਦੇ ਵਿਦਿਆਰਥੀਆਂ ਨੂੰ ਇੱਕ ਦਿਨ ਪਹਿਲਾਂ ਸੰਸਥਾਨ ਦੇ ਸਾਹਮਣੇ ਹੀ ਭੜਕੀ ਭੀੜ ਨੇ ਕੁੱਟਿਆ ਸੀ। ਮਕਾਨ ਮਾਲਕਾਂ ਨੂੰ ਗੁੱਸਾਈਆਂ ਭੀੜਾਂ ਕਹਿ ਰਹੀਆਂ ਹਨ ਕਿ ਇਸ ਧਰਮ ਦੇ ਕਿਰਾਏਦਾਰਾਂ ਤੋਂ ਇਮਾਰਤ ਨੂੰ ਖਾਲੀ ਕਰਵਾਓ। ਜਿੱਥੇ ਜੋਸ਼ ਘੱਟਣ ਲੱਗਦਾ ਹੈ, ਉੱਥੇ ਪਿੱਛੋਂ ਇੱਕ ਹੇਕ ਉੱਠਦੀ ਹੈ – ਪਾਕਿਸਤਾਨ ਮੁਰਦਾਬਾਦ। ਭੀੜ ਜਵਾਬ ਦਿੰਦੀ ਹੈ – ਮੁਰਦਾਬਾਦ, ਮੁਰਦਾਬਾਦ!

ਸੰਤਾਲੀ ਦੀ ਲਗਾਤਾਰਤਾ ਟੁੱਟਦੀ ਨਹੀਂ ਦਿਸਦੀ। ਅਸੀਂ ਗੱਲ ਵੀ ਕਰ ਰਹੇ ਹਾਂ ਅਤੇ ਗੱਲ ਨਹੀਂ ਵੀ ਕਰ ਰਹੇ। ਖ਼ਬਰਾਂ ਵਿਚ ਕਸ਼ਮੀਰ ਦਾ ਜ਼ਿਕਰ ਹੈ, ਪਾਕਿਸਤਾਨ ਦਾ ਜ਼ਿਕਰ ਹੈ। ਦੇਸ਼ ਦੇ ਨਕਸ਼ੇ ਵੱਲ ਮੂੰਹ ਕਰੋ ਅਤੇ ਸੱਜੀ ਬਾਂਹ ਲੰਬੀ ਕਰੋ। ਘੁਸਪੈਠੀਆਂ ਦਾ ਜ਼ਿਕਰ ਸੁਣੇਗਾ। ਥੋੜ੍ਹਾ ਹੋਰ ਬਾਂਹ ਉਲਾਰੋਗੇ ਤਾਂ ਰੋਹਿੰਗੀਆਂ ਦੇ ਮੁਰਦਾਬਾਦ ਹੋਣ ਦੀ ਕੰਨਸੋਅ ਗੂੰਜੇਗੀ। ‘ਬੰਗਲਾਦੇਸ਼ੀ ਵਾਪਸ ਜਾਓ’ ਤਾਂ ਥੋੜ੍ਹਾ ਉਰਾਂ ਹੀ ਸ਼ੁਰੂ ਹੋ ਜਾਂਦਾ ਹੈ। ਖੱਬੀ ਬਾਂਹ ਉਲਾਰਨ ਦੀ ਬਹੁਤੀ ਲੋੜ ਨਹੀਂ, ਉੱਥੇ ਤਾਂ ਉਸ ਦੇ ਨਾਮ ’ਤੇ ਸੈਨਾ ਹੈ ਜਿਹੜਾ ਤਾਂਡਵ ਜਾਣਦਾ ਹੈ। ਨਾਲੇ ਕਿਉਂ ਲੱਤਾਂ, ਬਾਹਵਾਂ ਉਲਾਰਨੀਆਂ ਨੇ ਜੇ ਗੁਆਂਢੀ ਹਰਿਆਣੇ ਵਿਚ ਹੀ ਨਾਟਕ ਗਲੀਆਂ ਵਿਚ ਉੱਤਰ ਆਇਆ ਹੈ।



ਅਤਿਵਾਦ ਦੀ ਗੱਲ ਹੋ ਰਹੀ ਹੈ। ਇਸ ਅਣਮਨੁੱਖੀ ਵਰਤਾਰੇ ਦਾ ਢੁਕਵਾਂ ਜਵਾਬ ਦੇਣ ਦੀ ਮੰਗ ਸਮਝ ਆਉਂਦੀ ਹੈ। ਸਖਤ ਕਦਮ ਲੈਣ ਦੀ ਜ਼ਰੂਰਤ ਹੈ। ਸ਼ਹੀਦ ਹੋਏ ਜਵਾਨ ਅਤਿ ਸਾਦਾ ਪਰਿਵਾਰਾਂ ਤੋਂ ਗਏ ਪੁੱਤਰ, ਭਰਾ, ਬਾਪ, ਦੋਸਤ, ਸਾਥੀ, ਗੁਆਂਢੀ ਸਨ। ਉਨ੍ਹਾਂ ਦੇ ਪਰਿਵਾਰਾਂ ਦਾ ਦੁੱਖ ਗੁੱਸੇ ਅਤੇ ਸ਼ੋਰ ਵਿਚ ਗਵਾਚ ਨਾ ਜਾਵੇ, ਇਹ ਵੀ ਧਿਆਨ ਕਰਨਾ ਬਣਦਾ ਹੈ। ਹਰ ਜਵਾਬੀ ਕਾਰਵਾਈ ਇੱਕੋ ਮੰਤਵ ਨਾਲ ਹੋਣੀ ਚਾਹੀਦੀ ਹੈ ਕਿ ਦੁਬਾਰਾ ਇਹ ਕਾਰੇ ਨਾ ਹੋਣ।

ਇਸ ਲਈ ਉਸ ਦੀ ਗੱਲ ਕਰਨੀ ਹੀ ਪੈਣੀ ਹੈ ਜਿਸ ਦੀ ਗੱਲ ਹੋ ਵੀ ਰਹੀ ਹੈ ਪਰ ਨਹੀਂ ਵੀ ਹੋ ਰਹੀ। ਪਾਕਿਸਤਾਨ, ਕਸ਼ਮੀਰ, ਬੰਗਲਾਦੇਸ਼, ਅਤਿਵਾਦੀ, ਘੁਸਪੈਠੀਆ – ਇਹ ਸਭ ਲੁਕਵੇਂ ਸੰਕੇਤਾਂ ਵਾਂਗ ਵਰਤੇ ਜਾ ਰਹੇ ਸ਼ਬਦ ਹਨ, ਕੋਡ-ਵਰਡਜ਼ ਹਨ। ਅਸੀਂ ਮੁਸਲਮਾਨ ਬਾਰੇ ਗੱਲ ਨਹੀਂ ਕਰ ਰਹੇ। ਬਾਹਰ ਭੀੜਾਂ ਇਹ ਲੁਕਵੀਂ, ਸੰਕੇਤਕ ਭਾਸ਼ਾ ਸਮਝ ਰਹੀਆਂ ਹਨ। ਨਾਟਕ ਦੇ ਅਗਲੇ ਦ੍ਰਿਸ਼ ਇਸੇ ਸਮਝ ਦੇ ਆਧਾਰ ’ਤੇ ਹੀ ਗਲੀਆਂ, ਬਾਜ਼ਾਰਾਂ ਵਿਚ ਖੇਡੇ ਜਾ ਰਹੇ ਹਨ।

1947 ਵਿਚ ਦੇਸ਼ ਨੂੰ ਇੱਕ ਮੁਸਲਮਾਨ ਸਵਾਲ ਦਰਪੇਸ਼ ਆਇਆ ਸੀ। 2019 ਵਿਚ ਦੇਸ਼ ਉਸੇ ਸਵਾਲ ਨਾਲ ਫਿਰ ਰੂਬਰੂ ਹੈ। ਅਸੀਂ ਆਪਣੇ ਅੰਦਰਲੇ ਨਾਲ ਗੱਲ ਕਰਨ ਤੋਂ ਡਰਦੇ ਹਾਂ। 1984 ਵਿਚਲਾ ਕੋਈ ਸਿੱਖ, ਹਿੰਦੂ ਸਵਾਲ ਵੀ ਤਾਂ ਟੱਕਰ ਸਕਦਾ ਹੈ।

ਜ਼ਰਾ ਬਜ਼ੁਰਗ ਹੀ ਸਹੀ, ਪਰ ਅਜੇ ਤਾਂ ਕਾਫ਼ੀ ਸਾਰੇ ਪਾਤਰ ਸਾਡੇ ਪਿੰਡਾਂ, ਸ਼ਹਿਰਾਂ ਵਿਚ ਬੈਠੇ ਹਨ ਜਿਨ੍ਹਾਂ 1947 ਦੇ ਖ਼ੂਨੀ ਸਾਕਿਆਂ ਦਾ ਮੰਚ ਵੇਖਿਆ ਸੀ। 1984 ਦੇ ਭੋਗੀ ਤਾਂ ਵਿਧਵਾ ਕਲੋਨੀ ਤੋਂ ਲੈ ਕੇ ਅਖ਼ਬਾਰੀ ਸੁਰਖੀਆਂ ਤੱਕ ਮਿਲ ਪੈਂਦੇ ਹਨ। ਜੇ ਅੰਬਾਲਾ, ਕਰਨਾਲ, ਦੇਹਰਾਦੂਨ ਜਾਂ ਜੰਮੂ ਦੂਰ ਲੱਗਣ ਤਾਂ ਟੀਵੀ ਲਾ ਲੈਣਾ, ਵਿਸ਼ਾਲ ਭਾਰਤੀ ਨਾਟਕ ਮੰਚ ਤੁਹਾਡੇ ਬੈੱਡਰੂਮ ਵਿਚ ਹੀ ਲੱਗ ਜਾਵੇਗਾ। ਇਹ ਹੁਣ ਤੁਹਾਡੀ ਜ਼ਹੀਨ ਬੁੱਧੀ ਤੇ ਨਿਰਭਰ ਹੈ ਕਿ ਤੁਸੀਂ ਹਕੀਕੀ ਤੇ ਨਾਟਕੀ ਦਾ ਫਰਕ ਕਿੰਨਾ ਕੁ ਫੜਦੇ ਹੋ। ਸੁਣਿਆ ਹੈ ਕਿ ਪਿੰਡੇ-ਹੰਢਾਏ ਤੇ ਟੀਵੀ ’ਤੇ ਰੁਸ਼ਨਾਏ ਵਿਚ ਰਤਾ ਕੁ ਵਿੱਥ ਰਹਿ ਜਾਂਦੀ ਹੈ।

ਭੀੜ ਵਿਚ ਬਹੁਤੇ ਉਹ ਨੇ ਜਿਨ੍ਹਾਂ ਇਹ ਅਕਹਿ ਅਤੇ ਅਸਹਿ ਦੁੱਖ ਟੀਵੀ ਦੇ ਪਰਦੇ ਤੋਂ ਉਧਾਰ ਲੈ ਕੇ ਭੋਗਿਆ ਹੈ। ਵੈਸੇ ਮੈਂ ਹੱਡੀ-ਹੰਢਾਇਆਂ ਨੂੰ ਦੇਹਰਾਦੂਨ ਦੀਆਂ ਕਮਰਾ-ਬੰਦ ਕੁੜੀਆਂ ਦੀਆਂ ਚੀਕਾਂ ਸੁਣਕੇ ਕਮਰ-ਕੱਸੇ ਕਰਕੇ ਗਲੀ ਵਿਚ ਉਮੜਦਿਆਂ ਅਜੇ ਨਹੀਂ ਵੇਖਿਆ।

ਚੁਰਾਸੀ ਵੀ ਸੰਤਾਲੀ ਸੀ, 2019 ਵੀ ਸੰਤਾਲੀ ਏ। 2019 ਚੁਰਾਸੀ ਵੀ ਹੈ।

ਕਲਾ ਭਵਨ ਤੋਂ ਬਾਹਰ ਨਿਕਲ ਕੇ ਮੈਂ ਉਸ ਨੂੰ ਆਪਣੇ ਕੋਲੋਂ ਲੰਘਦਿਆਂ ਵੇਖਿਆ ਜਿਹੜਾ ਮੇਰੇ ਖੱਬੇ ਬੈਠਾ ਡੁਸਕ ਰਿਹਾ ਸੀ। ਉਸ ਮੇਰੇ ਵੱਲ ਵੇਖਿਆ, ਫਿਰ ਮੋਢੇ ’ਤੇ ਹੱਥ ਧਰ ਅੱਗੇ ਨਿਕਲ ਗਿਆ। ਮੈਨੂੰ ਨਾਮ ਪੁੱਛਣ ਦੀ ਜ਼ਰੂਰਤ ਮਹਿਸੂਸ ਨਹੀਂ ਹੋਈ। ਇਕ ਗੱਲ ਪੱਕੀ ਸੀ – ਹੁਣ ਉਹ ਅਜਨਬੀ ਨਹੀਂ ਸੀ। ਅਸਾਂ ਕੁਝ ਮਿੰਟ ਪਹਿਲੇ ਇੱਕ ਸਾਂਝਾ ਅਤੀਤ ਉਸਾਰ ਲਿਆ ਸੀ। ਹੁਣ ਅਸੀਂ ਇੱਕ ਦੂਜੇ ਦੇ ਵਾਕਫ਼ ਸਾਂ।

ਸੰਤਾਲੀ ਤੇ ਚੁਰਾਸੀ ਮਿਲਣ, 2019 ਨਾਲ ਕਿਸੇ ਅਤੀਤ ਦੀ ਸਾਂਝ ਪਾਉਣ ਤਾਂ ਕੋਈ ਹਕੀਕੀ ਬਦਲਾ ਲਈਏ। ਐਸਾ ਕੋਈ ਰਾਹ ਕੱਢੀਏ ਕਿ ਹੋਸਟਲ ਵਿਚ ਬੰਦ ਕਸ਼ਮੀਰੀ ਕੁੜੀਆਂ ਨਿਡਰ ਹੋ ਕੇ ਪੜ੍ਹਨ, ਵਾਲੋਂ ਬਰੀਕ ਤੇ ਖੰਡਿਓਂ ਤਿੱਖੇ ਪੁਲਾਂ ਤੋਂ ਅਮਨ ਦੀਆਂ ਵਾਦੀਆਂ ਵਿਚ ਸੁਨੇਹੇ ਭੇਜਣ ਕਿ ਕਾਲਜ ਵਿਚ ਅਸੀਂ ਨਾਟਕ ਕਰਨਾ ਹੈ, ਬਾਹਰ ਤਾਂ ਸਭ ਠੀਕ ਠਾਕ ਹੈ। ਸਿਰਫ਼ ਸ਼ਾਮ ਰਤਾ ਭਿੱਜੀ-ਭਿੱਜੀ ਹੈ ਕਿਉਂ ਜੋ ਕੁਝ ਲੋਕਾਂ ਕੋਲ ਰੁਮਾਲ ਨਹੀਂ।

(ਲੇਖਕ ਸੀਨੀਅਰ ਪੱਤਰਕਾਰ ਹੈ ਅਤੇ ਸੰਤਾਲੀ ਦੇ ਪੱਛਿਆਂ ਦੇ ਘਰੀਂ ਜੰਮਿਆ ਹੁਣ ਚੁਰਾਸੀ ਦੇ ਜ਼ਖਮੀ ਦੋਸਤਾਂ ਨਾਲ ਬੈਠ 20 19 ਦਾ ਨਾਟਕ ਵੇਖ ਰਿਹਾ ਹੈ।)





Talk to me Today!

VARINDER NIJJAR
Deal Representative - Global RESP Corporation
Phone: 780-667-6015
Email: vnijjar@globalassociates.ca

JASVIR DEOL
Branch Manager - Global RESP Corporation
Phone: 780-906-4497
Email: jasdeol@globalassociates.ca

GLOBAL RESP CORPORATION

*When registered. Eligible under section 146.1 of the Income Tax Act. Subject to meeting the CLB eligibility criteria. Our Plans offered by Full Prospectus.

# ਨਰਿੰਦਰ ਮੋਦੀ ਦੇ ਬੱਜਟ ਵਿਚ ਕੀ ਸੁਪਨੇ ਜ਼ਿਆਦਾ, ਸੱਚ ਘੱਟ ਹੈ ?

ਵਿਵੇਕ ਕੌਲ

ਆਪਣੇ ਤਕਰੀਬਨ ਇਕ ਘੰਟੇ 45 ਮਿੰਟ ਦੇ ਬੱਜਟ ਭਾਸ਼ਣ ਵਿਚ ਕਾਰਜਕਾਰੀ ਵਿੱਤ ਮੰਤਰੀ ਪਿਊਸ਼ ਗੋਇਲ ਨੇ ਬਾਲੀਵੁੱਡ ਫ਼ਿਲਮ 'ਉਰੀ :ਦ ਸਰਜੀਕਲ ਸਟਰਾਈਕ' ਦਾ ਜ਼ਿਕਰ ਕੀਤਾ ਅਤੇ ਦੱਸਿਆ ਕਿ ਉਹ ਸਿਨੇਮਾ ਹਾਲ ਵਿਚ ਦਰਸ਼ਕਾਂ ਦਾ 'ਜੋਸ਼' ਦੇਖ ਕੇ ਪ੍ਰਭਾਵਤ ਹੋਏ।

ਇਹ ਫ਼ਿਲਮ ਕੁਝ ਸਾਲ ਪਹਿਲਾਂ ਭਾਰਤੀ ਫ਼ੌਜ ਵਲੋਂ ਕੀਤੀ ਗਈ ਸਰਜੀਕਲ ਸਟਰਾਈਕ ਦੇ ਪਿਛੋਕੜ 'ਤੇ ਆਧਾਰਤ ਹੈ। ਫ਼ਿਲਮ ਨੇ ਕਾਫ਼ੀ ਚੰਗਾ ਪ੍ਰਦਰਸ਼ਨ ਕੀਤਾ। ਇਸ ਫ਼ਿਲਮ ਵਿਚ ਅੰਧ-ਰਾਸ਼ਟਰਵਾਦ (ਜਿੰਗੋਇਜ਼ਮ) ਦਿਖਾਇਆ ਗਿਆ ਹੈ, ਜੋ ਲੋਕਾਂ ਨੂੰ ਸਿਨੇਮਾ ਤੱਕ ਖਿੱਚਣ ਵਿਚ ਸਫਲ ਰਹੀ।

ਜੇਕਰ ਬੱਜਟ ਪੇਸ਼ ਹੋਣ ਤੋਂ ਪਹਿਲਾਂ ਇਸ ਬਾਰੇ ਥੋੜ੍ਹਾ ਬਹੁਤ ਸ਼ੱਕ ਵੀ ਸੀ ਕਿ ਕੀ ਮੋਦੀ ਸਰਕਾਰ ਚੋਣਾਵੀ ਬੱਜਟ ਪੇਸ਼ ਕਰ ਰਹੀ ਹੈ, ਤਾਂ ਇਹ ਉਸੇ ਵਕਤ ਖ਼ਤਮ ਹੋ ਗਿਆ ਜਿਵੇਂ ਹੀ ਪਿਊਸ਼ ਗੋਇਲ ਨੇ 'ਉਰੀ' ਦਾ ਜ਼ਿਕਰ ਕੀਤਾ। ਇਹ ਮੋਦੀ ਸਰਕਾਰ ਦਾ ਅੰਤਰਿਮ ਬੱਜਟ ਸੀ। ਭਾਵ ਸਿੱਧੇ ਸ਼ਬਦਾਂ ਵਿਚ ਕਿਹਾ ਜਾਵੇ ਤਾਂ ਇਸ ਵਿਚ ਅਗਲੀ ਸਰਕਾਰ ਚੁਣੇ ਜਾਣ ਤੱਕ ਦੇ ਖ਼ਰਚ ਦੀ ਯੋਜਨਾ ਅਤੇ ਲੇਖਾ-ਜੋਖਾ ਸੀ। ਲੋਕ ਸਭਾ ਚੋਣਾਂ ਇਸ ਸਾਲ ਅਪ੍ਰੈਲ-ਮਈ ਵਿਚ ਹੋਣ ਵਾਲੀਆਂ ਹਨ ਅਤੇ ਉਮੀਦ ਹੈ ਕਿ ਮਈ 2019 ਤੱਕ ਨਵੀਂ ਸਰਕਾਰ ਆ ਜਾਵੇਗੀ। ਪਰ ਪ੍ਰਧਾਨ ਮੰਤਰੀ ਮੋਦੀ ਨੂੰ ਆਪਣੇ ਘੜੇ ਮਾਹੌਲ ਨੂੰ ਕਾਬੂ ਵਿਚ ਰੱਖਣਾ ਪਸੰਦ ਹੈ। ਇਸ ਲਈ ਜ਼ਾਹਰ ਹੈ ਕਿ ਉਨ੍ਹਾਂ ਦੀ ਸਰਕਾਰ ਨੇ ਅੰਤਰਿਮ ਬੱਜਟ ਵਰਗੇ ਬੇਸ਼ਕੀਮਤੀ ਮੌਕੇ ਨੂੰ ਆਪਣੇ ਹੱਥੋਂ ਜਾਣ ਨਹੀਂ ਦਿੱਤਾ।

**ਬੱਜਟ ਵਿਚ ਵੱਡੇ ਐਲਾਨ :**

ਇਸ ਬੱਜਟ ਵਿਚ ਹੁਣ ਤੱਕ ਦਾ ਸਭ ਤੋਂ ਵੱਡਾ ਐਲਾਨ ਹੈ-ਛੋਟੇ ਕਿਸਾਨਾਂ ਲਈ ਆਰਥਕ ਮਦਦ ਯੋਜਨਾ। ਇਸ ਯੋਜਨਾ ਤਹਿਤ ਉਨ੍ਹਾਂ ਕਿਸਾਨਾਂ ਦੇ ਬੈਂਕ ਖਾਤੇ ਵਿਚ ਹਰ ਸਾਲ ਛੇ ਹਜ਼ਾਰ ਰੁਪਏ ਸਿੱਧੇ ਭੇਜੇ ਜਾਣਗੇ, ਜਿਨ੍ਹਾਂ ਕੋਲ ਦੋ ਹੈਕਟੇਅਰ ਤੱਕ ਦੀ ਖੇਤੀ ਵਾਲੀ ਜ਼ਮੀਨ ਹੈ। ਕਿਸਾਨਾਂ ਨੂੰ ਇਹ ਰਕਮ ਸਾਲ ਵਿਚ ਤਿੰਨ ਬਰਾਬਰ ਕਿਸ਼ਤਾਂ ਵਿਚ ਦਿੱਤੀ ਜਾਵੇਗੀ। ਪਿਊਸ਼ ਗੋਇਬ ਮੁਤਾਬਕ ਇਸ ਯੋਜਨਾ ਦਾ ਲਾਭ ਦੇਸ਼ ਦੇ ਤਕਰੀਬਨ 12 ਕਰੋੜ ਅਤੇ ਗ਼ਰੀਬ ਕਿਸਾਨ ਪਰਿਵਾਰਾਂ ਨੂੰ ਮਿਲੇਗਾ।

ਆਮ ਤੌਰ 'ਤੇ ਇਕ ਭਾਰਤੀ ਪਰਿਵਾਰ ਵਿਚ ਔਸਤਨ ਪੰਜ ਮੈਂਬਰ ਹੁੰਦੇ ਹਨ। ਇਸ ਹਿਸਾਬ ਨਾਲ ਦੇਖਿਆ ਜਾਵੇ ਤਾਂ ਇਸ ਸਕੀਮ ਨਾਲ ਤਕਰੀਬਨ 60 ਕਰੋੜ ਲੋਕਾਂ ਨੂੰ ਲਾਭ ਮਿਲੇਗਾ। 60 ਕਰੋੜ ਲੋਕ ਭਾਵ ਵੋਟ ਦੇਣ ਵਾਲੀ ਆਬਾਦੀ ਦਾ ਇਕ ਵੱਡਾ ਹਿੱਸਾ। ਸਿਧਾਂਤਕ ਤੌਰ 'ਤੇ ਦੇਖੀਏ ਤਾਂ ਇਹ ਵੋਟਰਾਂ ਦੀ ਕੁੱਲ ਸੰਖਿਆ ਦੇ ਅੱਧੇ ਤੋਂ ਥੋੜ੍ਹਾ ਹੀ ਘੱਟ ਹੈ। ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਮਿਲਾ ਕੇ ਦੇਖਿਆ ਜਾਵੇ ਤਾਂ ਸ਼ੁਰੂ ਹੋਣ ਤੋਂ ਬਾਅਦ ਇਹ ਯੋਜਨਾ ਦੁਨੀਆ ਦੀ ਸਭ ਤੋਂ ਵੱਡੀ ਇੰਕਮ ਸਪੋਰਟ ਸਕੀਮ ਹੋਵੇਗੀ।

ਦਿਲਚਸਪ ਗੱਲ ਇਹ ਹੈ ਕਿ ਇਹ ਸਕੀਮ ਪਹਿਲੀ ਦਸੰਬਰ 2018 ਭਾਵ ਪਿਛਲੇ ਸਾਲ ਦੀ ਤਰੀਕ ਤੋਂ ਲਾਗੂ ਮੰਨੀ ਜਾਵੇਗੀ ਅਤੇ ਇਸ ਤਹਿਤ ਮਿਲਣ ਵਾਲੇ ਪੈਸਿਆਂ ਦੀ ਪਹਿਲੀ ਕਿਸ਼ਤ ਕਿਸਾਨਾਂ ਨੂੰ 31 ਮਾਰਚ 2019 ਤੋਂ ਪਹਿਲਾਂ ਦੇ ਦਿੱਤੀ ਜਾਵੇਗੀ। ਸਰਕਾਰ ਨੇ ਇਸ ਸਾਲ ਸਕੀਮ ਲਈ 20 ਹਜ਼ਾਰ ਕਰੋੜ ਰੁਪਏ ਦਾ ਬੱਜਟ ਤੈਅ ਕੀਤਾ ਹੈ। ਅਗਲੇ ਸਾਲ ਇਹ ਬੱਜਟ ਵਧਾ ਕੇ 750 ਅਰਬ ਕਰ ਦਿੱਤਾ ਜਾਵੇਗਾ। ਇਸ ਸਕੀਮ ਰਾਹੀਂ ਸਰਕਾਰ ਦੇਸ਼ ਦੇ ਵੱਡੇ ਹਿੱਸੇ ਵਿਚ ਪੈਦਾ ਹੋਏ ਖੇਤੀ ਸੰਕਟ ਨਾਲ ਸਿੱਝਣ ਦੀ ਕੋਸ਼ਿਸ਼ ਕਰ ਰਹੀ ਹੈ। ਇਹ ਗੱਲ ਵੱਖਰੀ ਹੈ ਕਿ ਉਹ ਕਦੇ ਇਹ ਗੱਲ ਮੰਨੇਗੀ ਨਹੀਂ। ਇਕ ਹੋਰ ਦਿਲਚਸਪ ਗੱਲ ਇਹ ਹੈ ਕਿ ਇਸੇ ਹਫ਼ਤੇ ਦੇਸ਼ ਦੀ ਸਭ ਤੋਂ ਵੱਡੀ ਵਿਰੋਧੀ ਪਾਰਟੀ ਕਾਂਗਰਸ ਦੇ ਪ੍ਰਧਾਨ ਰਾਹੁਲ ਗਾਂਧੀ ਨੇ ਸੱਤਾ ਵਿਚ ਆਉਣ 'ਤੇ ਸਾਰਿਆਂ ਲਈ ਘੱਟੋ-ਘੱਟ ਆਮਦਨ ਗਾਰੰਟੀ ਸਕੀਮ ਲਿਆਉਣ ਦਾ ਵਾਅਦਾ ਕੀਤਾ ਸੀ। ਦੂਸਰੇ ਪਾਸੇ ਮੋਦੀ ਸਰਕਾਰ ਦੀ ਯੋਜਨਾ ਵਿਚ ਸਭ ਤੋਂ ਜ਼ਿਆਦਾ ਮੁਸ਼ਕਲ ਹੈ ਇਹ ਪਤਾ ਲਾਉਣਾ ਕਿ ਕਿਸ ਨੂੰ ਯੋਜਨਾ ਦਾ ਲਾਭ ਮਿਲਣਾ ਚਾਹੀਦਾ ਤੇ ਕਿਸ ਨੂੰ ਨਹੀਂ।

**ਸਿਆਸੀ ਤੌਰ 'ਤੇ ਵਧੀਆ ਯੋਜਨਾ :**

ਭਾਰਤ ਦੇ ਜ਼ਿਆਦਾਤਰ ਹਿੱਸਿਆਂ ਵਿਚ ਜ਼ਮੀਨ ਦਾ ਲੇਖਾ-ਜੋਖਾ ਬਹੁਤ ਜ਼ਿਆਦਾ ਭਰੋਸੇਯੋਗ ਨਹੀਂ ਹੈ। ਇਸ ਤੋਂ ਇਲਾਵਾ ਦੂਸਰਾ ਵੱਡਾ ਸਵਾਲ ਉਹੀ ਹੈ ਜੋ ਹਮੇਸ਼ਾ ਕਾਇਮ ਰਹਿੰਦਾ ਹੈ- ਏਨੇ ਸਾਰੇ ਪੈਸੇ ਆਉਣਗੇ ਕਿਥੋਂ ?

ਅਰਥਸ਼ਾਸਤਰ ਮੰਨਦਾ ਹੈ ਕਿ ਕੋਈ ਵੀ ਚੀਜ਼ ਮੁਫ਼ਤ ਵਿਚ ਨਹੀਂ ਮਿਲਦੀ। ਜੇਕਰ ਕਿਸਾਨਾਂ ਨੂੰ ਇਹ ਪੈਸੇ ਦਿੱਤੇ ਜਾਣਗੇ ਤਾਂ ਕਿਸੇ ਨਾ ਕਿਸੇ ਨੂੰ ਇਸ ਨੂੰ ਜ਼ਿਆਦਾ ਟੈਕਸ ਦੇ ਰੂਪ ਵਿਚ ਚੁਕਾਉਣਾ ਹੀ ਪਏਗਾ। ਜ਼ਾਹਰ ਹੈ ਇਹ ਚੁਕਾਉਣ ਵਾਲਾ ਹੋਵੇਗਾ ਭਾਰਤ ਦਾ ਛੋਟਾ ਮੱਧ ਵਰਗ। ਇਸ ਤੋਂ ਇਲਾਵਾ ਪਿਊਸ਼ ਗੋਇਲ ਨੇ ਦੇਸ਼ ਦੇ ਵੱਡੇ ਗੈਰ-ਜਥੇਬੰਦ ਖੇਤਰ ਲਈ ਇਕ ਪੈਨਸ਼ਨ ਸਕੀਮ ਦਾ ਐਲਾਨ ਵੀ ਕੀਤਾ। ਵਿੱਤ ਮੰਤਰੀ ਨੇ ਆਪਣੇ ਭਾਸ਼ਣ ਵਿਚ ਗੈਰ-ਜਥੇਬੰਦ ਖੇਤਰ ਵਿਚ ਕੰਮ ਕਰ ਰਹੇ ਲੋਕਾਂ ਦੀ ਸੰਖਿਆ 42 ਕਰੋੜ ਦੱਸੀ। ਇਸ ਯੋਜਨਾ ਵਿਚ ਗੈਰ-ਜਥੇਬੰਦ ਖੇਤਰ ਵਿਚ ਕੰਮ ਕਰਨ ਵਾਲਿਆਂ ਲਈ 60 ਸਾਲ ਦੀ ਉਮਰ ਮਗਰੋਂ ਹਰ ਮਹੀਨੇ ਤਿੰਨ ਹਜ਼ਾਰ ਰੁਪਏ ਪੈਨਸ਼ਨ ਦਾ ਪ੍ਰਸਤਾਵ ਦਿੱਤਾ ਗਿਆ ਹੈ। ਇਹ ਸਕੀਮ ਉਨ੍ਹਾਂ ਲੋਕਾਂ ਲਈ ਹੋਵੇਗੀ, ਜਿਨ੍ਹਾਂ ਦੀ ਮਾਸਿਕ ਆਮਦਨ 15 ਹਜ਼ਾਰ ਰੁਪਏ ਜਾਂ ਇਸ ਤੋਂ ਘੱਟ ਹੈ। ਹਾਲਾਂਕਿ ਇਸ ਸਕੀਮ ਦਾ ਲਾਭ ਲੈਣ ਲਈ ਲਾਭਪਾਤਰ ਨੂੰ ਆਪਣੇ ਵੀ ਕੁਝ ਪੈਸੇ ਲਗਾਉਣਗੇ ਹੋਣਗੇ। ਗੈਰ-ਜਥੇਬੰਦ ਖੇਤਰ ਵਿਚ ਕੰਮ ਕਰਨ ਵਾਲੇ ਇਕ 18 ਸਾਲ ਦੇ ਵਿਅਕਤੀ ਨੂੰ ਹਰ ਮਹੀਨੇ 55 ਰੁਪਏ ਜਮ੍ਹਾ ਕਰਨੇ ਹੋਣਗੇ।

ਸਰਕਾਰ ਵੀ ਓਨੀ ਹੀ ਰਕਮ ਆਪਣੇ ਵਲੋਂ ਪਾਏਗੀ, ਤਾਂਹੀ ਉਹ 60 ਸਾਲ ਦੀ ਉਮਰ ਮਗਰੋਂ ਇਸ ਪੈਨਸ਼ਨ ਦਾ ਹੱਕਦਾਰ ਹੋਵੇਗਾ। ਹੁਣ ਇਕ ਵਾਰ ਪੇਰ ਇਸ ਸਕੀਮ ਨੂੰ ਲਾਗੂ ਕਰਨ ਵਿਚ ਕਈ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਏਗਾ। ਗੈਰ-ਜਥੇਬੰਦ ਖੇਤਰ ਵਿਚ ਕੰਮ ਕਰਨ ਵਾਲੇ ਵੱਡੇ ਹਿੱਸੇ ਨੂੰ ਨਕਦ ਵਿਚ ਭੁਗਤਾਨ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੂੰ ਮਿਲਣ ਵਾਲੇ ਪੈਸਿਆਂ ਵਿਚ ਵੀ ਬਹੁਤ ਗੈਰ-ਬਰਾਬਰੀ ਹੈ। ਅਜਿਹੀ ਸਥਿਤੀ ਵਿਚ ਸਰਕਾਰ ਕਿਵੇਂ ਪਤਾ ਲਾਏਗੀ ਕਿ ਕਿਸ ਨੂੰ ਇਸ ਪੈਨਸ਼ਨ ਸਕੀਮ ਦੇ ਦਾਇਰੇ ਵਿਚ ਰੱਖਿਆ ਜਾਣਾ ਚਾਹੀਦਾ ਹੈ ਅਤੇ ਕਿਸ ਨੂੰ ਨਹੀਂ। ਸਿਆਸੀ ਤੌਰ 'ਤੇ ਭਾਵੇਂ ਇਹ ਵਧੀਆ ਸਕੀਮ ਲੱਗਦੀ ਹੋਵੇ ਪਰ ਅਰਥ ਸ਼ਾਸਤਰ ਦੇ ਨਜ਼ਰੀਏ ਤੋਂ ਦੇਖੀਏ ਤਾਂ ਇਸ ਨੂੰ ਲਾਗੂ ਕਰਨਾ ਮੁਸ਼ਕਲ ਹੋਵੇਗਾ।

**ਮਿਸ਼ਨ 2030 :**

ਵਿੱਤ ਮੰਤਰੀ ਨੇ ਅੰਤਰਿਮ ਬੱਜਟ ਦੀ ਰਵਾਇਤ ਤੋੜਦੇ ਹੋਏ ਭਾਰਤੀ ਟੈਕਸ ਦੇਣ ਵਾਲਿਆਂ ਭਾਵ ਮੱਧ ਵਰਗ ਨੂੰ ਵੱਡਾ ਤੋਹਫ਼ਾ ਦਿੱਤਾ। ਅਗਲੇ ਸਾਲ ਤੋਂ ਪੰਜ ਲੱਖ ਰੁਪਏ ਤੱਕ ਦੀ ਸਾਲਾਨਾ ਆਮਦਨ ਵਾਲੇ ਵਿਅਕਤੀ ਨੂੰ ਕੋਈ ਟੈਕਸ ਨਹੀਂ ਦੇਣਾ ਪਵੇਗਾ। ਟੈਕਸ ਛੋਟ ਦੀ ਮੌਜੂਦਾ ਹੱਦ ਢਾਈ ਲੱਖ ਰੁਪਏ ਹੈ। ਇਕ ਚੰਗਾ ਬਦਲਾਅ ਜਿਸ 'ਤੇ ਸਰਕਾਰ ਕੰਮ ਕਰ ਰਹੀ ਹੈ, ਉਹ ਹੈ ਆਮਦਨ ਟੈਕਸ ਰਿਟਰਨ ਨੂੰ 24 ਘੰਟਿਆਂ ਦੇ ਅੰਦਰ ਪ੍ਰੋਸੈੱਸ ਕਰਨਾ ਅਤੇ ਇਸ ਦਾ ਰਿਫੰਡ ਵੀ 24 ਘੰਟਿਆਂ ਵਿਚ ਹੀ ਸ਼ੁਰੂ ਕਰ ਦੇਣਾ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਅੰਤਰਿਮ ਬੱਜਟ ਦੇ ਇਨ੍ਹਾਂ ਪ੍ਰਸਤਾਵਾਂ ਨੂੰ ਲਾਗੂ ਕਰਨ ਲਈ ਮਈ 2019 ਦੇ ਅਖ਼ੀਰ ਵਿਚ ਆਉਣ ਵਾਲੀ ਅਗਲੀ ਸਰਕਾਰ ਨੂੰ ਆਪਣੇ ਪੂਰਨ ਬੱਜਟ ਵਿਚ ਇਸ ਨੂੰ ਮਨਜ਼ੂਰੀ ਦੇਣੀ ਹੋਵੇਗੀ। ਪਿਊਸ਼ ਗੋਇਲ ਨੇ ਆਪਣੇ ਪੂਰੇ ਭਾਸ਼ਣ ਵਿਚ ਇਸ ਗੱਲ ਦਾ ਧਿਆਨ ਰੱਖਿਆ ਕਿ ਉਹ ਲਗਾਤਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸ਼ੁਕਰਿਆ ਅਦਾ ਕਰਦੇ ਰਹੇ। ਏਨਾ ਹੀ ਨਹੀਂ, ਭਾਰਤੀ ਜਨਤਾ ਪਾਰਟੀ ਦੇ ਸੰਸਦ ਮੈਂਬਰ ਵੀ ਪੂਰੇ ਭਾਸ਼ਣ ਦੌਰਾਨ 'ਮੋਦੀ, ਮੋਦੀ, ਮੋਦੀ...' ਚੀਖਦੇ ਰਹੇ। ਗੋਇਲ ਨੇ ਆਪਣੀ ਪਾਰਟੀ ਦੀਆਂ ਪ੍ਰਾਪਤੀਆਂ ਦੀ ਲੰਬੀ ਸੂਚੀ ਵੀ ਪੇਸ਼ ਕੀਤੀ ਅਤੇ ਅਖ਼ੀਰ ਵਿਚ ਵਿਜ਼ਨ-2030 ਦੇ ਨਾਂ ਨਾਲ 10 ਨੁਕਤਿਆਂ ਦੀ ਸੂਚੀ ਸਾਹਮਣੇ ਰੱਖੀ। ਇਸ ਸੂਚੀ ਵਿਚ ਸਾਲ 2022 ਤੱਕ ਪੁਲਾੜ ਵਿਚ ਇਕ ਭਾਰਤੀ ਨੂੰ ਪਹੁੰਚਾਉਣ, ਭਾਰਤ ਨੂੰ ਅੰਨ ਦੇ ਮਾਮਲੇ ਵਿਚ ਆਤਮ ਨਿਰਭਰ ਬਣਾਉਣ (ਜੋ ਕਿ ਭਾਰਤ ਲਗਭਗ ਪਹਿਲਾਂ ਤੋਂ ਹੀ ਹੈ), ਭਾਰਤ ਨੂੰ ਪ੍ਰਦੂਸ਼ਣ ਮੁਕਤ ਬਣਾਉਣ, ਭਾਰਤੀ ਅਰਥ ਵਿਵਸਥਾ ਦੇ ਹਰ ਖੇਤਰ ਨੂੰ ਡਿਜੀਟਲ ਬਣਾਉਣ ਅਤੇ ਸਾਰੇ ਭਾਰਤੀਆਂ ਨੂੰ ਪੀਣ ਵਾਲਾ ਸਾਫ਼ ਪਾਣੀ ਦੇਣ ਵਰਗੀਆਂ ਤਮਾਮ ਗੱਲਾਂ ਸ਼ਾਮਲ ਸਨ।

ਸਾਲ 2014 ਦੀਆਂ ਆਮ ਚੋਣਾਂ ਤੋਂ ਪਹਿਲਾਂ ਮੋਦੀ ਦੀ ਚੋਣ ਮੁਹਿੰਮ ਇਕ ਬਿਹਤਰ ਭਾਰਤ ਦੀ ਉਮੀਦ ਦੇ ਧਾਗਿਆਂ ਨਾਲ ਬੁਣੀ ਗਈ ਸੀ। ਉਨ੍ਹਾਂ ਦਾ ਚੋਣ ਨਾਅਰਾ ਸੀ- 'ਅੱਛੇ ਦਿਨ ਆਨੇ ਵਾਲੇ ਹੈਂ।' ਇਸ ਤੋਂ ਇਲਾਵਾ ਮੋਦੀ ਨੇ ਨੌਕਰੀਆਂ ਅਤੇ ਰੁਜ਼ਗਾਰ ਪੈਦਾ ਕਰਨ ਦਾ ਵਾਅਦਾ ਕੀਤਾ ਸੀ। ਉਨ੍ਹਾਂ ਨੇ 'ਮਿਨੀਮਮ ਗਵਰਨਮੈਂਟ ਅਤੇ ਮੈਕਸੀਮਮ ਗਵਰਨਸ' ਦੇ ਫ਼ਾਰਮੂਲੇ 'ਤੇ ਚੱਲਣ ਦਾ ਵਾਅਦਾ ਵੀ ਕੀਤਾ ਸੀ।

ਪੰਜ ਸਾਲ ਮਗਰੋਂ ਪਤਾ ਚੱਲਿਆ ਕਿ 'ਅੱਛੇ ਦਿਨ' ਵੀ ਕਿਸੇ ਆਮ ਚੋਣ ਨਾਅਰੇ ਵਰਗਾ ਹੀ ਸੀ। ਲੀਕ ਹੋਈ ਇਕ ਸਰਕਾਰੀ ਰਿਪੋਰਟ ਤੋਂ ਪਤਾ ਚਲਿਆ ਹੈ ਕਿ ਨੋਟਬੰਦੀ ਵਰਗੀ ਨਾਕਾਮ ਅਤੇ ਬੇਢੰਗੇ ਤਰੀਕੇ ਨਾਲ ਜੀ.ਐਸ.ਟੀ. ਲਾਗੂ ਕਰਨ ਮਗਰੋਂ ਭਾਰਤ ਵਿਚ ਬੇਰੁਜ਼ਗਾਰੀ ਦਾ ਪੱਧਰ ਪਿਛਲੇ 46 ਵਰ੍ਹਿਆਂ ਵਿਚ ਸਭ ਤੋਂ ਉਪਰ ਪਹੁੰਚ ਗਿਆ। ਹਾਲਾਂਕਿ ਅਧਿਕਾਰੀਆਂ ਨੇ ਬਾਅਦ ਵਿਚ ਕਿਹਾ ਕਿ ਇਹ ਮਹਿਜ਼ ਇਕ ਖਾਕਾ ਹੈ, ਆਖ਼ਰੀ ਰਿਪੋਰਟ ਨਹੀਂ।

**ਨੌਕਰੀਆਂ ਦੇ ਸਵਾਲ ਤੋਂ ਸਰਕਾਰ ਬਚਣਾ ਕਿਉਂ ਚਾਹੁੰਦੀ ਹੈ ? :**

ਨੌਜਵਾਵਾਂ ਦੀ ਬੇਰੁਜ਼ਗਾਰੀ ਦਾ ਅੰਕੜਾ 13-27% ਵਿਚਾਲੇ ਹੈ। ਇਸ ਨਾਲ ਹਰ ਸਾਲ ਕੰਮ ਵਿਚ ਲੱਗਣ ਵਾਲੇ ਨੌਜਵਾਨਾਂ ਦੀ ਸੰਖਿਆ (1-1.2 ਕਰੋੜ) ਤੇਜ਼ੀ ਨਾਲ ਹੇਠਾਂ ਡਿੱਗੀ ਹੈ। ਸੈਂਟਰ ਫਾਰ ਮਾਨੀਟਰਿੰਗ ਇੰਡੀਅਨ ਇਕਾਨਮੀ ਨਾਮ ਦੀ ਇਕ ਨਿੱਜੀ ਸੰਸਥਾ ਦਾ ਕਹਿਣਾ ਹੈ ਕਿ ਸਾਲ 2018 ਵਿਚ ਇਕ ਕਰੋੜ ਤੋਂ ਜ਼ਿਆਦਾ ਭਾਰਤੀਆਂ ਨੇ ਆਪਣੀਆਂ ਨੌਕਰੀਆਂ ਗਵਾਈਆਂ। ਖਾਣ ਦੀਆਂ ਚੀਜ਼ਾਂ ਦੀਆਂ ਕੀਮਤਾਂ ਵਿਚ ਤੇਜ਼ੀ ਨਾਲ ਵਾਧੇ ਦਾ ਨਤੀਜਾ ਵਿਸ਼ਾਲ ਖੇਤੀ ਸੰਕਟ ਦੇ ਰੂਪ ਵਿਚ ਦੇਖਣ ਨੂੰ ਮਿਲਿਆ। ਇਸ ਦਾ ਨਤੀਜਾ ਹੈ ਦੇਸ਼ ਦੇ ਹਰ ਹਿੱਸੇ ਵਿਚ ਲਗਾਤਾਰ ਹੋਣ ਵਾਲੇ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ। ਇਸ ਸਭ ਦੇ ਬਾਵਜੂਦ ਸਰਕਾਰ ਇਹ ਮੰਨਣ ਲਈ ਤਿਆਰ ਨਹੀਂ ਹੈ ਕਿ ਦੇਸ਼ ਵਿਚ ਨੌਕਰੀਆਂ ਦੀ ਕਮੀ ਹੈ। ਆਪਣੇ ਪੂਰੇ ਭਾਸ਼ਣ ਵਿਚ ਪਿਊਸ਼ ਗੋਇਲ ਅਸਪਸ਼ਟ ਤੌਰ 'ਤੇ ਭਰੋਸਾ ਦਿਵਾਉਂਦੇ ਰਹੇ ਕਿ ਦੇਸ਼ ਵਿਚ ਲੋੜੀਂਦੀਆਂ ਨੌਕਰੀਆਂ ਹਨ। ਹੁਣ ਸਵਾਲ ਇਹ ਹੈ ਕਿ ਜਦੋਂ ਤੱਕ ਤੁਸੀਂ ਕਿਸੇ ਸਮੱਸਿਆ ਨੂੰ ਸਵੀਕਾਰ ਨਹੀਂ ਕਰੋਗੇ, ਉਸ ਦਾ ਹੱਲ ਕਿਵੇਂ ਲੱਭਿਆ ਜਾ ਸਕਦਾ ਹੈ ?

ਗੋਇਲ ਦੇ ਭਾਸ਼ਣ ਰਾਹੀਂ ਮੋਦੀ ਸਰਕਾਰ ਨੇ ਇਕ ਵਾਰ ਫੇਰ 2014 ਵਾਂਗ ਉਮੀਦਾਂ ਵੇਚਣ ਦੀ ਕੋਸ਼ਿਸ ਕੀਤੀ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਕੀ ਭਾਰਤ ਦੇ ਲੋਕ ਇਕ ਵਾਰ ਫੇਰ ਉਸ 'ਤੇ ਭਰੋਸਾ ਕਰਨਗੇ। ਇਹੀ ਅਸਲੀ ਸਵਾਲ ਹੈ।

*(ਵਿਵੇਕ ਕੌਲ ਅਰਥਸ਼ਾਸਤਰੀ ਅਤੇ 'ਇਜ਼ੀ ਮਨੀ ਟ੍ਰਾਇਲੌਜੀ' ਨਾਂ ਦੀ ਕਿਤਾਬ ਦੇ ਲੇਖਕ ਹਨ।)*



# Summerside FINANCIAL



# ਸਮਰਸਾਈਡ ਫ਼ਾਈਨੈਂਸ਼ੀਅਲ

## Welcome to Summerside Financial

*We, at Summerside Financial, strive not only to be the best in the industry by being the leader in client care, but also provide innovative financial solutions. We do not categorize each purchase/finance/sale in one box as we understand that each and every one and circumstances are unique. Our innovative financial representatives will provide financing solutions to best suite your needs.*

*Let us help you with your financial needs, whether it's purchasing or selling your equipment. Make South Asian Financial your loyal financial companion in building your business.*

## ਸਮਰਸਾਈਡ ਫ਼ਾਈਨੈਂਸ਼ੀਅਲ 'ਚ ਸਵਾਗਤ ਹੈ

ਅਸੀਂ, ਸਮਰਸਾਈਡ ਫ਼ਾਈਨੈਂਸ਼ੀਅਲ ਨਾ ਸਿਰਫ਼ ਆਪਣੇ ਗਾਹਕਾਂ (ਕਲਾਇੰਟਸ) ਦੀਆਂ ਜ਼ਰੂਰਤਾਂ ਪੂਰੀਆਂ ਕਰਨ 'ਚ ਸਭ ਤੋਂ ਅੱਗੇ ਹਾਂ, ਸਗੋਂ ਉਨ੍ਹਾਂ ਨੂੰ ਨਵੇਂ ਤੇ ਬਿਹਤਰੀਨ ਹੱਲ ਵੀ ਮੁਹੱਈਆ ਕਰਾਉਂਦੇ ਹਾਂ। ਅਸੀਂ ਹਰੇਕ ਖ਼ਰੀਦ/ਫਾਇਨ੍ਹਾਂਸ/ਵੇਚ ਨੂੰ ਇਕੋ ਬਕਸੇ 'ਚ ਨਹੀਂ ਰੱਖਦੇ ਕਿਉਂਕਿ ਅਸੀਂ ਸਮਝਦੇ ਹਾਂ ਕਿ ਹਰੇਕ, ਹਰ ਇਕ ਲਈ ਤੇ ਹਰ ਹਾਲਾਤ ਵਿਲੱਖਣ ਹੁੰਦੇ ਹਨ। ਸਾਡੇ ਉਤਸ਼ਾਹੀ ਵਿੱਤੀ ਪ੍ਰਤੀਨਿਧ ਤੁਹਾਡੀਆਂ ਜ਼ਰੂਰਤਾਂ ਮੁਤਾਬਕ ਤੁਹਾਨੂੰ ਬਿਹਤਰ ਤੋਂ ਬਿਹਤਰ ਹੱਲ ਸੁਝਾਉਣਗੇ।

ਆਪਣੀਆਂ ਵਿੱਤੀ ਲੋੜਾਂ ਮੁਤਾਬਕ, ਭਾਵੇਂ ਤੁਸੀਂ ਕੋਈ ਖ਼ਰੀਦ ਕਰਨੀ ਹੈ ਜਾਂ ਤੁਸੀਂ ਕੋਈ ਸਾਮਾਨ ਵੇਚਣਾ ਹੈ, ਤੁਸੀਂ ਸਾਨੂੰ ਮਦਦ ਦਾ ਮੌਕਾ ਦਿਓ। ਆਪਣਾ ਕਾਰੋਬਾਰ ਵਧਾਉਣ 'ਚ ਸਾਊਥ ਏਸ਼ੀਅਨ ਫਾਇਨਾਸ਼ੀਅਲ ਨੂੰ ਆਪਣਾ ਸੱਚਾ ਵਿੱਤੀ ਸਹਾਇਕ ਬਣਾਓ।

## Why Summerside Financial

- *Loyal Financial Companion*
- *Innovative financing/solutions*
- *Quick turnaround time/approvals*
- *Competitive rates*
- *Excellent client care*
- *Down payment assistance*
- *Finance and/or sell your equipment*

## ਸਮਰਸਾਈਡ ਫ਼ਾਈਨੈਂਸ਼ੀਅਲ ਹੀ ਕਿਉਂ!

- ਭਰੋਸੇਮੰਦ ਵਿੱਤੀ ਸਾਥੀ
- ਉਤਸ਼ਾਹੀ ਫਾਇਨ੍ਹਾਂਸ/ਹੱਲ
- ਤੁਰੰਤ ਨਵੀਂ ਨੀਤੀ ਧਾਰਕ/ਮਨਜ਼ੂਰੀਆਂ
- ਮੁਕਾਬਲਾ ਦਰਾਂ
- ਬਿਹਤਰੀਨ ਗਾਹਕ ਸਹੂਲਤਾਂ
- ਨਕਦ ਅਦਾਇਗੀ ਸਹਾਇਤਾ
- ਆਪਣੇ ਔਜਾਰ ਵੇਚਣ ਜਾਂ ਫਾਇਨ੍ਹਾਂਸ ਦੀ ਸਹੂਲਤ

## Available Financial Solutions

*Whether it's your first time purchasing/leasing your very first equipment or seeking to further expand your company, Summerside Financial is your loyal financial companion. We strive to be the best in the industry by providing innovative ways to help you achieve your financial needs.*

*Summerside Financial not only assist you in your purchases/leases (from construction, to office to medical equipments) but also will assist in many ways that other financial companies won't do. Our financial representatives are all experienced in the industry and have seen and experienced it all.*

*Contact us and let us show and prove to you what we can do. Let Summerside Financial be your loyal financial companion.*



## ਮੌਜੂਦ ਵਿੱਤੀ ਹੱਲ

ਭਾਵੇਂ ਤੁਸੀਂ ਪਹਿਲੀ ਵਾਰ ਆਪਣੇ ਔਜਾਰ ਖ਼ਰੀਦ ਜਾਂ ਲੀਜ਼ 'ਤੇ ਲੈ ਰਹੇ ਹੋ ਜਾਂ ਤੁਸੀਂ ਆਪਣੀ ਕੰਪਨੀ ਦਾ ਵਿਸਥਾਰ ਕਰਨਾ ਚਾਹੁੰਦੇ ਹੋ। ਸਮਰਸਾਈਡ ਫ਼ਾਈਨੈਂਸ਼ੀਅਲ ਤੁਹਾਡਾ ਭਰੋਸੇਮੰਦ ਵਿੱਤੀ ਸਾਥੀ ਹੈ। ਤੁਹਾਡੀਆਂ ਵਿੱਤੀ ਲੋੜਾਂ ਪੂਰੀਆਂ ਕਰਨ 'ਚ ਹਰ ਸੰਭਵ ਮਦਦ ਕਰਨ ਦੀ ਸਾਡੀ ਕੋਸ਼ਿਸ਼ ਰਹਿੰਦੀ ਹੈ।

ਸਮਰਸਾਈਡ ਫ਼ਾਈਨੈਂਸ਼ੀਅਲ ਨਾ ਸਿਰਫ਼ ਖ਼ਰੀਦ/ਲੀਜ਼ (ਨਿਰਮਾਣ ਕਾਰਜਾਂ ਤੋਂ ਲੈ ਕੇ ਦਫ਼ਤਰ ਤੇ ਮੈਡੀਕਲ ਔਜਾਰ) 'ਚ ਤੁਹਾਡੀ ਮਦਦ ਕਰਦਾ ਹੈ, ਸਗੋਂ ਹੋਰਨਾਂ ਕੰਮਾਂ 'ਚ ਵੀ ਤੁਹਾਨੂੰ ਸਹਿਯੋਗ ਕਰੇਗਾ ਜੋ ਦੂਜੀਆਂ ਵਿੱਤੀ ਕੰਪਨੀਆਂ ਨਹੀਂ ਕਰਦੀਆਂ। ਇਸ ਖੇਤਰ 'ਚ ਸਾਡੇ ਸਾਰੇ ਪ੍ਰਤੀਨਿਧ ਬੇਹੱਦ ਤਜਰਬੇਕਾਰ ਹਨ।

ਸਾਡੇ ਨਾਲ ਸੰਪਰਕ ਕਰੋ ਅਤੇ ਸਾਨੂੰ ਆਪਣਾ ਬਿਹਤਰੀਨ ਕੰਮ ਦਿਖਾਉਣ ਦਾ ਮੌਕਾ ਦਿਓ। ਸਮਰਸਾਈਡ ਫ਼ਾਈਨੈਂਸ਼ੀਅਲ ਨੂੰ ਆਪਣਾ ਸੱਚਾ, ਭਰੋਸਾਮੰਦ ਸਾਥੀ ਬਣਾਓ।

## For More info Contact Summerside Financial

ਵਧੇਰੇ ਜਾਣਕਾਰੀ ਲਈ ਸਮਰਸਾਈਡ ਫ਼ਾਈਨੈਂਸ਼ੀਅਲ ਨਾਲ ਸੰਪਰਕ ਕਰੋ:

***Toll Free:÷-877-816-3510***
**www.summersidefinancial.com**
**#200, 17834 106A Avenue Edmonton, Alberta T5S 1V3**

***Alan Ajit Walia***
**780-995-2719 (Cell)**
**780-705-6668 (Off.)**

***Email: info@summersidefinancial.com, Fax : 780-705-6641***

ਸਫ਼ਾ 1 ਦੀ ਬਾਕੀ

# ਐਨਡੀਪੀ ਆਗੂ ਪੌਲ ਡੂਅਰ ਨਹੀਂ ਰਹੇ

ਜ਼ਿਕਰਯੋਗ ਹੈ ਕਿ ਹੁਣ ਪੌਲ ਦੇ ਪਰਿਵਾਰ ਵਿਚ ਉਹਨਾਂ ਦੀ ਪਤਨੀ ਜੂਲੀਆ ਅਤੇ ਦੋ ਪੁੱਤਰ ਹਨ। ਓਟਵਾ ਸੈਂਟਰ ਤੋਂ ਉਹਨਾਂ 2006 ਤੋਂ ਲੈ ਕੇ 2015 ਤੱਕ ਪ੍ਰਤੀਨਿਧਤਾ ਕੀਤੀ। ਇਹ ਮਾਣ ਦੇਣ ਲਈ ਉਹਨਾਂ ਨੇ ਓਟਵਾ ਦੇ ਲੋਕਾਂ ਦਾ ਫੇਸਬੁਕ ’ਤੇ ਇਕ ਪੱਤਰ ਰਾਹੀਂ ਖ਼ਾਸ ਧੰਨਵਾਦ ਕੀਤਾ। ਉਹਨਾਂ ਲਿਖਿਆ ਕਿ ਮੇਰਾ ਅਲਵਿਦਾ ਕਹਿਣ ਦਾ ਸਮਾਂ ਆ ਗਿਆ ਹੈ ਤੇ ਇਸ ਮੌਕੇ ਮੈਂ ਤੁਹਾਡੇ ਨਾਲ ਕੁਝ ਸਾਂਝਾ ਕਰਨਾ ਚਾਹੁੰਦਾ ਹਾਂ। ਮੈਂ ਓਟਵਾ ਵਾਸੀਆਂ ਦਾ ਸਦਾ ਰਿਣੀ ਰਿਹਾ ਹਾਂ ਪਰ ਜਿਸ ਤਰ੍ਹਾਂ ਦਾ ਪਿਆਰ ਅਤੇ ਹੌਸਲਾ ਮੈਨੂੰ ਅਤੇ ਮੇਰੇ ਪਰਿਵਾਰ ਨੂੰ ਪਿਛਲੇ ਇੱਕ ਸਾਲ ਦਰਮਿਆਨ ਦਿੱਤਾ, ਉਹ ਮੈਂ ਤੇ ਮੇਰਾ ਪਰਿਵਾਰ ਕਦੇ ਵੀ ਨਹੀਂ ਭੁਲਾ ਸਕਦੇ। ਉਹਨਾਂ ਜ਼ਿੰਦਗੀ ਦਾ ਨੁਕਤਾ ਸਾਂਝਾ ਕਰਦਿਆਂ ਦੱਸਿਆ ਕਿ ਕਈ ਚੁਣੌਤੀਆਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਦਾ ਤੁਹਾਡੇ ਕੋਲ ਤੁਰੰਤ ਕੋਈ ਹੱਲ ਨਹੀਂ ਹੁੰਦਾ ਜਿਵੇਂ ਕਿ ਵਾਤਾਵਰਣ ਵਿਚ ਬਦਲਾਅ ਅਤੇ ਪ੍ਰਮਾਣੂ ਹਥਿਆਰਾਂ ਦਾ ਖਤਰਾ ਹੈ ਪਰ ਤੁਸੀਂ ਸਿਰਫ਼ ਚੁਣੌਤੀ ਦਾ ਹੱਲ ਕਰਨ ਵੱਲ ਕੇਂਦਰਿਤ ਨਾ ਹੋਵੋ ਸਗੋਂ ਇਕਾਗਰਚਿਤ ਹੋ ਕੇ ਆਪਣੇ ਦੇਸ਼ ਅਤੇ ਕਮਿਊਨਿਟੀ ਲਈ ਵੱਧ ਚੜ੍ਹ ਕੇ ਬਣਦਾ ਯੋਗਦਾਨ ਪਾਓ।

ਪ੍ਰਧਾਨਮੰਤਰੀ ਜਸਟਿਨ ਟਰੂਡੋ ਵੱਲੋਂ ਜਾਰੀ ਕੀਤੇ ਗਏ ਬਿਆਨ ਵਿਚ ਕਿਹਾ ਗਿਆ ਕਿ ਡੂਅਰ ਓਟਵਾ ਦੀ ਬੁਲੰਦ ਆਵਾਜ਼ ਸੀ। ਉਹਨਾਂ ਨੇ ਅਧਿਆਪਕ, ਰਾਜਨੀਤਿਕ ਆਗੂ, ਮਜ਼ਦੂਰ ਕਾਰਕੁੰਨ ਅਤੇ ਕਮਿਊਨਿਟੀ ਆਗੂ ਦੇ ਰੂਪ ਵਿਚ ਹਮੇਸ਼ਾਂ ਸਮਾਜ ਦੀ ਸੇਵਾ ਕੀਤੀ। ਹਾਊਸ ਆਫ਼ ਕਾਮਨਜ਼ ਵਿਚ ਵੀ ਉਹਨਾਂ ਦਾ ਵਤੀਰਾ ਅਜਿਹਾ ਸੀ ਕਿ ਉਹ ਦੂਜਿਆਂ ਨੂੰ ਲੋਕ ਸੇਵਾ ਲਈ ਪ੍ਰੇਰਿਤ ਕਰਦੇ ਸਨ।

ਦੱਸਣਾ ਬਣਦਾ ਹੈ ਕਿ ਜਦੋਂ ਐਨਡੀਪੀ ਅਧਿਕਾਰਿਤ ਤੌਰ ’ਤੇ ਵਿਰੋਧੀ ਪਾਰਟੀ ਸੀ ਉਦੋਂ ਡੂਅਰ ਵੱਲੋਂ ਵਿਦੇਸ਼ੀ ਮਾਮਲਿਆਂ ਦੇ ਅਲੋਚਕ ਵਜੋਂ ਬਹੁਤ ਹੀ ਸੁਚੱਜੇ ਤਰੀਕੇ ਨਾਲ ਸੇਵਾਵਾਂ ਨਿਭਾਈਆਂ ਗਈਆਂ ਸਨ।

ਜਾਰਜ ਸਮਿਥ ਨੇ ਪੌਲ ਡੂਅਰ ਬਾਰੇ ਕਿਹਾ ਕਿ ਮੈਂ ਇਸ ਬਹਿਸ ਵਿਚ ਨਹੀਂ ਪੈਂਦਾ ਕਿ ਉਹ ਕਿਸ ਤਰ੍ਹਾਂ ਦਾ ਰਾਜਨੀਤੀਵਾਨ ਸੀ ਪਰ ਉਹ ਇਨਸਾਨ ਬਹੁਤ ਵਧੀਆ ਸੀ। ਸਾਡੇ ਵਿਚੋਂ ਜਿਹੜੇ ਉਸਨੂੰ ਜਾਣਦੇ ਹਨ ਜਾਂ ਜਿਨ੍ਹਾਂ ਨੇ ਉਸ ਨਾਲ ਕੰਮ ਕੀਤਾ ਹੈ ਉਹਨਾ ਨੂੰ ਡੂਅਰ ਦੇ ਜਾਣ ਦਾ ਦਿਲੋਂ ਦੁੱਖ ਮਹਿਸੂਸ ਹੋਇਆ ਹੈ।

ਜਗਮੀਤ ਸਿੰਘ ਨੇ ਕਿਹਾ ਕਿ ਡੂਅਰ ਨੇ ਨੌਜਵਾਨਾਂ ਦੀਆਂ ਸੰਭਾਵਨਾਵਾਂ ਨੂੰ ਲੈ ਕੇ ਕੰਮ ਕੀਤਾ ਉਹਨਾਂ ਦਾ ਵਿਸ਼ਵਾਸ ਸੀ ਕਿ ਨੌਜਵਾਨ ਦੁਨੀਆਂ ਨੂੰ ਬਦਲ ਸਕਦੇ ਹਨ। ਉਸਨੇ ਕਨੇਡਾ ਨੂੰ ਹੋਰ ਸੋਹਣਾ ਬਣਾਇਆ। ਡੂਅਰ ਦੀ ਸਾਨੂੰ ਹਮੇਸ਼ਾਂ ਘਾਟ ਰੜਕੇਗੀ।

ਡੱਗ ਫੋਰਡ ਨੇ ਕਿਹਾ ਕਿ ਓਟਵਾ ਸੈਂਟਰ ਦੇ ਲੋਕਾਂ ਲਈ ਪੌਲ ਡੂਅਰ ਦੀ ਪ੍ਰਤੀਬੱਧਤਾ ਨੂੰ ਹਮੇਸ਼ਾਂ ਯਾਦ ਕੀਤਾ ਜਾਵੇਗਾ। ਮੈਨੂੰ ਉਹਨਾਂ ਦੀ ਮੌਤ ਬਾਰੇ ਸੁਣ ਕੇ ਧੱਕਾ ਲੱਗਿਆ ਹੈ।

ਜੇਸਨ ਕੈਨੀ ਨੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਭਾਵੇਂ ਅਕਸਰ ਕਈਂ ਨੁਕਤਿਆਂ ਨੂੰ ਲੈ ਕੇ ਉਹਨਾਂ ਨਾਲ ਸਹਿਮਤੀ ਨਹੀਂ ਹੁੰਦੀ ਸੀ ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹ ਸਿਧਾਂਤਕ, ਪ੍ਰਤੀਬੱਧ, ਲੋਕਾਂ ਪ੍ਰਤੀ ਸੇਵਾ ਭਾਵਨਾ ਨਾਲ ਕੰਮ ਕਰਨ ਅਤੇ ਦੇਸ਼ ਲਈ ਬਿਹਤਰ ਕਰਨ ਵਾਲੇ ਇਨਸਾਨ ਸਨ।

ਲੀਜ਼ਾ ਮੈਕਲੌਡ ਨੇ ਕਿਹਾ ਕਿ ਮੈਨੂੰ ਇਹ ਜਾਣ ਕੇ ਬਹੁਤ ਦੁੱਖ ਲੱਗਿਆ ਕਿ ਓਟਵਾ ਨੇ ਪੌਲ ਡੂਅਰ ਵਰਗਾ ਆਗੂ ਗਵਾ ਲਿਆ ਹੈ।

ਜੌਹਨ ਬੇਅਰਡ ਨੇ ਦੁੱਖ ਪ੍ਰਗਟਾਉਂਦਿਆਂ ਕਿਹਾ ਕਿ ਪੌਲ ਡੂਅਰ ਵਰਗਾ ਸਾਥੀ ਗਵਾ ਲਿਆ ਹੈ ਜਿਹੜਾ ਦੂਜਿਆਂ ਪ੍ਰਤੀ ਚੰਗੀ ਭਾਵਨਾ ਰੱਖਣ ਵਾਲਾ, ਦਿਆਲੂ ਅਤੇ ਮਹਾਨ ਆਗੂ ਸੀ। ਇਸ ਦੁੱਖ ਵਿਚ ਮੈਂ ਪਰਿਵਾਰ ਦੇ ਨਾਲ ਹਾਂ।

ਐਂਡਰੀਆ ਹੋਰਵਾਥ ਨੇ ਕਿਹਾ ਕਿ ਪੌਲ ਡੂਅਰ ਨੇ ਜੋ ਵੀ ਕੀਤਾ ਉਸ ਵਿਚ ਲੋਕਾਂ ਪ੍ਰਤੀ ਪਿਆਰ ਅਤੇ ਦਿਆਲਤਾ ਝਲਕਦੀ ਹੈ। ਸਾਨੂੰ ਹਮੇਸ਼ਾ ਉਹ ਯਾਦ ਆਉਣਗੇ।

ਸਫ਼ਾ 20 ਦੀ ਬਾਕੀ

# ਭਾਰਤ ’ਚ ਨਿਰੰਤਰ ਵੱਧ ਰਿਹੈ ਅਮੀਰਾਂ-ਗਰੀਬਾਂ ਦਰਮਿਆਨ ਪਾੜਾ

### ਇਸ ਰਿਪੋਰਟ ਅਨੁਸਾਰ ਸੰਸਾਰ ਵਿਚ

➢ ਦੁਨੀਆ ਦੇ ਉਪਰਲੇ 26 ਅਮੀਰਾਂ ਕੋਲ 98 ਲੱਖ ਕਰੋੜ ਦੀ ਦੌਲਤ ਹੈ, ਜਿਹੜੀ ਕਿ ਦੁਨੀਆ ਦੀ ਹੇਠਲੀ 50% ਆਬਾਦੀ ਦੀ ਦੌਲਤ ਦੇ ਬਰਾਬਰ ਹੈ। 2017 ਵਿਚ ਐਨੀ ਦੌਲਤ 43 ਅਮੀਰਾਂ ਕੋਲ ਸੀ। ਭਾਵ 2018 ਵਿਚ ਦੌਲਤ ਦਾ ਕੇਂਦਰੀਕਰਨ ਹੋਰ ਵਧੇਰੇ ਜ਼ਿਆਦਾ ਹੋਇਆ ਹੈ।

➢ ਦੁਨੀਆਂ ਭਰ ਦੇ ਅਰਬਪਤੀਆਂ ਦੀ ਦੌਲਤ ਵਿਚ 12% ਪ੍ਰਤੀ ਦਿਨ ਭਾਵ 2.5 ਅਰਬ ਡਾਲਰ ਦਾ ਵਾਧਾ ਹੋਇਆ ਹੈ ਜਦੋਂਕਿ ਦੁਨੀਆਂ ਭਰ ਦੇ ਹੇਠਲੇ 50% ਲੋਕਾਂ ਭਾਵ ਗਰੀਬਾਂ ਦੀ ਦੌਲਤ 11% ਘਟੀ ਹੈ।

➢ ਦੁਨੀਆਂ ਦੇ ਸਭ ਤੋਂ ਵੱਡੇ ਅਮੀਰ ਅਮਾਜੋਨ ਦੇ ਸੰਸਥਾਪਕ ਜੈਫ ਬੋਜੋਸ ਦੀ ਦੌਲਤ ਵੱਧਕੇ 112 ਅਰਬ ਡਾਲਰ ਹੋ ਗਈ ਹੈ। ਉਸਦੀ ਦੌਲਤ ਦਾ ਮਹਿਜ 1% ਹਿੱਸਾ 11 ਕਰੋੜ 50 ਲੱਖ ਦੀ ਆਬਾਦੀ ਵਾਲੇ ਅਫਰੀਕੀ ਦੇਸ਼ ਇਥੋਪੀਆ ਦੇ ਸਿਹਤ ਸੰਭਾਲ ਦੇ ਬਜਟ ਦੇ ਬਰਾਬਰ ਹੈ।

➢ ਇਸ ਰਿਪੋਰਟ ਮੁਤਾਬਕ 2018 ਵਿਚ ਦੁਨੀਆਂ ਦੇ 1% ਅਮੀਰਾਂ ਦੀ ਦੌਲਤ ਵਿਚ 185% ਦਾ ਵਾਧਾ ਹੋਇਆ ਹੈ ਜਦੋਂਕਿ ਭਾਰਤ ਦੇ 1% ਅਮੀਰਾਂ ਦੀ ਦੌਲਤ ਵਿਚ 857% ਦਾ ਵਾਧਾ ਹੋਇਆ ਹੈ।

➢ ਦੁਨੀਆਂ ਦੇ ਅਮੀਰਾਂ ’ਤੇ ਜੇਕਰ ਸਿਰਫ 1% ਟੈਕਸ ਵਧਾ ਦਿੱਤਾ ਜਾਵੇ ਤਾਂ ਦੁਨੀਆਂ ਭਰ ਵਿਚ ਰੋਜ਼ਾਨਾ ਬਿਨਾਂ ਇਲਾਜ ਮਰ ਰਹੇ 10 ਹਜ਼ਾਰ ਲੋਕਾਂ ਨੂੰ ਬਚਾਇਆ ਜਾ ਸਕਦਾ ਹੈ। 26 ਕਰੋੜ ਹੋਰ ਬੱਚਿਆਂ ਨੂੰ ਸਕੂਲ ਭੇਜਿਆ ਜਾ ਸਕੇਗਾ।

➢ ਦੇਸ਼ ਵਿਚ 4 ਸਾਲਾਂ (2014 ਤੋਂ 2018- ਮੋਦੀ ਕਾਲ) ਦੌਰਾਨ ਸਭ ਤੋਂ ਵਧੇਰੇ ਤੇਜ਼ੀ ਨਾਲ ਅਰਬਪਤੀ ਬਣੇ

➢ 2013 ਤੱਕ 60 ਅਰਬਪਤੀ ਸਨ, 2018 ਵਿਚ ਇਹ 59 ਹੋਰ ਵਧਕੇ 119 ਹੋ ਗਏ। ਇਸ ਤਰ੍ਹਾਂ ਮੋਦੀ ਦੇ 4 ਸਾਲ ਦੇ ਕਾਰਜਕਾਲ ਦੌਰਾਨ ਕੌਮੀ ਦੌਲਤ ਦਾ ਪੂੰਜੀਪਤੀਆਂ ਦੇ ਹੱਥਾਂ ਵਿਚ ਕੇਂਦਰੀਕਰਨ ਤੇਜ਼ ਹੋਇਆ।

### ਭਾਰਤ ਤੇ ਦੁਨੀਆਂ ਦੇ ਅਰਬਪਤੀਆਂ ਬਾਰੇ ਵੇਰਵੇ

(ਸਾਲ 2018)

| ਨਵੇਂ ਅਰਬਪਤੀ | | ਕੁੱਲ ਅਰਬਪਤੀ | | ਅਰਬਪਤੀਆਂ ਦੀ ਦੌਲਤ | | |
|---|---|---|---|---|---|---|
| ਸਾਲ | ਭਾਰਤ | ਸੰਸਾਰ | ਭਾਰਤ | ਸੰਸਾਰ | ਭਾਰਤ | ਸੰਸਾਰ |
| 2018 | 18 | 165 | 119 | 2208 | 35 | 636 |
| 2017 | 11 | 223 | 101 | 2043 | 34 | 549 |
| 2016 | 08 | 016 | 090 | 1810 | 27 | 462 |
| 2015 | 22 | 181 | 088 | 1826 | 23 | 502 |
| 2014 | --- | 219 | 056 | 1645 | 19 | 456 |

(ਦੌਲਤ ਲੱਖ ਕਰੋੜ ਰੁਪਈਆਂ ਵਿਚ)

ਸਫ਼ਾ 21 ਦੀ ਬਾਕੀ

# ‘ਬ੍ਰੈਗਜਿਟ’ ਸਦਕਾ ਬ੍ਰਿਟੇਨ ’ਚ ਪੈਦਾ ਹੋਇਆ ਗੰਭੀਰ ਸਿਆਸੀ ਸੰਕਟ

ਇਸੇ ਤਰ੍ਹਾਂ ਹੀ ਯੂਰਪੀ ਯੂਨੀਅਨ ਦੇ ਦੂਜੇ ਮੈਂਬਰ ਦੇਸ਼ਾਂ ਦੇ ਬ੍ਰਿਟੇਨ ਵਿਚ ਰਹਿਣ ਵਾਲੇ ਨਾਗਰਿਕਾਂ ਦੀ ਹਾਲਤ ਹੋਵੇਗੀ। ਇਸ ਨਾਲ ਦੇਸ਼ ਦੇ ਅਰਥਚਾਰੇ ’ਤੇ ਨਾ ਪੱਖੀ ਪ੍ਰਭਾਵ ਪਵੇਗਾ। ਇਸ ਸਥਿਤੀ ਤੋਂ ਬਚਣ ਲਈ ਹੀ ਮੁੱਖ ਵਿਰੋਧੀ ਪਾਰਟੀ ਨੇ ਤਾਂ ਪ੍ਰਧਾਨ ਮੰਤਰੀ ਨਾਲ ਗੱਲਬਾਤ ਲਈ ‘ਨੋ-ਡੀਲ ਬ੍ਰੈਗਜਿਟ’ ’ਤੇ ਪੱਕੀ ਰੋਕ ਲਾਉਣ ਦੀ ਸ਼ਰਤ ਰੱਖੀ ਹੈ। ਬਾਕੀ ਸਭ ਪਾਰਟੀਆਂ ਵੀ ਇਹ ਹੀ ਕਹਿ ਰਹੀਆਂ ਹਨ। ਇਸ ਸਥਿਤੀ ਤੋਂ ਤਾਂ ਹੀ ਬਚਿਆ ਜਾ ਸਕਦਾ ਹੈ, ਜੇਕਰ ਲਿਸਬਨ ਸੰਧੀ ਦੀ ਧਾਰਾ 50 ਅਧੀਨ ਬ੍ਰਿਟੇਨ ਲਈ ਉਸਦੇ ਬਾਹਰ ਹੋਣ ਦੇ ਸਮੇਂ, ਜਿਹੜਾ ਕਿ 2 ਸਾਲ ਹੈ ਅਤੇ 29 ਮਾਰਚ 2019 ਨੂੰ ਖਤਮ ਹੋ ਰਿਹਾ ਹੈ, ਵਿਚ ਵਾਧਾ ਹੋਵੇ। ਇਹ ਵਾਧਾ ਤਾਂ ਹੀ ਮਿਲ ਸਕਦਾ ਹੈ, ਜੇਕਰ ਯੂਰਪੀ ਯੂਨੀਅਨ ਦੇ ਸਾਰੇ 28 ਦੇਸ਼ ਇਸ ਲਈ ਸਹਿਮਤ ਹੋਣਗੇ। ਪ੍ਰਧਾਨ ਮੰਤਰੀ ਟੇਰੇਜਾ ਮੇਅ ਵੀ ਆਪਣੀ ਰੱਦ ਹੋਈ ਤਜਵੀਜ ਵਿਚ ਕੋਈ ਖਾਸ ਤਬਦੀਲੀ ਕਰਨ ਲਈ ਤਿਆਰ ਨਹੀਂ। ਉਹ ਉਸੇ ਤਜਵੀਜ ਨੂੰ ਘੁਮਾ ਫਿਰਾਕੇ ਪਾਸ ਕਰਵਾਉਣਾ ਚਾਹੁੰਦੀ ਹੈ। ਉਹ ਚੂੰਗੀ ਯੂਨੀਅਨ ਵਿਚ ਬਣੇ ਰਹਿਣ ਅਤੇ ਧਾਰਾ 50 ਰਾਹੀਂ ਸਮਾਂ ਵਧਾਉਣ ’ਤੇ ਵਿਚਾਰ ਕਰਨ ਲਈ ਵੀ ਤਿਆਰ ਨਹੀਂ।

ਲੇਬਰ ਪਾਰਟੀ ਦੇ ਆਗੂ ਜੇਰੇਮੀ ਕੋਰਬੀਨ ਨੇ ਆਪਣਾ ਸਟੈਂਡ ਸਪੱਸ਼ਟ ਕਰਦਿਆਂ ਕਿਹਾ ਕਿ ਪਾਰਟੀ 21 ਜਨਵਰੀ ਨੂੰ ਪ੍ਰਧਾਨ ਮੰਤਰੀ ਵਲੋਂ ਪੇਸ਼ ਕੀਤੀ ਜਾਣ ਵਾਲੀ ਦੂਜੀ ‘ਬ੍ਰੈਗਜਿਟ’ ਯੋਜਨਾ ਵਿਚ ਸੋਧਾਂ ਪੇਸ਼ ਕਰੇਗੀ। ਉਸਦੀ ਤਰਜੀਹ ਹੋਵੇਗੀ ਕਿ ਦੇਸ਼ ਯੂਰਪੀ ਯੂਨੀਅਨ ਨਾਲ ਚੂੰਗੀ ਯੂਨੀਅਨ (ਕਸਟਮ ਯੂਨੀਅਨ) ਵਿਚ ਬਣਿਆ ਰਹੇ, ਉਸਦੇ ਵਪਾਰਕ ਸੰਬੰਧ ਨੇੜਲੀ ਇਕੈਹਰੀ ਮੰਡੀ ’ਤੇ ਅਧਾਰਤ ਹੋਣ ਅਤੇ ਉਸਦੇ ਵਪਾਰਕ ਹਿਤਾਂ ਦੀ ਰੱਖਿਆ ਹੋਵੇ। ਉਨ੍ਹਾਂ ਆਪਣੇ ਕਾਰਕੁੰਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਸੰਕਟ ਦਾ ਸਭ ਤੋਂ ਦਰੁਸਤ ਹੱਲ ਹੈ ਦੇਸ਼ ਵਿਚ ਆਮ ਚੋਣਾਂ। ਅਤੇ ਉਨ੍ਹਾਂ ਵਲੋਂ ਪੇਸ਼ ਹਾਲੀਆ ਬੇਭਰੋਸਗੀ ਮਤਾ, ਜਿਸਨੂੰ ਲੋੜੀਂਦਾ ਸਮਰਥਨ ਨਹੀਂ ਮਿਲ ਸਕਿਆ, ਉਹ ਆਖਰੀ ਨਹੀਂ ਹੈ। ਉਨ੍ਹਾਂ ਇਸ ਮੁੱਦੇ ’ਤੇ ਮੁੜ ਰਾਏਸ਼ੁਮਾਰੀ ਕਰਵਾਉਣ ਦੀ ਚੋਣ ਵੀ ਖੁੱਲ੍ਹੀ ਰੱਖੀ ਹੈ।

ਬ੍ਰਿਟੇਨ ਦੇ ਘਟਕ ਦੇਸ਼ ਸਕਾਟਲੈਂਡ ਵਿਚ ਰਾਜ ਕਰ ਰਹੀ ਪਾਰਟੀ, ਸਕਾਟਿਸ਼ ਨੈਸ਼ਨਲ ਪਾਰਟੀ ਨੇ ਤਾਂ ਮੁੜ ਰਾਏਸ਼ੁਮਾਰੀ ਦੀ ਆਪਣੀ ਮੰਗ ਵਿਚ ਇਹ ਵੀ ਸ਼ਾਮਲ ਕਰ ਲਿਆ ਹੈ ਕਿ ‘ਬ੍ਰੈਗਜਿਟ’ ਤਾਂ ਹੀ ਹੋਵੇ ਜੇਕਰ ਦੇਸ਼ ਦੇ ਘਟਕ ਸਾਰੇ ਚਾਰ ਦੇਸ਼ਾਂ ਵਿਚ ਇਸਨੂੰ ਰਾਏਸ਼ੁਮਾਰੀ ਦੌਰਾਨ ਬਹੁਮਤ ਮਿਲੇ। ਇੱਥੇ ਇਹ ਵਰਣਨਯੋਗ ਹੈ ਕਿ 2016 ਵਿਚ ਹੋਈ ਰਾਏਸ਼ੁਮਾਰੀ, ਜਿਹੜੀ ਕਿ ਇਸ ‘ਬ੍ਰੈਗਜਿਟ’ ਦਾ ਆਧਾਰ ਹੈ, ਦੌਰਾਨ ਸਕਾਟਲੈਂਡ ਦੇ ਲੋਕਾਂ ਨੇ 62% ਨਾਲ ਅਤੇ ਉਤਰੀ ਆਇਰਲੈਂਡ ਦੇ ਲੋਕਾਂ ਨੇ 55.8% ਦੇ ਵੱਡੇ ਬਹੁਮਤ ਨਾਲ ‘ਬ੍ਰੈਗਜਿਟ’ ਵਿਰੁੱਧ ਆਪਣੀ ਰਾਏ ਦਿੱਤੀ ਸੀ ਭਾਵ ਦੇਸ਼ ਨੂੰ ਯੂਰਪੀ ਯੂਨੀਅਨ ਵਿਚ ਰੱਖਣ ਦਾ ਸਮਰਥਨ ਕੀਤਾ ਸੀ।

ਦੇਸ਼ ਦੀ ਕਮਿਊਨਿਸਟ ਪਾਰਟੀ ਨੇ ਮੌਜੂਦਾ ਸਥਿਤੀ ਨੂੰ ਦੇਸ਼ ਲਈ ਗੰਭੀਰ ਰਾਜਨੀਤਕ ਸੰਕਟ ਦੱਸਦੇ ਹੋਏ ਛੇਤੀ ਤੋਂ ਛੇਤੀ ਆਮ ਚੋਣਾਂ ਕਰਵਾਉਣ ਤੇ 29 ਮਾਰਚ ਨੂੰ ਯੂਰਪੀ ਯੂਨੀਅਨ ਤੋਂ ਬਾਹਰ ਆਉਣ ਦੀ ਮੰਗ ਕੀਤੀ ਹੈ। ਪਾਰਟੀ ਦੇ ਜਨਰਲ ਸਕੱਤਰ ਰਾਬਰਟ ਗ੍ਰੀਫਿਥਸ ਮੁਤਾਬਕ ਆਮ ਚੋਣਾਂ ਰਾਹੀਂ ਬਣੀ ਖੱਬੀ ਧਿਰ ਦੀ ਅਗਵਾਈ ਵਾਲੀ ਲੇਬਰ ਸਰਕਾਰ ਹੀ ਯੂਰਪੀ ਯੂਨੀਅਨ ਨਾਲ ਗੱਲਬਾਤ ਕਰਕੇ ਦੇਸ਼ ਨੂੰ ਇਸ ਸੰਕਟ ਵਿਚੋਂ ਕੱਢ ਸਕਦੀ ਹੈ। ਉਨ੍ਹਾਂ ਦੇਸ਼ ਦੀ ਮਜ਼ਦੂਰ ਜਮਾਤ ਨੂੰ ਖੱਬੀ ਧਿਰ ਨਾਲ ਸੰਬੰਧਤ ਲੇਬਰ ਪਾਰਟੀ ਦੇ ਆਗੂ, ਜਿਹੜੇ ਇਸ ਵੇਲੇ ਪਾਰਟੀ ਦੇ ਸੰਸਦੀ ਆਗੂ ਵੀ ਹਨ, ਦਾ ਪੂਰਨ ਸਮਰਥਨ ਕਰਨ ਦਾ ਵੀ ਸੱਦਾ ਦਿੱਤਾ ਹੈ। ਦੇਸ਼ ਦੀ ਇਕ ਹੋਰ ਖੱਬੇ ਪੱਖੀ ਪਾਰਟੀ ਸੀ.ਪੀ.ਜੀ.ਬੀ. (ਐਮ.ਐਲ.) ਨੇ ਵੀ ਦੇਸ਼ ਦੇ ਹਰ ਹਾਲਤ ਵਿਚ ਯੂਰਪੀ ਯੂਨੀਅਨ ਤੋਂ ਬਾਹਰ ਹੋਣ ਦੀ ਗੱਲ ਕੀਤੀ ਹੈ।

ਬ੍ਰਿਟੇਨ, ਜਿਸ ਡੂੰਘੇ ਰਾਜਨੀਤਕ ਸੰਕਟ ਵਿਚ ਫਸਿਆ ਹੋਇਆ ਹੈ, ਉਸਦਾ ਸਪੱਸ਼ਟ ਸਮਾਧਾਨ ਦੇਸ਼ ਵਿਚ ਆਮ ਚੋਣਾਂ ਹੋਣਾ ਹੀ ਹੈ। 2017 ਵਿਚ ਟੇਰੇਜਾ ਮੇਅ ਵਲੋਂ ਕਰਵਾਈਆਂ ਗਈਆਂ ਆਮ ਉਪ ਚੋਣਾਂ ਵਿਚ ਚੁਣੇ ਗਏ ਟੋਰੀ ਪਾਰਟੀ ਦੇ ਸੰਸਦ ਮੈਂਬਰਾਂ ਦਾ ਇਕ ਵੱਡਾ ਭਾਗ ਉਸਦੀ ਸੰਸਦੀ ਆਗੂ ਟੇਰੇਜਾ ਮੇਅ ਦੀ ਹੀ ‘ਬ੍ਰੈਗਜਿਟ’ ਬਾਰੇ ਅਪਨਾਈ ਜਾ ਰਹੀ ਪਹੁੰਚ ਨਾਲ ਸਹਿਮਤ ਨਹੀਂ ਹੈ। ਹੋਣ ਵਾਲੀਆਂ ਆਮ ਚੋਣਾਂ ਰਾਹੀਂ ਚੁਣੀ ਜਾਣ ਵਾਲੀ ਸਰਕਾਰ ਲਾਜ਼ਮੀ ਤੌਰ ’ਤੇ ਇਸ ਮੁੱਦੇ ’ਤੇ ਚੋਣਾਂ ਦੌਰਾਨ ਉਭਰੀ ਬਹੁਮਤ ਵਾਲੀ ਸੋਚ ਦੀ ਪ੍ਰਤੀਨਿਧਤਾ ਕਰਦੀ ਹੋਵੇਗੀ। ਸਮੁੱਚੇ ਰਾਜਨੀਤਕ ਪਰਿਪੇਖ ਵਿਚ ਇਕ ਹੋਰ ਚੰਗੀ ਗੱਲ ਇਹ ਹੈ ਕਿ ਇਸ ਵੇਲੇ ਮੁੱਖ ਵਿਰੋਧੀ ਪਾਰਟੀ ਲੇਬਰ ਪਾਰਟੀ ਦੀ ਕਮਾਨ ਖੱਬੀ ਧਾਰਾ ਦੇ ਆਗੂ ਜੇਰੇਮੀ ਕੋਰਬੀਨ ਕੋਲ ਹੈ। ਆਮ ਚੋਣਾਂ ਹੋਣ ਦੀ ਸੂਰਤ ਵਿਚ ਨਵੀਂ ਸਰਕਾਰ ਲੇਬਰ ਪਾਰਟੀ ਦੀ ਬਣਨ ਦੀ ਸੰਭਾਵਨਾ ਹੈ, ਜਿਹੜੀ ਕਿ ਦੇਸ਼ ਦੇ ਮਿਹਨਤਕਸ਼ ਲੋਕਾਂ ਲਈ ਵੀ ਇਕ ਸ਼ੁਭ ਸ਼ਗਨ ਹੋਵੇਗਾ।


Harjeet Sandhu
REALTOR
''Serving all your Real Estate needs"
ਕਿਸੇ ਵੀ ਪ੍ਰਕਾਰ ਦੀ ਜਾਇਦਾਦ ਵੇਚਣੀ ਜਾਂ ਖ੍ਰੀਦਣੀ ਹੋਵੇ ਤਾਂ ਆਪਣੀ ਕਮਿਊਨਿਟੀ ਦੇ ਭਰੋਸੇਯੋਗ ਰੀਅਲਟਰ ਹਰਜੀਤ ਸੰਧੂ ਨੂੰ ਮਿਲੋ ਜਾਂ ਫੋਨ ਕਰੋ ।
"CONVERTING YOUR DREAMS INTO REALITY"

(780) 233-3100
Friendly Service & Free Market Evaluation

To view Thousands of properties online visit:
www.harjeetsandhu.com
harjsandhu@gmail.com
Realty Executives Polaris
Each Office Independently Owned and Operated
4107-99 St., Edmonton AB T6E 3N4
Tel: (780) 450-6300 (24hrs),
Fax: (780) 450-6670
Polaris
Member - Edmonton Real Estate Board, Residential & Commercial Divsion

ਕਹਾਣੀ

# ਅੰਕਲ ਜਿਊਲਜ਼

ਗਾਇ ਦਿ ਮੋਪਾਸਾਂ



ਘਰ ਦੀਆਂ ਸਾਰੀਆਂ ਉਮੀਦਾਂ ਉਸੇ 'ਤੇ ਟਿਕੀਆਂ ਹੋਈਆਂ ਸਨ। ਬਚਪਨ ਤੋਂ ਹੀ ਮੈਂ ਉਸ ਬਾਰੇ ਗੱਲਾਂ ਸੁਣਦਾ ਰਿਹਾ ਸੀ। ਉਸ ਬਾਰੇ ਮੈਂ ਏਨਾ ਕੁਝ ਜਾਣਦਾ ਸੀ ਕਿ ਉਸ ਨੂੰ ਵੇਖਣ ਸਾਰ ਪਛਾਣ ਸਕਦਾ ਸੀ। ਉਸ ਦੀ ਜ਼ਿੰਦਗੀ ਬਾਰੇ ਮੈਂ ਹਰ ਗੱਲ ਤੋਂ ਵਾਕਫ ਸੀ ਸ਼ੁਰੂ ਤੋਂ ਲੈ ਕੇ ਅਮਰੀਕਾ ਜਾਣ ਤੱਕ। ਹਾਂ, ਉਸ ਦੇ ਅਤੀਤ ਬਾਰੇ ਗੱਲਾਂ ਘਰ ਵਿਚ ਬੁੱਲ੍ਹ ਚਿੱਥ ਕੇ ਹੀ ਹੁੰਦੀਆਂ ਸਨ। ਜਾਪਦਾ ਹੈ ਕਿ ਮੇਰੇ ਅੰਕਲ ਨੇ ਜ਼ਿੰਦਗੀ ਬੜੇ ਭੈੜੇ ਢੰਗ ਨਾਲ ਬਤੀਤ ਕੀਤੀ। ਉਸ ਨੇ ਬੜੀ ਬੇਰਹਿਮੀ ਨਾਲ ਪੈਸਾ ਉਜਾੜਿਆ ਤੇ ਗਰੀਬ ਘਰਾਂ ਵਿਚ ਪੈਸੇ ਦਾ ਉਜਾੜਾ ਸਭ ਤੋਂ ਵੱਡਾ ਗੁਨਾਹ ਮੰਨਿਆ ਜਾਂਦਾ ਹੈ। ਬੇਸ਼ੱਕ ਅਮੀਰ ਘਰਾਂ ਵਿਚ ਇਸ ਨੂੰ 'ਅਮੀਰਾਂ ਦੇ ਚੋਚਲੇ' ਗਿਣਿਆ ਜਾਂਦਾ ਹੈ। ਖਾਂਦੇ ਪੀਂਦੇ ਘਰਾਂ ਦੇ ਮੁੰਡੇ 'ਕਾਕਾ ਜੀ' ਅਖਵਾਉਂਦੇ ਹਨ ਤੇ ਗਰੀਬ ਘਰਾਂ ਦੇ ਅਜਿਹੇ ਮੁੰਡਿਆਂ ਨੂੰ 'ਘਰ ਉਜਾੜੂ', 'ਵੈਲੀ' ਅਤੇ 'ਨਾਲਾਇਕ' ਕਿਹਾ ਜਾਂਦਾ ਹੈ।

ਮੇਰੇ ਅੰਕਲ ਨੂੰ ਆਪਣੇ ਪਿਤਾ ਪੁਰਖਿਆਂ ਦੀ ਜਾਇਦਾਦ 'ਚੋਂ ਜੋ ਹਿੱਸਾ ਮਿਲਿਆ, ਉਹ ਉਸ ਨੇ ਉਜਾੜ ਛੱਡਿਆ। ਤੇ ਫਿਰ ਆਮ ਪ੍ਰਚਲਨ ਅਨੁਸਾਰ ਉਹ ਵੀ ਹਾਵਰੇ ਤੋਂ ਜਹਾਜ਼ 'ਚ ਬੈਠਾ ਤੇ ਅਮਰੀਕਾ ਪਹੁੰਚ ਗਿਆ। ਉਥੇ ਪਹੁੰਚ ਕੇ ਉਹ ਕੋਈ ਨਿੱਕਾ ਮੋਟਾ ਕਾਰੋਬਾਰ ਕਰਨ ਲੱਗਾ। ਉਥੋਂ ਉਸ ਨੇ ਇਕ ਖਤ ਵਿਚ ਲਿਖਿਆ ਕਿ ਉਹ ਗੁਜ਼ਾਰੇ ਜੋਗਾ ਪੈਸਾ ਕਮਾ ਰਿਹਾ ਹੈ। ਉਸ ਨੇ ਇਹ ਵੀ ਭਰੋਸਾ ਦਿਵਾਇਆ ਕਿ ਉਹ ਜਲਦੀ ਮੇਰੇ ਪਿਤਾ ਤੋਂ ਲਿਆ ਉਧਾਰ ਵੀ ਵਾਪਸ ਕਰ ਦੇਵੇਗਾ। ਇਹ ਖਤ ਪੜ੍ਹ ਕੇ ਘਰ ਦੇ ਸਾਰੇ ਜੀਅ ਪਿਘਲ ਗਏ। ਖੋਟਾ ਸਿੱਕਾ ਚਾਣਚੱਕ ਖਰਾ ਸਿੱਕਾ ਬਣ ਗਿਆ, ਨੇਕ, ਸੱਚਾ ਸੁੱਚਾ ਤੇ ਇਮਾਨਦਾਰ ਇਨਸਾਨ। ਅਮਰੀਕਾ ਤੋਂ ਪਰਤੇ ਇਕ ਜਹਾਜ਼ ਦੇ ਕਪਤਾਨ ਨੇ ਸਾਨੂੰ ਦੱਸਿਆ ਕਿ ਮੇਰੇ ਅੰਕਲ ਨੇ ਇਕ ਵੱਡੀ ਸਾਰੀ ਦੁਕਾਨ ਕਿਰਾਏ 'ਤੇ ਲੈ ਲਈ ਹੈ ਤੇ ਉਸ ਦਾ ਕਾਰੋਬਾਰ ਚੰਗਾ ਹੈ। ਦੋ ਕੁ ਸਾਲਾਂ ਬਾਅਦ ਮੇਰੇ ਅੰਕਲ ਦਾ ਇਕ ਹੋਰ ਖਤ ਆਇਆ। ਇਹ ਖਤ ਮੇਰੇ ਪਿਤਾ ਨੂੰ ਮੁਖਾਤਿਬ ਸੀ। ਲਿਖਿਆ ਸੀ, 'ਮੇਰੇ ਪਿਆਰੇ ਫਿਲਿਪ, ਮੈਂ ਤੁਹਾਨੂੰ ਇਹ ਦੱਸਣ ਲਈ ਲਿਖ ਰਿਹਾ ਹਾਂ ਕਿ ਮੇਰੀ ਸਿਹਤ ਬਿਲਕੁਲ ਠੀਕ ਹੈ। ਫਿਕਰ ਦੀ ਕੋਈ ਲੋੜ ਨਹੀਂ। ਮੇਰਾ ਕਾਰੋਬਾਰ ਚੰਗਾ ਹੈ। ਮੈਂ ਕੱਲ੍ਹ ਦੱਖਣੀ ਅਮਰੀਕਾ ਦੇ ਦੌਰੇ 'ਤੇ ਜਾ ਰਿਹਾ ਹਾਂ। ਹੋ ਸਕਦਾ ਹੈ ਕਿ ਮੈਨੂੰ ਉਥੇ ਕਈ ਸਾਲ ਗੁਜ਼ਾਰਨੇ ਪੈਣ ਤੇ ਸੰਭਵ ਹੈ ਕਿ ਮੈਂ ਤੁਹਾਨੂੰ ਆਪਣੀ ਸੁੱਖ ਸਾਂਦ ਦੀ ਖਬਰ ਨਾ ਘੱਲ ਸਕਾਂ। ਮੈਂ ਚੋਖਾ ਧਨ ਕਮਾ ਕੇ ਹਾਵਰੇ ਆਵਾਂਗਾ। ਮੈਨੂੰ ਪੂਰੀ ਆਸ ਹੈ ਕਿ ਚੰਗੇ ਦਿਨ ਆਉਣ 'ਚ ਬਹੁਤੀ ਦੇਰ ਨਹੀਂ। ਜਲਦੀ ਹੀ ਅਸੀਂ ਇਕੱਠੇ ਰਹਿ ਕੇ ਖੁਸ਼ਹਾਲ ਜ਼ਿੰਦਗੀ ਬਸਰ ਕਰਾਂਗੇ।'

ਹਰ ਰੋਜ਼ ਘਰ ਵਿਚ ਇਸ ਖਤ ਦਾ ਇੰਜ ਪਾਠ ਕੀਤਾ ਜਾਂਦਾ ਜਿਵੇਂ ਕਿਸੇ ਪਵਿੱਤਰ ਗ੍ਰੰਥ ਦੇ ਸ਼ਬਦ ਹੋਣ। ਜਦੋਂ ਕਦੇ ਕਿਸੇ ਗੱਲ 'ਤੇ ਘਰ 'ਚ ਤਲਖੀ ਪੈਦਾ ਹੋਣ ਲੱਗਦੀ ਤਾਂ ਝੱਟ ਇਹ ਖਤ ਪੜ੍ਹਿਆ ਜਾਂਦਾ ਤੇ ਫਿਰ ਸਭ ਇਸ ਨੂੰ ਟੋਹ-ਟੋਹ ਕੇ ਵੇਖਦੇ। ਦਸ ਵਰ੍ਹਿਆਂ ਤੱਕ ਅੰਕਲ ਜਿਊਲਜ਼ ਦੀ ਕੋਈ ਖੋਜ ਖਬਰ ਨਾ ਮਿਲੀ। ਜਿਉਂ-ਜਿਉਂ ਸਮਾਂ ਬੀਤਦਾ ਗਿਆ, ਉਵੇਂ-ਉਵੇਂ ਮੇਰੇ ਪਿਤਾ ਦੀਆਂ ਉਮੀਦਾਂ ਨੂੰ ਖੰਭ ਲੱਗਦੇ ਰਹੇ। ਅਕਸਰ ਮਾਂ ਕਹਿੰਦੀ, 'ਬਸ, ਨੇਕ ਤੇ ਸਾਊ ਜਿਊਲਜ਼ ਦੇ ਘਰ ਪਰਤਦੇ ਸਾਰ ਹੀ ਸਾਡੀ ਸਦੀ ਭੌਂ ਜਾਊ।'

ਹਰ ਐਤਵਾਰ ਜਦੋਂ ਵੀ ਮੇਰੇ ਪਿਤਾ ਕਿਸੇ ਵੱਡੇ ਜਹਾਜ਼ ਨੂੰ ਆਉਂਦਿਆਂ ਵੇਖਦੇ ਤਾਂ ਉਹ ਹਾਉਕਾ ਭਰ ਕੇ ਕਹਿੰਦੇ, 'ਕਾਸ਼! ਇਸ ਜਹਾਜ਼ 'ਚ ਮੇਰਾ ਭਰਾ ਜਿਊਲਜ਼ ਵੀ ਹੋਵੇ।'

ਅਸੀਂ ਵੀ ਉਸ ਘੜੀ ਦਾ ਬੇਤਾਬੀ ਨਾਲ ਇੰਤਜ਼ਾਰ ਕਰਦੇ, ਜਦੋਂ ਜਹਾਜ਼ ਦੇ ਡੈਕ ਉੱਤੇ ਖਲੋਤਾ ਅੰਕਲ ਜਿਊਲਜ਼ ਆਪਣਾ ਰੇਸ਼ਮੀ ਰੁਮਾਲ ਹਵਾ 'ਚ ਲਹਿਰਾ ਕੇ ਉਚੀ ਆਵਾਜ਼ 'ਚ ਬੋਲੇਗਾ, 'ਹੈਲੋ! ਫਿਲਿਪ!'

ਮੇਰੇ ਅੰਕਲ ਦੀ ਘਰ ਵਾਪਸੀ ਦੀ ਉਡੀਕ ਕਰਦਿਆਂ-ਕਰਦਿਆਂ ਕਿੰਨੀਆਂ ਹੀ ਸਕੀਮਾਂ ਘੜੀਆਂ ਜਾਂਦੀਆਂ। ਨਵਾਂ ਘਰ ਖਰੀਦਿਆ ਜਾਵੇਗਾ। ਮੇਰੇ ਪਿਤਾ ਨੇ ਤਾਂ ਨਵੇਂ ਘਰ ਦਾ ਸੌਦਾ ਕਰਨ ਦੀ ਗੱਲ ਵੀ ਤੋਰ ਲਈ ਸੀ। ਮੇਰੀ ਵੱਡੀ ਭੈਣ 28 ਵਰ੍ਹਿਆਂ ਦੀ ਸੀ ਤੇ ਉਸ ਤੋਂ ਛੋਟੀ 26 ਵਰ੍ਹਿਆਂ ਦੀ। ਉਨ੍ਹਾਂ ਦੀ ਅਜੇ ਸ਼ਾਦੀ ਨਹੀਂ ਹੋਈ ਸੀ। ਇਸ ਗੱਲ ਦਾ ਝੋਰਾ ਮੇਰੀ ਮਾਂ ਨੂੰ ਵੱਢ-ਵੱਢ ਖਾਂਦਾ ਸੀ। ਆਖਰ ਕਿਸੇ ਮੁੰਡੇ ਨੇ ਮੇਰੀ ਛੋਟੀ ਭੈਣ ਦਾ ਹੱਥ ਮੰਗਿਆ। ਉਹ ਕਲਰਕ ਲੱਗਾ ਹੋਇਆ ਸੀ। ਬਹੁਤਾ ਅਮੀਰ ਨਹੀਂ ਸੀ, ਪਰ ਇੱਜ਼ਤ ਦੀ ਰੋਟੀ ਖਾਂਦਾ ਸੀ। ਮੈਨੂੰ ਇਸ ਗੱਲ ਦਾ ਪੂਰਾ ਯਕੀਨ ਹੈ ਕਿ ਇਕ ਦਿਨ ਸ਼ਾਮ ਵੇਲੇ ਜਦੋਂ ਉਸ ਨੂੰ ਮੇਰੇ ਅੰਕਲ ਜਿਊਲਜ਼ ਦੀ ਚਿੱਠੀ ਵਿਖਾਈ ਗਈ ਤਾਂ ਉਸ ਨੂੰ ਪੜ੍ਹ ਕੇ ਉਹ ਵਿਆਹ ਲਈ ਮੰਨ ਗਿਆ। ਫੈਸਲਾ ਹੋਇਆ ਕਿ ਵਿਆਹ ਤੋਂ ਬਾਅਦ ਸਾਰਾ ਪਰਵਾਰ ਸੈਰ ਸਪਾਟੇ ਲਈ ਜਰਸੀ ਜਾਵੇਗਾ।

ਸਾਡੇ ਵਰਗੇ ਗਰੀਬ ਬੰਦਿਆਂ ਦੇ ਸੈਰ ਸਪਾਟੇ ਲਈ 'ਜਰਸੀ' ਬੜੀ ਢੁਕਵੀਂ ਥਾਂ ਹੈ। ਇਹ ਬਹੁਤੀ ਦੂਰ ਵੀ ਨਹੀਂ। ਸਟੀਮਰ ਤਾਂ ਸਮੁੰਦਰ ਦੀ ਇਕ ਗੇੜੀ ਲਾ ਕੇ ਜਰਸੀ ਆਈਲੈਂਡ 'ਤੇ ਪਹੁੰਚ ਜਾਂਦਾ ਹੈ। ਇਸ ਆਈਲੈਂਡ 'ਤੇ ਇੰਗਲੈਂਡ ਦਾ ਕਬਜ਼ਾ ਹੈ। ਇਕ ਫਰੈਂਚ ਵਾਸੀ ਦੋ ਕੁ ਘੰਟਿਆਂ ਦੇ ਸਫਰ ਤੋਂ ਬਾਅਦ ਵਿਦੇਸ਼ੀ ਧਰਤੀ 'ਤੇ ਅੱਪੜ ਕੇ ਆਪਣੇ ਗੁਆਂਢੀ ਮੁਲਕ ਦੇ ਲੋਕਾਂ ਦੇ ਰਹਿਣ ਸਹਿਣ ਤੇ ਖਾਣ ਪੀਣ ਦੇ ਢੰਗ ਵੇਖ ਸਕਦਾ ਹੈ।

ਅਸੀਂ ਜਰਸੀ ਦੇ ਰੰਗੀਨ ਸੁਪਨਿਆਂ ਵਿਚ ਗੁਆਚ ਗਏ। ਹਰ ਵੇਲੇ ਸਾਡੇ ਖਿਆਲਾਂ ਵਿਚ ਜਰਸੀ ਵਸਿਆ ਰਹਿੰਦਾ। ਆਖਰ ਉਹ ਦਿਨ ਆ ਗਿਆ ਜਦੋਂ ਅਸੀਂ ਜਰਸੀ ਜਾਣ ਲਈ ਜਹਾਜ਼ ਵਿਚ ਸਵਾਰ ਹੋਏ। ਮੈਨੂੰ ਤਾਂ ਇਹ ਸਭ ਕੁਝ ਇਸ ਤਰ੍ਹਾਂ ਯਾਦ ਹੈ ਜਿਵੇਂ ਇਹ ਕੱਲ੍ਹ ਦੀ ਗੱਲ ਹੋਵੇ। ਸਟੀਮਰ ਧੂੰਆਂ ਛੱਡ ਰਿਹਾ ਸੀ। ਮੇਰੇ ਪਿਤਾ ਸਾਮਾਨ ਦੇ ਤਿੰਨ ਨਗ ਰੱਖ ਕੇ ਹੰਭ ਗਏ ਸਨ। ਬੌਂਦਲੀ ਹੋਈ ਮੇਰੀ ਮਾਂ ਨੇ ਮੇਰੀ ਅਣਵਿਆਹੀ ਭੈਣ ਦੀ ਬਾਂਹ ਫੜੀ ਹੋਈ ਸੀ। ਉਹ ਆਪਣੇ ਤੋਂ ਛੋਟੀ ਦੇ ਵਿਆਹ ਉਪਰੰਤ ਉਦਾਸ ਰਹਿਣ ਲੱਗ ਪਈ ਸੀ। ਮੇਰੀ ਛੋਟੀ ਭੈਣ ਤੇ ਉਸ ਦਾ ਪਤੀ ਸਭ ਤੋਂ ਬਾਅਦ ਜਹਾਜ਼ 'ਚ ਚੜ੍ਹੇ।

ਸੀਟੀ ਵੱਜੀ। ਸਟੀਮਰ ਸਮੁੰਦਰ ਦੇ ਨੀਲੇ ਪਾਣੀ ਵਿਚ ਤੁਰਨ ਲੱਗਾ। ਬੰਦਰਗਾਹ ਪਿਛਾਂਹ ਛੁੱਟ ਚੁੱਕੀ ਸੀ। ਕਦੇ ਕਦਾਈ ਜਹਾਜ਼ 'ਚ ਸਫਰ ਕਰਨ ਵਾਲਿਆਂ ਵਾਂਗ ਅਸੀਂ ਬੜੇ ਮਾਣਮੱਤੇ ਮਹਿਸੂਸ ਕਰ ਰਹੇ ਸੀ। ਮੇਰੇ ਪਿਤਾ ਸੀਨਾ ਚੌੜਾ ਕਰਕੇ ਠੰਢੀ ਹਵਾ ਵਿਚ ਸਾਹ ਲੈ ਰਹੇ ਸਨ। ਉਨ੍ਹਾਂ ਨੇ ਬੜੇ ਉਚੇਚ ਨਾਲ ਆਪਣੀ ਬਾਸਕਟ ਪ੍ਰੈੱਸ ਕੀਤੀ ਸੀ। ਉਸ ਵਿਚ ਬੈਨਜ਼ੀਨ ਦਾ ਮੁਸ਼ਕ ਆ ਰਿਹਾ ਸੀ, ਜਿਸ ਤੋਂ ਮੇਰੀਆਂ ਨਾਸਾਂ ਭਲੀਭਾਂਤ ਵਾਕਿਫ ਸਨ, ਕਿਉਂ ਜੋ ਹਰ ਐਤਵਾਰ ਨੂੰ ਬਾਸਕਟ 'ਤੇ ਲੱਗੇ ਦਾਗ ਬੈਨਜ਼ੀਨ ਨਾਲ ਸਾਫ ਕੀਤੇ ਜਾਂਦੇ ਸਨ।

ਅਚਾਨਕ ਮੇਰੇ ਪਿਤਾ ਨੇ ਵੇਖਿਆ ਕਿ ਸ਼ਾਨਦਾਰ ਪੁਸ਼ਾਕਾਂ ਵਿਚ ਸਜੀਆਂ ਦੋ ਸੋਹਣੀਆਂ ਔਰਤਾਂ ਨੂੰ ਉਨ੍ਹਾਂ ਨਾਲ ਬੈਠੇ ਦੋ ਆਦਮੀ ਘੋਗੇ ਪੇਸ਼ ਕਰ ਰਹੇ ਸਨ। ਇਕ ਫਟੇਹਾਲ ਬਜ਼ੁਰਗ ਉਨ੍ਹਾਂ ਕੋਲ ਖੜਾ ਘੋਗਿਆਂ ਦੇ ਖੋਲ ਤੋੜ ਕੇ ਉਨ੍ਹਾਂ ਨੂੰ ਦੇ ਰਿਹਾ ਸੀ। ਔਰਤਾਂ ਬੜੇ ਨਖਰੇ ਨਾਲ ਘੋਗਿਆਂ ਦਾ ਰਸ ਮਾਣ ਰਹੀਆਂ ਸਨ। ਜਦੋਂ ਉਹ ਘੋਗਾ ਮੂੰਹ 'ਚ ਪਾਉਂਦੀਆਂ ਤਾਂ ਉਹ ਰੁਮਾਲ ਆਪਣੇ ਮੂੰਹ ਹੇਠਾਂ ਰੱਖਦੀਆਂ ਤਾਂ ਜੋ ਕਿਧਰੇ ਉਨ੍ਹਾਂ ਦੀ ਪੁਸ਼ਾਕ ਖਰਾਬ ਨਾ ਹੋ ਜਾਵੇ। ਔਰਤਾਂ ਦਾ ਅੰਦਾਜ਼ ਏਨਾ ਖਿੱਚਵਾਂ ਸੀ ਕਿ ਮੇਰੇ ਪਿਤਾ ਨੇ ਵੀ ਖਰਚੇ ਦੀ ਪਰਵਾਹ ਨਾ ਕਰਦਿਆਂ ਮੇਰੀ ਮਾਂ ਅਤੇ ਭੈਣ ਤੋਂ ਪੁੱਛਿਆ, 'ਤੁਸੀਂ ਘੋਗੇ ਖਾਵੋਗੇ?' ਮੇਰੀ ਮਾਂ ਪੈਸੇ ਖਰਚਣ ਤੋਂ ਜਰਕ ਗਈ, ਪਰ ਮੇਰੀਆਂ ਦੋਵੇਂ ਭੈਣਾਂ ਨੇ ਹਾਮੀ ਭਰ ਦਿੱਤੀ! ਮੇਰੀ ਮਾਂ ਨੇ ਤਲਖ ਆਵਾਜ਼ 'ਚ ਕਿਹਾ, 'ਮੈਂ ਤਾਂ ਖਾ ਕੇ ਬਿਮਾਰ ਹੋ ਜਾਵਾਂਗੀ। ਬੱਚਿਆਂ ਨੂੰ ਵੀ ਬੱਸ ਸਵਾਦ ਵੇਖਣ ਲਈ ਹੀ ਦੇਣਾ। ਸਫਰ ਦਾ ਮਾਮਲਾ ਹੈ। ਕਿਤੇ ਜ਼ਿਆਦਾ ਖਾਣ ਨਾਲ ਤਬੀਅਤ ਖਰਾਬ ਨਾ ਹੋ ਜਾਵੇ।' ਫੇਰ ਮੇਰੇ ਵੱਲ ਵੇਖ ਕੇ ਉਸ ਨੇ ਕਿਹਾ, 'ਜੋਸੇਫ ਨੂੰ ਕੋਈ ਲੋੜ ਨਹੀਂ। ਜੀਭ ਦਾ ਸਵਾਦ ਮਾੜਾ ਹੁੰਦਾ ਹੈ। ਮੁੰਡਿਆਂ ਨੂੰ ਇਸ ਤੋਂ ਦੂਰ ਹੀ ਰੱਖਣਾ ਚਾਹੀਦਾ ਹੈ।'

ਬੇਸ਼ੱਕ ਮੈਂ ਮਾਂ ਦੇ ਨਾਲ ਲੱਗ ਕੇ ਹੀ ਬੈਠਾ ਰਿਹਾ, ਪਰ ਮੈਂ ਉਸ ਦੇ ਵਤੀਰੇ ਤੋਂ ਖਫਾ ਜ਼ਰੂਰ ਸੀ। ਮੈਂ ਆਪਣੇ ਪਿਤਾ, ਭੈਣਾਂ ਤੇ ਜੀਜੇ ਨੂੰ ਉਸ ਫਟੇਹਾਲ ਬਜ਼ੁਰਗ ਕੋਲ ਜਾਂਦਿਆਂ ਵੇਖਿਆ ਜੋ ਘੋਗੇ ਵੇਚ ਰਿਹਾ ਸੀ। ਮੇਰੇ ਪਿਤਾ ਨੇ ਮੇਰੀਆਂ ਭੈਣਾਂ ਨੂੰ ਘੋਗੇ ਖਾਣ ਦਾ ਵੱਲ ਸਿਖਾਇਆ। ਉਹ ਸਵਾਲੇ-ਸਵਾਲੇ ਦੋ ਖੂਬਸੂਰਤ ਔਰਤਾਂ ਨੂੰ ਘੋਗੇ ਖਾਂਦਿਆਂ ਵੇਖ ਚੁੱਕੇ ਸਨ। ਉਨ੍ਹਾਂ ਨੇ ਮੇਰੀਆਂ ਭੈਣਾਂ ਨੂੰ ਜਾਚ ਦੱਸਣ ਲਈ ਖੁਦ ਇਕ ਘੋਗਾ ਖਾਣ ਦਾ ਫੈਸਲਾ ਕੀਤਾ। ਉਹ ਉਨ੍ਹਾਂ ਔਰਤਾਂ ਦੀ ਨਕਲ ਕਰਨ ਲੱਗੇ ਤਾਂ ਘੋਗੇ ਦਾ ਰਸ ਉਨ੍ਹਾਂ ਦੀ ਬਾਸਕਟ 'ਤੇ ਡੁੱਲ੍ਹ ਗਿਆ। ਮੈਂ ਆਪਣੀ ਮਾਂ ਨੂੰ ਬੁੜਬੁੜਾਉਂਦਿਆਂ ਸੁਣਿਆ- 'ਬੁੱਢੇ ਵਾਰੇ ਵੀ ਇਨ੍ਹਾਂ ਨੂੰ ਚੱਜ ਨਾ ਆਇਆ।' ਫਿਰ ਅਚਾਨਕ ਪਿਛਾਂਹ ਹਟੇ, ਘੋਗੇ ਦਾ ਖੋਲ ਤੋੜਨ ਵਾਲੇ ਬਜ਼ੁਰਗ ਦੇ ਦੁਆਲੇ ਖਲੋਤੇ ਆਪਣੇ ਟੱਬਰ ਵੱਲ ਝਾਕੇ ਤੇ ਇਕਦਮ ਸਾਡੇ ਵੱਲ ਮੁੜੇ। ਉਨ੍ਹਾਂ ਦਾ ਚਿਹਰਾ ਉਤਰਿਆ ਹੋਇਆ ਸੀ। ਉਹ ਕੰਬ ਰਹੇ ਸਨ। ਬੜੀ ਦੱਬੀ ਆਵਾਜ਼ 'ਚ ਉਨ੍ਹਾਂ ਨੇ ਮੇਰੀ ਮਾਂ ਨੂੰ ਕਿਹਾ, 'ਬੜੀ ਹੈਰਾਨੀ ਦੀ ਗੱਲ ਹੈ.. ਉਸ ਬਜ਼ੁਰਗ ਦਾ ਮੜੰਗਾ ਸਾਡੇ ਜਿਊਲਜ਼ ਨਾਲ.. ਮਿਲਦਾ ਹੈ।'

ਹੈਰਾਨ ਹੋ ਕੇ ਮੇਰੀ ਮਾਂ ਨੇ ਪੁੱਛਿਆ, 'ਕੀ? ਜਿਊਲਜ਼?'

ਮੇਰੀ ਪਿਤਾ ਨੇ ਕਿਹਾ, 'ਕਿਉਂ? ਮੇਰਾ ਭਰਾ! ਜੇ ਮੈਨੂੰ ਇਹ ਨਾ ਪਤਾ ਹੁੰਦਾ ਕਿ ਉਹ ਅਮਰੀਕਾ 'ਚ ਪੈਸੇ ਧੇਲੇ ਵੱਲੋਂ ਸੁਖਾਲਾ ਹੈ ਤਾਂ ਮੈਂ ਉਸ ਨੂੰ ਪਛਾਣਨ 'ਚ ਕੋਈ ਗਲਤੀ ਨਾ ਕਰਦਾ। ਉਹ ਹੂ-ਬ-ਹੂ ਜਿਊਲਜ਼ ਵਰਗਾ ਹੈ।'

ਘਬਰਾਹਟ ਵਿਚ ਮੇਰੀ ਮਾਂ ਦੀ ਜੀਭ ਲੜਖੜਾ ਰਹੀ ਸੀ। ਉਸ ਨੇ ਕਿਹਾ, 'ਤੁਹਾਡੀ ਅਕਲ ਟਿਕਾਣੇ ਨਹੀਂ। ਜੇ ਤੁਹਾਨੂੰ ਯਕੀਨ ਹੀ ਨਹੀਂ ਕਿ ਇਹ 'ਉਹ' ਹੈ ਤਾਂ ਤੁਸੀਂ ਅਜਿਹੀ ਫਜ਼ੂਲ ਗੱਲ ਕਿਉਂ ਕਰ ਰਹੇ ਹੋ?' ਪਰ ਮੇਰੇ ਪਿਤਾ ਨੇ ਆਪਣੀ ਗੱਲ ਨਾ ਛੱਡੀ ਤੇ ਕਿਹਾ, 'ਤੂੰ ਆਪ ਜਾ ਕੇ ਵੇਖ ਆ! ਕਲੈਰਿਸਾ, ਜਾ, ਜਾ ਕੇ ਵੇਖ ਆ।'

ਮੇਰੀ ਮਾਂ ਉਠੀ ਤੇ ਮੇਰੀਆਂ ਭੈਣਾਂ ਕੋਲ ਗਈ। ਮੈਂ ਬੜੀ ਨੀਝ ਨਾਲ ਉਸ ਬਜ਼ੁਰਗ ਨੂੰ ਵੇਖ ਰਿਹਾ ਸੀ। ਉਸ ਦਾ ਚਿਹਰਾ ਝੁਰੜੀਆਂ ਨਾਲ ਭਰਿਆ ਹੋਇਆ ਸੀ। ਉਸ ਦੇ ਸਰੀਰ 'ਤੇ ਮੈਲੇ ਤੇ ਫਟੇ ਕੱਪੜੇ ਸਨ। ਉਹ ਨੀਵੀਂ ਪਾਈ ਆਪਣਾ ਕੰਮ ਕਰ ਰਿਹਾ ਸੀ। ਮੇਰੀ ਮਾਂ ਵਾਪਸ ਆਈ। ਮੈਂ ਮਹਿਸੂਸ ਕੀਤਾ ਕਿ ਉਹ ਕੰਬ ਰਹੀ ਸੀ। ਉਸ ਨੇ ਕਾਹਲੀ-ਕਾਹਲੀ ਬੋਲਦਿਆਂ ਕਿਹਾ, 'ਮੈਨੂੰ ਵੀ ਲੱਗਦੈ ਕਿ ਇਹ ਉਹੀ ਹੈ, ਪਰ ਸਾਵਧਾਨ ਰਹਿਣਾ ਕਿਤੇ ਇਹ ਨਿਖੱਟੂ ਫੇਰ ਸਾਡੇ ਪੱਲੇ ਨਾ ਪੈ ਜਾਵੇ। ਮੈਂ ਸਵਾਲ ਉਸ ਦਾ ਬੋਝ ਨਹੀਂ ਝੱਲ ਸਕਦੀ।'

ਮੇਰੇ ਪਿਤਾ ਕਪਤਾਨ ਨੂੰ ਮਿਲਣ ਲਈ ਖੜ੍ਹੇ ਹੋਏ। ਮੈਂ ਵੀ ਉਨ੍ਹਾਂ ਦੇ ਨਾਲ ਤੁਰ ਪਿਆ। ਮੇਰਾ ਦਿਲ ਡੋਬੇ ਖਾ ਰਿਹਾ ਸੀ। ਕਪਤਾਨ ਲੰਮਾ, ਪਤਲਾ, ਭੂਰੀਆਂ ਮੁੱਛਾਂ ਵਾਲਾ ਬੜਾ ਹੈਂਕੜਬਾਜ਼ ਆਦਮੀ ਸੀ। ਉਹ ਇੰਜ ਤੁਰ ਰਿਹਾ ਸੀ ਜਿਵੇਂ ਉਹ ਇੰਡੀਅਨ ਮੇਲ ਸਟੀਮਰ ਦਾ ਕਪਤਾਨ ਹੋਵੇ। ਮੇਰੇ ਪਿਤਾ ਬੜੀ ਹਲੀਮੀ ਨਾਲ ਉਸ ਨੂੰ ਮੁਖਾਤਿਬ ਹੋਏ। ਉਹ ਇਧਰ ਉਧਰ ਦੀਆਂ ਗੱਲਾਂ ਕਰਨ ਲੱਗੇ, ਜਰਸੀ ਵਿਖੇ ਵੇਖਣ ਯੋਗ ਥਾਵਾਂ ਕਿਹੜੀਆਂ ਹਨ? ਉਥੋਂ ਦੀ ਮੁੱਖ ਫਸਲ ਕਿਹੜੀ ਹੈ? ਉਥੇ ਵਸੋਂ ਕਿੰਨੀ ਕੁ ਹੈ? ਫੇਰ ਉਹ ਅਸਲ ਗੱਲ 'ਤੇ ਆਏ ਤੇ ਬੋਲੇ, 'ਉਹ 'ਸ਼ੈਲ ਓਪਨਰ' ਬੜਾ ਦਿਲਚਸਪ ਆਦਮੀ ਵਿਖਾਈ ਦਿੰਦਾ ਹੈ। ਕੀ ਤੁਸੀਂ ਉਸ ਨੂੰ ਜਾਣਦੇ ਹੋ?'

ਕਪਤਾਨ ਤਾਂ ਪਹਿਲਾਂ ਹੀ ਮੇਰੇ ਪਿਤਾ ਦੀਆਂ ਗੱਲਾਂ ਤੋਂ ਅੱਕ ਚੁੱਕਾ ਸੀ। ਉਸ ਨੇ ਖੁਸ਼ਕ ਜਿਹੇ ਲਹਿਜੇ ਵਿਚ ਜਵਾਬ ਦਿੱਤਾ, 'ਉਹ ਫਰਾਂਸ ਦਾ ਵਾਸੀ ਹੈ। ਪਿਛਲੇ ਸਾਲ ਉਹ ਮੈਨੂੰ ਅਮਰੀਕਾ ਦੀਆਂ ਸੜਕਾਂ 'ਤੇ ਭਟਕਦਾ ਹੋਇਆ ਮਿਲਿਆ ਸੀ। ਮੈਂ ਉਸ ਨੂੰ ਆਪਣੇ ਨਾਲ ਲੈ ਆਇਆ। ਸ਼ਾਇਦ ਉਸ ਦੇ ਕੁਝ ਰਿਸ਼ਤੇਦਾਰ ਹਾਵਰੇ 'ਚ ਰਹਿੰਦੇ ਹਨ, ਪਰ ਉਹ ਉਥੇ ਜਾਣਾ ਨਹੀਂ ਚਾਹੁੰਦਾ, ਕਿਉਂਕਿ ਉਹ ਉਨ੍ਹਾਂ ਦਾ ਕਰਜ਼ਾਈ ਹੈ। ਉਸ ਦਾ ਨਾਮ ਜਿਊਲਜ਼ ਹੈ, ਜਿਊਲਜ਼ ਦਰਮਾਸ਼ੇ ਜਾਂ ਦਰਵਾਂਸੇ, ਅਜਿਹਾ ਹੀ ਕੋਈ ਨਾਮ ਹੈ ਉਸ ਦਾ। ਸੁਣਿਆ ਹੈ, ਉਹ ਕਦੇ ਅਮੀਰ ਹੁੰਦਾ ਸੀ, ਪਰ ਉਸ ਦੀ ਮੌਜੂਦਾ ਹਾਲਾਤ ਤਾਂ ਤੁਸੀਂ ਵੇਖ ਹੀ ਰਹੇ ਹੋ।'

ਮੇਰੇ ਪਿਤਾ ਦੇ ਚਿਹਰੇ ਦਾ ਰੰਗ ਪੀਲਾ ਉੱਡ ਚੁੱਕਾ ਸੀ। ਉਸ ਦਾ ਗਲਾ ਖੁਸ਼ਕ ਸੀ ਤੇ ਉਸ ਦੀ ਮੂੰਹ 'ਚੋਂ ਆਵਾਜ਼ ਨਹੀਂ ਸੀ ਨਿਕਲ ਰਹੀ। ਉਹ ਡੌਰ ਭੌਰ ਹੋਇਆ ਨੀਵੀਂ ਪਾਈ ਖੜਾ ਸੀ। 'ਜੀ, ਸਰ ਠੀਕ ਹੈ, ਠੀਕ ਹੈ। ਇਹ ਸਭ ਕੁਝ ਜਾਣ ਕੇ ਮੈਨੂੰ ਕੋਈ ਅਸਚਰਜ ਨਹੀਂ ਹੋਇਆ। ਸ਼ੁਕਰੀਆ, ਤੁਹਾਡਾ ਬਹੁਤ-ਬਹੁਤ ਸ਼ੁਕਰੀਆ।'

ਕਪਤਾਨ ਹੈਰਾਨ ਹੋ ਕੇ ਮੇਰੇ ਪਿਤਾ ਵੱਲ ਵੇਖਣ ਲੱਗਾ। ਮੇਰੇ ਪਿਤਾ ਮੇਰੀ ਮਾਂ ਕੋਲ ਆਏ। ਉਹ ਬਹੁਤ ਬੇਚੈਨ ਸਨ। ਮੇਰੀ ਮਾਂ ਨੇ ਕਿਹਾ, 'ਬਹਿ ਜਾਵੋ! ਤੁਹਾਡੇ ਚਿਹਰੇ ਨੂੰ ਵੇਖ ਕੇ ਹਰ ਆਦਮੀ ਭਾਂਪ ਸਕਦਾ ਹੈ ਕਿ ਕੋਈ ਗੱਲ ਜ਼ਰੂਰ ਹੈ।'

ਬੈਂਚ 'ਤੇ ਬਹਿ ਕੇ ਮੇਰੇ ਪਿਤਾ ਤੁਤਲਾ ਕੇ ਬੋਲੇ, 'ਉਹੀ ਹੈ! ਉਹੀ ਹੈ! ਸਵਾਲ..?'

ਮੇਰੀ ਮਾਂ ਨੇ ਫੌਰਨ ਜਵਾਬ ਦਿੱਤਾ, 'ਬੱਚਿਆਂ ਨੂੰ ਉਸ ਤੋਂ ਦੂਰ ਰੱਖੋ। ਜੋਸੇਫ ਸਵਾਲ ਸਭ ਕੁਝ ਜਾਣਦਾ ਹੈ। ਉਸ ਨੂੰ ਕਹੋ ਕਿ ਉਹ ਸਭ ਨੂੰ ਇਥੇ ਬੁਲਾ ਲਵੇ। ਬਸ ਸਾਡੇ ਜਵਾਈ ਨੂੰ ਇਸ ਦੀ ਭਿਣਕ ਨਹੀਂ ਪੈਣੀ ਚਾਹੀਦੀ।'

ਮੇਰੇ ਪਿਤਾ ਨੂੰ ਕੁਝ ਵੀ ਸੁੱਝ ਨਹੀਂ ਰਿਹਾ ਸੀ। ਉਸ ਨੇ ਆਪਣੇ ਮੱਥੇ 'ਤੇ ਹੱਥ ਮਾਰ ਕੇ ਕਿਹਾ, 'ਬੜਾ ਭੈੜਾ ਭਾਣਾ ਵਰਤ ਗਿਆ ਸਾਡੇ ਨਾਲ।' ਗੁੱਸੇ 'ਚ ਲਾਲ ਪੀਲੀ ਹੋਈ ਮੇਰੀ ਮਾਂ ਨੇ ਕਿਹਾ, 'ਮੈਂ ਤਾਂ ਪਹਿਲੇ ਦਿਨ ਤੋਂ ਹੀ ਜਾਣਦੀ ਸੀ ਕਿ ਇਸ ਨਾਮੁਰਾਦ ਨੇ ਆਖਰ ਸਾਡੇ ਹੀ ਪੱਲੇ ਪੈਣਾ ਹੈ। ਉਹ ਕੁਝ ਵੀ ਕਰ ਸਕਦਾ ਹੈ।'

ਮੇਰੇ ਪਿਤਾ ਨੇ ਆਪਣੇ ਮੱਥੇ ’ਤੇ ਹੱਥ ਫੇਰਨਾ ਸ਼ੁਰੂ ਕਰ ਦਿੱਤਾ। ਮੇਰੀ ਮਾਂ ਦੀ ਝਿੜਕ ਸੁਣ ਕੇ ਉਹ ਏਦਾਂ ਹੀ ਕਰਦੇ ਹਨ। ਮਾਂ ਨੇ ਕਿਹਾ, ‘ਜੋਸੇਫ ਨੂੰ ਕਹੋ ਕਿ ਜਾ ਕੇ ਘੋਗਿਆਂ ਦੇ ਪੈਸੇ ਦੇ ਆਵੇ। ਜੇ ਉਸ ਮੰਗਤੇ ਨੇ ਸਾਨੂੰ ਪਛਾਣ ਲਿਆ ਤਾਂ ਸਭ ਕੁਝ ਤਬਾਹ ਹੋ ਜਾਊ। ਸਾਨੂੰ ਸਟੀਮਰ ’ਚ ਕਿਤੇ ਓਹਲੇ ਹੋ ਕੇ ਬੈਠਣਾ ਚਾਹੀਦਾ ਹੈ ਤਾਂ ਜੋ ਉਹ ਸਾਡੇ ਨੇੜੇ ਨਾ ਆਵੇ।’

ਮੇਰੇ ਪਿਤਾ ਨੇ ਮੈਨੂੰ ਪੰਜ ਫਰੈਂਕ ਦਿੱਤੇ ਤੇ ਮੈਂ ਉਸ ਨੂੰ ਪੈਸੇ ਦੇਣ ਲਈ ਤੁਰ ਪਿਆ।

ਮੈਨੂੰ ਵੇਖ ਕੇ ਮੇਰੀਆਂ ਭੈਣਾਂ ਹੈਰਾਨ ਸਨ। ਉਹ ਮੈਨੂੰ ਨਹੀਂ, ਪਿਤਾ ਜੀ ਨੂੰ ਉਡੀਕ ਰਹੀਆਂ ਸਨ। ਮੈਂ ਕਿਹਾ, ‘ਮਾਂ ਨੂੰ ‘ਸੀ ਸਿਕਨੈਸ’ ਹੋ ਗਈ ਹੈ। ਇਸ ਲਈ ਉਹ ਨਹੀਂ ਆ ਸਕੇ।’

ਫਿਰ ਮੈਂ ਘੋਗੇ ਵੇਚਣ ਵਾਲੇ ਬਜ਼ੁਰਗ ਤੋਂ ਪੁੱਛਿਆ, ‘ਮੌਸ਼ਿਅਰ! ਕਿੰਨੇ ਫਰੈਂਕ ਬਣੇ?’

ਮੈਂ ਅੰਕਲ ਕਹਿਣਾ ਚਾਹੁੰਦਾ ਸੀ!

ਉਸ ਨੇ ਕਿਹਾ, ‘ਢਾਈ ਫਰੈਂਕ।’

ਮੈਂ ਉਸ ਨੂੰ ਪੰਜ ਫਰੈਂਕ ਦਾ ਸਿਕਾ ਦਿੱਤਾ ਤੇ ਉਸ ਨੇ ਮੈਨੂੰ ਢਾਈ ਫਰੈਂਕ ਵਾਪਸ ਮੋੜ ਦਿੱਤੇ। ਮੈਂ ਗਹੁ ਨਾਲ ਉਸ ਦਾ ਚਿਹਰਾ ਵੇਖਿਆ। ਮੈਂ ਆਪਣੇ ਆਪ ਨੂੰ ਕਿਹਾ, ‘ਇਹ ਮੇਰੇ ਅੰਕਲ ਹਨ। ਮੇਰੇ ਪਿਤਾ ਦੇ ਸਕੇ ਭਰਾ, ਮੇਰੇ ਚਾਚਾ।’ ਮੈਂ ਉਸ ਨੂੰ ਅੱਧੇ ਫਰੈਂਕ ਦੀ ਟਿੱਪ ਦਿੱਤੀ। ਉਸ ਨੇ ਮੇਰਾ ਸ਼ੁਕਰੀਆ ਕੀਤਾ ਤੇ ਕਿਹਾ, ‘ਗੌਡ ਬਲੈਸ ਯੂ, ਮਾਈ ਯੰਗ, ਸਰ।’

ਉਸ ਦੀ ਆਵਾਜ਼ ਵਿਚ ਮੰਗਤੇ ਵਰਗੀ ਵਿਚਾਰਗੀ ਸੀ। ਮੇਰੀਆਂ ਭੈਣਾਂ ਮੇਰੀ ਖੁੱਲ੍ਹਦਿਲੀ ਵੇਖ ਕੇ ਬੜੀ ਹੈਰਾਨੀ ਨਾਲ ਮੈਨੂੰ ਵੇਖ ਰਹੀਆਂ ਸਨ। ਜਦੋਂ ਮੈਂ ਦੋ ਫਰੈਂਕ ਆਪਣੇ ਪਿਤਾ ਨੂੰ ਵਾਪਸ ਕੀਤੇ ਤਾਂ ਮੇਰੀ ਮਾਂ ਨੇ ਹੈਰਾਨ ਹੋ ਕਿਹਾ, ‘ਕੀ ਇਹ ਸੜੇ ਜਿਹੇ ਘੋਗੇ ਤਿੰਨ ਫਰੈਂਕ ਦੇ ਕਾਬਿਲ ਸਨ। ਨਿਰੀ ਠੱਗੀ।’ ਮੈਂ ਖਿੱਝ ਕੇ ਕਿਹਾ, ‘ਘੋਗੇ ਢਾਈ ਫਰੈਂਕ ਦੇ ਸਨ। ਅੱਧਾ ਫਰੈਂਕ ਮੈਂ ਟਿੱਪ ‘ਚ ਦਿੱਤਾ ਹੈ।’

’ਤੇਰਾ ਦਿਮਾਗ ਤਾਂ ਖਰਾਬ ਨਹੀਂ ਹੋ ਗਿਆ? ਤੂੰ ਅੱਧਾ ਫਰੈਂਕ ਨਾਹਕ ਹੀ ਗਵਾ ਦਿੱਤਾ।’ ਮੇਰੀ ਮਾਂ ਨੇ ਦੰਦ ਪੀਹ ਕੇ ਕਿਹਾ, ਪਰ ਮੇਰੇ ਪਿਤਾ ਵੱਲ ਵੇਖ ਕੇ ਉਹ ਚੁੱਪ ਹੋ ਗਈ। ਮੇਰੇ ਪਿਤਾ ਆਪਣੇ ਜਵਾਈ ਵੱਲ ਵੇਖ ਰਹੇ ਹਨ।

ਦੂਰ ਖਿਤਿਜ ’ਤੇ ਛਿਪਦੇ ਸੂਰਜ ਦੀ ਲਾਲ ਸੂਹੀ ਰੌਸ਼ਨੀ ਸਮੁੰਦਰ ਦੇ ਨੀਲੇ ਪਾਣੀ ਉਤੇ ਪੈ ਰਹੀ ਸੀ। ਸਟੀਮਰ ਬੰਦਰਗਾਹ ’ਤੇ ਪੁੱਜਣ ਵਾਲਾ ਸੀ। ਮੈਂ ਅੰਕਲ ਜਿਊਲਜ਼ ਕੋਲ ਜਾ ਕੇ ਉਸ ਨਾਲ ਗਲਵਕੜੀ ਪਾ ਕੇ ਰੋਣਾ ਚਾਹੁੰਦਾ ਸੀ, ਪਰ ਸਟੀਮਰ ’ਤੇ ਅੰਕਲ ਜਿਊਲਜ਼ ਕਿਧਰੇ ਵਿਖਾਈ ਨਹੀਂ ਦੇ ਰਹੇ ਸਨ। ਉਹ ਲੋਪ ਹੋ ਚੁੱਕੇ ਸਨ। ਸਵਾਲ ਸਟੀਮਰ ’ਤੇ ਕੋਈ ਵੀ ਘੋਗੇ ਖਰੀਦਣ ਵਾਲਾ ਨਹੀਂ ਸੀ। ਇਸ ਲਈ ਉਹ ਵੀ ਸਟੀਮਰ ਦੇ ਹੇਠਾਂ ਤਹਿਖਾਨੇ ਵਿਚ ਜਾ ਚੁੱਕੇ ਹੋਣਗੇ, ਜੋ ਉਸ ਗਰੀਬ ‘ਬੇਸਹਾਰਾ’ ਬਜ਼ੁਰਗ ਦੀ ਆਖਰੀ ਪਨਾਹਗਾਹ ਸੀ।

# ਕ੍ਰਿਸ਼ਨਾ ਸੋਬਤੀ : ਜਿਨ੍ਹਾਂ ਨੇ ਹਿੰਦੀ ਭਾਸ਼ੀ ਸਮਾਜ ਨੂੰ ਦੱਸਿਆ ਕਿ ਇਸਤਰੀ ਹੋਣਾ ਕੀ ਹੁੰਦਾ ਹੈ...

ਪ੍ਰਿਯਦਰਸ਼ਨ

94 ਸਾਲ ਦੀ ਉਮਰ ਵਿਚ ਮੌਤ ਸ਼ੋਕ ਦਾ ਵਿਸ਼ਾ ਨਹੀਂ ਹੁੰਦੀ। ਕ੍ਰਿਸ਼ਨਾ ਸੋਬਤੀ ਦੇ ਸਬੰਧ ਵਿਚ ਇਹ ਸ਼ੋਕ ਹੋਰ ਬੇਮਾਇਨੇ ਹੋ ਜਾਂਦਾ ਹੈ, ਜਿਨ੍ਹਾਂ ਦਾ ਪੂਰਾ ਜੀਵਨ ਅਤੇ ਸਾਹਿਤ ਜੀਵਣ, ਖ਼ੁਸ਼ੀਆਂ ਅਤੇ ਗੱਲਾਂ ਦਾ ਅਦਭੁੱਤ ਮਸ਼ਾਲ ਰਿਹਾ ਹੈ।

ਹਾਲ ਹੀ ਦੇ ਵਰ੍ਹਿਆਂ ਵਿਚ ਉਹ ਮੈਨੂੰ ਆਪਣੇ ਬੇਹੱਦ ਸੰਖੇਪ ਨਾਵਲ ‘ਏ ਲੜਕੀ’ ਦੀ ਬਜ਼ੁਰਗ ਨਾਇਕਾ ਦੀ ਯਾਦ ਦਿਵਾਉਂਦੀ ਰਹੀ ਸੀ, ਜਿਸ ਦੇ ਦਿਲੋ-ਦਿਮਾ.ਗ ’ਤੇ ਉਮਰ ਨਾਮ ਦਾ ਕੋਈ ਵੱਟ, ਕੋਈ ਝੁਰਗੀ ਦਾ ਅਹਿਸਾਸ ਤੱਕ ਨਹੀਂ ਮਿਲਦਾ ਸੀ। ਇਸ ਤੋਂ ਇਲਾਵਾ ਹਾਲ ਦੇ ਦਿਨਾਂ ਵਿਚ ਉਹ ਲਗਾਤਾਰ ਬਿਮਾਰ ਰਹਿ ਰਹੀ ਸੀ। ਬੀਤੇ ਵਰ੍ਹੇ ਉਨ੍ਹਾਂ ਨੂੰ ਜਦੋਂ ਗਿਆਨਪੀਠ ਸਨਮਾਨ ਦਿੱਤਾ ਜਾ ਰਿਹਾ ਸੀ ਤਾਂ ਵੀ ਉਹ ਸਮਾਗਮ ਦੀ ਥਾਂ ਹਸਪਤਾਲ ਵਿਚ ਸਨ। ਪਰ ਇਹ ਸਮਝਣਾ ਜ਼ਰੂਰੀ ਹੈ ਕਿ ਕ੍ਰਿਸ਼ਨਾ ਸੋਬਤੀ ਦੇ ਹੋਣ ਦਾ ਮੁੱਲ ਕੀ ਸੀ ਅਤੇ ਉਨ੍ਹਾਂ ਦੇ ਜਾਣ ਦਾ ਮਤਲਬ ਕੀ ਹੈ। ਉਹ ਕਿਹੋ ਜਿਹੀ ਪਰੰਪਰਾ ਲੈ ਕੇ ਆਈ ਅਤੇ ਕਿਹੋ ਜਿਹੀ ਲੀਕ ਛੱਡ ਕੇ ਗਈ ਹੈ।



ਕ੍ਰਿਸ਼ਨਾ ਸੋਬਤੀ ਹਿੰਦੀ ਵਿਚ ਖ਼ਾਸ ਕਰਕੇ ਇਸਤਰੀ ਲੇਖਣ ਦੇ ਸ਼ਾਂਤ ਸ਼ੀਤਲ ਤਲਾਬ ਵਿਚ ਅਜਿਹੇ ਪੱਥਰ ਵਾਂਗ ਸੀ, ਜਿਸ ਨੇ ਪੂਰੇ ਤਲਾਬ ਨੂੰ ਹਲਚਲਾਂ ਨਾਲ ਭਰ ਦਿੱਤਾ। ਬੇਸ਼ੱਕ, ਉਨ੍ਹਾਂ ਤੋਂ ਪਹਿਲਾਂ ਦੀਆਂ ਨਾਇਕਾਵਾਂ ਵੀ ਆਜ਼ਾਦ ਅਤੇ ਸਵੈਮਾਣ ਨਾਲ ਭਰੀਆਂ ਦਿਖਾਈ ਦਿੰਦੀਆਂ ਸਨ, ਆਪਣੇ ਵਿਅਕਤੀਤਵ ਨੂੰ ਖੋਜਦੀਆਂ ਸਨ, ਪਰ ਉਹ ਬੜੀਆਂ ਸੁਘੜ ਗੁੱਡੀਆਂ ਵਾਂਗ ਸਨ, ਜੋ ਚੰਗੀਆਂ ਤਾਂ ਲਗਦੀਆਂ ਹਨ, ਪਰ ਅਜਿਹੀਆਂ ਜੀਵਨ ਭਰਪੂਰ ਨਹੀਂ ਕਿ ਸਾਨੂੰ ਪ੍ਰੇਸ਼ਾਨ ਕਰ ਸਕਣ। ਕ੍ਰਿਸ਼ਨਾ ਸੋਬਤੀ ਨੇ ਪਹਿਲਾ ਕੰਮ ਇਹੀ ਕੀਤਾ ਕਿ ਇਨ੍ਹਾਂ ਗੁੱਡੀਆਂ ਨੂੰ ਹੱਡ-ਮਾਸ ਦੀਆਂ ਔਰਤਾਂ ਵਿਚ ਬਦਲਿਆ ਤੇ ਫਿਰ ਉਹ ਜ਼ੁਬਾਨ ਦਿੱਤੀ ਜੋ ਮਰਦਵਾਦ ਦੇ ਕੰਨ ਵਿਚ ਸ਼ੀਸ਼ੇ ਵਾਂਗ ਪੈਂਦੀ ਸੀ।

ਉਨ੍ਹਾਂ ਦਿਨਾਂ ਦੇ ਹਿੰਦੀ ਸੰਸਾਰ ਵਿਚ ਆਪਣੀ ਦੇਹ ਤੋਂ ਘਬਰਾਈ, ਸ਼ਰਮਾਈ, ਉਸ ਨੂੰ ਲੁਕਾਉਣ ਅਤੇ ਉਸ ਦੀਆਂ ਕਾਮਨਾਵਾਂ ਨੂੰ ਨਾ ਦਿਖਣ ਦੇ ਲੱਖ ਯਤਨ ਕਰਦੀਆਂ ਨਾਇਕਾਵਾਂ ਨੇ ਕ੍ਰਿਸ਼ਨਾ ਸੋਬਤੀ ਦੇ ਨਾਵਲ ‘ਮਿਤਰੋ ਮਰਜਾਨੀ’ ਦੇ ਪ੍ਰਕਾਸ਼ਨ ਮਗਰੋਂ ਅਚਾਨਕ ਦੇਖਿਆ ਕਿ ਉਨ੍ਹਾਂ ਵਿਚਾਲੇ ਇਕ ਮਿਤਰੋ ਖੜ੍ਹੀ ਹੈ ਜੋ ਆਪਣੀ ਦੇਹ ਨੂੰ ਲੈ ਕੇ ਕਦੇ ਵੀ ਦੁਚਿਤੀ ਵਿਚ ਨਹੀਂ ਰਹੀ, ਉਹ ਆਪਣੇ ਪਤੀ ਤੋਂ ਕੁੱਟ ਵੀ ਖਾ ਲੈਂਦੀ ਹੈ, ਪਰ ਉਸ ਦੇ ਵਿਅਕਤੀਤਵ ਦੀ ਜੋ ਚਮਕ ਹੈ, ਉਸ ਵਿਚ ਜੋ ਸੰਘਰਸ਼ ਦਾ ਮਾਦਾ ਹੈ, ਉਹ ਕਦੇ ਖ਼ਤਮ ਹੁੰਦਾ ਹੀ ਨਹੀਂ।

ਹਿੰਦੀ ਭਾਸ਼ੀ ਸਮਾਜ ਨੂੰ ਦੱਸਿਆ-ਇਸਤਰੀ ਹੋਣਾ ਕੀ ਹੁੰਦਾ ਹੈ :

ਆਉਣ ਵਾਲੇ ਤਮਾਮ ਵਰ੍ਹਿਆਂ ਵਿਚ ਕ੍ਰਿਸ਼ਨਾ ਸੋਬਤੀ ਇਸ ਤਰ੍ਹਾਂ ਦੇ ਜੀਵਨ ਬਾਰੇ ਵਾਰ-ਵਾਰ ਲਿਖਦੀ ਅਤੇ ਜਿਉਂਦੀ ਰਹੀ। ‘ਡਾਰ ਸੇ ਬਿਛੜੀ’, ‘ਜ਼ਿੰਦਗੀਨਾਮਾ’, ‘ਸੂਰਜਮੁਖੀ ਅੰਧੇਰੇ ਕੇ’, ‘ਦਿਲੋ ਦਾਨਿਸ਼’, ‘ਸਮਯ ਸਰਗਮ’ ਵਰਗੀਆਂ ਢੇਰ ਸਾਰੀਆਂ ਰਚਨਾਵਾਂ ਰਚੀਆਂ ਜੋ ਵੱਖ ਵੱਖ ਕਿਰਦਾਰਾਂ ਅਤੇ ਕਹਾਣੀਆਂ ਵਿਚ ਢਲ ਕੇ ਵਾਰ-ਵਾਰ ਕ੍ਰਿਸ਼ਨਾ ਸੋਬਤੀ ਦੀ ਆਪਣੀ ਜੀਵਨ ਦ੍ਰਿਸ਼ਟੀ ਦੇ ਬੇਬਾਕ ਬਿਆਨ ਵਾਂਗ ਸਾਹਮਣੇ ਆਉਂਦੀਆਂ ਰਹੀਆਂ।

ਉਹ ਬਹੁਤ ਡੂੰਘੇ ਅਰਥਾਂ ਵਿਚ ਨਾਰੀਵਾਦੀ ਨਹੀਂ ਸਨ, ਸ਼ਾਇਦ ਖ਼ੁਦ ਨੂੰ ਅਜਿਹੇ ਕਿਸੇ ਵਿਸ਼ੇਸ਼ਣ ਵਿਚ ਢਾਲੇ ਜਾਣ ਤੋਂ ਝਿਜਕ ਵੀ ਕਰਦੇ ਸਨ, ਪਰ ਉਨ੍ਹਾਂ ਦੇ ਨਾਵਲਾਂ ਨੇ ਹਿੰਦੀ ਲੇਖਣ ਦੀ ਉਹ ਖਿੜਕੀ ਖੋਲ੍ਹੀ, ਹਿੰਦੀ ਭਾਸ਼ੀ ਸਮਾਜ ਨੂੰ ਉਹ ਦੁਨੀਆ ਦਿਖਾਈ ਜਿਸ ਵਿਚ ਇਸਤਰੀ ਹੋਣ ਦਾ ਮਤਲਬ ਦੇਵੀ ਜਾਂ ਦਾਸੀ ਹੋਣਾ ਨਹੀਂ, ਹੱਡ-ਮਾਸ ਦੀਆਂ ਉਹ ਕੁੜੀਆਂ ਹੋਣਾ ਵੀ ਹੁੰਦਾ ਹੈ ਜਿਨ੍ਹਾਂ ਦੀਆਂ ਆਪਣੀਆਂ ਇਛਾਵਾਂ ਹੁੰਦੀਆਂ ਹਨ, ਜਿਨ੍ਹਾਂ ਦੀਆਂ ਆਪਣੀ ਨਿਰਾਸ਼ਾਵਾਂ ਹੁੰਦੀਆਂ ਹਨ, ਜਿਨ੍ਹਾਂ ਦੀਆਂ ਆਪਣੀਆਂ ਅਸਫਲਤਾਵਾਂ ਹੁੰਦੀਆਂ ਹਨ, ਪਰ ਇਨ੍ਹਾਂ ਸਭ ਦੇ ਬਾਵਜੂਦ ਜਿਨ੍ਹਾਂ ਅੰਦਰ ਲੜਨ ਅਤੇ ਜਿਉਣ ਦਾ ਆਪਣਾ ਮਾਦਾ ਵੀ ਹੁੰਦਾ ਹੈ।

ਅੱਜ ਜੇਕਰ ਹਿੰਦੀ ਦੇ ਨਾਰੀ ਲੇਖਣ ਨੇ ਆਪਣੀ ਵੱਖਰੀ ਥਾਂ-ਜ਼ਮੀਨ ਅਤੇ ਦ੍ਰਿਸ਼ਟੀ ਬਣਾਈ ਹੈ ਤਾਂ ਇਸ ਵਿਚ ਕੁਝ ਯੋਗਦਾਨ ਕ੍ਰਿਸ਼ਨਾ ਸੋਬਤੀ ਦੇ ਲੇਖਣ ਦਾ ਵੀ ਹੈ। ਦਰਅਸਲ, ਕ੍ਰਿਸ਼ਨਾ ਸੋਬਤੀ ਇਕ ਪੂਰੀ ਪਰੰਪਰਾ ਦਾ ਵਿਸਥਾਰ ਹੈ। ਜਿਸ ਨੂੰ ਸਮਝਣ ਲਈ ਸਾਨੂੰ ਹਿੰਦੀ ਦੇ ਦਾਇਰੇ ਤੋਂ ਬਾਹਰ ਜਾਣਾ ਪਏਗਾ। ਇਹ ਇਤ.ਫ਼ਾਕ ਨਹੀਂ ਹੈ ਕਿ ਵੀਹਵੀਂ ਸਦੀ ਦੇ ਤੀਸਰੇ ਦਹਾਕੇ ਵਿਚ ਤਿੰਨ ਵੱਡੀਆਂ ਲੇਖਕਾਵਾਂ ਲਗਭਗ ਇਕੋ ਵੇਲੇ ਪੈਦਾ ਹੁੰਦੀਆਂ ਹਨ-ਮਹਾਂਸ਼ਵੇਤਾ ਦੇਵੀ, ਕ੍ਰਿਸ਼ਨਾ ਸੋਬਤੀ ਤੇ ਕੁਰਰਤੁਲਏਨ ਹੈਦਰ।

ਤਿੰਨ੍ਹਾਂ ਵਿਚ ਬੱਸ ਇਕ-ਇਕ ਸਾਲ ਦਾ ਅੰਤਰ ਹੈ। ਇਸ ਤੋਂ ਕੁਝ ਵਰ੍ਹੇ ਪਹਿਲਾਂ ਅਮ੍ਰਿਤਾ ਪ੍ਰੀਤਮ ਆਉਂਦੀ ਹੈ ਤੇ ਉਨ੍ਹਾਂ ਤੋਂ ਕੁਝ ਵਰ੍ਹੇ ਪਹਿਲਾਂ ਇਸਮਤ ਚੁਗਤਈ। ਪਤਾ ਨਹੀਂ, ਭਾਰਤੀ ਉਪ ਮਹਾਂਦੀਪ ਵਿਚ ਇਕੋ ਸਮੇਂ ਇਹ ਕਿਹੜਾ ਸਾਂਚਾ ਸੀ ਜਿਸ ਵਿਚ ਵਿਦਰੋਹ ਦੀਆਂ ਇਹ ਮੂਰਤਾਂ ਆਕਾਰ ਲੈ ਰਹੀਆਂ ਸਨ, ਪਰ ਇਨ੍ਹਾਂ ਬਹੁਤ ਸਮਰਥ ਲੇਖਕਾਵਾਂ ਅਤੇ ਨਾਰੀਆਂ ਨੇ ਭਾਰਤੀ ਨਾਰੀ ਦਾ ਉਹ ਝੰਡਾ ਫਹਿਰਾਇਆ, ਜਿਸ ਦੀ ਸ਼ਾਇਦ ਮਜਾਜ਼ ਨੇ ਕਦੇ ਉਨ੍ਹੀਂ ਦਿਨੀਂ ਕਲਪਨਾ ਕੀਤੀ ਸੀ-

ਮਾਥੇ ਪੇ ਤੇਰੇ ਆਂਚਲ ਯੇ ਬਹੁਤ ਖ਼ੂਬ ਹੈ ਲੇਕਿਨ
ਇਸ ਆਂਚਲ ਸੇ ਤੂ ਏਕ ਪਰਚਮ ਬਨਾ ਲੇਤੀ ਤੋ ਅੱਛਾ ਥਾ।

ਤਾਂ ਇਹ ਉਹ ਪਰੰਪਰਾ ਹੈ, ਜਿਸ ਨੇ ਕ੍ਰਿਸ਼ਨਾ ਸੋਬਤੀ ਨੂੰ ਬਣਾਇਆ ਅਤੇ ਜਿਸ ਨੂੰ ਕ੍ਰਿਸ਼ਨਾ ਸੋਬਤੀ ਨੇ ਬਣਾਇਆ।

ਲੇਖਣ ਵਿਚ ਜ਼ਿੰਦਗੀ :

Laddi Padda Realtor
RE/MAX
Medallion Award Winner 20÷2
ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖ਼ਰੀਦਣ ਜਾਂ ਵੇਚਣ ਲਈ ਭਰੋਸੇਮੰਦ ਰੀਐਲਟਰ ਲਾਡੀ ਪੱਡਾ ਨੂੰ ਮਿਲੋ ਜਾਂ ਫ਼ੋਨ ਕਰੋ
ਘਰ ਛੋਟਾ ਹੋਵੇ ਜਾਂ ਵੱਡਾ, ਹਮੇਸ਼ਾ ਯਾਦ ਰੱਖੋ
ਲਾਡੀ ਪੱਡਾ
For Buying, Selling or Investing
Call Honest Realtor
Laddi Padda

lpadda08@gmail.com
MLS MULTIPLE LISTING SERVICE
REALTOR
Cell: 780-667-6767
276÷ Hewes Way, Edmonton, AB T6L 6N5
Phone : 780-462-5000, Fax : 780-463-0÷88

ਕ੍ਰਿਸ਼ਨਾ ਸੋਬਤੀ ਦੇ ਲੇਖਣ ਵਿਚ ਜੋ ਜ਼ਿੰਦਗੀ ਦਿਖਾਈ ਦਿੰਦੀ ਹੈ, ਉਹੀ ਉਨ੍ਹਾਂ ਦੇ ਜੀਵਨ ਵਿਚ ਵੀ ਨਜ਼ਰ ਆਉਂਦੀ ਰਹੀ ਹੈ। ਬੇਸ਼ੱਕ ਬਾਅਦ ਦੇ ਵਰ੍ਹਿਆਂ ਵਿਚ ਉਨ੍ਹਾਂ ਦੀਆਂ ਰਚਨਾਵਾਂ ਵਿਚ ਬਿਮਾਰੀ ਤੇ ਬੁਢਾਪੇ ਦਾ ਪ੍ਰਛਾਵਾਂ ਦਿਖਾਈ ਦਿੰਦਾ ਹੈ ਪਰ ਬੇਬਸੀ ਨਹੀਂ।

ਇਸ ਸਮੇਂ ਦੌਰਾਨ ਉਹ 'ਸਮਯ ਸਰਗਮ' ਵਰਗਾ ਨਾਵਲ ਲਿਖਦੇ ਹਨ ਤੇ ਉਸ ਤੋਂ ਬਾਅਦ ਵੀ ਦੋ ਦਹਾਕੇ ਤੋਂ ਜ਼ਿਆਦਾ ਸਮੇਂ ਤੱਕ ਸਰਗਰਮ ਰਹਿੰਦੇ ਹਨ। ਇਸ ਸਰਗਰਮੀ ਦੇ ਕਈ ਪੱਖ ਹਨ। ਕਰੀਬ ਦੋ ਵਰ੍ਹੇ ਪਹਿਲਾਂ ਉਨ੍ਹਾਂ ਦਾ ਆਤਮਕਥਾ ਨਾਵਲ 'ਗੁਜਰਾਤ ਪਾਕਿਸਤਾਨ ਸੇ ਗੁਜਰਾਤ ਹਿੰਦੁਸਤਾਨ' ਆਉਂਦਾ ਹੈ, ਜਿਸ ਵਿਚ ਉਹ ਵੰਡ ਦੀ ਤਰਾਸਦੀ ਵਿਚਾਲੇ ਇਕ ਛੋਟੀ ਜਿਹੀ ਰਿਆਸਤ ਦੀ ਕਹਾਣੀ ਕਹਿੰਦੇ ਹਨ ਅਤੇ ਇਸ ਗੱਲ ਵੱਲ ਧਿਆਨ ਖਿੱਚਦੇ ਹਨ ਕਿ ਸਰਹੱਦਾਂ ਦੇ ਆਰ-ਪਾਰ ਚੱਲ ਰਹੀ ਸਿਆਸਤ ਕਿੰਨੀ ਤਰ੍ਹਾਂ ਦੀ ਵਹਿਸ਼ਤ ਪੈਦਾ ਕਰਦੀ ਹੈ, ਉਸ ਨੇ ਕਿਸ ਕਿਸ ਤਰ੍ਹਾਂ ਦੇ ਬਟਵਾਰੇ ਕਰ ਦਿੱਤੇ ਹਨ।

ਸ਼ਾਇਦ ਇਹ ਜ਼ਿੰਦਗੀ ਹੀ ਸੀ, ਜਿਸ ਨੇ ਕ੍ਰਿਸ਼ਨਾ ਜੀ ਨੂੰ ਲੈ ਕੇ ਵਿਚਾਰਕ ਤੌਰ 'ਤੇ ਸਰਗਰਮ ਬਣਾਈ ਰੱਖਿਆ। ਕੁਝ ਵਰ੍ਹੇ ਪਹਿਲਾਂ ਜਦੋਂ ਹਿੰਦੀ ਦੇ ਬੁੱਧੀਜੀਵੀਆਂ ਨੇ ਸਮਾਜ ਵਿਚ ਵਧਦੀ ਅਸਹਿਣਸ਼ੀਲਤਾ ਦੇ ਖ਼ਿਲਾਫ਼ ਮੁਹਿੰਮ ਚਲਾਈ ਅਤੇ ਇਕ ਪ੍ਰੋਗਰਾਮ ਰੱਖਿਆ ਤਾਂ ਉਥੇ ਉਹ ਵਹੀਲਚੇਅਰ 'ਤੇ ਪਹੁੰਚੀ ਅਤੇ ਉਨ੍ਹਾਂ ਨੇ 'ਬਾਬਰੀ ਸੇ ਦਾਦਰੀ ਤੱਕ' ਦੀਆਂ ਘਟਨਾਵਾਂ ਨੂੰ ਅੰਡਰਲਾਈਨ ਕੀਤਾ। ਉਨ੍ਹਾਂ ਨਾਲ ਜਦੋਂ ਵੀ ਮੁਲਾਕਾਤ ਕੀਤੀ, ਉਹ ਬੇਹੱਦ ਮਹਿਕ ਨਾਲ ਭਰੀ, ਸਮਕਾਲੀ ਸਵਾਲਾਂ ਨਾਲ ਹੀ ਨਹੀਂ, ਬਿਲਕੁਲ ਤਤਕਾਲੀ ਸੰਦਰਭਾਂ 'ਤੇ ਵੀ ਉਤਸਕ ਦਿਖਾਈ ਦਿੱਤੇ ਅਤੇ ਹਮੇਸ਼ਾ ਬਰਾਬਰੀ ਦੇ ਪੱਖ ਵਿਚ ਮੋਹਰੀ ਨਜ਼ਰ ਆਏ। ਦੋ ਵਰ੍ਹੇ ਪਹਿਲਾਂ ਉਨ੍ਹਾਂ ਨਾਲ ਮੇਰੀ ਆਖ਼ਰੀ ਮੁਲਾਕਾਤ ਉਨ੍ਹਾਂ ਦੇ ਘਰ ਹੋਈ। 92 ਪਾਰ ਦੀ ਕ੍ਰਿਸ਼ਨਾ ਜੀ ਨਾਲ ਉਸ ਮੁਲਾਕਾਤ ਤੋਂ ਪਹਿਲਾਂ ਮੇਰੀ ਪਤਨੀ ਸਮਿਤਾ ਅਤੇ ਮੈਂ ਇਹ ਸੋਚ ਰਹੇ ਸੀ ਕਿ ਉਹ ਕੁਝ ਕਮਜ਼ੋਰ ਹੋਣਗੇ।

ਬੇਸ਼ੱਕ ਸਰੀਰਕ ਤੌਰ 'ਤੇ ਉਹ ਕੁਝ ਕਮਜ਼ੋਰ ਸਨ, ਪਰ ਕਿਸੇ ਵੀ ਪੱਖ ਤੋਂ ਕਮਜ਼ੋਰ ਨਹੀਂ ਦਿਖਾਈ ਦਿੱਤੇ ਅਤੇ ਦੋ ਘੰਟੇ ਤੱਕ ਲਗਾਤਾਰ ਕਈ ਵਿਸ਼ਿਆਂ 'ਤੇ ਗੱਲ ਕਰਦੇ ਰਹੇ। ਉਨ੍ਹਾਂ ਨੂੰ ਮਿਲ ਕੇ ਪਰਤਦਿਆਂ ਸਾਨੂੰ ਲੱਗਾ ਕਿ ਸਾਡੇ ਅੰਦਰ ਵੀ ਇਕ ਨਵੀਂ ਯਾਦ ਦਾ ਸੰਚਾਰ ਹੋ ਚੁੱਕਾ ਹੈ। ਉਹ ਯਾਦਾਂ ਨਾਲ ਵੀ ਭਰੇ ਹੋਏ ਸਨ ਤੇ ਯੋਜਨਾਵਾਂ ਨਾਲ ਵੀ ਲੈਸ। ਉਹ ਹਸਪਤਾਲ ਜਾ ਜਾ ਕੇ ਆਉਂਦੇ ਰਹਿੰਦੇ ਸਨ- ਜਿਵੇਂ ਵਾਰ ਵਾਰ ਕਿਸੇ ਅਣਜਾਣ ਖ਼ੁਦਾ ਤੋਂ ਇਕਬਾਲ ਦਾ ਇਹ ਸ਼ੇਅਰ ਕਹਿ ਕੇ ਪਰਤ ਆਉਂਦੇ ਹੋਣ-

ਬਾਗੇ ਬਹਿਸ਼ਤ ਸੇ ਮੁਝੇ ਹੁਕਮੇ ਸਫ਼ਰ ਦਿਆ ਥਾ ਕਿਉਂ

ਕਾਰੇ ਜਹਾਂ ਦਰਾਜ਼ ਹੈ ਅਬ ਮਿਰਾ ਇੰਤਜ਼ਾਰ ਕਰ।

ਬੇਸ਼ੱਕ ਕੰਮ ਬਹੁਤ ਹਨ- ਸਮਾਜ ਨੂੰ ਸੁੰਦਰ ਬਣਾਉਣ ਦਾ, ਮਨੁੱਖ ਨੂੰ ਉਸ ਦੀ ਮਨੁੱਖਾ ਵਾਪਸ ਕਰਨ ਦਾ, ਸਮਾਂ ਤੇ ਸਭਿਅਤਾ ਨੂੰ ਜ਼ਿਆਦਾ ਖੁਸ਼ਹਾਲ ਬਣਾਉਣ ਦਾ। ਕ੍ਰਿਸ਼ਨਾ ਜੀ ਹੁਣ ਚਲੇ ਗਏ ਹਨ ਤੇ ਸਾਡੇ ਜ਼ਿੰਮੇ ਇਹ ਕੰਮ ਛੱਡ ਗਏ ਹਨ।



# Matrimonial

## ਵਰ ਦੀ ਲੋੜ

ਜੱਟ ਸਿੱਖ ਲੜਕੀ 28 ਸਾਲ 5' ਫੁੱਟ 3" ਇੰਚ, ਇੰਡੀਆ ਤੋਂ ਇੰਜੀਨੀਅਰਿੰਗ ਗਰੈਜੂਏਟ। NAIT ਤੋਂ ਗਰੈਜੂਏਟ ਪੀ.ਆਰ. ਲਈ ਫ਼ਾਈਲ ਲੱਗੀ। ਲੜਕੀ ਲਈ ਪੜ੍ਹੇ ਲਿਖੇ ਲੜਕੇ ਦੀ ਲੋੜ। ਦੁਆਬੇ ਨੂੰ ਪਹਿਲ। ਸੰਪਰਕ 587-336-2310

---

Jatt Sikh girl, Age 25 years, Height 5'6", Registered Nurse seeking Jatt Sikh boy, must be an engineer, a Veterinary doctor or a business man, Edmonton and Calgary are preffered. Call 780 200 3754, or via email : k.guru@hotmail.ca

---

Canadian born, 29 years old and 5'4" tall, girl. She is going for CPA and is currently working with good paying job. Looking for boy, educated and settled in Canada. Call 780 446 5721

---

Seeking a suitable match for Jatt Sikh girl, age 29 years and 5'3" tall. Education; B. Tech, M. Tech (int.). Currently working as a professor, has one elder brother, settled in Edmonton, Canada. Phone No. 587 501 3604

---

31 year, beautiful, 5'5" tall, girl, MBA (HR and Finance), completing CPA. Brother permanently settled in Canada. Seeking a suitable Punjabi boy should be well educated, a Canadian PR or Citizen, age up to 34-year-old (preferred from Delhi). Contact: 780-716-4729 or email: skdragon2001@yahoo.co.in

----

Canadian born, 29 years old and 5'4" tall, girl, is going for CPA and is currently working with a good paying job. Looking for a boy, educated and settled in Canada. Contact at 780 446 5721

---

Dhillon Family 30 years old 5'5 nursing from India smart, intelligent Canadian PR girl looking Canadian boy . only Amritsar area boys can contact. Bio data will be email on kaursurjeet123@gmail.com

---

Seeking a suitable match for Jatt Sikh girl, age 29 years and 5'3" tall, B. Tech, M. Tech (int.). Currently working as a professor, has one elder brother, settled in Edmonton, Canada. Phone No. 587 501 3604

## ਕੰਨਿਆ ਦੀ ਲੋੜ

ਜੱਟ ਸਿੱਖ ਪੂਨੀਆ ਲੜਕਾ, ਉਮਰ 31 ਸਾਲ ਕੱਦ 5' - 7 ਇੰਚ, ਬੀ.ਏ., ਆਈ.ਟੀ.ਆਈ. (ਵੈਲਡਰ) ਸਾਢੇ ਗਿਆਰ੍ਹਾਂ ਕਿੱਲੇ ਜ਼ਮੀਨ, ਨਸ਼ਾ ਰਹਿਤ ਲੜਕੇ ਲਈ Canadian imigrant citizen ਲੜਕੀ ਦੀ ਲੋੜ। ਲੜਕਾ ਕਨੇਡਾ ਦੇ ਵਿਜ਼ਟਰ ਵੀਜ਼ਾ ਉਪਰ। ਹੋਰ ਜਾਣਕਾਰੀ ਲਈ ਸੰਪਰਕ ਕਰੋ 780-271-50 33, ਈਮੇਲ : watenmill2011@hotmail.com

---

Jat Sikh 37 years male 6ft tall. Born and raised in USA. Boy has Citizenship of Canada also. Studying Aviation Technology. Looking for a match 28-34 years of age, height 5'4"-5'6". Medical or Technical preferred. Contact # 317-997-8016. Email rnnahal@gmail.com

---

Smart, Graduate, Hindu Brahmin boy Age 29, H-5.10. on Work permit in Canada. Contact no. 13065029142.or 5879304952

## ਕੰਨਿਆ ਦੀ ਲੋੜ

---

ਰਾਮਗੜ੍ਹੀਆ ਸਿੱਖ 5'11", 26 ਸਾਲ ਅਮਰੀਕਾ 'ਚ ਸਟੂਡੈਂਟ ਵੀਜ਼ੇ 'ਤੇ (ਕਨੇਡਾ ਦਾ ਮਲਟੀਪਲ 10 ਸਾਲਾ ਵੀਜ਼ਾ ਵੀ ਹੈ), ਲਈ ਸੁੰਦਰ ਪੜ੍ਹੀ ਲਿਖੀ ਕਨੇਡਾ ਵਾਸੀ ਕੰਨਿਆ ਦੀ ਜ਼ਰੂਰਤ ਹੈ। ਸੰਪਰਕ 780-990-9349

---

Jatt Sikh canadian citizen, well settled, handsome, clean shaven, non Drinker 30 yr 6'÷" tall, Post Graduate, Govt. job with good pay, looking for educated, Beautiful, family oriented tall girl. Please contact 1-7807083150, gillmajha@gmail.com

---

Seeking a suitable match for a Jatt Sikh Ratol, 29 years old, 6' tall boy. Currently, in Canada on the visitor visa. The cast is no bar. A divorced can be considered. For more information, please contact: 780-995-5475

----

Smart match for +2 in non medical, 2yr ASI Diploma of agriculture from Ludhiana university (1yr experience in bayar company), Hotel management from institute of Gurdaspur, 3yr gratuation in BCA from GNDU, 1 yr PGDCA, 1yr B-Lip librarians, 2 yr M. Sc. Computer science continue from GNDU single boy, Height 5. 11 " feet. 11 acres Property for both brother's. Contact : 780 807 0375

----

Seeking a suitable match for 22 years 6' Gupta ( Mahajan ) boy. Pursuing Master of Business Management in India. boy is totally teetotaler

## ਕੰਨਿਆ ਦੀ ਲੋੜ

and well educated. caste no bar. his sister is well settled in Canada. contact no 780-761-3393.

---

Smart match for MBBS Handsome single boy, 6-11-1988, 5'-10", father-mother Govt. employees, sister married. Contact: hotincoolsingh@yahoo.com, or 94171-88904.

---

In search for a UNMARRIED, SIKH RAJPUT Beautiful Bride for a very Handsome Groom. The Groom is CANADIAN CITIZEN, highly qualified, currently employed with a high managing position in an Engineering Firm, 31 years of age, very handsome, stands 5'6", very fair complexion, divorced and has one son who is 5 years of age. We are looking for a Bride with following qualities: UNMARRIED, GOOD FAMILY VALUES, SIKH RAJPUT, BEAUTIFUL, WELL EDUCATED, WELL CULTURED. SERIOUS INQUIRIES & RESPONSES Are more than welcomed to contact for more information. Please Call : +1 780 686 3798

----

### ਦੋ ਲੜਕੀਆਂ ਦੀ ਲੋੜ

ਜੱਟ ਸਿੱਖ ਕੈਨੇਡੀਅਨ ਲੜਕਾ, 25 ਸਾਲ, 5'8" ਲਈ ਸੁੰਦਰ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਕ੍ਰਿਪਾ ਕਰਕੇ ਉਹ ਪਰਿਵਾਰ ਹੀ ਸੰਪਰਕ ਕਰਨ ਜੋ ਲੜਕੇ ਦੇ ਇੰਡੀਆ ਰਹਿੰਦੇ ਭਰਾ, 29 ਸਾਲ, 5'9" ਲਈ ਕੈਨੇਡੀਅਨ ਜਾਂ ਯੂ.ਕੇ. ਇੰਮੀਗ੍ਰਾਂਟ ਲੜਕੀ ਦਾ ਰਿਸ਼ਤਾ ਕਰਵਾ ਸਕਣ।

ਸੰਪਕਰ : 0044-7999181322, 001-780 2371663 billasingh1971@live.co.uk

# Classified Plus

## Name Change

I, Ranjit Singh, son of Nirmal Singh, holder of Indian passport No. H 1684377, issued at Vancouver, on 29/12/2008, VPO Sikandarpur Distt Jalandhar, and presently residing at 3407 20 street NW, Edmonton AB T6T 0B3, do hereby change my name from Ranjit Singh to Ranjit Singh Soos with immediate effect.

## Baby Sitter Required

Permanent, Full time, Live-in/ live-out, Bondable, Flexibile, Organized. Travel with family on trips and assist with child supervision and housekeeping duties. Assume full responsibility for household in absence of parents. Perform cleaning duties and discipline child according to the methods of parents, keep record of daily activities, supervise and care of children. Maintain safe, healthy environment at home, secondary (high) school. $15 per hour 40 hours per week.

**Email: tarandhillon@hotmail.ca**

## ਕਾਰਪੇਂਟਰ ਹੈਲਪਰ ਦੀ ਲੋੜ

ਕਿਚਨ ਕੈਬਨਿਟ ਬਣਾਉਣ ਵਾਲੀ ਕੰਪਨੀ ਵੈਸਟਫੋਰਕ ਇੰਟੀਰੀਅਰਜ਼ ਨੂੰ ਕਾਰਪੇਂਟਰ ਹੈਲਪਰ ਦੀ ਜ਼ਰੂਰਤ ਹੈ। ਤਨਖ਼ਾਹ ਤਜ਼ਰਬੇ ਅਨੁਸਾਰ। ਵਧੇਰੇ ਜਾਣਕਾਰੀ ਲਈ

**ਗੁਰਮੇਲ ਮਠਾੜੂ**

**780-990-9349 ਜਾਂ**

**ਰਣਜੀਤ ਮਠਾੜੂ**

**780-907-9889**

ਨਾਲ ਸੰਪਰਕ ਕਰੋ।

Email : info@westforkinteriors.com




**City Estates**

All Types of Property, Plots & Kothis available for Sale & Purchase in Chandigarh/Mohali/ Panchkula.

For More Info Contact: SCO 123, Phase 7, Mohali (Punjab)

**011 91 98147 11263 or 011 91 98729 73304**

# ਕਿੱਸਾ ਕਹਾਣੀਕਾਰ ਅਜੀਤ ਕੌਰ ਦੀ ਅਸੀਸ ਦਾ!

ਗੁਰਬਚਨ ਸਿੰਘ ਭੁੱਲਰ



ਅਜੀਤ ਕੌਰ ਦਾ ਨਾਂ ਸਭ ਤੋਂ ਪਹਿਲਾਂ ਸੀ। ਹੋਣਾ ਹੀ ਚਾਹੀਦਾ ਸੀ। ਪੰਜਾਬੀ ਦੇ ਜੀਵਤ ਕਹਾਣੀਕਾਰਾਂ ਵਿਚੋਂ ਉਹ ਉਮਰ ਦੇ ਪੱਖੋਂ ਤਾਂ ਵੱਡੀ ਹੈ ਹੀ, ਕਹਾਣੀ ਦੀ ਗੁਣਤਾ ਦੇ ਪੱਖੋਂ ਵੀ ਵੱਡੀ ਹੈ। ਦਿੱਲੀ ਦੀ ਪੰਜਾਬੀ ਅਕਾਦਮੀ ਗਾਇਕੀ, ਨਾਟਕ ਤੇ ਹੋਰ ਸਭਿਆਚਾਰਕ ਪ੍ਰੋਗਰਾਮ ਕਰਵਾਉਂਦੀ ਰਹਿੰਦੀ ਹੈ। ਇਸ ਵਾਰ ਤਿੰਨ-ਦਿਨਾ 'ਪੰਜਾਬੀ ਵਿਰਾਸਤੀ ਮੇਲਾ' ਕਰਵਾਇਆ ਗਿਆ ਤਾਂ ਪਹਿਲੀ ਵਾਰ ਸਭਿਆਚਾਰ ਦੇ ਨਾਲ ਸਾਹਿਤ ਵੀ ਰੱਖਿਆ ਹੋਇਆ ਸੀ। ਪਹਿਲੇ ਦਿਨ ਕਹਾਣੀਕਾਰਾਂ, ਦੂਜੇ ਦਿਨ ਕਵੀਆਂ ਤੇ ਤੀਜੇ ਦਿਨ ਮੰਚ-ਕਲਾਕਾਰਾਂ ਨੂੰ ਦਰਸ਼ਕਾਂ ਦੇ ਰੂਬਰੂ ਕਰਾਇਆ ਜਾਣਾ ਸੀ। ਹਰ ਵਿਧਾ ਦੇ ਸਭਨਾਂ ਪੀੜ੍ਹੀਆਂ ਦੇ ਪ੍ਰਤੀਨਿਧ ਬੁਲਾਏ ਗਏ ਸਨ।

ਪਰ ਅਜੀਤ ਕੌਰ ਤਾਂ ਢਾਈ-ਤਿੰਨ ਦਹਾਕਿਆਂ ਤੋਂ ਪੰਜਾਬੀ ਸਾਹਿਤਕ ਸਭਾਵਾਂ-ਸਮਾਗਮਾਂ ਵਿਚ ਆਉਂਦੀ ਹੀ ਨਹੀਂ। ਗੱਲ ਸਿਰਫ਼ ਉਹਦੇ ਨਾ ਆਉਣ ਤੱਕ ਹੀ ਨਹੀਂ ਸੀ ਰਹੀ ਸਗੋਂ ਉਹਨੂੰ ਉਹਦੇ ਘਰ ਜਾ ਕੇ ਮਿਲਣਾ ਵੀ ਅਸੰਭਵ ਹੋ ਗਿਆ ਸੀ। ਦੁਆਰਪਾਲ ਕੋਲ ਦਿਨ ਨੂੰ ਮਿਲਣ ਆਉਣ ਵਾਲਿਆਂ ਦੀ ਉਹ ਸੂਚੀ ਹੁੰਦੀ ਹੈ ਜੋ ਉਹਨੂੰ ਅਜੀਤ ਕੌਰ ਨੇ ਫੜਾਈ ਹੁੰਦੀ ਹੈ। ਤੁਹਾਨੂੰ ਦੱਸਿਆ ਜਾਂਦਾ ਹੈ, ਸੂਚੀ ਵਿਚ ਨਾਂ ਹੋਣ ਤੋਂ ਬਿਨਾਂ ਮਿਲਣ ਦੀ ਕੋਈ ਸੂਰਤ ਤੇ ਸੰਭਾਵਨਾ ਨਹੀਂ ਰਹਿ ਜਾਂਦੀ ਤੇ ਤੁਹਾਡਾ ਨਾਂ ਇਸ ਸੂਚੀ ਵਿਚ ਹੈ ਨਹੀਂ! ਅਜੀਤ ਕੌਰ ਦੇ ਦੁਆਰਪਾਲ ਦੇ ਹੱਥ ਵਿਚ ਬਰਛਾ ਤਾਂ ਨਹੀਂ ਹੁੰਦਾ, ਪਰ ਉਹਦੀਆਂ ਦੋ-ਟੁੱਕ ਰੁੱਖੀਆਂ ਗੱਲਾਂ ਸੁਣ ਕੇ ਤੁਹਾਨੂੰ ਉਹਦੇ ਹੱਥ ਦਾ ਬਰਛਾ ਦਿਖਾਈ ਦੇਣ ਲੱਗਦਾ ਹੈ।

ਬੰਦ ਗੇਟ ਅੱਗੇ ਕੱਚਾ ਜਿਹਾ ਹੋ ਕੇ ਖਲੋਤਿਆਂ ਮੈਨੂੰ ਮੋਹਨ ਭੰਡਾਰੀ ਦੀ ਚੜ੍ਹਦੀ ਉਮਰੇ ਲਿਖੀ ਹੋਈ ਇਕ ਕਵਿਤਾ ਚੇਤੇ ਆ ਗਈ, "ਭਾਲ਼ ਥੱਕੇ ਹਾਂ ਬੜਾ, ਤੇਰਾ ਘਰ ਨਹੀਂ ਮਿਲਦਾ/ਤੇਰਾ ਘਰ ਮਿਲਦਾ ਹੈ, ਤਾਂ ਤੂੰ ਘਰ ਨਹੀਂ ਮਿਲਦਾ!" ਆਖ਼ਰ ਫੋਨ ਰਾਹੀਂ ਗੱਲ ਹੋਣ ਦੀ ਆਸ ਬਾਕੀ ਬਚਦੀ ਸੀ। ਸਵੇਰ ਵੇਲ਼ੇ ਮਿੱਠੀ ਪੁਰਖੀ ਆਵਾਜ਼ ਵਿਚ ਜਵਾਬ ਮਿਲਿਆ, "ਜੀ ਉਹ ਤਾਂ ਚਲੇ ਗਏ ਨੇ।" ਫੋਨ ਬੰਦ! ਸ਼ਾਮ ਨੂੰ ਫੇਰ ਕੋਸ਼ਿਸ਼ ਕੀਤੀ। ਉਹੋ ਮਿੱਠਾ ਜਵਾਬ, ਉਹੋ ਨਿਰਾਸ਼ਾ! "ਜੀ ਉਹ ਤਾਂ ਅਜੇ ਆਏ ਨਹੀਂ।" ਫੋਨ ਫੇਰ ਬੰਦ। ਦੂਜੀ ਵਾਰ ਮੈਂ ਸੱਤ ਵਜੇ ਸਵੇਰੇ, ਭਾਵ ਉਹਦੇ ਜਾਣ ਤੋਂ ਪਹਿਲਾਂ ਫੋਨ ਮਿਲਾ ਲਿਆ, ਪਰ ਉਸੇ ਆਵਾਜ਼ ਅਨੁਸਾਰ ਅਜੀਤ ਕੌਰ ਘਰੋਂ ਕਿਸੇ ਕੰਮ ਜਾ ਵੀ ਚੁੱਕੀ ਸੀ। ਸ਼ਾਮ ਨੂੰ ਨੌਂ ਵਜੇ ਫੋਨ ਘੁਮਾਉਂਦਿਆਂ ਸੋਚਿਆ, ਸਵਾਲ ਤਾਂ ਪੰਛੀ ਵੀ ਆਲ੍ਹਣਿਆਂ ਵਿਚ ਮੁੜ ਆਏ, ਅਜੀਤ ਕੌਰ ਵੀ ਘਰ ਆ ਗਈ ਹੋਵੇਗੀ ਪਰ ਪਤਾ ਲੱਗਿਆ, ਉਹ ਅਜੇ ਵਾਪਸ ਨਹੀਂ ਸੀ ਆਈ।

ਗੱਲ ਕੀ, ਗੱਲ ਅਖ਼ਬਾਰਾਂ ਵਿਚ 'ਗੁਮਸ਼ੁਦਾ ਕੀ ਤਲਾਸ਼' ਦਾ ਇਸ਼ਤਿਹਾਰ ਦੇਣ ਵਾਲੀ ਬਣੀ ਹੋਈ ਸੀ। ਦੋ-ਤਿੰਨ ਵਾਰ ਇਸ ਅਨੁਭਵ ਵਿਚੋਂ ਲੰਘ ਕੇ ਮੈਂ ਸਮਝ ਗਿਆ ਕਿ ਅਜੀਤ ਕੌਰ ਫੋਨ ਵਾਲੇ ਮਿਠਬੋਲੜੇ ਪਰ ਝੂਠੇ ਬੰਦੇ ਦੇ ਨੇੜੇ ਹੀ ਬੈਠੀ ਹੋਈ ਹੈ, ਬੱਸ ਜੇ ਦੂਰ ਹੈ ਤਾਂ ਸਾਥੋਂ ਪੰਜਾਬੀ ਲੇਖਕਾਂ ਤੋਂ ਹੀ ਦੂਰ ਹੈ। ਪੰਜਾਬੀ ਅਕਾਦਮੀ ਦਿੱਲੀ ਦਾ ਖ਼ੂਬਸੂਰਤ ਕਾਰਡ ਦੋ-ਤਿੰਨ ਵਾਰ ਪੜ੍ਹ ਕੇ ਤੇ ਉਲਟ-ਪਲਟ ਕੇ ਵੀ ਇਹ ਸਮਝ ਨਹੀਂ ਸੀ ਆ ਰਹੀ ਕਿ ਪ੍ਰਬੰਧਕਾਂ ਨੇ ਉਹਦਾ ਨਾਂ ਸਮਾਗਮ ਨੂੰ ਖਿੱਚ ਪਾਉਣ ਵਾਲਾ ਬਣਾਉਣ ਲਈ ਕੁਝ ਮਨਮੋਹਕ ਨਾਂ ਐਵੇਂ ਹੀ ਪਾ ਦੇਣ ਦੀ ਪਰੰਪਰਾ ਪਾਲ਼ਦਿਆਂ ਲਿਖ ਛੱਡਿਆ ਹੈ ਜਾਂ ਉਹ ਸੱਚਮੁੱਚ ਆਵੇਗੀ! ਮੈਂ ਪੰਜਾਬੀ ਅਕਾਦਮੀ ਦੇ ਸਕੱਤਰ, ਗੁਰਭੇਜ ਸਿੰਘ ਨੂੰ ਫੋਨ ਕੀਤਾ, "ਤੁਸੀਂ ਅਜੀਤ ਕੌਰ ਦਾ ਨਾਂ ਕਿਉਂ ਲਿਖ ਛੱਡਿਆ ਹੈ, ਉਹਨੇ ਤਾਂ ਪੰਜਾਬੀ ਦੇ ਸਾਹਿਤਕ ਸਮਾਗਮਾਂ ਵਿਚ ਆਉਣਾ ਚਿਰੋਕਣਾ ਛੱਡਿਆ ਹੋਇਆ ਹੈ?" ਉਹਨੇ ਮਾਣ ਨਾਲ ਆਖਿਆ, "ਮੈਂ ਉਨ੍ਹਾਂ ਨੂੰ ਮਨਾ ਲਿਆ ਹੈ।" ਮੈਂ ਹੈਰਾਨ ਹੋਇਆ, "ਤੁਸੀਂ ਇਹ ਕ੍ਰਿਸ਼ਮਾ ਕਿਵੇਂ ਕਰ ਦਿਖਾਇਆ?" ਉਹਨੇ ਦੱਸਿਆ, "ਮੈਂ ਕਿਹਾ, ਤੁਸੀਂ ਕੋਈ ਭਾਸ਼ਨ ਨਾ ਦੇਣਾ, ਕਹਾਣੀ ਬਾਰੇ ਵੀ ਕੁਝ ਨਾ ਕਹਿਣਾ, ਬੱਸ ਸਾਨੂੰ ਤੇ ਪੰਜਾਬੀ ਅਕਾਦਮੀ ਨੂੰ ਅਸੀਸ ਦੇ ਜਾਉ, ਭਾਵੇਂ ਦੋ ਮਿੰਟਾਂ ਵਾਸਤੇ ਹੀ ਆ ਜਾਉ।"

ਪੁਰਾਣੇ ਸਮਿਆਂ ਦੀ ਗੱਲ ਹੈ, ਅਜੀਤ ਕੌਰ, ਖ਼ਾਸ ਕਰਕੇ ਦਿੱਲੀ ਵਿਚ ਪੰਜਾਬੀ ਸਾਹਿਤਕ ਇਕੱਠਾਂ ਦੀ ਜਾਨ ਤੇ ਸ਼ਾਨ ਹੁੰਦੀ ਸੀ। ਪੰਜਾਬੀ ਕਹਾਣੀ ਦੇ ਜ਼ਿਕਰ ਵਿਚ ਅਜੀਤ ਕੌਰ ਸ਼ਾਮਲ ਨਾ ਹੋਵੇ, ਇਹ ਸੰਭਵ ਨਹੀਂ ਸੀ। 1987 ਵਿਚ ਉਹਨੇ ਪੰਜਾਬੀ ਅਕਾਦਮੀ, ਦਿੱਲੀ ਦੇ ਮਿਲਵਰਤਨ ਨਾਲ ਮਸ਼ਹੂਰ ਤ੍ਰਿਵੈਣੀ ਹਾਲ ਵਿਚ ਇਕ 'ਕਹਾਣੀ ਦਰਬਾਰ' ਕਰਵਾਇਆ। ਉਹ ਕਹਿੰਦੀ, "ਕਵੀ ਦਰਬਾਰ ਤਾਂ ਸਦਾ ਤੋਂ ਹੁੰਦੇ ਆਏ। ਖ਼ਾਸ ਕਰਕੇ ਜਦੋਂ ਦੇ ਆਜ਼ਾਦੀ ਦਿਹਾੜੇ ਤੇ ਰੀਪਬਲਿਕ ਦਿਨ ਨਾਲ ਜੋੜੇ ਗਏ ਇਹ ਕਵੀ ਦਰਬਾਰ, ਓਦੋਂ ਦੀ ਤਾਂ ਤੁਕਾਂ ਜੋੜਨ ਵਾਲਿਆਂ ਦੀ ਮੌਜ ਹੀ ਹੋ ਗਈ। ੜਪਰ ਕਹਾਣੀ ਦਰਬਾਰ? ਕਹਾਣੀ ਵੀ ਕੋਈ ਸੁਣਾਉਣ ਦੀ ਚੀਜ਼ ਐ? ਕਹਾਣੀ ਸਿਰਫ਼ ਇਕੋ ਬੰਦਾ ਸੁਣਾ ਸਕਦਾ ਏ, ਤੇ ਉਹ ਐ ਦੇਵਿੰਦਰ ਸਤਿਆਰਥੀ।" ਤਾਂ ਵੀ ਅਜੀਤ ਕੌਰ ਦੇ ਇਸ ਕਾਰਨਾਮੇ ਵਿਚ ਤਿੰਨ ਸੈਸ਼ਨ ਪੰਜਾਬੀ ਕਹਾਣੀਆਂ ਦੇ ਹੋਏ ਤੇ ਇਕ ਸੈਸ਼ਨ ਹਿੰਦੀ ਤੇ ਉਰਦੂ ਕਹਾਣੀਆਂ ਦਾ। ਇਧਰਲੀ ਕਹਾਣੀ ਬਾਰੇ ਡਾ. ਰਘਬੀਰ ਸਿੰਘ ਨੇ ਤੇ ਲਹਿੰਦੇ ਪੰਜਾਬ ਦੀ ਕਹਾਣੀ ਬਾਰੇ ਸਿਬਤੁਲ ਹਸਨ ਜ਼ੈਗ਼ਮ ਨੇ ਵਿਚਾਰ ਸਾਂਝੇ ਕੀਤੇ। ਹਿੰਦੀ ਕਹਾਣੀ ਦੀ ਪਛਾਣ ਕਮਲੇਸ਼ਵਰ ਨੇ ਕਰਵਾਈ ਤੇ ਉਰਦੂ ਕਹਾਣੀ ਦੀ ਗੋਪੀ ਚੰਦ ਨਾਰੰਗ ਨੇ।



> *ਮੈਨੂੰ ਅਜੀਤ ਕੌਰ ਦੀਆਂ ਇਹ ਸਭ ਸਰਗਰਮੀਆਂ ਕਿਸੇ ਵੀ ਕਿੰਤੂ-ਪ੍ਰੰਤੂ ਤੋਂ ਬਿਨਾਂ ਪਰਵਾਨ ਸਨ, ਪਰ ਸੋਚ ਵਿਚ ਸਿਲਤ ਰੜਕਦੀ ਕਿ ਪੰਜਾਬੀ ਸਾਹਿਤ ਦੀ ਜਿਸ ਪੌੜੀ ਰਾਹੀਂ ਉਹ ਸਾਰਕ ਦੀ ਛੱਤ ਉੱਤੇ ਚੜ੍ਹੀ ਸੀ, ਛੱਤ ਤੋਂ ਉਸ ਪੌੜੀ ਨੂੰ ਪੈਰ ਨਾਲ ਧੱਕ ਕੇ ਪਰ੍ਹੇ ਕਰ ਦੇਣ ਦਾ ਕੀ ਮਤਲਬ ਹੋਇਆ! ਮਨ ਖਿਝਦਾ, ਜਦੋਂ ਕਿਤੇ ਸਬੱਬੀਂ ਮਿਲ ਗਈ, ਪੁੱਛਾਂਗੇ ਜ਼ਰੂਰ!*

ਇਧਰਲੇ ਪੰਜਾਬੀ ਕਹਾਣੀਕਾਰ ਤਾਂ ਵਹੀਰਾਂ ਘੱਤ ਕੇ ਆਏ ਹੀ, ਪਾਕਿਸਤਾਨ ਤੋਂ ਸਿਬਤੁਲ ਹਸਨ ਜ਼ੈਗ਼ਮ, ਫ਼ਖ਼ਰ ਜ਼ਮਾਨ, ਅਫ਼ਜ਼ਲ ਅਹਿਸਨ ਰੰਧਾਵਾ ਤੇ ਮੁਹੰਮਦ ਮਨਸ਼ਾ ਯਾਦ ਵੀ ਆਏ। ਮਗਰੋਂ ਅਜੀਤ ਕੌਰ ਨੇ ਕਹਾਣੀ ਦਰਬਾਰ ਬਾਰੇ ਲਿਖਦਿਆਂ ਕਿਹਾ, "ਮੇਲਾ, ਹਜ਼ੂਰ, ਮੇਲਾ! ਮੇਲੇ ਜਿਹਾ ਮੇਲਾ!" ਰੌਣਕਾਂ ਵੱਲ ਦੇਖਦਿਆਂ ਠੀਕ ਹੀ ਇਹ ਮੇਲਾ ਸੀ। "ਓਹੀ ਤ੍ਰਵੈਣੀ ਹਾਲ ਜਿਸਦੀਆਂ ਖ਼ਾਲੀ ਕੁਰਸੀਆਂ ਹਰ ਫੰਕਸ਼ਨ ਵੇਲ਼ੇ ਉਬਾਸੀਆਂ ਲੈਂਦੀਆਂ ਦਿੱਸਿਆ ਕਰਦੀਆਂ ਸਨ, ਭਰ ਕੇ ਛੁਲ੍ਹਕ ਰਿਹਾ ਸੀ। ਲੋਕ ਕਾਲੀਨਾਂ 'ਤੇ ਵੀ ਬੈਠੇ ਸਨ, ਭੁੰਜੇ ਵੀ, ਪੌੜੀਆਂ ਵਿਚ ਵੀ, ਤੇ ਕੰਧਾਂ ਨਾਲ ਲੱਗ ਕੇ ਖੜੋਤੇ ਵੀ ਹੋਏ ਸਨ। .. ਕਹਾਣੀਕਾਰ! ਕਹਾਣੀਆਂ! ਗੱਪਾਂ! ਕੋਸੀਆਂ, ਰੇਸ਼ਮੀ ਧੁੱਪਾਂ ਵਿਚ ਹਮ-ਨਿਵਾਲਾ ਹੋ ਰਹੇ ਦੋਸਤ! ਤੇ ਸ਼ਾਮੀਂ ਹਮ-ਪਿਆਲਾ (ਕਾਫ਼ੀ ਦਾ!) ਹਾਂ, ਮਗਰੋਂ ਪ੍ਰਾਈਵੇਟ ਮਹਿਫ਼ਲਾਂ ਵੀ ਹੋਈਆਂ, ਅੱਧੀ ਅੱਧੀ ਰਾਤ ਤੱਕ! ਤੇ ਪਿਆਲਿਆਂ ਦੀ ਲਾਜ ਰੱਖੀ ਗਈ! ਤੇ ਰਾਤੀ ਮਹਿਫ਼ਲਾਂ ਦਾ ਨਿੱਘ! ਦੋਸਤਾਂ ਦੀਆਂ ਮਿਲਣੀਆਂ। ਸਾਹਿਤਕ ਤੇ ਸਮਾਜਕ ਤੇ ਰਾਜਨੀਤਕ ਤੇ ਜ਼ਾਤੀ ਖ਼ਿਆਲਾਂ ਦੇ ਮੁਕਤ ਵਟਾਂਦਰੇ!" ਇਹ ਗੱਲ ਵੱਖਰੀ ਹੈ ਕਿ ਪਿਆਲਿਆਂ ਦੀ ਲਾਜ ਰੱਖਣ ਦੇ ਇਸ ਚੱਕਰ ਨੇ ਤੇ ਰਾਤੀ ਮਹਿਫ਼ਲਾਂ ਦੇ ਨਿੱਘ ਨੇ ਪੁਆੜੇ ਵੀ ਬੜੇ ਪਾਏ!

ਮਗਰੋਂ ਉੱਥੇ ਪੜ੍ਹੀਆਂ ਗਈਆਂ ਵਿਚੋਂ ਉਹਨੇ ਬਾਈ ਕਹਾਣੀਆਂ ਚੁਣੀਆਂ ਤੇ ਪੁਸਤਕ 'ਕਹਾਣੀ ਦਰਬਾਰ' ਛਪਵਾਈ। ਉਹਦੇ ਮੂਹਰੇ ਆਪ 'ਕਿੱਸਾ ਕਹਾਣੀ ਦਰਬਾਰ ਦਾ' ਲਿਖਿਆ ਤੇ ਕਰਤਾਰ ਸਿੰਘ ਦੁੱਗਲ ਤੋਂ 'ਅਜੋਕੀ ਪੰਜਾਬੀ ਕਹਾਣੀ' ਲੇਖ ਲਿਖਵਾਇਆ। ਇਸ ਸਾਰੇ ਰਾਮ-ਰੌਲ਼ੇ ਦਾ ਸਿੱਟਾ ਇਹ ਨਿਕਲਿਆ ਕਿ ਅਜੀਤ ਕੌਰ ਪੰਜਾਬੀ ਕਹਾਣੀ ਦੇ ਦਿੱਲੀ ਮੰਡਲ ਦੀ ਸਰਬਸੰਮਤੀ ਨਾਲ ਮਹਾਂਮੰਡਲੇਸ਼ਵਰ, ਸਿੱਧੇ ਸ਼ਬਦਾਂ ਵਿਚ ਕਹੀਏ ਤਾਂ ਮਹੰਤ ਥਾਪੀ ਗਈ।

ਪਰ ਫੇਰ ਅਚਾਨਕ ਮਹੰਤ ਹੀ ਗ਼ਾਇਬ ਹੋ ਗਈ। ਕੁਝ ਚਿਰ ਮਗਰੋਂ ਪਤਾ ਲੱਗਿਆ, ਉਹਨੇ ਆਪਣੇ ਘਰ ਸਾਹਿਤਕ ਬੈਠਕਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ ਜਿਨ੍ਹਾਂ ਵਿਚ ਦਾਖ਼ਲਾ ਸਿਰਫ਼ ਸੱਦੇ ਨਾਲ ਸੰਭਵ ਹੁੰਦਾ ਹੈ। ਇਨ੍ਹਾਂ ਬੈਠਕਾਂ ਵਿਚ ਦੂਜੀਆਂ ਭਾਰਤੀ ਭਾਸ਼ਾਵਾਂ ਦੇ ਪ੍ਰਮੁੱਖ ਲੇਖਕ ਸ਼ਾਮਲ ਹੁੰਦੇ। ਅਜੀਤ ਕੌਰ ਦੇ ਸੱਦੇ ਉੱਤੇ ਕੌਣ ਨਾ ਆਵੇ! ਸਾਬਕਾ ਪ੍ਰਧਾਨ ਮੰਤਰੀ ਵੀ.ਪੀ. ਸਿੰਘ ਵੀ ਕੈਂਸਰ ਵਰਗੇ ਦੀਰਘ ਰੋਗ ਦੇ ਬਾਵਜੂਦ ਆਪਣੀਆਂ ਅੰਗਰੇਜ਼ੀ ਕਵਿਤਾਵਾਂ ਸੁਣਾਉਣ ਪਹੁੰਚ ਜਾਂਦਾ। ਪੰਜਾਬੀ ਦੇ ਲੇਖਕਾਂ ਵਿਚੋਂ ਮਸਾਂ ਇਕ-ਦੋ ਨੂੰ ਮੌਕਾ ਮਿਲਦਾ। ਫੇਰ ਉਹਨੇ ਹੋਰ ਵੀ ਵੱਡਾ ਕਦਮ ਚੁੱਕਿਆ। ਉਹਨੇ 'ਦਿ ਫਾਊਂਡੇਸ਼ਨ ਆਫ਼ ਸਾਰਕ ਰਾਈਟਰਜ਼ ਐਂਡ ਲਿਟਰੇਚਰ' ਨਾਂ ਦੀ ਸੰਸਥਾ ਬਣਾ ਲਈ ਅਤੇ ਅਫ਼ਗਾਨਿਸਤਾਨ, ਬੰਗਲਾਦੇਸ਼, ਭੂਟਾਨ, ਭਾਰਤ, ਮਾਲਦੀਵਜ਼, ਨੇਪਾਲ, ਪਾਕਿਸਤਾਨ ਤੇ ਸ੍ਰੀਲੰਕਾ ਦੇ ਰਾਜਨੀਤਕ ਸੰਗਠਨ 'ਦਿ ਸਾਊਥ ਏਸ਼ੀਅਨ ਐਸੋਸੀਏਸ਼ਨ ਫਾਰ ਰਿਜਨਲ ਕੋਆਪਰੇਸ਼ਨ' (ਸਾਰਕ) ਦਾ ਸਾਹਿਤਕ-ਸਭਿਆਚਾਰਕ ਪੱਖ ਸੰਭਾਲ ਲਿਆ। ਉਹਦੀ ਫਾਊਂਡੇਸ਼ਨ ਦਾ ਉਦੇਸ਼ "ਇਸ ਖੇਤਰ ਵਿਚ ਅਮਨ-ਚੈਨ ਲਈ ਸਾਰਕ ਦੇ ਝੰਡੇ ਹੇਠ ਸਾਰਕ ਦੇਸਾਂ ਦੇ ਸਾਹਿਤਕ ਤੇ ਸਭਿਆਚਾਰਕ ਮੇਲਜੋਲ ਰਾਹੀਂ ਲੋਕਾਂ ਵਿਚਕਾਰ ਸੰਪਰਕ ਤੇ ਗੱਲਬਾਤ ਨਾਲ ਰਿਸ਼ਤਿਆਂ ਨੂੰ ਉਜਾਗਰ ਕਰਨਾ, ਵਧਾਉਣਾ ਤੇ ਮਜ਼ਬੂਤ ਕਰਨਾ" ਐਲਾਨਿਆ ਗਿਆ। ਛੇਤੀ ਹੀ ਸਾਰਕ ਸੈਕਰੇਟੇਰੀਏਟ ਨੇ ਫਾਊਂਡੇਸ਼ਨ ਦਾ ਮਹੱਤਵ ਪਛਾਣਦਿਆਂ ਇਹਨੂੰ ਅਪਣਾ ਲਿਆ। ਸਵਾਲ ਤੱਕ ਅਜੀਤ ਕੌਰ ਨੇ ਸਾਰਕ ਦੇਸਾਂ ਵਿਚ ਤੀਹ ਤੋਂ ਵੱਧ ਸਾਹਿਤਕ ਤੇ ਸਭਿਆਚਾਰਕ ਪ੍ਰੋਗਰਾਮ, ਬੁੱਧਮੱਤ ਤੇ ਸੂਫ਼ੀਵਾਦ ਦੀਆਂ ਕਾਨਫ਼ਰੰਸਾਂ ਅਤੇ ਲੋਕਧਾਰਾ ਦੇ ਮੇਲੇ ਸਫਲਤਾ ਨਾਲ ਕੀਤੇ ਹਨ।

ਮੈਨੂੰ ਅਜੀਤ ਕੌਰ ਦੀਆਂ ਇਹ ਸਭ ਸਰਗਰਮੀਆਂ ਕਿਸੇ ਵੀ ਕਿੰਤੂ-ਪ੍ਰੰਤੂ ਤੋਂ ਬਿਨਾਂ ਪਰਵਾਨ ਸਨ, ਪਰ ਸੋਚ ਵਿਚ ਸਿਲਤ ਰੜਕਦੀ ਕਿ ਪੰਜਾਬੀ ਸਾਹਿਤ ਦੀ ਜਿਸ ਪੌੜੀ ਰਾਹੀਂ ਉਹ ਸਾਰਕ ਦੀ ਛੱਤ ਉੱਤੇ ਚੜ੍ਹੀ ਸੀ, ਛੱਤ ਤੋਂ ਉਸ ਪੌੜੀ ਨੂੰ ਪੈਰ ਨਾਲ ਧੱਕ ਕੇ ਪਰ੍ਹੇ ਕਰ ਦੇਣ ਦਾ ਕੀ ਮਤਲਬ ਹੋਇਆ! ਮਨ ਖਿਝਦਾ, ਜਦੋਂ ਕਿਤੇ ਸਬੱਬੀਂ ਮਿਲ ਗਈ, ਪੁੱਛਾਂਗੇ ਜ਼ਰੂਰ! ਅੱਜ ਪੰਜਾਬੀ ਅਕਾਦਮੀ ਦਿੱਲੀ ਨੇ ਉਹ ਸਬੱਬ ਬਣਾ ਦਿੱਤਾ ਸੀ।

ਕਨਾਟ ਪਲੇਸ ਦੇ ਵਿਚਕਾਰਲੇ ਘਾਹੀ ਮੈਦਾਨ ਦੀ ਹਰਿਆਲੀ ਪੂਰੀ ਟਹਿਕੀ ਹੋਈ ਸੀ, ਸਿਆਲੂ ਧੁੱਪ ਪੂਰੀ ਨਿੱਖਰੀ ਹੋਈ ਸੀ ਅਤੇ ਗਹਿਮਾ-ਗਹਿਮੀ, ਤੋਰਾ-ਫੇਰਾ ਤੇ ਰੌਣਕਾਂ ਸਚੁਮੱਚ ਹੀ ਮੇਲੇ ਵਾਲੀਆਂ ਸਨ। ਪਤਾ ਲੱਗਿਆ, ਉਹ ਘਰੋਂ ਚੱਲ ਪਈ ਹੈ। ਸਲਾਹ ਬਣੀ ਕਿ ਜਦੋਂ ਆਈ, ਸਵਾਗਤ ਹੋ ਜਾਵੇਗਾ, ਪ੍ਰੋਗਰਾਮ ਸ਼ੁਰੂ ਕਰ ਲਿਆ ਜਾਵੇ। ਕੁਝ ਚਿਰ ਮਗਰੋਂ ਗੁਰਭੇਜ ਸਿੰਘ ਨੇ ਮੇਰੇ ਕੰਨ ਵਿਚ ਕਿਹਾ, "ਉਹ ਆ ਗਏ ਨੇ, ਮੈਂ ਜਾ ਕੇ ਲੈ ਆਵਾਂ।" ਮੈਨੂੰ ਪਤਾ ਸੀ ਕਿ ਮੰਚ ਉੱਤੇ ਉਹਦੇ ਆਉਂਦਿਆਂ ਹੀ ਸਭ ਕਹਾਣੀਕਾਰਾਂ ਨੇ ਭੱਜ ਕੇ ਉਹਦੇ ਦੁਆਲੇ ਜਾ ਹੋਣਾ ਹੈ। ਮੈਂ ਆਪਣਾ ਰੋਸ ਦਿਖਾਉਣ ਦੀ ਵਿਉਂਤ ਬਣਾ ਲਈ। ਕੁਝ ਸਮਾਂ ਪਿੱਛੇ ਖੜ੍ਹਾ ਰਹਿ ਕੇ ਮੈਂ ਕਹਿਣਾ ਸੀ, "ਮੁੰਡਿਉ, ਜੇ ਦੁਆ-ਸਲਾਮ ਹੋ ਗਈ, ਇਕ ਪਾਸੇ ਹੋ ਜਾਉ, ਸਵਾਲ ਮੈਨੂੰ ਇਨ੍ਹਾਂ ਨਾਲ ਦੋ-ਦੋ ਹੱਥ ਕਰ ਲੈਣ ਦਿਉ!"

ਅਜੀਤ ਕੌਰ ਮੰਚ ਉੱਤੇ ਆਈ, ਚਿਹਰਾ ਬਜ਼ੁਰਗਾਨਾ ਪਰ ਮੁਸਕਰਾਹਟ ਉਹੋ ਸਦੀਵੀ। ਕਹਾਣੀਕਾਰਾਂ ਨੇ ਉਹਦੇ ਦੁਆਲੇ, ਮੇਰੇ ਸੋਚੇ ਵਾਂਗ ਹੀ, ਝੁਰਮਟ ਜਾ ਪਾਇਆ। ਫੇਰ ਮੈਂ ਆਪਣੇ ਮੂਹਰੇ ਖੜ੍ਹੇ ਦੋ ਮੁੰਡਿਆਂ ਨੂੰ ਮੋਢਿਆਂ ਤੋਂ ਫੜ ਕੇ ਪਾਸੇ ਕਰਦਿਆਂ ਆਪਣੇ ਸੋਚੇ ਹੋਏ ਰੋਸ ਨੂੰ ਜ਼ਬਾਨ ਦਿੱਤੀ, "ਮੁੰਡਿਉ, ਜੇ ਦੁਆ-ਸਲਾਮ ਹੋ ਗਈ, ਇਕ ਪਾਸੇ ਹੋ ਜਾਉ!" ਜਿਉਂ ਹੀ ਮੈਂ ਸਾਹਮਣੇ ਹੋਇਆ, ਉਹਦੀ ਮੁਸਕਰਾਹਟ ਹੋਰ ਵੀ ਚਾਨਣੀ ਹੋ ਗਈ ਤੇ ਸੋਚੇ ਹੋਏ "ਸਵਾਲ ਮੈਨੂੰ ਇਨ੍ਹਾਂ ਨਾਲ ਦੋ-ਦੋ ਹੱਥ ਕਰ ਲੈਣ ਦਿਉ" ਦੀ ਥਾਂ ਮੇਰੇ ਮੂੰਹੋਂ ਨਿਕਲਿਆ, "ਸਵਾਲ ਮੈਨੂੰ ਇਨ੍ਹਾਂ ਦੇ ਗੋਡੀਂ ਹੱਥ ਲਾ ਲੈਣ ਦਿਉ!" ਉਹਨੇ ਮੇਰੇ ਝੁਕੇ ਹੋਏ ਹੱਥ ਆਪਣੇ ਹੱਥਾਂ ਵਿਚ ਬੋਚ ਕੇ ਚੁੰਮ ਲਏ। ਫੇਰ ਵੀ ਮੈਂ ਏਨਾ ਕੁ ਮਿਹਣਾ ਤਾਂ ਮਾਰ ਹੀ ਦਿੱਤਾ, "ਮੈਂ ਗੁਰਬਚਨ ਸਿੰਘ ਭੁੱਲਰ!" ਉਹ ਹੱਸੀ, "ਤੈਨੂੰ ਕੌਣ ਨਾ ਪਛਾਣੇ! ਪੰਜਾਹ ਸਾਲ ਪਹਿਲਾਂ ਵੀ ਤੂੰ ਇਹੋ ਜਿਹਾ ਸੀ, ਅੱਜ ਵੀ ਉਹੋ ਜਿਹਾ ਹੈਂ ਤੇ ਪੰਜਾਹ ਸਾਲਾਂ ਨੂੰ ਵੀ ਇਹੋ ਜਿਹਾ ਹੀ ਰਹੇਂਗਾ!"

ਮੈਂ ਕੋਲ ਖਲੋਤੇ ਗੁਰਭੇਜ ਸਿੰਘ ਵੱਲ ਜੇਤੂ ਮੁਸਕਰਾਹਟ ਸੁੱਟੀ। ਮੇਰਾ ਭਾਵ ਸੀ, ਅਜੀਤ ਕੌਰ ਦੀ ਜਿਹੜੀ ਅਸੀਸ ਉਹਨੇ ਪੰਜਾਬੀ ਅਕਾਦਮੀ ਲਈ ਲੈਣ ਵਾਸਤੇ ਏਨਾ ਤਰੱਦਦ ਕੀਤਾ ਹੈ, ਉਸ ਨਾਲੋਂ ਵੀ ਵੱਡੀ ਅਸੀਸ ਉਹਨੇ ਮੈਨੂੰ ਅਣਮੰਗੀ ਹੀ ਦੇ ਦਿੱਤੀ ਹੈ। ਮੈਨੂੰ ਯਕੀਨ ਹੈ, ਲੇਖਕ ਨੂੰ ਆਪਣੇ ਨਾਲੋਂ ਵੱਡਿਆਂ ਦਾ ਪਿਆਰ ਤੇ ਛੋਟਿਆਂ ਦਾ ਸਤਿਕਾਰ ਮਿਲਦਾ ਰਹੇ, ਉਹਦੀ ਕਲਮ ਨੂੰ ਹੋਰ ਕਿਸੇ ਆਕਸੀਜਨ ਦੀ ਲੋੜ ਨਹੀਂ ਰਹਿੰਦੀ!

ਮੋਬਾਈਲ : 01142502364

# ਪੰਜਾਬੀ ਗੀਤਾਂ ਵਿਚ ਨਸ਼ਿਆਂ ਦਾ ਖ਼ਤਰਨਾਕ ਰੁਝਾਨ

ਪ੍ਰੋਫੈਸਰ ਹੀਰਾ ਸਿੰਘ
94175-34823



ਕਿਸੇ ਵੀ ਸਭਿਆਚਾਰ ਵਿਚ ਉੱਥੋਂ ਦੀ ਲੋਕ ਭਾਸ਼ਾ ਦੇ ਗੀਤ ਲੋਕ ਮਨ ਦੀਆਂ ਭਾਵਨਾਵਾਂ ਦੀ ਤਰਜ਼ਮਾਨੀ ਕਰਦੇ ਹਨ। ਗੀਤਾਂ ਨੂੰ ਸਮਾਜ ਦਾ ਦਰਪਣ ਵੀ ਕਿਹਾ ਜਾਂਦਾ ਹੈ। ਗੀਤ ਸਾਡੇ ਰਿਸ਼ਤਿਆਂ-ਨਾਤਿਆਂ ਦੀ ਪਵਿੱਤਰਤਾ ਦਾ ਵੀ ਪ੍ਰਤੀਕ ਹੁੰਦੇ ਹਨ। ਕਿਸੇ ਸਭਿਆਚਾਰ ਦੀ ਅਮੀਰੀ ਨੂੰ ਮਾਪਣ ਦੇ ਭਾਵੇਂ ਹੋਰ ਵੀ ਕਈ ਨੁਕਤੇ ਹਨ, ਪਰ ਗੀਤ ਵੀ ਇਸ ਵਿਚ ਅਹਿਮ ਯੋਗਦਾਨ ਪਾਉਂਦੇ ਹਨ।

ਪੰਜਾਬ ਦਾ ਵਰਤਮਾਨ ਮਾਹੌਲ ਬਹੁਤ ਚਿੰਤਾਜਨਕ ਬਣ ਚੁੱਕਾ ਹੈ। ਇੱਥੋਂ ਦੀ ਜਵਾਨੀ ਨਸ਼ਿਆਂ ਵਿਚ ਰੁੜ੍ਹ ਰਹੀ ਹੈ। ਇਹ ਸੂਬਾ ਜੋ ਕਦੇ ਦੇਸ਼ ਦੀ ਖੜਗ ਭੁਜਾ ਹੋਇਆ ਕਰਦਾ ਸੀ, ਅੱਜ ਪਿੰਡ-ਪਿੰਡ ਘੁੰਮ ਕੇ ਦੇਖ ਲਵੋ, ਪੰਜਾਬ ਦੀ ਸਥਿਤੀ ਮਾਰੂ ਸਥਿਤੀ ਬਣੀ ਹੋਈ ਹੈ।

ਗਾਇਕੀ ਜਾਂ ਸੰਗੀਤ ਦਾ ਮਨੁੱਖੀ ਮਨ 'ਤੇ ਕੀ ਅਸਰ ਹੁੰਦਾ ਹੈ, ਇਹ ਪ੍ਰਸ਼ਨ ਬੜਾ ਮਹੱਤਵਪੂਰਨ ਹੈ। ਕੀ ਇਹ ਅਸਰ ਸਾਧਾਰਨ ਅਸਰ ਹੁੰਦਾ ਹੈ ਜਾਂ ਇਸ ਦਾ ਅਸਰ ਬਹੁਤ ਡੂੰਘਾ ਹੁੰਦਾ ਹੈ। ਹਰ ਹਰਕਤ ਅਤੇ ਸੰਗੀਤਕ ਬੋਲ ਦਾ ਮਾਂ ਦੇ ਪੇਟ ਵਿਚ ਪਲ ਰਹੇ ਬੱਚੇ ਦੇ ਮਨ 'ਤੇ ਵੀ ਅਸਰ ਹੁੰਦਾ ਹੈ। ਸਾਡੇ ਲੋਕ-ਸਾਹਿਤ ਅਤੇ ਸਾਹਿਤ ਵਿਚ ਵਾਰਾਂ ਦਾ ਬੜਾ ਮੁੱਲਵਾਨ ਖ਼ਜ਼ਾਨਾ ਹੈ। ਜਦੋਂ ਢਾਡੀ ਢੱਡ ਸਾਰੰਗੀ ਦੀ ਤਾਨ 'ਤੇ ਵਾਰਾਂ ਗਾਉਂਦੇ ਹਨ ਤਾਂ ਯੋਧਿਆਂ ਵਿਚ ਯੁੱਧ ਦਾ ਚਾਅ ਪੈਦਾ ਹੋ ਜਾਂਦਾ ਹੈ। ਜੇਕਰ ਸਾਡਾ ਸੰਗੀਤ ਇਸ ਕਿਸਮ ਦਾ ਅਸਰ ਰੱਖਦਾ ਹੈ ਤਾਂ ਕੀ ਅਜੋਕੀ ਲੱਚਰ ਗਾਇਕੀ ਦੇ ਲੱਚਰਪੁਣੇ ਦਾ ਅਸਰ ਨਹੀਂ ਹੋਵੇਗਾ? ਸਾਡੀ ਅਜੋਕੀ ਗਾਇਕੀ ਨਸ਼ੇ ਅਤੇ ਹਿੰਸਕ ਵਰਤਾਰੇ ਨੂੰ ਵਧਾ ਰਹੀ ਹੈ।

ਗੀਤ ਸੰਗੀਤ ਵਿਚ ਇਕ ਹੱਦ ਤਕ ਨਸ਼ਿਆਂ ਦੇ ਪ੍ਰਗਟਾਵੇ ਨੂੰ ਜਾਇਜ਼ ਮੰਨਿਆ ਜਾ ਸਕਦਾ ਹੈ। ਆਦਿ ਕਾਲ ਤੋਂ ਸਾਡੇ ਲੋਕ-ਸਾਹਿਤ ਲੋਕ-ਸੰਗੀਤ ਵਿਚ ਇੱਥੋਂ ਤਕ ਕਿ ਸਾਡੀ ਸੂਫੀ ਸ਼ਾਇਰੀ ਵਿਚ ਵੀ ਨਸ਼ਿਆਂ ਦਾ ਵਰਣਨ ਹੁੰਦਾ ਆਇਆ ਹੈ, ਪਰ ਫਰਕ ਇਹ ਹੈ ਕਿ ਸਾਡੀ ਅਜੋਕੀ ਗਾਇਕੀ ਇਸ ਨੂੰ ਸਹਿਜ ਅਵਸਥਾ ਵਿਚ ਪੇਸ਼ ਨਹੀਂ ਕਰਦੀ। ਸਵਾਲ ਦੀ ਗਾਇਕੀ ਵਿਚ ਪੇਸ਼ ਹੋ ਰਿਹਾ ਨਸ਼ਾ ਸਾਡੀਆਂ ਕਦਰਾਂ-ਕੀਮਤਾਂ ਦੀ ਭੰਨ-ਤੋੜ ਕਰ ਰਿਹਾ ਹੈ ਤੇ ਸਾਡੀਆਂ ਭਾਵਨਾਵਾਂ ਨੂੰ ਉਤੇਜਿਤ ਕਰਦਾ ਹੈ। ਇਕ ਪਾਸੇ ਸਾਡਾ ਸਭਿਆਚਾਰਕ ਵਿਰਸਾ ਔਰਤ ਨੂੰ ਮਨੁੱਖ ਦੇ ਬਰਾਬਰ ਮਾਨਤਾ ਦੇਣ ਦੀ ਗੱਲ ਕਰਦਾ ਹੈ ਤੇ ਦੂਜੇ ਪਾਸੇ ਸਾਡੀ ਅਜੋਕੀ ਗਾਇਕੀ ਔਰਤ ਨੂੰ ਇਕ ਨਿਰੋਲ ਦੇਹ ਅਤੇ ਫਿਰ ਇਸ ਦੇਹ ਤੋਂ ਪਉਏ ਜਿੰਨੇ ਕੱਦ ਵਾਲੀਏ ਕਹਿ ਕੇ ਨਸ਼ੇ ਦੀ ਬੋਤਲ ਬਣਾ ਰਿਹਾ ਹੈ। ਇਕ ਪਾਸੇ ਸਾਡਾ ਸਮਾਜ, ਸਾਡਾ ਸਭਿਆਚਾਰ ਅਤੇ ਸਾਡਾ ਸਾਹਿਤ ਔਰਤ ਨੂੰ ਮਰਦ ਦੇ ਬਰਾਬਰ ਲਿਆਉਣ ਦੀਆਂ ਗੱਲ ਕਰਦਾ ਹੈ ਤੇ ਦੂਜੇ ਪਾਸੇ ਸਾਡੀ ਗਾਇਕੀ ਉਸੇ ਮਰਦ ਨੂੰ ਆਧੁਨਿਕ ਸੋਚ ਦਾ ਹਾਣੀ ਬਣਾਉਣ ਦੀ ਥਾਂ ਪੁਰਾਤਨ ਜਗੀਰੂ ਕਦਰਾਂ-ਕੀਮਤਾਂ ਵਾਲਾ ਹੈਂਕੜਬਾਜ਼ ਮਰਦ ਬਣਨ ਦੀ ਸਿੱਖਿਆ ਦੇ ਰਿਹਾ ਹੈ। ਸਾਡੀ ਅਜੋਕੀ ਗਾਇਕੀ ਮਰਦ ਨੂੰ ਜਗੀਰੂ ਰੂਪ ਵਿਚ ਇਸ ਪ੍ਰਕਾਰ ਪੇਸ਼ ਕਰਦੀ ਹੈ ਜਿਨ੍ਹੇ ਨਸ਼ਾ ਪਾਣੀ ਨਹੀਂ ਪੀਣਾ, ਉਸ ਭੜੂਏ ਦਾ ਕੀ ਜੀਣਾ ਭਾਵ ਜਿਹੜਾ ਮਰਦ ਨਸ਼ੇ ਨਹੀਂ ਕਰਦਾ, ਉਸ ਦਾ ਜੀਵਨ, ਜੀਵਨ ਹੀ ਨਹੀਂ ਹੈ, ਉਸ ਜੀਵਨ ਵਿਚ ਕੋਈ ਪ੍ਰਾਪਤੀ ਹੀ ਨਹੀਂ ਹੈ। ਅੱਜ ਦੇ ਨੌਜਵਾਨ ਨੂੰ ਕਾਲਜ ਦੀ ਸ਼ੋਸ਼ੀ ਵੀ ਨਸ਼ਿਆਂ ਰਾਹੀਂ ਹੀ ਹੁੰਦੀ ਹੈ, ਜਿੰਨੀ ਤੇਰੀ ਕਾਲਜ ਦੀ ਫੀਸ ਬੱਲੀਏ ਨੀ ਓਨੀ ਨਾਗਣੀ ਜੱਟਾਂ ਦਾ ਪੁੱਤ ਖਾਂਦਾ ਤੜਕੇ ਅੱਜ ਦੇ ਵਿਆਹਾਂ ਦਾ ਕਲਚਰ ਕੀ ਹੈ? ਹਰ ਵਿਆਹ ਵਿਚ ਨਸ਼ਿਆਂ ਦੇ ਸੇਵਨ ਬਾਰੇ ਉੱਚੀ ਆਵਾਜ਼ ਵਿਚ ਗਾਣੇ ਚੱਲਦੇ ਹਨ। ਇਹ ਗਾਣੇ ਵਿਆਹ ਵਿਚ ਨਸ਼ੇ ਕਰਨ ਨੂੰ ਉਕਸਾਉਂਦੇ ਹਨ। ਕੀ ਕੋਈ ਵਿਆਹ ਸ਼ਰਾਬ ਤੋਂ ਬਿਨਾਂ ਤਸੱਵਰ ਕੀਤਾ ਜਾ ਸਕਦਾ ਹੈ, ਵਿਆਹ ਵਿਚ ਚਲਦੀ ਸ਼ਰਾਬ ਤੇ ਸ਼ਰਾਬ ਵਿਚ ਚਲਦੀਆਂ ਗੋਲੀਆਂ ਤੇ ਗੋਲੀਆਂ ਨਾਲ ਮਰਦੇ ਲੋਕ, ਕਿੱਧਰ ਜਾ ਰਿਹਾ ਹੈ ਸਾਡਾ ਸਮਾਜ? ਟੀ.ਵੀ. ਅਤੇ ਫ਼ਿਲਮਾਂ ਰਾਹੀਂ ਵੀ ਨਸ਼ਿਆਂ ਦਾ ਹੀ ਪ੍ਰਚਾਰ ਕੀਤਾ ਜਾ ਰਿਹਾ ਹੈ। ਇਕ ਧਾਰਮਕ ਸਥਾਨ ਦਾ ਪੁਜਾਰੀ ਅਤੇ ਸਾਡਾ ਸਭ ਤੋਂ ਪ੍ਰਸਿੱਧ ਗਾਇਕ ਵੀ ਜਦੋਂ ਇਹ ਗਾਉਂਦਾ ਹੈ ਕਿ ਆਪਣਾ ਪੰਜਾਬ ਹੋਵੇ, ਘਰ ਦੀ ਸ਼ਰਾਬ ਹੋਵੇ ਤਾਂ ਅਸੀਂ ਆਪਣੀ ਨੌਜਵਾਨ ਪੀੜ੍ਹੀ ਨੂੰ ਕਿਵੇਂ ਬਚਾਅ ਸਕਦੇ ਹਾਂ। ਸਾਡੇ ਗਾਇਕ ਇਹ ਕਿਉਂ ਨਹੀਂ ਗਾਉਂਦੇ ਕਿ ਆਪਣਾ ਪੰਜਾਬ ਹੋਵੇ, ਹੱਥ 'ਚ ਕਿਤਾਬ ਹੋਵੇ ਗਾਇਕੀ ਸਿਰਫ਼ ਸ਼ਬਦਾਂ ਰਾਹੀਂ ਹੀ ਨਸ਼ਿਆਂ ਦਾ ਪ੍ਰਚਾਰ ਨਹੀਂ ਕਰਦੀ ਸਗੋਂ ਅੱਜ ਟੀ.ਵੀ. ਜਾਂ ਵੀਡੀਓ ਫ਼ਿਲਮਾਂ ਦੇ ਰੁਝਾਨ ਕਰਕੇ ਨਸ਼ਿਆਂ ਨੂੰ ਗਲੈਮੋਰਾਈਜ਼ ਵੀ ਕੀਤਾ ਜਾਂਦਾ ਹੈ। ਸ਼ਰਾਬੀਆਂ ਨੂੰ ਖ਼ੂਬਸੂਰਤ ਮਾਡਲਾਂ ਵੰਨ-ਸੁਵੰਨੇ ਗਲਾਸਾਂ ਵਿਚ ਵੱਖ-ਵੱਖ ਬਰਾਂਡਾਂ ਦੀਆਂ ਸ਼ਰਾਬਾਂ ਵਰਤਾਉਂਦੀਆਂ ਹਨ। ਇੰਜ ਨਸ਼ਿਆਂ ਨੂੰ ਗਲੋਰੀਫਾਈ ਕਰਕੇ ਨੌਜਵਾਨ ਪੀੜ੍ਹੀ ਅੱਗੇ ਪਰੋਸਿਆ ਜਾਂਦਾ ਹੈ ਤਾਂ ਸਾਡੀ ਨੌਜਵਾਨ ਪੀੜ੍ਹੀ ਇਸ ਤੋਂ ਪ੍ਰਭਾਵਤ ਹੋਏ ਬਗੈਰ ਨਹੀਂ ਰਹਿ ਸਕਦੀ।

ਜਦੋਂ ਇਸ ਪ੍ਰਕਾਰ ਨਸ਼ਿਆਂ ਬਾਰੇ ਹਰ ਚੈਨਲ ਅਤੇ ਸਪੀਕਰਾਂ ਰਾਹੀਂ ਉੱਚ ਆਵਾਜ਼ ਵਿਚ ਪ੍ਰਚਾਰ ਕੀਤਾ ਜਾਂਦਾ ਹੈ ਤਾਂ ਇਸ ਪ੍ਰਚਾਰ ਵਿਚ ਸਾਡੇ ਬੱਚਿਆਂ ਨੂੰ ਸਕੂਲ ਦੀ ਕੰਧ 'ਤੇ ਇਹ ਲਿਖਿਆ ਨਹੀਂ ਲੱਭਦਾ

ਪਾਪਾ ਜੀ ਨਾ ਪੀਓ ਸ਼ਰਾਬ
ਮੈਨੂੰ ਲੈ ਦਿਓ ਇਕ ਕਿਤਾਬ

ਸਾਡੀ ਗੁਰਬਾਣੀ ਇਸ ਨੂੰ 'ਝੂਠਾ ਮਰਦ' ਕਹਿ ਕੇ ਸਾਨੂੰ ਉੱਚੀਆਂ ਸੁੱਚੀਆਂ ਕਦਰਾਂ-ਕੀਮਤਾਂ ਨਾਲ ਜੋੜਦੀ ਹੈ, ਪਰ ਸਾਡੀ ਅਜੋਕੀ ਗਾਇਕੀ ਇਸ ਦੇ ਉਲਟ ਸਿੱਖਿਆ ਦਿੰਦੀ ਹੈ। ਇਕ ਵਿਦੇਸ਼ੀ ਯੂਨੀਵਰਸਿਟੀ ਨੇ ਇਕ ਅਧਿਐਨ ਕਰਾਇਆ ਸੀ, ਜਿਸ ਵਿਚ ਉਨ੍ਹਾਂ ਨੇ ਛੋਟੇ-ਛੋਟੇ ਬੱਚਿਆਂ ਨੂੰ ਨਸ਼ਿਆਂ ਵਾਲੇ ਗਾਣੇ ਸੁਣਾਏ। ਇਨ੍ਹਾਂ ਗਾਣਿਆਂ ਨੂੰ ਸੁਣ ਕੇ ਬੱਚਿਆਂ ਵਿਚ ਵੀ ਉਤੇਜਨਾ ਪੈਦਾ ਹੋ ਗਈ। ਉਨ੍ਹਾਂ ਦੀ ਸ਼ਬਦਾਵਲੀ ਵਿਚ ਵੀ ਉਤੇਜਨਾ ਪੈਦਾ ਕਰਨ ਵਾਲੇ ਸ਼ਬਦ ਆ ਗਏ ਤੇ ਉਨ੍ਹਾਂ ਨੇ ਆਪਣਾ ਹੋਮ ਵਰਕ ਵੀ ਪੂਰਾ ਨਹੀਂ ਕੀਤਾ ਸੀ।

ਇਸ ਲਈ ਸਪਸ਼ਟ ਹੈ ਕਿ ਇਹ ਨਸ਼ਿਆਂ ਭਰਪੂਰ ਗਾਣੇ ਸਾਡੀ ਨੌਜਵਾਨ ਪੀੜ੍ਹੀ ਨੂੰ ਸਹੀ ਟਰੈਕ ਤੋਂ ਉਖੇੜ ਕੇ ਅਜਿਹੀਆਂ ਜੂਹਾਂ ਵੱਲ ਲੈ ਜਾ ਰਹੇ ਹਨ, ਜਿੱਥੇ ਬਰਬਾਦੀ ਹੀ ਬਰਬਾਦੀ ਹੈ। ਅਜਿਹੇ ਪ੍ਰਚਾਰ ਨਾਲ ਸਾਡੇ ਕੌਮੀ ਗੌਰਵ ਨੂੰ ਢਾਹ ਲੱਗ ਰਹੀ ਹੈ। ਸੋਚਣ ਵਾਲੀ ਗੱਲ ਹੈ ਕਿ ਇਸ ਸਭ ਲਈ ਜ਼ਿੰਮੇਵਾਰ ਕੌਣ ਹੈ? ਸਾਡੇ ਸੰਗੀਤ ਉਦਯੋਗ ਵਿਚ ਬਹੁਤ ਕੁਝ ਸ਼ਾਮਲ ਹੈ। ਗੀਤਕਾਰ, ਸੰਗੀਤਕਾਰ, ਰਿਕਾਰਡਿੰਗ ਕੰਪਨੀਆਂ ਤੇ ਗੀਤਾਂ ਲਈ ਮਿਲਦੇ ਇਸ਼ਤਿਹਾਰ ਇਸ ਸਭ ਨੇ ਨਸ਼ਿਆਂ ਨੂੰ ਕਿਸ ਹੱਦ ਤਕ ਵਧਾਇਆ ਹੈ, ਇਸ ਨੂੰ ਤੁਸੀਂ ਪੰਜਾਬ ਸਰਕਾਰ ਵੱਲੋਂ ਸ਼ਰਾਬ ਤੋਂ ਇਕੱਠੇ ਹੁੰਦੇ ਮਾਲੀਏ ਦੇ ਪਿਛਲੇ ਦਸ ਸਾਲਾਂ ਦੇ ਵੇਰਵਿਆਂ ਤੋਂ ਭਲੀ ਭਾਂਤ ਜਾਣ ਸਕਦੇ ਹੋ।

ਇਸ ਸਮੇਂ ਸਾਡੇ ਸੋਚਣ ਵਾਲੀ ਇਕੋ-ਇਕ ਮਹੱਤਵਪੂਰਨ ਗੱਲ ਇਹ ਰਹਿ ਜਾਂਦੀ ਹੈ ਕਿ ਨਸ਼ਿਆਂ ਦੀ ਵਰਤੋਂ ਨੂੰ ਉਤਸ਼ਾਹਤ ਕਰਨ ਵਾਲੇ ਗਾਨਿਆਂ ਦੇ ਮੁਕਾਬਲੇ 'ਤੇ ਸਾਡੇ ਕੋਲ ਕਿਹੜਾ ਸਭਿਆਚਾਰ ਹੈ। ਇਸ ਲੱਚਰ ਗਾਇਕੀ ਦੇ ਮੁਕਾਬਲੇ ਕੀ ਸਾਡੇ ਕੋਲ ਸਾਹਿਤਕ ਅਤੇ ਪਰਿਵਾਰਕ ਕਦਰਾਂ-ਕੀਮਤਾਂ ਵਾਲੇ ਗੀਤ ਨਹੀਂ ਹਨ? ਨਿਰਾਸ਼ ਹੋਣ ਦੀ ਜ਼ਰੂਰਤ ਨਹੀਂ ਹੈ, ਲੋੜ ਹੈ ਚੰਗੇ ਗਾਇਕਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਉਤਸ਼ਾਹਿਤ ਕਰੀਏ। ਹਰ ਸਾਲ ਜਲੰਧਰ ਦੇ ਦੇਸ਼ ਭਗਤ ਯਾਦਗਾਰ ਹਾਲ ਵਿਚ ਹੁੰਦੇ ਗਦਰੀ ਬਾਬਿਆਂ ਦੇ ਮੇਲੇ ਵਿਚ ਗਾਏ ਜਾਂਦੇ ਗੀਤਾਂ ਨੂੰ ਘਰ ਘਰ ਤਕ ਪਹੁੰਚਾ ਕੇ ਇਸ ਮਾਰੂ ਗਾਇਕੀ ਦਾ ਮੁਕਾਬਲਾ ਕਰੀਏ ਅਤੇ ਆਪਣੇ ਸਭਿਆਚਾਰ ਦੇ ਉਸਾਰੂ ਤੱਤਾਂ ਦਾ ਹੁੰਗਾਰਾ ਭਰੀਏ।

# "ਉੱਠੋ ਕਿ ਹਮੇਂ ਵਕਤ ਕੀ ਗਰਦਸ਼ ਨੇ ਪੁਕਾਰਾ"

- ਸੁਖਵੰਤ ਹੁੰਦਲ

ਚੇਤਨ ਆਨੰਦ ਦੀ ਨਿਰਦੇਸ਼ਨਾਂ ਹੇਠ 1946 ਵਿਚ ਬਣੀ ਨੀਚਾ ਨਗਰ ਕਾਨ ਫੈਸਟੀਵੈੱਲ ਵਿਚ ਇਨਾਮ ਜਿੱਤਣ ਵਾਲੀ ਪਹਿਲੀ ਹਿੰਦੀ ਫਿਲਮ ਸੀ। ਫਿਲਮ ਵਿਚ 'ਉੱਚਾ ਨਗਰ' ਅਤੇ 'ਨੀਚਾ ਨਗਰ' ਵਿਚ ਰਹਿਣ ਵਾਲੇ ਲੋਕਾਂ ਦੀ ਆਪਸੀ ਟੱਕਰ ਨੂੰ ਦਿਖਾਇਆ ਗਿਆ ਹੈ। 'ਉੱਚਾ ਨਗਰ' ਵਿਚ ਰਹਿਣ ਵਾਲੇ ਸਰਕਾਰ ਨਾਂ ਦੇ ਇਕ ਸਰਮਾਏਦਾਰ ਵਸ਼ਿੰਦੇ ਨੇ ਨਵੀਂ ਜ਼ਮੀਨ ਖ਼੍ਰੀਦੀ ਹੈ ਜਿਸ ਵਿਚ ਉਹ ਇਮਾਰਤ ਉਸਾਰੀ ਕਰਨਾ ਚਾਹੁੰਦਾ ਹੈ। ਇਸ ਇਮਾਰਤ ਉਸਾਰੀ ਦੇ ਪ੍ਰੌਜੈਕਟ ਨੂੰ ਮੁਕੰਮਲ ਕਰਕੇ ਉਸ ਦੀ ਵੱਡਾ ਮੁਨਾਫਾ ਕਮਾਉਣ ਦੀ ਯੋਜਨਾ ਹੈ। ਪਰ ਇਸ ਪ੍ਰੌਜੈਕਟ ਦੇ ਸਿਰੇ ਚੜ੍ਹਨ ਵਿਚ ਇਕ ਮੁਸ਼ਕਲ ਹੈ। ਉਸ ਵਲੋਂ ਖ਼੍ਰੀਦੀ ਜ਼ਮੀਨ ਵਿਚ ਦੀ ਇਕ ਗੰਦਾ ਨਾਲਾ ਵਗਦਾ ਹੈ। ਜਿੰਨਾ ਚਿਰ ਉਹ ਗੰਦਾ ਨਾਲਾ ਉਸ ਦੀ ਜ਼ਮੀਨ ਵਿਚੋਂ ਦੀ ਲੰਘਦਾ ਹੈ, ਉਨੀ ਦੇਰ ਤੱਕ ਉੱਥੇ ਉਸਾਰੀ ਨਹੀਂ ਹੋ ਸਕਦੀ। ਇਸ ਲਈ ਇਸ ਗੰਦੇ ਨਾਲੇ ਦਾ ਕੋਈ ਨਾ ਕੋਈ ਹੱਲ ਲੱਭਣਾ ਜ਼ਰੂਰੀ ਹੈ।

ਸਰਕਾਰ ਆਪਣੀ ਇਸ ਸਮੱਸਿਆ ਦਾ ਹੱਲ ਛੇਤੀ ਹੀ ਲੱਭ ਲੈਂਦਾ ਹੈ। ਉਹ ਆਪਣੇ ਪੈਸੇ ਦੇ ਜ਼ੋਰ ਨਾਲ ਮਿਊਂਸਪਲ ਕਾਊਂਸਲ ਤੋਂ ਇਹ ਫੈਸਲਾ ਕਰਵਾ ਲੈਂਦਾ ਹੈ ਕਿ ਗੰਦੇ ਨਾਲੇ ਦਾ ਰੁੱਖ ਮੋੜ ਦਿੱਤਾ ਜਾਵੇ ਅਤੇ ਨਾਲਾ ਸਰਕਾਰ ਦੀ ਜ਼ਮੀਨ ਵਿਚ ਦੀ ਲੰਘਣ ਦੀ ਥਾਂ 'ਨੀਚਾ ਨਗਰ' ਵਿਚ ਦੀ ਲੰਘੇ। ਗੰਦੇ ਨਾਲੇ ਦੇ ਵਹਿਣ ਦਾ ਬਦਲਿਆ ਇਹ ਰੁੱਖ ਜਿੱਥੇ ਸਰਕਾਰ ਲਈ ਹੋਰ ਦੌਲਤ ਕਮਾਉਣ ਦਾ ਰਾਹ ਖੋਲ੍ਹ ਦੇਵੇਗਾ, ਉੱਥੇ ਇਹ ਨੀਚਾ ਨਗਰ ਦੇ ਲੋਕਾਂ 'ਤੇ ਬਹੁਤ ਹੀ ਮਾਰੂ ਅਸਰ ਪਾਇਗਾ। 'ਨੀਚਾ ਨਗਰ' ਵਿਚ ਦੀ ਨਾਲਾ ਲੰਘਣ ਨਾਲ ਉੱਥੋਂ ਦੇ ਨਿਵਾਸੀਆਂ ਦੇ ਘਰ-ਵਾਰ ਦਾ ਉਜਾੜਾ ਹੋਣ ਦੇ ਨਾਲ ਨਾਲ ਨਗਰ ਵਿਚ ਬਿਮਾਰੀ ਫੈਲਣ ਦਾ ਖਤਰਾ ਬਣ ਜਾਏਗਾ।

ਇਸ ਸਥਿਤੀ ਨੂੰ ਦੇਖਦਿਆਂ 'ਨੀਚਾ ਨਗਰ' ਦੇ ਲੋਕ ਗੰਦੇ ਨਾਲੇ ਦਾ ਵਹਿਣ ਬਦਲਣ ਦੇ ਫੈਸਲੇ ਦਾ ਵਿਰੋਧ ਕਰਨ ਦਾ ਨਿਰਣਾ ਕਰਦੇ ਹਨ। ਫਿਲਮ ਨੀਚਾ ਨਗਰ ਦੀ ਕਹਾਣੀ ਇਸ ਜੱਦੋਜਹਿਦ ਦੀ ਕਹਾਣੀ ਹੈ। ਇਸ ਵਿਚ ਇਕ ਪਾਸੇ ਸਰਮਾਏਦਾਰ ਸਰਕਾਰ ਦੀ ਹੈਂਕੜ ਅਤੇ ਹੋਰ ਦੌਲਤ ਕਮਾਉਣ ਲਈ ਆਪਣੀ ਪਹਿਲੀ ਦੌਲਤ ਦੀ ਦੁਰਵਰਤੋਂ ਨੂੰ ਬਹੁਤ ਵਧੀਆ ਢੰਗ ਨਾਲ ਦਿਖਾਇਆ ਗਿਆ ਹੈ। ਉਹ ਆਪਣੇ ਹਿਤਾਂ ਦੀ ਸੁਰੱਖਿਆ ਲਈ ਸਿਆਸੀ ਲੋਕਾਂ, ਮੀਡੀਆ ਅਤੇ 'ਨੀਚਾ ਨਗਰ' ਦੇ 'ਖ਼੍ਰੀਦੇ ਜਾ ਸਕਣ ਵਾਲੇ ਲੋਕਾਂ' ਨੂੰ ਖ੍ਰੀਦਣ ਲਈ ਆਪਣੀ ਦੌਲਤ ਦੀ ਅਥਾਹ ਵਰਤੋਂ ਕਰਦਾ ਹੈ। ਦੂਸਰੇ ਪਾਸੇ 'ਨੀਚਾ ਨਗਰ' ਦੇ ਲੋਕਾਂ ਵਲੋਂ ਜ਼ਿੰਦਾ ਰਹਿਣ ਦੀ ਆਪਣੀ ਲੜਾਈ ਨਾਲ ਪ੍ਰਤੀਬੱਧਤਾ ਅਤੇ ਕੁਰਬਾਨੀ ਦੀ ਭਾਵਨਾ ਨੂੰ ਸ਼ਕਤੀਸ਼ਾਲੀ ਢੰਗ ਨਾਲ ਪੇਸ਼ ਕੀਤਾ ਗਿਆ ਹੈ। 'ਨੀਚਾ ਨਗਰ' ਦਾ ਇਕ ਪਾਤਰ ਕਹਿੰਦਾ ਹੈ:

ਜੋ ਡਰ ਕਰ ਏਕ ਵਾਰ ਭਾਗੇਗਾ, ਉਸ ਕੇ ਲਿਏ ਫਿਰ ਕਹੀਂ ਡਰ ਸੇ ਛੁਟਕਾਰਾ ਨਹੀਂ।, ਇਸ ਡਰ ਪਰ ਫਤਿਹ ਪਾ ਲਉ।, ਡਰੋ ਵੁਹ ਜੋ ਜ਼ੁਲਮ ਕਰਤੇ ਹੈਂ।, ਜਿਤਨਾ ਜ਼ੁਲਮ ਕਰਤੇ ਹੈਂ, ਉਤਨਾ ਹੀ ਉਨਕੇ ਦਿਲ ਮੇਂ ਡਰ ਬੜਤਾ ਹੈ, ਔਰ ਉਤਨਾ ਹੀ ਔਰ ਜ਼ੁਲਮ ਕਰਤੇ ਹੈਂ।, ਏਕ ਵਾਰ ਡੱਟ ਜਾਉ, ਫਿਰ ਡਰ ਉਨਕੋ ਡਰਾਏਗਾ।

ਨਤੀਜੇ ਵਜੋਂ 'ਨੀਚਾ ਨਗਰ' ਦੇ ਲੋਕ ਹੇਠ ਲਿਖੇ ਗੀਤ ਨਾਲ ਆਪਣੀ ਜੱਦੋਜਹਿਦ ਸ਼ੁਰੂਆਤ ਕਰਦੇ ਹਨ , "ਉੱਠੋ ਕਿ ਹਮੇਂ ਵਕਤ ਕੀ ਗਰਦਸ਼ ਨੇ ਪੁਕਾਰਾ"।

ਫਿਲਮ ਵਿਚ ਇਹ ਵੀ ਦਿਖਾਇਆ ਗਿਆ ਹੈ ਕਿ 'ਉੱਚਾ ਨਗਰ' ਦੇ ਸਰਮਾਏਦਾਰ ਨਾਲ 'ਨੀਚਾ ਨਗਰ' ਦੇ ਲੋਕਾਂ ਦੀ ਜੱਦੋਜਹਿਦ ਏਨੀ ਸੁਖਾਲੀ ਨਹੀਂ। ਜੇ 'ਨੀਚਾ ਨਗਰ' ਦੇ ਲੋਕਾਂ ਨੇ ਇਸ ਲੜਾਈ ਵਿਚ ਜਿੱਤਣਾ ਹੈ ਤਾਂ ਉਹਨਾਂ ਨੂੰ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਤਿਆਰ ਰਹਿਣਾ ਪਏਗਾ।




ਹਿੰਦੂ ਅਖ਼ਬਾਰ ਵਿਚ ਛਪੇ ਇਕ ਆਰਟੀਕਲ ਅਨੁਸਾਰ ਆਪਣੇ ਹੋਰ ਸਮਕਾਲੀਆਂ ਵਾਂਗ ਚੇਤਨ ਆਨੰਦ ਵੀ ਉਸ ਸਮੇਂ ਰੂਸੀ ਸਾਹਿਤ ਅਤੇ ਇਨਕਲਾਬ ਤੋਂ ਪ੍ਰਭਾਵਿਤ ਸੀ। ਇਸ ਲਈ ਉਸ ਨੇ ਫਿਲਮ ਨੀਚਾ ਨਗਰ ਦੀ ਕਹਾਣੀ ਦੀ ਪ੍ਰੇਰਨਾ ਮੈਕਸਿਮ ਗੋਰਕੀ ਦੇ ਨਾਵਲ "ਲੋਅਰ ਡੈਪਥਸ" ਤੋਂ ਲਈ ਸੀ।

ਅੱਜ ਇਹ ਫਿਲਮ ਇਸ ਲਈ ਦੇਖਣੀ ਚਾਹੀਦੀ ਹੈ ਕਿਉਂਕਿ ਇਹ ਫਿਲਮ ਹਿੰਦੀ ਫਿਲਮ ਜਗਤ ਦੀਆਂ ਉਹਨਾਂ ਪਹਿਲੀਆਂ ਫਿਲਮਾਂ ਵਿਚੋਂ ਹੈ, ਜਿਹੜੀਆਂ ਫਿਲਮਾਂ ਸਾਡੇ ਦਰਸ਼ਕਾਂ ਨੂੰ ਸਮਾਜ ਦੀ ਨਾਬਰਾਬਰੀ ਦਾ ਕੋਹਜ਼ਾ ਰੂਪ ਦਿਖਾ ਕੇ ਉਸ ਸਚਾਈ ਨੂੰ ਬਦਲਣ ਲਈ ਪ੍ਰੇਰਿਤ ਕਰਨਾ ਚਾਹੁੰਦੀਆਂ ਹਨ। ਇਸ ਦੇ ਨਾਲ ਹੀ ਇਸ ਫਿਲਮ ਦੀ ਕਹਾਣੀ ਅੱਜ ਵੀ ਉਨੀ ਪ੍ਰਸੰਗਕ ਹੈ ਜਿੰਨੀ ਇਹ 1946 ਵਿਚ ਸੀ। ਅੱਜ ਵੀ ਸਾਡੇ ਸਮਾਜ ਵਿਚ 'ਉੱਚਾ ਨਗਰ' ਅਤੇ 'ਨੀਚਾ ਨਗਰ' ਵਿਚਕਾਰ ਫਰਕ ਹੈ। ਸਰਮਾਏ ਦੇ ਵਿਸ਼ਵੀਕਰਨ ਦੇ ਦੌਰ ਵਿਚ 'ਉੱਚਾ ਨਗਰ' ਅਤੇ 'ਨੀਚਾ ਨਗਰ' ਵਿਚਕਾਰਲੀ ਖਾਈ ਹੋਰ ਡੂੰਘੀ ਹੁੰਦੀ ਜਾ ਰਹੀ ਹੈ। ਅੱਜ ਵੀ ਸਰਮਾਏਦਾਰ ਅਤੇ ਉਹਨਾਂ ਦੀਆਂ ਕਾਰਪੋਰੇਸ਼ਨਾਂ ਆਪਣੇ ਮੁਨਾਫੇ ਲਈ ਵਾਤਾਵਰਨ ਵਿਚ ਇਸ ਤਰ੍ਹਾਂ ਦਾ ਪ੍ਰਦੂਸ਼ਣ ਫੈਲਾ ਰਹੀਆਂ ਹਨ ਜੋ ਆਮ ਲੋਕਾਂ ਲਈ ਘਾਤਕ ਬੀਮਾਰੀਆਂ ਦਾ ਕਾਰਨ ਬਣ ਰਿਹਾ ਹੈ।

ਇਹ ਫਿਲਮ ਸਾਨੂੰ ਕਾਰਪੋਰੇਸ਼ਨਾਂ ਦੇ ਮੁਨਾਫੇ ਅਤੇ ਵਾਤਾਵਰਨ ਦੇ ਨੁਕਸਾਨ ਵਿਚਲਾ ਰਿਸ਼ਤਾ ਸਮਝਣ ਵਿਚ ਮਦਦਗਾਰ ਹੋ ਸਕਦੀ ਹੈ ਅਤੇ ਇਸ ਰਿਸ਼ਤੇ ਕਾਰਨ ਲੋਕਾਂ ਦੇ ਜੀਵਨ ਉੱਤੇ ਪੈਣ ਵਾਲੇ ਭੈੜੇ ਅਸਰਾਂ ਦਾ ਖਾਤਮਾ ਕਰਨ ਲਈ ਚੱਲਦੀ ਜੱਦੋਜਹਿਦ ਵਿਚ ਸ਼ਾਮਲ ਹੋਣ ਦੀ ਪ੍ਰੇਰਨਾ ਦੇ ਸਕਦੀ ਹੈ।


HOPE
IMMIGRATION & CONSULTANCY
We wish you A Merry Christmas and a happy New Year
OUR SERVICES
WORK PERMIT
LIVE - IN CAREGIVER PROGRAM
FAMILY SPONSORSHIP
EXPRESS ENTRY
PROVINCIAL NOMINEE PROGRAM (PNP)
BUSINESS AND INVESTOR IMMIGRATION
VISITOR VISA
STUDENT VISA
Rupinder Kaur
We have 4 branches in India
Get in Touch
(780)862-3682
(778)878-2915
director@hopeimmigration.ca
www.hopeimmigration.ca
rcic · cric
200-8814 , 51 AVE NW EDMONTON, AB T6 E5 E8

# ALL INSURANCE SERVICES

## SUPER VISA INSURANCE

100% REFUNDABLE IF THE VISA IS DENIED

CALL FOR A QUOTE

SERVICE IN ENGLISH, PUNJABI, HINDI AND URDU

- Life/Mortgage Insurance
- Disability/Critical illness Insurance
- Visitors and Travel Insurance
- Dental and Drug Plans
- Car Insurance
- Home/Condo/Tenant/Reantal Insurance
- Business and Commercial Insurance
- Truck and Construction Insurance

## CHILDREN'S RESP PLANS

Up to $7,200 in savings grants and $ 2,000 learning bond when you open an RESP plan



ਪਿਛਲੇ 18 ਸਾਲ ਤੋਂ ਇੰਸ਼ੋਰੈਂਸ ਦੀ ਦੁਨੀਆ ਵਿਚ ਇਕ ਭਰੋਸੇਯੋਗ ਨਾਮ
ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ

Jasvir Deol
Insurance Broker
Cell:780-906-4497

Office Number: 780-936-0054
Location: 201,3448 93 Street NW Edmonton, AB T6E 6A4

You have a personal financial advisor.
You have a personal trainer.
You have a personal doctor.

Do you have a personal pharmacist?

Meet Jasbir Bhui
B.Sc. Pharm.
Pharmacist/Owner



The Medicine Shoppe® PHARMACY
25 YEARS OF PERSONALIZED CARE

127 Millbourne Road E
Edmonton, AB
Ph: (780) 461-8648

# JAY'S TRAVEL LTD.

FOR ALL YOUR WORLDWIDE TRAVEL NEEDS
BEST SERVICE WITH DISCOUNTED PRICES

• VACATION PACKAGE • AIR TICKETS • TOUR
• HOTEL • CAR • CRUISE

Authorised Agent For :-
Lufthansa, Qatar, Emirates, Gulf Airways, Jet Airways, Kuwait, Emirates
Air Canada, West Jet, Eva Airways, China Airline, Air China, Singapore Airline



3655-99 STREET EDMONTON ALBERTA, CANADA T6E 6K5
TEL : (780) 46÷-6666 FAX : (780) 450-8683 Email : anil@incentre.net



Mangdeep Singh M.E.T
587-938-5002
mangdeep@forbesinc.ca

FORBES MECHANICAL

Commercial Plumbing
HVAC
Gas Pipe Fitter
Fire Protection
Ground Work - Excavation

ਕਮਰਸ਼ੀਅਲ ਪਲੰਬਿੰਗ
ਐਚਵੈਕ
ਗੈਸ ਪਾਈਪ ਫਿਟਰਜ਼
ਫਾਇਰ ਪ੍ਰੋਟੈਕਸ਼ਨ
ਐਕਸਕਾਵੇਸ਼ਨ ਸਰਵਿਸਜ਼

Celebrating Our 10th Year in Business!

Corporate Office : 12323 67 Street Edmonton, AB T5B 1N1 www.forbesinc.ca